





**Ad Space Available**
**Please Call**
**Ph:847-359-0746**

Fourteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 22, June 1st, 2013 | 20451 N Plum Grove Rd. Palatine, IL 60074 | Ph:847-359-0746, Fax:847-705-9388

# ਭੁੱਲਰ ਦੀ ਫਾਂਸੀ ਟੁੱਟਣ ਦੀ ਆਸ ਬੱਝੀ

## ਮੈਡੀਕਲ ਰਿਪੋਰਟ ਦੇ ਆਧਾਰ 'ਤੇ ਪੈਰਵੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਰੱਦ ਹੋਣ ਦੀ ਇਕ ਵਾਰ ਫਿਰ ਉਮੀਦ ਬਣ ਗਈ ਹੈ। ਉਨ੍ਹਾਂ ਦੀ ਮਾਨਸਿਕ ਹਾਲਤ ਦੀ ਜਾਂਚ ਲਈ ਦਿੱਲੀ ਸਰਕਾਰ ਵੱਲੋਂ ਬਣਾਏ ਮੈਡੀਕਲ ਬੋਰਡ ਨੇ ਉਨ੍ਹਾਂ ਦੀ ਬਿਮਾਰੀ ਨੂੰ ਲਾਇਲਾਜ ਕਰਾਰ ਦਿੱਤਾ ਹੈ। ਬੋਰਡ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਪ੍ਰੋ. ਭੁੱਲਰ ਅਜਿਹੇ ਮਾਨਸਿਕ ਤਣਾਅ ਵਿਚੋਂ ਲੰਘ ਰਿਹਾ ਹੈ ਜਿਸ ਵਿਚ ਰੋਗੀ ਦੇ ਆਤਮਘਾਤ ਕਰਨ ਦਾ ਖ਼ਤਰਾ ਵਧ ਜਾਂਦਾ ਹੈ।

ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਬਾਰੇ ਮੈਡੀਕਲ ਰਿਪੋਰਟ ਦੇ ਵੇਰਵੇ ਜਨਤਕ ਹੋਣ ਮਗਰੋਂ ਸਿੱਖ ਜਥੇਬੰਦੀਆਂ ਨੇ ਮੁੜ ਮੰਗ ਕੀਤੀ ਹੈ ਕਿ ਅਜਿਹੀ ਮਾਨਸਿਕ ਹਾਲਤ ਵਾਲੇ ਵਿਅਕਤੀ ਨੂੰ ਮਨੁੱਖੀ ਹਮਦਰਦੀ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਮੁਆਫ ਕਰ ਕੇ ਤੁਰੰਤ ਰਿਹਾ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਵੱਲੋਂ ਰੱਦ ਕਰ ਦਿੱਤੀ ਗਈ ਸੀ, ਪਰ ਸਿੱਖ ਜਥੇਬੰਦੀਆਂ ਵੱਲੋਂ ਉਨ੍ਹਾਂ ਦੀ ਰਿਹਾਈ ਜਾਂ ਫਿਰ ਸਜ਼ਾ ਘਟਾਉਣ ਲਈ ਮੁੜ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਸੀ।

ਪ੍ਰੋ. ਭੁੱਲਰ ਦੇ ਪੱਖ ਵਿਚ ਦਲੀਲ ਦਿੱਤੀ ਜਾ ਰਹੀ ਹੈ ਕਿ ਰਾਸ਼ਟਰਪਤੀ ਵੱਲੋਂ ਉਨ੍ਹਾਂ ਦੀ ਰਹਿਮ ਦੀ ਅਪੀਲ ਦੇ ਨਬੇੜੇ ਵਿਚ ਲੰਮਾ ਸਮਾਂ ਲਾਇਆ ਗਿਆ ਹੈ ਜਿਸ ਕਰ ਕੇ ਕਈ ਸਾਲ ਕਾਲ ਕੋਠੜੀ ਵਿਚ ਰਹਿ ਕੇ ਉਹ ਕਈ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਗਏ ਹਨ। ਪਿਛਲੇ ਦਿਨੀਂ ਭਾਵੇਂ ਸੁਪਰੀਮ ਕੋਰਟ ਨੇ ਇਸ ਸਬੰਧੀ ਪਟੀਸ਼ਨ ਰੱਦ ਕਰ ਦਿੱਤੀ ਸੀ, ਪਰ ਇਸ ਮਾਮਲੇ 'ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਬਣਾਏ ਗਏ ਸਿਆਸੀ ਤੇ ਕਾਨੂੰਨੀ ਦਬਾਅ ਕਾਰਨ ਅਦਾਲਤ ਨੇ ਪ੍ਰੋ. ਭੁੱਲਰ ਦਾ ਡਾਕਟਰੀ ਮੁਆਇਨਾ ਕਰਾਉਣ ਦਾ ਹੁਕਮ ਦਿੱਤਾ ਸੀ। ਇਸ ਹੁਕਮ ਤਹਿਤ ਹੀ ਦਿੱਲੀ ਸਰਕਾਰ ਨੇ ਮੈਡੀਕਲ ਬੋਰਡ ਬਣਾਇਆ ਸੀ ਜਿਸ ਵਿਚ ਏਮਜ਼ ਦੇ ਮਨੋਰੋਗ ਵਿਭਾਗ ਦੇ ਡਾ. ਐਸ. ਕੇ. ਖੰਡੇਲਵਾਲ, ਜੀ.ਬੀ. ਪੰਤ ਹਸਪਤਾਲ ਦੇ ਡਾ. ਆਰ. ਸੀ. ਜਿਲੋਹ ਤੇ ਲੋਕ ਨਾਇਕ ਹਸਪਤਾਲ ਦੇ ਮੈਡੀਸਨ ਵਿਭਾਗ ਦੇ ਡਾ. ਐਮ. ਕੇ. ਡਾਗਾ

### ਜਥੇਦਾਰ ਨੇ ਬਾਦਲਾਂ ਤੇ ਮੱਕੜ ਨੂੰ ਚਾਰਾਜੋਈ ਲਈ ਆਖਿਆ

ਸ਼ਾਮਲ ਸਨ। ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਦੀ ਜਾਂਚ ਲਈ ਸੀਨੀਅਰ ਡਾਕਟਰਾਂ ਦੀ ਟੀਮ ਨੇ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਹੈ ਜਿਸ ਵਿਚ ਉਨ੍ਹਾਂ ਨੂੰ ਮਨੋਰੋਗੀ ਕਰਾਰ ਦਿੱਤਾ ਗਿਆ ਹੈ।

ਸੂਤਰਾਂ ਮੁਤਾਬਕ ਇਹ ਰਿਪੋਰਟ ਦਿੱਲੀ ਦੇ



ਲੈਫਟੀਨੈਂਟ ਗਵਰਨਰ ਤਜਿੰਦਰ ਖੰਨਾ ਤੇ ਗ੍ਰਹਿ ਵਿਭਾਗ ਨੂੰ ਭੇਜ ਦਿੱਤੀ ਗਈ ਹੈ ਜਿਨ੍ਹਾਂ ਨੇ ਪ੍ਰੋ. ਭੁੱਲਰ ਦੀ ਫਾਂਸੀ ਬਾਰੇ ਅੰਤਮ ਫੈਸਲਾ ਕਰਨਾ ਹੈ। ਜੇਲ੍ਹ ਨਿਯਮਾਂ ਮੁਤਾਬਕ ਕਿਸੇ ਅਜਿਹੇ ਕੈਦੀ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ ਜੋ ਸਰੀਰਕ ਤੇ ਮਾਨਸਿਕ ਪੱਖੋਂ ਠੀਕ ਨਾ ਹੋਵੇ ਜਾਂ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹੋਵੇ। ਅਜਿਹੀ ਹਾਲਤ ਵਿਚ ਸਰਕਾਰ ਹੀ ਕੋਈ ਫੈਸਲਾ ਕਰਨ ਦਾ ਹੱਕ ਰੱਖਦੀ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਦਸੰਬਰ 2010 ਤੋਂ ਪੂਰਬੀ ਦਿੱਲੀ ਦੇ ਦਿਲਸ਼ਾਦ ਗਾਰਡਨ ਵਿਚ ਸਥਿਤ ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਅਲਾਇਡ ਸਾਇੰਸਿਜ਼ ਵਿਚ ਜ਼ੇਰੇ ਇਲਾਜ ਹਨ। ਸਤੰਬਰ 1993 ਵਿਚ ਬੰਬ ਧਮਾਕਾ ਕਰ ਕੇ ਨੌਂ ਲੋਕਾਂ ਦੀ ਹੱਤਿਆ ਤੇ ਉਸ ਵੇਲੇ ਦੇ ਯੂਥ ਕਾਂਗਰਸ ਦੇ ਪ੍ਰਧਾਨ ਐਮ. ਐਸ. ਬਿੱਟਾ ਸਮੇਤ 25 ਲੋਕਾਂ ਨੂੰ ਜ਼ਖ਼ਮੀ ਕਰਨ ਦੇ ਦੋਸ਼ ਵਿਚ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਉਧਰ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੂਬੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਆਖਿਆ ਕਿ ਉਹ ਕੇਂਦਰ ਸਰਕਾਰ ਕੋਲ ਪਹੁੰਚ ਕਰ ਕੇ ਪ੍ਰੋ. ਭੁੱਲਰ ਦੀ ਰਿਹਾਈ ਲਈ ਯਤਨ ਤੇਜ਼ ਕਰਨ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਪ੍ਰੋ. ਭੁੱਲਰ ਸਬੰਧੀ ਰਿਪੋਰਟ ਤੁਰੰਤ ਸਰਕਾਰ ਤੇ ਰਾਸ਼ਟਰਪਤੀ ਨੂੰ ਸੌਂਪੇ ਤਾਂ ਜੋ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮੁਆਫੀ ਤੇ ਰਿਹਾਈ ਲਈ ਰਾਹ ਪੱਧਰਾ ਹੋ ਸਕੇ।

ਇਸੇ ਤਰ੍ਹਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਜਾਂਚ ਕਰਨ ਮਗਰੋਂ ਮੈਡੀਕਲ ਬੋਰਡ ਨੇ ਆਪਣੀ ਰਿਪੋਰਟ ਵਿਚ ਆਖਿਆ ਹੈ ਕਿ ਪ੍ਰੋ. ਭੁੱਲਰ ਦੀ ਹਾਲਤ ਠੀਕ ਨਹੀਂ ਹੈ ਤੇ ਅਜਿਹੀ ਸਥਿਤੀ ਵਿਚ ਫਾਂਸੀ ਦੇਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਸਰਕਾਰ ਇਸ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾ ਕਰੇ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਲੰਮੀ ਜੇਲ੍ਹ ਭੁਗਤਣ ਕਾਰਨ ਪ੍ਰੋ. ਭੁੱਲਰ ਮਾਨਸਿਕ ਹਾਲਤ ਠੀਕ ਨਹੀਂ ਹੈ। ਉਨ੍ਹਾਂ ਨੂੰ ਲੰਮਾ ਸਮਾਂ ਪੁਲਿਸ ਤਸ਼ੱਦਦ ਤੇ ਜੇਲ੍ਹ ਤਸ਼ੱਦਦ ਝੱਲਣਾ ਪਿਆ ਹੈ। ਇਸ ਵੇਲੇ ਉਹ ਮਾਨਸਿਕ ਤੌਰ 'ਤੇ ਪੀੜਤ ਹਨ। ਜੇ ਇਸ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਨੂੰ ਫਾਂਸੀ ਦਿੱਤੀ ਜਾਂਦੀ ਹੈ ਤਾਂ ਇਹ ਸਿਆਸੀ ਕਤਲ ਹੋਵੇਗਾ।

*(ਇਸ ਸਬੰਧੀ ਹੋਰ ਖਬਰਾਂ ਸਫਾ 4 ਉਤੇ)*



*ਮਾਓਵਾਦੀਆਂ ਵੱਲੋਂ ਕਾਫਲੇ ਦਾ ਰਾਹ ਰੋਕਣ ਲਈ ਤੋੜੀ ਸੜਕ ਦੀ ਝਲਕ।*

# ਮਾਓਵਾਦੀਆਂ ਨੇ ਸੱਤਾਧਾਰੀਆਂ ਦਾ ਤਖਤ ਹਿਲਾਇਆ

## ਬਦਨਾਮ 'ਸਲਵਾ ਜੂਡਮ' ਲੀਡਰ ਮਹੇਂਦਰ ਕਰਮਾ ਹਲਾਕ

**ਰਾਏਪੁਰ (ਪੰਜਾਬ ਟਾਈਮਜ਼ ਬਿਊਰੋ):** ਸੀ.ਪੀ.ਆਈ (ਮਾਓਵਾਦੀ) ਨੇ ਛੱਤੀਸਗੜ੍ਹ ਦੇ ਜਗਦਲਪੁਰ ਜ਼ਿਲ੍ਹੇ ਵਿਚ ਕਾਂਗਰਸੀ ਆਗੂਆਂ ਦੇ ਕਾਫਲੇ 'ਤੇ ਹਮਲਾ ਕਰ ਕੇ ਸਲਵਾ ਜੂਡਮ ਨਾਲ ਜੁੜੇ ਬਦਨਾਮ ਆਗੂ ਮਹੇਂਦਰ ਕਰਮਾ, ਸੂਬਾ ਪ੍ਰਧਾਨ ਨੰਦ ਕੁਮਾਰ ਪਟੇਲ ਤੇ ਉਨ੍ਹਾਂ ਦੇ ਪੁੱਤਰ ਦਿਨੇਸ਼ ਸਮੇਤ 28 ਜਣਿਆਂ ਨੂੰ ਮਾਰ ਮੁਕਾਇਆ। ਇਸ ਕਾਰਵਾਈ ਵਿਚ ਸਾਬਕਾ ਕੇਂਦਰੀ ਮੰਤਰੀ ਵਿੱਦਿਆ ਚਰਨ ਸ਼ੁਕਲਾ ਸਣੇ 50 ਲੋਕ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਸ੍ਰੀ ਸ਼ੁਕਲਾ ਦੀ ਹਾਲਤ ਬਹੁਤ ਗੰਭੀਰ ਹੈ ਅਤੇ ਉਹ ਗੁੜਗਾਓਂ ਦੇ ਮੈਡਾਂਟਾ ਹਸਪਤਾਲ ਵਿਚ ਦਾਖਲ ਹਨ।

ਮਾਓਵਾਦੀਆਂ ਨੇ ਦਰਬਾ ਘਾਟੀ ਵਿਚ ਇਹ ਕਾਰਵਾਈ ਉਸ ਵਕਤ ਕੀਤੀ ਜਦੋਂ ਕਾਂਗਰਸੀ ਆਗੂਆਂ ਦਾ ਕਾਫਲਾ 'ਪਰਿਵਰਤਨ ਰੈਲੀ' ਕਰ ਕੇ ਵਾਪਸ ਪਰਤ ਰਿਹਾ ਸੀ। ਇਸ ਵਾਰ ਵੀ ਮਾਓਵਾਦੀਆਂ ਨੇ ਇਹ ਕਾਰਵਾਈ ਝੁੰਡ ਦੇ ਰੂਪ ਵਿਚ ਕੀਤੀ। ਤਕਰੀਬਨ 200 ਮਾਓਵਾਦੀਆਂ ਦੇ ਝੁੰਡ ਨੇ ਪਹਿਲਾਂ ਕਾਫਲੇ ਅੱਗੇ ਧਮਾਕਾ ਕੀਤਾ ਅਤੇ ਫਿਰ ਗੋਲੀਆਂ ਚਲਾਈਆਂ। ਉਨ੍ਹਾਂ ਨੇ ਜ਼ੈਡ ਸੁਰੱਖਿਆ ਵਾਲੇ ਕਾਂਗਰਸੀ ਨੇਤਾ ਮਹੇਂਦਰ ਕਰਮਾ ਦੀ ਗੱਡੀ ਘੇਰ ਲਈ ਅਤੇ ਗੋਲੀਬਾਰੀ ਕੀਤੀ। ਇਸ ਹਮਲੇ ਤੋਂ ਬਾਅਦ ਛਤੀਸਗੜ੍ਹ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਿਚਕਾਰ ਇਕ-ਦੂਜੇ ਖਿਲਾਫ ਤਿੱਖੀ ਦੂਸ਼ਣਬਾਜ਼ੀ ਸ਼ੁਰੂ ਹੋ ਗਈ। ਕਾਂਗਰਸ ਦਾ ਕਹਿਣਾ ਸੀ ਕਿ ਸੁਰੱਖਿਆ ਵਿਚ ਕੋਤਾਹੀ ਹੋਈ ਹੈ। ਭਾਜਪਾ ਮੁਤਾਬਕ ਕਾਂਗਰਸ ਜਾਣ-ਬੁੱਝ ਕੇ ਮਾਮਲੇ ਦਾ ਸਿਆਸੀਕਰਨ ਕਰ ਰਹੀ ਹੈ। ਸੂਬੇ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ।

ਇਸੇ ਦੌਰਾਨ ਰੱਖਿਆ ਮੰਤਰੀ ਏ.ਕੇ.

*(ਬਾਕੀ ਸਫਾ 6 'ਤੇ)*



# ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਾਊਥਿੰਗਟਨ, ਕਨੈਕਟੀਕਟ



## ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 63ਵੀਂ ਬਰਸੀ

## 9 ਜੂਨ 2013 (ਦਿਨ ਐਤਵਾਰ)



ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਊਥਿੰਗਟਨ, ਕਨੈਕਟੀਕਟ ਵਿਖੇ ਸੰਤ ਪ੍ਰੇਮ ਸਿੰਘ ਸੁਸਾਇਟੀ ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਈ ਜਾ ਰਹੀ ਹੈ ਜੀ। ਇਸ ਸਮਾਗਮ ਵਿਚ ਪੰਥ ਪ੍ਰਸਿਧ ਰਾਗੀ ਜਥਾ ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਅਤੇ ਹੈਡ ਗ੍ਰੰਥੀ ਭਾਈ ਕੋਮਲ ਸਿੰਘ ਸੰਤਾਂ ਦੀ ਜੀਵਨੀ ਅਤੇ ਉਨ੍ਹਾਂ ਦੇ ਗੁਰਮਤਿ ਪ੍ਰਚਾਰ ਲਈ ਕੰਮਾਂ ਉਤੇ ਚਾਨਣਾ ਪਾਉਣਗੇ। ਆਪ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ਼ੁਕਰਵਾਰ 7 ਜੂਨ ਨੂੰ ਸਵੇਰੇ 9 ਵਜੇ ਅਖੰਡ ਪਾਠ ਸਾਹਿਬ ਰੱਖੇ ਜਾਣਗੇ। ਸਨਿਚਰਵਾਰ 8 ਜੂਨ ਨੂੰ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਉਪਰੰਤ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਸ. ਜਸਪਾਲ ਸਿੰਘ ਤੇ ਬੀਬੀ ਚਰਨਜੀਤ ਕੌਰ ਵਲੋਂ ਆਪਣੇ ਬੇਟੇ ਜੋਗਿੰਦਰ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਸ਼ੁਕਰਾਨੇ ਦਾ ਪ੍ਰੋਗਰਾਮ ਹੋਵੇਗਾ। ਸਾਰਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਕਿ ਪਹੁੰਚ ਕੇ ਸੁਭਾਗੀ ਜੋੜੀ ਨੂੰ ਆਸ਼ੀਰਵਾਦ ਦੇ ਕੇ ਪਰਿਵਾਰ ਨੂੰ ਧੰਨਵਾਦੀ ਬਣਾਓ ਜੀ।

ਐਤਵਾਰ 9 ਜੂਨ ਨੂੰ ਸਵੇਰੇ 10 ਵਜੇ ਸੰਪੂਰਨ ਭੋਗ ਪੈਣਗੇ। ਭੋਗ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ।

**ਸੰਤ ਪ੍ਰੇਮ ਸਿੰਘ ਸੁਸਾਇਟੀ ਦੇ ਸੇਵਾਦਾਰ**

ਸ. ਜਸਵੀਰ ਸਿੰਘ ਫੋਨ: (860) 716-6380
ਸ. ਮਲੂਕ ਸਿੰਘ ਫੋਨ: (860) 218-9720
ਸ. ਬਲਵੀਰ ਸਿੰਘ ਫੋਨ: (860) 400-2091
ਸ. ਸੁਰਜੀਤ ਸਿੰਘ ਫੋਨ: 660-997-8156
ਸ. ਅਨੋਖ ਸਿੰਘ ਫੋਨ: (860) 478-3829
ਸ. ਹਰਮਿੰਦਰ ਸਿੰਘ ਫੋਨ: (203) 464-3507
ਸ. ਹਰਜਿੰਦਰ ਸਿੰਘ ਫੋਨ: (860) 305-0404
ਸ. ਮਹਿੰਦਰ ਸਿੰਘ ਫੋਨ: 806-748-5434

### ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ

ਭਾਈ ਦਿਲਰਾਜ ਸਿੰਘ ਚਾਵਲਾ (ਪ੍ਰਧਾਨ) ਫੋਨ: 203-768-8774

ਭਾਈ ਸੁਖਦੇਵ ਸਿੰਘ ਮੱਲ੍ਹੀ (ਮੀਤ ਪ੍ਰਧਾਨ) ਫੋਨ: 860-995-2227

ਭਾਈ ਜਸਪਾਲ ਸਿੰਘ ਮਾਣਕੂ (ਸਕੱਤਰ) ਫੋਨ: 860-263-3734

ਬੀਬੀ ਹਰਜਿੰਦਰ ਕੌਰ (ਚੇਅਰਪਰਸਨ) ਫੋਨ: 917-793-0031

ਹੈਡ ਗ੍ਰੰਥੀ ਭਾਈ ਕੋਮਲ ਸਿੰਘ, ਫੋਨ: 860-621-3015

# Gurdwara Guru Nanak Darbar

1016 West Street, Southington, CT 06489-1054

# ਡਾ. ਮਨਮੋਹਨ ਸਿੰਘ ਨੇ ਜਪਾਨੀਆਂ ਨੂੰ ਭਾਰਤ ਵਿਚ ਨਿਵੇਸ਼ ਲਈ ਪ੍ਰੇਰਿਆ

**ਟੋਕੀਓ (ਪੰਜਾਬ ਟਾਈਮਜ਼ ਬਿਊਰੋ):** ਹਿੰਦ ਪ੍ਰਸ਼ਾਂਤ ਸਾਗਰੀ ਖਿੱਤੇ ਵਿਚ ਸੁਰੱਖਿਆ ਦੇ ਪੱਖ ਤੋਂ ਵਧਦੀਆਂ ਚੁਣੌਤੀਆਂ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਜਪਾਨ ਨੂੰ ਭਾਰਤ ਆਪਣਾ ਭਰੋਸੇਮੰਦ ਸਹਿਯੋਗੀ ਮੰਨਦਾ ਹੈ ਤੇ ਇਸ ਖਿੱਤੇ ਵਿਚ ਅਮਨ ਤੇ ਸਥਿਰਤਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨੇ ਹਿੰਦ ਤੇ ਪ੍ਰਸ਼ਾਂਤ ਮਹਾਸਾਗਰੀ ਖਿੱਤੇ ਵਿਚ ਸੁਰੱਖਿਆ ਵਧਾਏ ਜਾਣ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਖੇਤਰੀ ਤੇ ਆਲਮੀ ਖੁਸ਼ਹਾਲੀ ਵਾਸਤੇ ਇਸ ਖਿੱਤੇ ਵਿਚ ਅਮਨ ਤੇ ਸਥਿਰਤਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਗਰੀ ਖਿੱਤਿਆਂ ਦੇ ਵਿਵਾਦ ਕੌਮਾਂਤਰੀ ਕਾਨੂੰਨਾਂ ਅਨੁਸਾਰ ਹੱਲ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਪਹਿਲਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਰਥਿਕਤਾ ਦੇ ਲੰਮੇਰੇ ਹਿੱਤਾਂ ਵਾਸਤੇ ਭਾਰਤ ਸਖ਼ਤ ਤੇ ਮੁਸ਼ਕਲ ਫੈਸਲੇ ਲੈਣ ਲਈ ਵਚਨਬੱਧ ਹੈ। ਉਨ੍ਹਾਂ ਜਪਾਨੀ ਸਨਅਤਕਾਰਾਂ ਨੂੰ ਭਰੋਸਾ ਦਿੱਤਾ ਕਿ ਨਿਵੇਸ਼ ਵਾਸਤੇ ਢੁਕਵਾਂ ਮਾਹੌਲ ਬਣਾਉਂਦਿਆਂ 2014 ਤੱਕ ਸਾਰੇ ਅੜਿੱਕੇ ਦੂਰ ਕੀਤੇ ਜਾਣਗੇ।

ਜਪਾਨੀ ਕਾਰੋਬਾਰੀਆਂ ਨੂੰ ਭਾਰਤ ਵਿਚ ਨਿਵੇਸ਼ ਕਰਨ ਲਈ ਪ੍ਰੇਰਣ ਦੇ ਮਿਸ਼ਨ 'ਤੇ ਆਏ ਪ੍ਰਧਾਨ ਮੰਤਰੀ ਨੇ ਪ੍ਰੀਮੀਅਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵਿਖੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵੇਲੇ ਦੋਵਾਂ ਦੇਸ਼ਾਂ ਦਰਮਿਆਨ 18 ਅਰਬ ਅਮਰੀਕੀ ਡਾਲਰ ਦੀਆਂ ਵਸਤਾਂ ਦਾ ਵਪਾਰ ਹੁੰਦਾ ਜੋ ਕਿ ਇਨ੍ਹਾਂ ਦੀ ਸਮਰੱਥਾ ਮੁਤਾਬਕ ਹੋਰ ਵਧਾਇਆ ਜਾ ਸਕਦਾ ਹੈ। ਇਸ ਮੌਕੇ ਜਪਾਨੀ ਕਾਰੋਬਾਰੀਆਂ ਨੇ ਪ੍ਰਧਾਨ ਮੰਤਰੀ ਨੂੰ ਟੈਕਸ ਖੇਤਰ ਵਿਚ ਸੁਧਾਰ ਲਿਆਉਣ, ਵਿੱਤੀ ਸੇਵਾਵਾਂ ਦੇਣ ਲਈ ਨਿਯਮ ਸੁਖਾਲੇ ਕਰਨ ਤੇ ਮਹਾਨਗਰਾਂ ਵਿਚ ਵਿਦੇਸ਼ੀ ਬੈਂਕਾਂ ਦੀਆਂ ਹੋਰ ਬਰਾਂਚਾਂ ਖੋਲ੍ਹੇ ਜਾਣ ਦੀ ਆਗਿਆ ਦੇਣ ਬਾਰੇ ਸਵਾਲ ਵੀ ਪੁੱਛੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੇ ਆਰਥਿਕ ਵਿਕਾਸ ਦੀ ਜਿਹੜੀ ਉੱਚੀ ਦਰ ਦੇਖ ਲਈ ਹੈ, ਹੁਣ ਉਹ ਉਸ ਤੋਂ ਹੇਠਾਂ ਨਹੀਂ ਜਾਣਾ ਚਾਹੁੰਦੇ। ਇਸ ਲਈ ਆਰਥਿਕਤਾ ਦੀ ਬਿਹਤਰੀ ਲਈ ਸਖ਼ਤ ਤੇ ਮੁਸ਼ਕਲ ਫੈਸਲੇ ਲੈਣੇ ਪੈਣਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਇਹ ਸਖ਼ਤ ਕਦਮ ਚੁੱਕਣ ਲਈ ਵਚਨਬੱਧ ਹੈ। ਮਿਸ਼ੂਬੁਸ਼ੀ ਕਾਰਪੋਰੇਸ਼ਨ ਦੇ ਸੀਨੀਅਰ ਅਧਿਕਾਰੀ ਨੇ ਸਵਾਲ ਉਠਾਇਆ ਕਿ ਜਪਾਨੀ ਨਿਵੇਸ਼ਕਾਂ ਨੂੰ ਭਾਰਤ ਦੇ ਹਰ ਰਾਜ ਵਿੱਚ ਵੱਖੋ-ਵੱਖਰੇ ਟੈਕਸ ਨਿਯਮ ਹੋਣ ਕਾਰਨ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਰਾਹਤ ਦਿਵਾਉਣ ਲਈ ਵਸਤਾਂ ਤੇ ਸੇਵਾ ਟੈਕਸ (ਜੀਐਸਟੀ) ਕਦੋਂ ਲਾਗੂ ਕੀਤਾ ਜਾ ਰਿਹਾ ਹੈ।

# ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨਹੀਂ ਰਹੇ

**ਜਲੰਧਰ:** ਉੱਘੇ ਆਜ਼ਾਦੀ ਘੁਲਾਟੀਏ, ਬਜ਼ੁਰਗ ਕਮਿਊਨਿਸਟ ਆਗੂ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਦਾ ਦੇਹਾਂਤ ਹੋ ਗਿਆ। ਉਹ



97 ਵਰ੍ਹਿਆਂ ਦੇ ਸਨ ਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦੇ ਪਰਿਵਾਰ ਵਿਚ ਤਿੰਨ ਪੁੱਤਰ ਹਨ। ਕਾਮਰੇਡ ਲਾਇਲਪੁਰੀ ਪੜ੍ਹਾਈ ਦੌਰਾਨ ਹੀ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਏ ਤੇ ਉਨ੍ਹਾਂ ਵਿਦਿਆਰਥੀ ਲਹਿਰ ਵਿਚ ਮੋਹਰੀ ਰੋਲ ਅਦਾ ਕੀਤਾ।

ਲਾਹੌਰ ਤੋਂ ਉਨ੍ਹਾਂ ਨੇ ਕਾਨੂੰਨੀ ਦੀ ਵਿੱਦਿਆ ਹਾਸਲ ਕਰਨ ਤੋਂ ਬਾਅਦ ਆਪਣਾ ਸਮੁੱਚਾ ਜੀਵਨ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਵਿਚ ਬਿਤਾਇਆ। ਅਜ਼ਾਦੀ ਦੀ ਲਹਿਰ ਤੋਂ ਬਾਅਦ ਕਿਸਾਨਾਂ, ਕਿਰਤੀਆਂ ਦੇ ਹੱਕ ਲਈ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੜੇ ਸੰਘਰਸ਼ਾਂ ਵਿਚ ਵੀ ਉਨ੍ਹਾਂ ਮੋਹਰੀ ਰੋਲ ਅਦਾ ਕੀਤਾ। ਆਜ਼ਾਦੀ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਕਿਸਾਨਾਂ 'ਤੇ ਲਾਏ ਖੁਸ਼ ਹੈਸੀਅਤ ਟੈਕਸ ਵਿਰੁੱਧ ਲੜੇ ਇਤਿਹਾਸਕ ਸੰਘਰਸ਼ ਦੀ ਅਗਵਾਈ ਕਰਨ ਵਾਲੇ ਆਗੂਆਂ ਵਿਚ ਕਾਮਰੇਡ ਲਾਇਲਪੁਰੀ ਵੀ ਸ਼ਾਮਲ ਸਨ। ਕਮਿਊਨਿਸਟ ਕਿਸਾਨ ਸੰਘਰਸ਼ਾਂ ਵਿਚ ਕਾਮਰੇਡ ਲਾਇਲਪੁਰੀ ਦੀ ਪਛਾਣ ਇਕ ਕੁੱਲ ਹਿੰਦ ਆਗੂ ਵਜੋਂ ਹੁੰਦੀ ਸੀ। ਉਹ ਆਪਣੀ ਉਮਰ ਦੇ ਆਖਰੀ ਵਰ੍ਹਿਆਂ ਤੱਕ ਮਜ਼ਦੂਰਾਂ, ਕਿਸਾਨਾਂ ਦੇ ਹੱਕਾਂ ਲਈ ਸਰਗਰਮੀ ਨਾਲ ਸੰਘਰਸ਼ ਕਰਦੇ ਰਹੇ।

# ਨੈਸ਼ਨਲ ਜਿਓਗ੍ਰਾਫਿਕ ਮੁਕਾਬਲੇ ਵਿਚ ਭਾਰਤੀ ਬੱਚਿਆਂ ਦਾ ਚੜ੍ਹਤ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਇਕ 12 ਸਾਲਾ ਲੜਕੇ ਸਾਤਵਿਕ ਕਾਰਨਿਕ ਨੇ ਸਾਰੇ ਸਵਾਲਾਂ ਦੇ ਜਵਾਬ ਸਹੀ ਦੇ ਕੇ ਮਾਣਮੱਤਾ 'ਨੈਸ਼ਨਲ ਜਿਓਗ੍ਰਾਫਿਕ ਬੀ' ਮੁਕਾਬਲਾ ਜਿੱਤਿਆ ਹੈ। ਭਾਰਤੀ ਭਾਈਚਾਰੇ ਦੇ ਮੈਂਬਰ ਅਮਰੀਕਾ ਵਿਚ 'ਸਪੈਲਿੰਗ ਬੀ' ਤੇ 'ਜਿਓਗ੍ਰਾਫੀ ਬੀ' ਮੁਕਾਬਲਿਆਂ ਵਿਚ ਅਹਿਮ ਸਥਾਨ ਲੈਂਦੇ ਆ ਰਹੇ ਹਨ।

ਇਹ ਮੁਕਾਬਲਾ ਜਿੱਤਣ ਲਈ ਉਸ ਨੇ ਇਕੁਆਡੋਰ ਦੇ ਚਿੰਬੋਰਾਜ਼ੋ ਪ੍ਰਬਤ ਦੇ ਨਾਂ ਦਾ ਸਹੀ ਉੱਤਰ ਦਿੱਤਾ ਸੀ ਜੋ ਧਰਤੀ ਦੇ ਕੇਂਦਰ ਤੋਂ ਸਭ ਤੋਂ ਦੂਰ ਪੈਂਦਾ ਥਾਂ ਹੈ। ਉਸ ਦੇ ਮਾਪੇ ਸਾਫਟਵੇਅਰ ਪ੍ਰੋਫੈਸ਼ਨਲਜ਼ ਵਜੋਂ ਕਰਨਾਟਕ ਤੋਂ ਅਮਰੀਕਾ ਆ ਕੇ ਵਸੇ ਸਨ। ਉਸ ਦਾ ਸਿੱਧਾ ਮੁਕਾਬਲਾ 13 ਸਾਲ ਦੇ ਕੋਨਾਰਡ ਉਬਰਹੋਜ਼ ਨਾਲ ਸੀ ਜੋ ਸੈਕਿੰਡ ਰਿਹਾ ਹੈ। ਕਾਰਨਿਕ ਨੇ ਸਾਰੇ ਸੁਆਲਾਂ ਦੇ ਜੁਆਬ ਠੀਕ ਦਿੱਤੇ।

ਬੋਸਟਨ ਦੇ ਦੱਖਣ ਵਿਚ ਪੈਂਦੇ ਨੌਰਫੋਕ ਦਾ ਰਹਿਣ ਵਾਲਾ ਕਾਰਨਿਕ ਕਿੰਗ ਫਿਲਿਪ ਰੀਜ਼ਨਲ ਮਿਡਲ ਸਕੂਲ ਵਿਚ 7ਵੇਂ ਗਰੇਡ ਦਾ ਵਿਦਿਆਰਥੀ ਹੈ। ਇਸ ਵਾਰ ਇਸ ਮੁਕਾਬਲੇ ਵਿਚ ਭਾਰਤੀ-ਅਮਰੀਕੀਆਂ ਦੀ ਚੜ੍ਹਤ ਰਹੀ। ਵਾਸ਼ਿੰਗਟਨ ਵਿਚ ਹੋਏ ਫਾਈਨਲ ਮੁਕਾਬਲੇ ਵਿਚ 10 ਪਹਿਲੇ ਬੱਚਿਆਂ ਵਿਚੋਂ ਅੱਠ ਭਾਰਤੀ-ਅਮਰੀਕੀ ਸਨ। ਇਸ ਮੁਕਾਬਲੇ ਵਿਚ 40 ਲੱਖ ਬੱਚਿਆਂ ਨੇ ਹਿੱਸਾ ਲਿਆ ਸੀ।

ਇਸ ਮੁਕਾਬਲੇ ਵਿਚ ਤੀਜੀ ਥਾਂ ਸੰਜੀਵ ਉਪਲੂਰੀ (11) ਨੇ ਲਈ ਹੈ ਜੋ ਫੁਲਟਨ ਸਨਸ਼ਾਈਨ ਅਕਾਡਮੀ ਰੋਜ਼ਵੈੱਲ (ਐਟਲਾਂਟਾ ਦਾ ਸਬਅਰਬ) ਵਿਚ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ। ਮੁਕਾਬਲੇ ਵਿਚ ਚੌਥਾ ਸਥਾਨ 12 ਸਾਲਾ ਅਖਿਲ ਰੇਕੂਲਾਪੱਲੀ ਨੇ ਲਿਆ ਜੋ ਸਟੋਨ ਹਿੱਲ ਮਿਡਲ ਸਕੂਲ ਐਸ਼ਬਰਨ ਦਾ ਸੱਤਵੀਂ ਜਮਾਤ ਦਾ ਵਿਦਿਆਰਥੀ ਹੈ।

ਕਾਰਨਿਕ ਨੂੰ ਮਿਲੇ ਇਨਾਮਾਂ ਵਿਚ 25000 ਅਮਰੀਕੀ ਡਾਲਰ ਵੀ ਕਾਲਜ ਸਕਾਲਰਸ਼ਿਪ, ਗਾਲਾਪਾਗੋਸ ਆਈਲੈਂਡਜ਼ ਦਾ ਸਾਰੇ ਖਰਚਿਆਂ ਸਮੇਤ ਟ੍ਰਿਪ, ਨੈਸ਼ਨਲ ਜਿਓਗ੍ਰਾਫਿਕ ਸੁਸਾਇਟੀ ਦੀ ਉਮਰ ਭਰ ਲਈ ਮੈਂਬਰਸ਼ਿਪ ਸ਼ਾਮਲ ਹਨ। 2008 ਤੇ 2012 ਵਿਚ ਵੀ ਇਹ ਮੁਕਾਬਲਾ ਭਾਰਤੀ ਮੂਲ ਦੇ ਬੱਚਿਆਂ ਨੇ ਜਿੱਤਿਆ ਸੀ।

## ਮਲੇਸ਼ੀਆ ਵਿਚ ਹੋਵੇਗਾ ਸਿੱਖਾਂ ਦਾ ਸਭ ਤੋਂ ਵੱਡਾ ਇਕੱਠ

**ਕੁਆਲਾਲੰਪਰ:** ਮਲੇਸ਼ੀਆ ਦੇ ਸੂਬੇ ਮਲਾਕਾ ਵਿਚ ਅਗਲੇ ਹਫਤੇ ਸੰਤ ਸੋਹਨ ਸਿੰਘ ਦੀ ਬਰਸੀ 'ਤੇ ਦੁਨੀਆਂ ਭਰ ਵਿਚੋਂ 45 ਹਜ਼ਾਰ ਸਿੱਖਾਂ ਦੇ ਪੁੱਜਣ ਦੀ ਆਸ ਹੈ। ਪੰਜਾਬ ਤੋਂ ਬਾਹਰ ਦੁਨੀਆਂ ਦੇ ਕਿਸੇ ਦੇਸ਼ ਵਿਚ ਐਨੀ ਵੱਡੀ ਗਿਣਤੀ ਵਿਚ ਸਿੱਖਾਂ ਦਾ ਇਹ ਪਹਿਲਾ ਇਕੱਠ ਹੋਵੇਗਾ। ਇਹ 4 ਰੋਜਾ ਸਮਾਗਮ ਜਲਾਨ ਤੇਮੇਂਗਗੋਂਗ ਦੇ ਗੁਰਦੁਆਰੇ ਵਿਚ ਚੱਲੇਗਾ। ਇਸ ਵਿਚ ਯੂਰਪ, ਆਸਟਰੇਲੀਆ, ਅਮਰੀਕਾ ਤੇ ਏਸ਼ੀਆ ਤੋਂ ਸਿੱਖਾਂ ਦੇ ਸ਼ਿਰਕਤ ਕਰਨ ਦੀ ਆਸ ਹੈ। ਮਲੇਸ਼ੀਆ ਵਿਚ ਇਕ ਲੱਖ ਤੋਂ ਵੱਧ ਸਿੱਖ ਵਸਦੇ ਹਨ।

# ਹੁਣ ਸਿੱਖਿਆ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਘਿਰਿਆ

**ਚੰਡੀਗੜ੍ਹ:** ਸਿੱਖਿਆ ਮੰਤਰੀ ਸਿੰਕਦਰ ਸਿੰਘ ਮਲੂਕਾ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਨਾਲ ਅਕਾਲੀ-ਭਾਜਪਾ ਸਰਕਾਰ ਨੂੰ ਇਕ ਵਾਰ ਫਿਰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਿਆ ਵਿਭਾਗ ਵੱਲੋਂ ਵਿਸ਼ੇਸ਼ ਕੰਪਨੀ ਰਾਹੀਂ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਸਪਲਾਈ ਕਰਵਾਈਆਂ ਕਿਤਾਬਾਂ ਵਿਚਲੀ ਸਮੱਗਰੀ ਜਿੱਥੇ ਅਸ਼ਲੀਲ ਹੈ, ਉੱਥੇ ਕਿਤਾਬਾਂ ਖਰੀਦਣ ਲਈ ਅਪਣਾਈ ਪ੍ਰਕਿਰਿਆ ਉਪਰ ਵੀ ਪਿਛਲੇ ਕਈ ਦਿਨਾਂ ਤੋਂ ਗੰਭੀਰ ਦੋਸ਼ ਲੱਗ ਰਹੇ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਸਿੱਖਿਆ ਵਿਭਾਗ ਨੇ ਸਰਦੂਲਗੜ੍ਹ ਦੀ ਇਕ ਸੀਮਿੰਟ ਦੀਆਂ ਪਾਈਪਾਂ ਬਣਾਉਣ ਵਾਲੀ ਕੰਪਨੀ 'ਫਰੈਂਡਜ਼ ਐਂਟਰਪ੍ਰਾਈਜ਼ਿਜ਼' ਨੂੰ ਰਾਤੋ-ਰਾਤ ਰਜਿਸਟਰਡ ਕਰਵਾ ਕੇ ਭਾਰਤ ਸਰਕਾਰ ਤੋਂ ਲਾਇਬਰੇਰੀ ਕਿਤਾਬਾਂ ਖਰੀਦਣ ਲਈ ਮੁਹੱਈਆ ਕੀਤੇ 9.28 ਕਰੋੜ ਰੁਪਇਆਂ ਨੂੰ ਖੁਰਦ-ਬੁਰਦ ਕਰਨ ਦੀ ਸਾਜ਼ਿਸ਼ ਘੜੀ ਸੀ। ਸਰਕਾਰ ਦੇ ਸਵਾ ਸਾਲ ਦੇ ਕਾਰਜਕਾਲ ਦੌਰਾਨ ਹੀ ਅਕਾਲੀ ਦਲ ਦੇ ਚਾਰ ਮੰਤਰੀ ਵਿਵਾਦਾਂ ਵਿਚ ਘਿਰ ਚੁੱਕੇ ਹਨ।

ਭਾਵੇਂ ਕਾਂਗਰਸ ਤੇ ਹੋਰ ਧੜਿਆਂ ਨੇ ਸਿੱਖਿਆ ਮੰਤਰੀ ਖਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਆ ਹੈ ਕਿ ਸਿੱਖਿਆ ਮੰਤਰੀ ਤੋਂ ਅਜੇ ਕੁਰਸੀ ਨਹੀਂ ਖੋਹੀ ਜਾਵੇਗੀ। ਸ. ਬਾਦਲ ਦਾ ਕਹਿਣਾ ਹੈ ਕਿ ਸਿੱਖਿਆ ਵਿਭਾਗ ਦੇ ਘਪਲੇ ਦੀ ਜਾਂਚ ਕਰ ਰਹੇ ਜੱਜ ਜੇਕਰ ਜ਼ਰੂਰੀ ਸਮਝਣਗੇ ਤਾਂ ਮਲੂਕਾ ਵੀ ਜਾਂਚ ਪੜਤਾਲ ਲਈ ਪੇਸ਼ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੋਚ ਵਿਚਾਰ ਤੋਂ ਬਾਅਦ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਏ.ਐਨ. ਜਿੰਦਲ ਤੋਂ ਇਸ ਪੂਰੇ ਮਾਮਲੇ ਦੀ ਜਾਂਚ ਕਰਾਉਣ ਦਾ ਫੈਸਲਾ ਕੀਤਾ ਹੈ ਤੇ ਇਸ ਇਕ ਮੈਂਬਰੀ ਜਾਂਚ ਕਮਿਸ਼ਨ ਦੀ ਰਿਪੋਰਟ ਜਲਦੀ ਹੀ ਆ ਜਾਵੇਗੀ।

ਦੂਜੇ ਪਾਸੇ ਪੰਜਾਬ ਕਾਂਗਰਸ ਨੇ ਇਸ ਮੁੱਦੇ 'ਤੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਜਿੱਥੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ, ਉਥੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਕਰਵਾਉਣ 'ਤੇ ਜ਼ੋਰ ਦਿੱਤਾ ਹੈ। ਕਾਂਗਰਸ ਨੇ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਰਾਜ ਦੇ ਮਿਡਲ ਸਕੂਲਾਂ ਤੱਕ ਦੀਆਂ ਲਾਇਬਰੇਰੀਆਂ ਲਈ ਕਿਤਾਬਾਂ ਖਰੀਦਣ ਵਾਸਤੇ ਮੁਹੱਈਆ ਕੀਤੀ 9.28 ਕਰੋੜ ਰੁਪਏ ਦੀ ਗਰਾਂਟ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ ਨੂੰ ਕੇਂਦਰੀ ਮਨੁੱਖੀ ਸਰੋਤ ਵਿਭਾਗ ਦੇ ਮੰਤਰੀ ਪੱਲਮ ਰਾਜੂ ਕੋਲ ਉਠਾਉਣ ਦਾ ਫੈਸਲਾ ਕੀਤਾ ਹੈ।

ਦੂਸਰੇ ਪਾਸੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਕੇਂਦਰ ਵੱਲੋਂ ਹੁਣ ਤਕ ਪੰਜਾਬ ਨੂੰ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਆਈ ਸਮੁੱਚੀ ਅਰਬਾਂ ਰੁਪਏ ਦੀ ਗਰਾਂਟ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਬਾਦਲ ਸਰਕਾਰ ਲਾਟਰੀ ਰਾਹੀਂ ਉਗਰਾਹੇਗੀ ਮਾਲੀਆ

**ਚੰਡੀਗੜ੍ਹ:** ਆਰਥਿਕ ਬੋਝ ਹੇਠ ਦੱਬੀ ਪੰਜਾਬ ਸਰਕਾਰ ਨੇ ਆਨਲਾਈਨ ਲਾਟਰੀ ਪ੍ਰਣਾਲੀ ਰਾਹੀਂ ਮਾਲੀਆ ਇਕੱਠਾ ਕਰਨ ਦਾ ਫੈਸਲਾ ਕੀਤਾ ਹੈ। ਇਹ ਲਾਟਰੀ ਪ੍ਰਣਾਲੀ ਕੰਪਿਊਟਰ ਟਰਮੀਨਲ ਦੇ ਨੈੱਟਵਰਕ ਜਾਂ ਅਜਿਹੇ ਯੰਤਰ ਨਾਲ ਚਲਾਈ ਜਾ ਸਕੇਗੀ ਜੋ ਸਰਕਾਰ ਤੋਂ ਮਾਨਤਾ ਪ੍ਰਾਪਤ ਹੋਵੇਗਾ। ਸਰਕਾਰ ਨੂੰ ਇਸ ਲਾਟਰੀ ਰਾਹੀਂ ਪਹਿਲੇ ਸਾਲ 200 ਕਰੋੜ ਰੁਪਏ ਦਾ ਮਾਲੀਆ ਆਉਣ ਦੀ ਉਮੀਦ ਹੈ। ਪੰਜ ਸਾਲਾਂ ਤੱਕ ਇਹ ਮਾਲੀਆ 500 ਕਰੋੜ ਰੁਪਏ ਤੱਕ ਪਹੁੰਚਾਉਣ ਦਾ ਟੀਚਾ ਮਿਥਿਆ ਗਿਆ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਨੇ ਸਮਾਜ ਦੇ ਭਲੇ ਲਈ ਆਨਲਾਈਨ ਲਾਟਰੀ ਸਿਸਟਮ 'ਤੇ ਰੋਕ ਲਾਈ ਸੀ ਕਿਉਂਕਿ ਇਸ ਨਾਲ ਪੰਜਾਬ ਦੇ ਸੈਂਕੜੇ ਪਰਿਵਾਰ ਬਰਬਾਦ ਹੋ ਗਏ ਸਨ। ਉਨ੍ਹਾਂ ਕਿਹਾ ਕਿ ਆਨਲਾਈਨ ਲਾਟਰੀ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟਣ ਦੀ ਸਰਕਾਰੀ ਸਾਜ਼ਿਸ਼ ਹੈ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਾਰਨ ਬਜਟ ਦਾ ਵੱਡਾ ਹਿੱਸਾ ਤਨਖਾਹਾਂ ਦੇ ਭੁਗਤਾਨ 'ਤੇ ਹੀ ਜਾ ਰਿਹਾ ਹੈ। ਇਸ ਲਈ ਮਾਲੀਆ ਇਕੱਠਾ ਕਰਨ ਦੇ ਸਰੋਤ ਜਟਾਉਣੇ ਜ਼ਰੂਰੀ ਹਨ। ਇਸ ਦੇ ਨਾਲ ਹੀ ਸਰਕਾਰ ਨੇ ਲੋਕਾਂ 'ਤੇ ਵਿੱਤੀ ਬੋਝ ਪਾਉਂਦਿਆਂ ਮੁਖਤਾਰਨਾਮੇ 'ਤੇ ਦੋ ਫੀਸਦੀ ਸਟੈਂਪ ਡਿਊਟੀ ਲਾਉਣ ਲਈ ਆਰਡੀਨੈਂਸ ਲਿਆਉਣ ਲਈ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਸਰਕਾਰੀ ਜ਼ਮੀਨਾਂ ਗਹਿਣੇ ਧਰ ਕੇ ਪੂਡਾ ਵੱਲੋਂ 1500 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਵੇਗਾ।

### ਮੁਖ਼ਤਾਰਨਾਮਿਆਂ 'ਤੇ ਦੋ ਫੀਸਦੀ ਟੈਕਸ

ਮੰਤਰੀ ਮੰਡਲ ਨੇ ਆਜ਼ਾਦੀ ਦੇ ਸੰਘਰਸ਼ ਦੇ ਦੌਰਾਨ ਬ੍ਰਿਟਿਸ਼ ਅਥਾਰਟੀ ਵੱਲੋਂ ਆਜ਼ਾਦੀ ਘੁਲਾਟੀਆਂ ਦੀਆਂ ਜ਼ਬਤ ਕੀਤੀਆਂ ਜ਼ਮੀਨਾਂ ਉਨ੍ਹਾਂ ਦੇ ਵਾਰਸਾਂ ਨੂੰ ਦੇਣ ਲਈ ਵੀ ਸਹਿਮਤੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜਾਬ ਐਕਟ ਤੇ ਪੈਪਸੂ ਐਕਟ ਸੋਧਣ ਦੀ ਪ੍ਰਵਾਨਗੀ ਵੀ ਦੇ ਦਿੱਤੀ ਜਿਸ ਦੇ ਨਾਲ ਐਨਆਰਆਈਜ਼ ਆਪਣੀ ਸਾਰੀ ਜੱਦੀ ਜਾਇਦਾਦ ਜਾਂ ਪੰਜ ਸਾਲ ਪੁਰਾਣੀ ਜਾਇਦਾਦ ਖਾਲੀ ਕਰਵਾ ਸਕਣਗੇ।

ਪੰਜਾਬ ਸਰਕਾਰ ਵੱਲੋਂ ਪੰਜਾਬ ਹਾਰਸ ਰੇਸ ਰੈਗੂਲੇਸ਼ਨ ਤੇ ਮੈਨੇਜਮੈਂਟ ਐਕਟ 2013 ਨੂੰ ਵੀ ਅਮਲ ਵਿਚ ਲਿਆਉਣ ਲਈ ਇਸ ਦੇ ਖਰੜਾ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਜਿਸ ਦਾ ਮੰਤਵ ਰਾਜ ਵਿਚ ਘੋੜ ਦੌੜਾਂ ਦਾ ਸੰਚਾਲਨ ਕਰਨਾ ਤੇ ਇਸ ਲਈ ਵਿਚੋਲਗੀ ਤੋਂ ਇਲਾਵਾ ਘੋੜ ਦੌੜ ਦੇ ਮੈਦਾਨਾਂ ਦੀ ਸਾਂਭ-ਸੰਭਾਲ, ਘੋੜਿਆਂ ਦੀਆਂ ਨੁਮਾਇਸ਼ਾਂ ਤੋਂ ਇਲਾਵਾ ਘੋੜਿਆਂ ਦੀਆਂ ਦੌੜਾਂ 'ਤੇ ਸੱਟਾ ਲਾਉਣਾ ਵੀ ਸ਼ਾਮਲ ਹੈ। ਦਿਲਚਸਪ ਗੱਲ ਇਹ ਹੈ ਕਿ ਘੋੜਿਆਂ ਦੀ ਖੇਡਾਂ ਸਬੰਧੀ ਉਕਤ ਐਕਟ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਪੇਸ਼ ਕੀਤਾ ਗਿਆ ਜਿਸ ਤੋਂ ਸਪੱਸ਼ਟ ਸੀ ਕਿ ਇਸ ਕਾਨੂੰਨ ਦਾ ਮੁੱਖ ਮੰਤਵ ਘੋੜ ਦੌੜਾਂ 'ਤੇ ਸੱਟੇ ਨੂੰ ਨਿਯਮਿਤ ਕਰਨਾ ਹੈ। ਇਸ ਬਾਰੇ ਨਿਯਮ ਬਣਾਏ ਜਾਣੇ ਅਜੇ ਬਾਕੀ ਹਨ।


# ਗੈਸ ਸਟੇਸ਼ਨ ਵਿਕਾਊ ਹੈ

**ਚੋਕੋਰੁਆ, ਨਿਊ ਹੈਂਪਸ਼ਾਇਰ ਵਿਚ ਗਲਫ ਗੈਸ ਸਟੇਸ਼ਨ ਅੱਧਾ ਏਕੜ ਜ਼ਮੀਨ ਸਮੇਤ ਵਿਕਾਊ ਹੈ। ਗੈਸ ਸਟੇਸ਼ਨ ਰੂਟ 16 ਅਤੇ 113 ਦੇ ਇੰਟਰਸੈਕਸ਼ਨ ਉਤੇ ਬਹੁਤ ਬਿਜ਼ੀ ਲੋਕੇਸ਼ਨ 'ਤੇ ਹੈ।**

**ਸਾਲਾਨਾ ਸੇਲ: ਇਨਸਾਈਡ 5 ਲੱਖ ਡਾਲਰ ਅਤੇ ਗੈਸ ਇਕ ਮਿਲੀਅਨ**

**Gulf Gas Station For Sale With Property (Lot size .5 acre) on rout 16 and 113 intersection in Chocorua, New Hampshire-03817**

**In side store sale: 500k and Gas 1 mil.**

**Call: Kushal, Ph: 603-323-7314**

**Or Gagan, Ph: 347-234-5124**



# ਖੇਤੀਯੋਗ ਜ਼ਮੀਨ ਵਿਕਾਊ ਹੈ

**ਕਰਤਾਰਪੁਰ ਵਿਚ ਰੇਲਵੇ ਸਟੇਸ਼ਨ ਨੇੜੇ 7 ਏਕੜ ਵਾਹੀਯੋਗ ਜ਼ਮੀਨ ਵਿਕਾਊ ਹੈ।**

**ਖਰੀਦਣ ਦੇ ਚਾਹਵਾਨ ਸੰਪਰਕ ਕਰਨ।**

**ਫੋਨ: (ਇੰਗਲੈਂਡ) 0044 7429 705 608**

**or email:** khokarian007@hotmail.com

# Agriculture Land For Sale

7 acres of prime agriculture land in Kartarpur near Railway Station for sale.

If interested please call

**Ph: (UK) 0044 7429 705 608**

**or email:** khokarian007@hotmail.com

# ਫਾਂਸੀ ਦੀ ਵਕਾਲਤ ਕਰਨ ਵਾਲਿਆਂ ਵੀ ਭੁੱਲਰ ਨੂੰ ਨਿਰਦੋਸ਼ ਮੰਨਿਆ



**ਚੰਡੀਗੜ੍ਹ:** 2002 ਵਿਚ ਪ੍ਰੋ. ਦਵਿੰਦਰ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕਰਨ ਵਾਲਾ ਸਰਕਾਰੀ ਵਕੀਲ ਅਨੂਪ ਜੀ ਚੌਧਰੀ ਵੀ ਅੱਜ ਭੁੱਲਰ ਨੂੰ ਨਿਰਦੋਸ਼ ਮੰਨਣ ਲੱਗ ਪਿਆ ਹੈ। ਉਨ੍ਹਾਂ ਨੂੰ ਹੁਣ ਲਗਦਾ ਹੈ ਕਿ ਜਸਟਿਸ ਸ਼ਾਹ ਨੇ ਭੁੱਲਰ ਨੂੰ ਸਜ਼ਾ ਦੇਣ ਦੇ ਹੱਕ ਵਿਚ ਉਸ ਵੱਲੋਂ ਦਿੱਤੀਆਂ ਦਲੀਲਾਂ ਰੱਦ ਕਰ ਕੇ ਠੀਕ ਹੀ ਕੀਤਾ ਸੀ। ਜਸਟਿਸ ਸ਼ਾਹ ਨੇ ਦਿੱਲੀ ਪੁਲਿਸ ਨਾਲ ਇਸ ਗੱਲੋਂ ਸਹਿਮਤ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਮਾਮਲਾ ਅਤਿਵਾਦ ਦਾ ਹੋਵੇ ਤਾਂ ਪੁਲਿਸ ਦੀ ਹਰ ਪੜਤਾਲ ਨੂੰ ਸਹੀ ਮੰਨ ਲੈਣਾ ਚਾਹੀਦਾ ਹੈ।

ਮੱਧ ਪ੍ਰਦੇਸ਼ ਦੇ ਸਾਬਕਾ ਐਡਵੋਕੇਟ ਜਨਰਲ ਰਹਿ ਚੁੱਕੇ ਚੌਧਰੀ ਨੇ ਇਹ ਵੀ ਕਿਹਾ ਕਿ ਦੋ ਜੱਜਾਂ ਦੀ ਬਹੁਗਿਣਤੀ ਵੱਲੋਂ ਉਸ ਮਾਮਲੇ ਵਿਚ ਮੌਤ ਦੀ ਸਜ਼ਾ ਦੇਣਾ ਬੜੀ ਅਜੀਬ ਗੱਲ ਸੀ ਜਦਕਿ ਉਨ੍ਹਾਂ ਦੇ ਸਾਥੀ ਜੱਜ ਨੇ ਭੁੱਲਰ ਨੂੰ ਬਰੀ ਵੀ ਕਰ ਦਿੱਤਾ ਸੀ ਤੇ ਉਹ ਜੱਜ ਉਸੇ ਹੀ ਬੈਂਚ ਦਾ ਮੈਂਬਰ ਸੀ ਜਿਸ ਦੇ ਦੂਜੇ ਦੋ ਜੱਜ ਸਨ। ਪਿਛਲੇ ਦਿਨੀਂ ਅੰਗਰੇਜ਼ੀ ਅਖ਼ਬਾਰ ਨਾਲ ਗੱਲ ਕਰਦਿਆਂ ਅਨੂਪ ਜੀ ਚੌਧਰੀ ਨੇ ਕਿਹਾ ਕਿ ਜੋ ਵੀ ਹੈ, ਇਸ ਵੱਡੀ ਅਦਾਲਤੀ ਗ਼ਲਤੀ ਦਾ ਗ੍ਰਹਿ ਮੰਤਰਾਲੇ ਨੂੰ ਨੋਟ ਲੈਣਾ ਚਾਹੀਦਾ ਸੀ ਤੇ ਰਾਸ਼ਟਰਪਤੀ ਨੂੰ ਅਪਣੀ ਸਿਫ਼ਾਰਸ਼ ਭੇਜਣ ਲੱਗਿਆਂ, ਇਸ ਨੂੰ ਮਜ਼ਬੂਤ ਨੁਕਤਾ ਬਣਾ ਕੇ ਸਜ਼ਾ ਖ਼ਤਮ ਕਰਨ ਦੀ ਸਿਫ਼ਾਰਸ਼ ਕਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਕੀ ਗ੍ਰਹਿ ਮੰਤਰਾਲਾ ਸੋਚਦਾ ਹੈ ਕਿ ਸੁਪਰੀਮ ਕੋਰਟ ਦੇ ਇਕ ਜੱਜ ਵੱਲੋਂ ਸਾਫ਼ ਬਰੀ ਕੀਤਾ ਜਾਣਾ ਬੇਕਾਰ ਦੀ ਗੱਲ ਸੀ।

ਜਸਟਿਸ ਸ਼ਾਹ ਨੇ ਪੁਲਿਸ ਕੇਸ ਦੀ ਇਕ ਵੱਡੀ ਕਮੀ ਇਹ ਦੱਸੀ ਸੀ ਕਿ ਪੁਲਿਸ ਨੇ ਭੁੱਲਰ ਦੇ ਇਕਬਾਲੀਆ ਬਿਆਨ ਲਈ ਕੋਈ ਗਵਾਹ ਨਹੀਂ ਸੀ ਪੇਸ਼ ਕੀਤਾ ਜੋ ਭੁੱਲਰ ਦੇ ਇਕਬਾਲੀਆਂ ਬਿਆਨ ਦੀ ਪੁਸ਼ਟੀ ਕਰ ਸਕੇ ਜਦਕਿ ਭੁੱਲਰ ਨੇ ਆਪ ਵੀ ਉਸ ਕਥਿਤ ਇਕਬਾਲੀਆ ਬਿਆਨ ਨੂੰ ਰੱਦ ਕਰ ਦਿੱਤਾ ਸੀ। ਚੌਧਰੀ ਅਨੁਸਾਰ ਜਦ ਜਸਟਿਸ ਸ਼ਾਹ ਨੇ ਉਨ੍ਹਾਂ ਕੋਲੋਂ ਅਦਾਲਤੀ ਕਾਰਵਾਈ ਦੌਰਾਨ ਪੁੱਛਿਆ ਕਿ ਇਸ ਕਮੀ ਨੂੰ ਕਿਵੇਂ ਢਕਾਂਗਾ ਤਾਂ ਉਨ੍ਹਾਂ ਇਹੀ ਜਵਾਬ ਦਿੱਤਾ ਸੀ ਕਿ ਉਹ ਤਾਂ ਕੇਵਲ ਉਸ ਬਾਰੇ ਹੀ ਦਲੀਲਾਂ ਦੇ ਸਕਦੇ ਹਨ ਜੋ ਕੁਝ ਰੀਕਾਰਡ ਉਤੇ ਮੌਜੂਦ ਹੈ ਪਰ ਉਹ ਪੜਤਾਲੀਆ ਏਜੰਸੀ ਦਾ ਚੋਲਾ ਪਾ ਕੇ ਇਹ ਨਹੀਂ ਦਸ ਸਕਦੇ ਕਿ ਉਨ੍ਹਾਂ ਨੇ ਇਕਬਾਲੀਆ ਬਿਆਨ ਵਿਚ ਕਹੀਆਂ ਗਈਆਂ ਗੱਲਾਂ ਦੀ, ਦੂਜੇ ਗਵਾਹਾਂ ਕੋਲੋਂ ਪੁਸ਼ਟੀ ਕਿਉਂ ਨਹੀਂ ਸੀ ਕਰਵਾਈ।

## ਭੁੱਲਰ ਦੀ ਰਿਹਾਈ ਲਈ ਸਰਗਰਮ ਹੋਈਆਂ ਸਿੱਖ ਸੰਸਥਾਵਾਂ

**ਅੰਮ੍ਰਿਤਸਰ:** ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮੈਡੀਕਲ ਰਿਪੋਰਟ ਦੇ ਤੱਥ ਜੱਗ ਜ਼ਾਹਰ ਹੋਣ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੂਬੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਆਖਿਆ ਕਿ ਉਹ ਕੇਂਦਰ ਸਰਕਾਰ ਨਾਲ ਪਹੁੰਚ ਕਰ ਕੇ ਉਸ ਦੀ ਰਿਹਾਈ ਲਈ ਯਤਨ ਤੇਜ਼ ਕਰਨ।

ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪ੍ਰੋ. ਭੁੱਲਰ ਦੀ ਮੈਡੀਕਲ ਜਾਂਚ ਲਈ ਬਣਾਈ ਗਈ ਮਾਹਰ ਡਾਕਟਰਾਂ ਦੀ ਟੀਮ ਦੀ ਰਿਪੋਰਟ ਆ ਚੁੱਕੀ ਹੈ ਜਿਸ ਵਿਚ ਡਾਕਟਰਾਂ ਨੇ ਉਸ ਨੂੰ ਮਾਨਸਿਕ ਤੌਰ 'ਤੇ ਪੀੜਤ ਦੱਸਿਆ ਹੈ। ਡਾਕਟਰਾਂ ਦੀ ਟੀਮ ਨੇ ਆਪਣੀ ਰਿਪੋਰਟ ਗ੍ਰਹਿ ਵਿਭਾਗ ਨੂੰ ਭੇਜੀ ਹੈ। ਕੇਂਦਰੀ ਗ੍ਰਹਿ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਭੁੱਲਰ ਸਬੰਧੀ ਬਾਰੇ ਇਸ ਰਿਪੋਰਟ ਨੂੰ ਤੁਰੰਤ ਕੇਂਦਰ ਸਰਕਾਰ ਤੇ ਰਾਸ਼ਟਰਪਤੀ ਨੂੰ ਸੌਂਪੇ ਤਾਂ ਜੋ ਉਸ ਦੀ ਫਾਂਸੀ ਦੀ ਸਜ਼ਾ ਮੁਆਫੀ ਤੇ ਰਿਹਾਈ ਲਈ ਰਾਹ ਪੱਧਰਾ ਹੋ ਸਕੇ। ਉਨ੍ਹਾਂ ਆਖਿਆ ਕਿ ਜੇਲ੍ਹ ਨਿਯਮਾਂ ਮੁਤਾਬਕ ਕਿਸੇ ਵੀ ਮਾਨਸਿਕ ਰੋਗੀ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਅਜਿਹੀ ਸਥਿਤੀ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਨੁੱਖੀ ਹਮਦਰਦੀ ਦੇ ਆਧਾਰ 'ਤੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰ ਕੇ ਉਸ ਨੂੰ ਬਾਕੀ ਜ਼ਿੰਦਗੀ ਪਰਿਵਾਰ ਨਾਲ ਬਿਤਾਉਣ ਦੀ ਆਗਿਆ ਦੇਵੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਵਫਦ ਨੇ ਲੰਘੇ ਦਿਨੀਂ ਨਵੀਂ ਦਿੱਲੀ 'ਚ ਰਾਸ਼ਟਰਪਤੀ ਦੇ ਦਫ਼ਤਰ ਵਿਚ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਪ੍ਰਤੀ ਰਹਿਮ ਦੀ ਪਟੀਸ਼ਨ ਦਾਖਲ ਕੀਤੀ ਹੋਈ ਹੈ।

## ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਅਪੀਲ

**ਸਰੀ:** ਕੈਨੇਡੀਅਨ ਸੰਸਦ 'ਚ ਮੁੱਖ ਵਿਰੋਧੀ ਪਾਰਟੀ ਐਨਡੀਪੀ ਦੇ ਆਗੂ ਥੌਮਸ ਮਲਕੇਅਰ ਨੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਖਤ ਲਿਖ ਕੇ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਵੱਲੋਂ ਭਾਰਤ ਸਰਕਾਰ ਨਾਲ ਗੱਲਬਾਤ ਕਰਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਤੋਂ ਬਚਾਇਆ ਜਾਵੇ।

ਥੌਮਸ ਮਲਕੇਅਰ ਨੇ ਲਿਖਿਆ ਹੈ ਕਿ 2011 ਵਿਚ ਪਾਰਟੀ ਦੇ ਸਾਬਕਾ ਪ੍ਰਧਾਨ ਜੈਕ ਲੇਟਨ ਨੇ ਵੀ ਪ੍ਰੋ. ਭੁੱਲਰ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਲਿਖਿਆ ਕਿ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਸਰੀ ਨਿਵਾਸੀ ਤੇ ਕੈਨੇਡਾ ਦੀ ਨਾਗਰਿਕ ਹੋਣ ਕਾਰਨ ਇਹ ਮੁੱਦਾ ਉਨ੍ਹਾਂ ਲਈ ਅਹਿਮ ਹੈ। ਉਹ ਬਹੁਤ ਹੱਕ ਨਾਲ ਇਹ ਉਮੀਦ ਕਰ ਰਹੀ ਹੈ ਕਿ ਕੈਨੇਡਾ ਸਰਕਾਰ ਉਸ ਦੇ ਪਤੀ ਦੀ ਹਾਲਤ ਅਤੇ ਨਜ਼ਰਬੰਦੀ ਵੱਲ ਧਿਆਨ ਦੇਵੇ। ਐਮਨੈਸਟੀ ਇੰਟਰਨੈਸ਼ਨਲ ਵਰਗੀ ਮਨੁੱਖੀ ਅਧਿਕਾਰ ਜਥੇਬੰਦੀ ਨੇ ਪ੍ਰੋ. ਭੁੱਲਰ ਦੀ ਗਿ।ਫਤਾਰੀ, ਸਜ਼ਾ ਤੇ ਮੁਕੱਦਮੇ ਬਾਰੇ ਗੰਭੀਰ ਸਵਾਲ ਉਠਾਏ ਹਨ। ਮਲਕੇਅਰ ਅਨੁਸਾਰ ਕੈਨੇਡਾ ਦੇ ਭਾਰਤ ਨਾਲ ਸਬੰਧ ਬਹੁਤ ਦੋਸਤਾਨਾ ਹਨ। ਇਸ ਲਈ ਕੈਨੇਡਾ ਸਰਕਾਰ ਨੂੰ ਭਾਰਤ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ।

## ਬਾਦਲ ਦੋਹਰੇ ਮਾਪਦੰਡ ਅਪਨਾ ਰਿਹੈ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਇਆ ਕਿ ਉਹ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਉਤੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ ਤੇ ਇਸ ਮਾਮਲੇ ਵਿਚ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਆਪਣੇ ਆਪ ਨੂੰ ਸਿੱਖ ਕੌਮ ਦਾ ਹਿੱਤੂ ਹੋਣ ਦਾ ਪ੍ਰਗਟਾਵਾ ਕਰ ਰਹੇ ਹਨ। ਉਨ੍ਹਾਂ ਕਿਹਾ ਅਕਾਲੀ-ਭਾਜਪਾ ਇਕ ਅਪਵਿੱਤਰ ਗਠਬੰਧਨ ਹੈ, ਇਹ ਦੋਵੇਂ ਰਾਜਨੀਤਕ ਪਾਰਟੀਆ ਆਪਣੇ ਫਾਇਦੇ ਲਈ ਇਕੱਠੀਆਂ ਹਨ। ਇਨ੍ਹਾਂ ਦੋਵਾਂ ਪਾਰਟੀਆ ਨੇ ਭੁੱਲਰ ਦੀ ਸਜ਼ਾ ਮੁਆਫੀ ਦੇ ਮਾਮਲੇ 'ਤੇ ਵੱਖੋ-ਵੱਖਰੇ ਸਟੈਂਡ ਲੈ ਰੱਖੇ ਹਨ ਤੇ ਇਨ੍ਹਾਂ ਵਿਚਕਾਰ ਕੋਈ ਸਿਧਾਂਤਕ ਤਾਲਮੇਲ ਨਹੀਂ ਹੈ। ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਸ. ਬਾਦਲ ਪ੍ਰੋ. ਭੁੱਲਰ ਦੇ ਮਾਮਲੇ ਵਿਚ ਦੋਹਰੇ ਮਾਪਦੰਡ ਅਪਨਾ ਰਹੇ ਹਨ।

ਇਕ ਪਾਸੇ ਉਹ ਭੁੱਲਰ ਦੀ ਫਾਂਸੀ ਮੁਆਫੀ ਕਰਨ ਲਈ ਰੌਲਾ ਪਾ ਰਹੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੀ ਸਰਕਾਰ ਨੇ ਹੀ ਸੁਪਰੀਮ ਕੋਰਟ ਵਿਚ ਭੁੱਲਰ ਖ਼ਿਲਾਫ ਸਾਲ 2009 ਵਿਚ ਹਲਫਨਾਮਾ ਦਾਖਲ ਕਰਕੇ ਕਿਹਾ ਸੀ ਕਿ ਭੁੱਲਰ ਇਕ ਖ਼ਤਰਨਾਕ ਅਤਿਵਾਦੀ ਹੈ ਤੇ ਉਸ ਨੂੰ ਕੌਮਾਂਤਰੀ ਅਤਿਵਾਦੀ ਸੰਗਠਨਾਂ ਦੀ ਹਮਾਇਤ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸ. ਬਾਦਲ ਭੁੱਲਰ ਨੂੰ ਫਾਂਸੀ ਦੇਣ ਦਾ ਵਿਰੋਧ ਕਰਦੇ ਹਨ ਤਾਂ ਉਹ ਸਿੱਖਾਂ ਨੂੰ ਭਾਜਪਾ ਦੇ ਇਸ ਫਾਂਸੀ ਬਾਰੇ ਵਿਚਾਰ ਵੀ ਦੱਸਣ ਦੀ ਹਿੰਮਤ ਦਿਖਾਉਣ।



ਸ. ਬਾਦਲ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕਰਦੇ ਹੋਏ

## ਅਕਾਲੀ ਦਲ ਵੱਲੋਂ ਵੀ ਚਾਰਾਜੋਈ

**ਨਵੀਂ ਦਿੱਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਿਛਲੇ ਮਹੀਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮਾਫ ਕਰਾਉਣ ਲਈ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਰੀਵਿਊ ਪਟੀਸ਼ਨ ਦਾਇਰ ਕਰਕੇ ਕਿਹਾ ਹੈ ਕਿ ਫਾਂਸੀ ਦੀ ਸਜ਼ਾ ਅਮਲ ਵਿਚ ਲਿਆਉਣ ਨਾਲ ਰਾਜ ਵਿਚ ਅਮਨ ਤੇ ਭਾਈਚਾਰਕ ਇਕਸੁਰਤਾ ਭੰਗ ਹੋ ਸਕਦੇ ਹਨ। ਇਸ ਤੋਂ ਇਲਾਵਾ ਸ. ਬਾਦਲ ਨੇ ਇਹ ਮੁੱਦੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਕੋਲ ਵੀ ਉਠਾਇਆ ਸੀ ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੇਸ਼ ਕੀਤੀ 17 ਸਫ਼ਿਆਂ ਦੀ ਪਟੀਸ਼ਨ ਵਿਚ ਰਾਸ਼ਟਰਪਤੀ ਨੂੰ ਕੇਸ ਦੇ ਤੱਥਾਂ ਨੂੰ ਵਾਚਣ ਦੀ ਅਪੀਲ ਕੀਤੀ ਗਈ ਹੈ। ਰਹਿਮ ਦੀ ਅਪੀਲ ਮੁੜ ਦਾਖਲ ਕਰਨ ਨੂੰ ਸਹੀ ਠਹਿਰਾਉਂਦਿਆਂ ਅਕਾਲੀ ਦਲ ਨੇ ਕਿਹਾ ਕਿ ਸੁਪਰੀਮ ਕੋਰਟ ਦੇ 2010 ਵਿਚ ਦਿੱਤੇ ਫੈਸਲੇ ਅਨੁਸਾਰ ਮੁੜ ਰਹਿਮ ਦੀ ਅਪੀਲ ਦਾਇਰ ਕਰਨ 'ਤੇ ਕੋਈ ਮਨਾਹੀ ਨਹੀਂ ਹੈ। ਭੁੱਲਰ ਦੀ ਪਹਿਲੀ ਅਪੀਲ ਪਿਛਲੇ ਸਾਲ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵੱਲੋਂ ਰੱਦ ਕਰ ਦਿੱਤੀ ਗਈ ਸੀ ਜਿਸ ਤੋਂ ਬਾਅਦ ਲੰਘੀ 12 ਅਪਰੈਲ ਨੂੰ ਸੁਪਰੀਮ ਕੋਰਟ ਨੇ ਰਹਿਮ ਦੀ ਅਪੀਲ ਦਾ ਨਬੇੜਾ ਕਰਨ ਵਿਚ ਹੋਈ ਦੇਰੀ ਦੇ ਆਧਾਰ 'ਤੇ ਕੋਈ ਰਾਹਤ ਦੇਣ ਤੋਂ ਮਨ੍ਹਾ ਕਰਦਿਆਂ ਉਸ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਸੀ।

## ਬਥੇਰੀ ਵਾਰ ਆਸ ਬੱਝੀ ਤੇ ਟੁੱਟੀ: ਨਵਨੀਤ ਕੌਰ

**ਚੰਡੀਗੜ੍ਹ:** ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰੋ: ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਲਈ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨਾਲ ਕੀਤੀ ਗਈ ਮੁਲਾਕਾਤ ਤੇ ਸੰਸਾਰ ਭਰ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਸਿੱਖਾਂ ਵੱਲੋਂ ਉਠਾਈ ਜਾ ਰਹੀ ਆਵਾਜ਼ ਦੇ ਮੱਦੇਨਜ਼ਰ ਪ੍ਰੋ. ਭੁੱਲਰ ਦੀ ਧਰਮ ਪਤਨੀ ਬੀਬੀ ਨਵਨੀਤ ਕੌਰ ਨੂੰ ਥੋੜੀ ਜਿਹੀ ਰਾਹਤ ਦੀ ਆਸ ਜ਼ਰੂਰ ਬੱਝੀ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਅਜਿਹੀ ਆਸ ਪਹਿਲਾਂ ਵੀ ਕਈ ਵਾਰ ਬੱਝੀ ਤੇ ਫਿਰ ਟੁੱਟ ਚੁੱਕੀ ਹੈ।



ਨਵਨੀਤ ਕੌਰ

ਬੀਬੀ ਨਵਨੀਤ ਕੌਰ ਨੇ ਕਿਹਾ ਕਿ ਨਿਰਦੋਸ਼ ਪ੍ਰੋ. ਭੁੱਲਰ ਦੇ ਮਾਮਲੇ ਵਿਚ ਆਸ ਦਾ ਦੀਵਾ ਲੈ ਕੇ ਉਹ ਪਿਛਲੇ 20 ਵਰ੍ਹਿਆਂ ਤੋਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਹੈ ਤੇ ਮੁਸ਼ਕਿਲਾਂ ਦਾ ਇਹ ਦੌਰ ਪਤਾ ਨਹੀਂ ਹਾਲੇ ਕਿੰਨਾ ਲੰਮਾ ਚੱਲੇਗਾ। ਪਿਛਲੇ ਦਿਨੀਂ ਮੀਡੀਆ ਨਾਲ ਵਿਸ਼ੇਸ਼ ਗਲਬਾਤ ਦੌਰਾਨ ਬੀਬੀ ਨਵਨੀਤ ਕੌਰ ਨੇ ਇਸ ਗੱਲ 'ਤੇ ਸਖਤ ਇਤਰਾਜ਼ ਜਤਾਇਆ ਕਿ ਮੀਡੀਆ ਦੇ ਕਈ ਹਿੱਸਿਆ ਵਿਚ ਪ੍ਰੋ. ਭੁੱਲਰ ਨੂੰ ਖਤਰਨਾਕ ਖਾਲਿਸਤਾਨੀ ਅਤਿਵਾਦੀ ਗਰਦਾਨਿਆ ਜਾ ਰਿਹਾ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਪ੍ਰੋ. ਭੁੱਲਰ ਨੂੰ ਖਾਲਿਸਤਾਨੀ ਅਤਿਵਾਦੀ ਨਾ ਲਿਖਿਆ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਬੇਗੁਨਾਹ ਭੁੱਲਰ ਦੇ ਮਾਮਲੇ ਵਿਚ ਹਰ ਪਾਸਿਓ ਵਧੀਕੀ ਹੀ ਹੋਈ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਪ੍ਰੋ. ਭੁੱਲਰ ਮਾਮਲੇ ਵਿਚ ਪੇਸ਼ ਹੋਏ 133 ਗਵਾਹਾਂ ਵਿਚੋਂ ਕਿਸੇ ਇਕ ਨੇ ਵੀ ਪ੍ਰੋ. ਭੁੱਲਰ ਖਿਲਾਫ ਬਿਆਨ ਨਹੀਂ ਦਿੱਤਾ ਤੇ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਦੇਣ ਵਾਲੇ ਬੈਂਚ ਦੇ ਤਿੰਨ ਜੱਜਾਂ ਵਿਚੋਂ ਇਕ ਜੱਜ ਨੇ ਉਸ ਨੂੰ ਸਾਫ ਬਰੀ ਕਰ ਦਿਤਾ ਸੀ ਪਰ ਇਸ ਦੇ ਬਾਵਜੂਦ ਉਸ ਬੇਗੁਨਾਹ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾ ਰਹੀ ਹੈ। ਬੀਬੀ ਨਵਨੀਤ ਕੌਰ ਨੇ ਦਾਅਵਾ ਕੀਤਾ ਕਿ ਪੁਲਿਸ ਹਿਰਾਸਤ ਵਿਚ ਕੀਤੇ ਗਏ ਤਸ਼ੱਦਦ ਤੋਂ ਬਾਅਦ ਲਏ ਗਏ ਇਕਬਾਲੀਆ ਬਿਆਨ ਦੇ ਆਧਾਰ 'ਤੇ ਹੀ ਪ੍ਰੋ. ਭੁੱਲਰ ਨੂੰ ਦੋਸ਼ੀ ਮੰਨ ਲਿਆ ਗਿਆ ਜਦਕਿ ਉਹ ਪੂਰੀ ਤਰ੍ਹਾਂ ਬੇਗੁਨਾਹ ਹੈ।

ਪਿਛਲੇ 20 ਵਰ੍ਹਿਆਂ ਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਬੀਬੀ ਨਵਨੀਤ ਕੌਰ ਨੇ ਕਿਹਾ ਕਿ ਇਹ ਤਾਂ ਉਨ੍ਹਾਂ ਦਾ ਪਰਿਵਾਰ ਹੀ ਜਾਣਦਾ ਹੈ ਕਿ ਕਿੰਨਾ ਮੁਸ਼ਕਲਾਂ ਭਰਿਆ ਜੀਵਨ ਜੀਅ ਰਹੇ ਹਨ ਪਰ ਇਨਸਾਫ ਦੀ ਉਡੀਕ ਵਿਚ ਹੌਸਲਾ ਅਜੇ ਵੀ ਕਾਇਮ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਨੂੰ 18-20 ਵਰ੍ਹੇ ਜੇਲ੍ਹ ਦੀ ਕਾਲ ਕੋਠੀ ਵਿਚ ਡੱਕੀ ਰੱਖਿਆ ਗਿਆ ਹੋਵੇ, ਉਸ ਦੀ ਮਾਨਸਿਕ ਹਾਲਤ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਕਾਨੂੰਨ ਦੀ ਉਨ੍ਹਾਂ ਨਾਲ ਨਾਲ ਪਤਾ ਨਹੀਂ ਕਿਹੜੀ ਦੁਸ਼ਮਨੀ ਹੈ ਕਿ ਜਿਹੜਾ 20 ਵਰ੍ਹਿਆਂ ਬਾਅਦ ਵੀ ਇਕ ਬੇਗੁਨਾਹ ਨੂੰ ਫਾਹੇ 'ਤੇ ਟੰਗਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਬਾਦਲ ਤਾਮਿਲਨਾਡੂ ਸਰਕਾਰ ਤੋਂ ਸਬਕ ਸਿੱਖਣ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਤਾਮਿਲਨਾਡੂ ਸਰਕਾਰ ਤੋਂ ਸਬਕ ਸਿੱਖ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਵੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਰੱਦ ਕਰਾਉਣ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਤੁਰੰਤ ਬੁਲਾਵੇ ਤੇ ਫਾਂਸੀ ਨੂੰ ਰੱਦ ਕਰਨ ਦਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ।

ਸ. ਸਰਨਾ ਨੇ ਕਿਹਾ ਕਿ ਤਾਮਿਲਨਾਡੂ ਦੀਆਂ ਦੋਵੇਂ ਮੁੱਖ ਪਾਰਟੀਆਂ ਨੇ ਸ੍ਰੀਲੰਕਾ ਦੇ ਤਾਮਿਲਾਂ ਦੇ ਹੱਕ ਵਿਚ ਤਾਮਿਲਨਾਡੂ ਵਿਧਾਨ ਸਭਾ ਵਿਚ ਜਿਸ ਤਰੀਕੇ ਨਾਲ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਤਾਮਿਲਾਂ ਦੇ ਅਧਿਕਾਰਾਂ ਦੀ ਰਾਖੀ ਲਈ ਬੀੜਾ ਚੁੱਕਿਆ ਹੈ, ਉਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਦੋ ਘੰਟੇ ਦਾ ਇਕ ਵਿਸ਼ੇਸ਼ ਸ਼ੈਸ਼ਨ ਬੁਲਾ ਕੇ ਭੁੱਲਰ ਦੇ ਹੱਕ ਵਿਚ ਮਤਾ ਪਾਸ ਕਰਕੇ ਕੇਂਦਰ ਨੂੰ ਭੇਜਿਆ ਜਾਣਾ ਚਾਹੀਦਾ ਹੈ ਤਾਂ ਕਿ ਭੁੱਲਰ ਨੂੰ ਨਾਜ਼ਾਇਜ ਹੋ ਰਹੀ ਫਾਂਸੀ ਦੇ ਫੰਦੇ ਤੋਂ ਬਚਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਰੱਦ ਕਰਾਉਣ ਦਾ ਮਾਮਲਾ ਵੀ ਕੌਮੀ ਹੈ। ਇਸ ਲਈ ਪੰਜਾਬ ਦੀ ਅਕਾਲੀ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਪ੍ਰੋ. ਭੁੱਲਰ ਦੇ ਹੱਕ ਵਿਚ ਡਟ ਜਾਣਾ ਚਾਹੀਦਾ ਹੈ ਤੇ ਉਸ ਦੇ ਹੱਕ ਵਿਚ ਵਿਧਾਨ ਸਭਾ ਵਿਚ ਮਤਾ ਪਾਸ ਕਰਕੇ ਪ੍ਰੋ. ਭੁੱਲਰ ਨੂੰ ਕਿਸੇ ਵੀ ਹਾਲਤ ਵਿਚ ਫਾਂਸੀ ਤੋਂ ਬਚਾਉਣਾ ਚਾਹੀਦਾ ਹੈ।

# ਡਰੋਨ ਹਮਲੇ ਸੀਮਤ ਕਰਨ ਦਾ ਐਲਾਨ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵਿਵਾਦਪੂਰਨ ਡਰੋਨ ਹਮਲਿਆਂ ਨੂੰ ਅਤਿਵਾਦੀਆਂ ਖ਼ਿਲਾਫ ਸਵੈ-ਰੱਖਿਆ ਲਈ ਸਹੀ, ਅਸਰਦਾਰ ਤੇ ਜ਼ਰੂਰੀ ਕਰਾਰ ਦਿੰਦਿਆਂ ਆਪਣੀ ਨਵੀਂ ਅਤਿਵਾਦ ਵਿਰੋਧੀ ਨੀਤੀਆਂ ਦਾ ਐਲਾਨ ਕੀਤਾ ਜਿਸ ਵਿਚ ਪਾਕਿਸਤਾਨ ਵਰਗੇ ਦੇਸ਼ਾਂ ਵਿਚ ਡਰੋਨ ਦੀ ਵਰਤੋਂ ਨੂੰ ਸੀਮਤ ਕੀਤਾ ਗਿਆ ਹੈ। ਓਬਾਮਾ ਨੇ ਨੈਸ਼ਨਲ ਡਿਫੈਂਸ ਯੂਨੀਵਰਸਿਟੀ ਵਿਚ ਅਤਿਵਾਦ ਵਿਰੋਧੀ ਨੀਤੀਆਂ ਖ਼ਿਲਾਫ਼ ਭਾਸ਼ਨ ਵਿਚ ਕਿਹਾ ਕਿ ਉਹ ਡਰੋਨ ਦੀ ਵਰਤੋਂ ਨੂੰ ਘੱਟ ਕਰਨਗੇ, ਗੁਆਟਾਨਾਮੋ ਖਾੜੀ ਸਥਿਤ ਜੇਲ੍ਹ ਬੰਦ ਕਰਨਗੇ ਤੇ ਆਪਣੀ ਹੀ ਜੰਗੀ ਤਾਕਤ ਲਈ ਨਵੀਂ ਹੱਦਬੰਦੀ ਤੈਅ ਕਰਨਗੇ।

ਉਨ੍ਹਾਂ ਪਹਿਲੀ ਵਾਰ ਨਿੱਜੀ ਤੌਰ 'ਤੇ ਇਹ ਗੱਲ ਮੰਨੀ ਕਿ ਡਰੋਨ ਹਮਲਿਆਂ ਵਿਚ ਵਿਦੇਸ਼ ਵਿਚ ਰਹਿ ਰਹੇ ਕਈ ਅਮਰੀਕੀ ਮਾਰੇ ਗਏ ਪਰ ਉਨ੍ਹਾਂ ਡਰੋਨ ਦੀ ਵਰਤੋਂ ਨੂੰ ਅਹਿਮ ਅਤਿਵਾਦੀ



ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਕਾਨੂੰਨੀ ਤੇ ਬੇਹੱਦ ਅਸਰਦਾਰ ਹਥਿਆਰ ਕਰਾਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਸੰਕੇਤ ਦਿੱਤਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਅਤਿਵਾਦ ਖ਼ਿਲਾਫ਼ ਜੰਗਾਂ ਵਿਚ ਡਰੋਨ ਦੀ ਵਰਤੋਂ ਜਾਰੀ ਰੱਖੇਗਾ।

ਰਾਸ਼ਟਰਪਤੀ ਨੇ ਕਿਹਾ ਕਿ ਡਰੋਨ ਹਮਲਿਆਂ ਕਾਰਨ ਆਮ ਲੋਕਾਂ ਦੀਆਂ ਮੌਤਾਂ ਨਾਲ ਉਹ ਬੇਹੱਦ ਦੁਖੀ ਹੁੰਦੇ ਹਨ ਪਰ ਬਹੁਤ ਦੁਨੀਆਂ ਦੀ ਸੁਰੱਖਿਆ ਲਈ ਅਜਿਹੇ ਹਮਲੇ ਜ਼ਰੂਰੀ ਹਨ। ਪਾਕਿਸਤਾਨ ਤੇ ਅਫ਼ਗਾਨਿਸਤਾਨ ਦੀਆਂ ਸਰਕਾਰਾਂ ਦਾਅਵਾ ਕਰਦੀਆਂ ਹਨ ਕਿ ਡਰੋਨ ਹਮਲਿਆਂ ਵਿਚ ਉਸ ਦੇ ਸੈਂਕੜੇ ਆਮ ਸ਼ਹਿਰੀ ਮਾਰੇ ਗਏ ਹਨ। ਇਕੱਲੇ ਪਾਕਿਸਤਾਨ ਵਿਚ ਸਾਲ 2003 ਤੋਂ ਡਰੋਨ ਹਮਲੇ 3,336 ਲੋਕਾਂ ਦੀ ਜਾਨ ਲੈ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਹੋਰ ਮੁਲਕਾਂ ਦੀ ਪ੍ਰਭੂਸੱਤਾ ਦਾ ਆਦਰ ਕਰਦੀ ਹੈ ਪਰ ਜਿੱਥੇ ਮਾਮਲਾ ਕੁੱਲ ਦੁਨੀਆਂ ਦੀ ਸੁਰੱਖਿਆ ਦਾ ਹੈ, ਉੱਥੇ ਕਈ ਵਾਰ ਲੀਕ ਪਾਰ ਵੀ ਕਰਨੀ ਪੈਂਦੀ ਹੈ। ਪਾਕਿਸਤਾਨ ਵਿਚ ਓਸਾਮਾ ਬਿਨ ਲਾਦਿਨ ਨੂੰ ਮਾਰਨ ਦੀ ਕਾਰਵਾਈ ਵੀ ਲੀਕ ਪਾਰ ਕਰਕੇ ਕਰਨੀ ਪਈ।

# 'ਕੋਡ ਪਿੰਕ' ਦੀ ਬੀਬੀ ਨੇ ਓਬਾਮਾ ਨੂੰ ਘੇਰਿਆ

**ਵਾਸ਼ਿੰਗਟਨ:** ਨੈਸ਼ਨਲ ਡਿਫੈਂਸ ਯੂਨੀਵਰਸਿਟੀ ਵਿਚ ਅਤਿਵਾਦ ਵਿਰੋਧੀ ਨੀਤੀਆਂ ਖ਼ਿਲਾਫ਼ ਅਮਰੀਕੀ ਰਾਸ਼ਟਰਪਤੀ ਬਾਰਕ ਓਬਾਮਾ ਦੇ ਭਾਸ਼ਨ ਦੌਰਾਨ 'ਕੋਡ ਪਿੰਕ' ਨਾਮਕ ਸੰਸਥਾ ਦੀ ਮੈਂਬਰ ਨੇ ਉਨ੍ਹਾਂ ਨੂੰ ਕਈ ਵਾਰ ਟੋਕਿਆ ਤੇ ਸੁਰੱਖਿਆ ਦਸਤਿਆਂ ਨੇ ਉਸ ਬੀਬੀ ਨੂੰ ਚੁੱਕ ਕੇ ਬਾਹਰ ਕੱਢ ਦਿੱਤਾ। ਇਹ ਸੰਸਥਾ ਲੰਮੇ ਸਮੇਂ ਤੋਂ ਅਮਰੀਕੀ ਲੜਾਈਆਂ ਤੇ ਅਤਿਵਾਦ ਵਿਰੋਧੀ ਸਰਗਰਮੀਆਂ ਦਾ ਵਿਰੋਧ ਕਰ ਰਹੀ ਹੈ।

ਸੰਸਥਾ ਦੀ ਸਹਿ-ਸੰਸਥਾਪਕ ਮੇਡੀਆ ਬੈਂਜਮਿਨ ਨੇ ਓਬਾਮਾ ਦੇ ਇਕ ਘੰਟੇ ਦੇ ਭਾਸ਼ਨ ਵਿਚ ਕਈ ਵਾਰ ਟੋਕਾ-ਟਾਕੀ ਕੀਤੀ ਤੇ ਸੁਰੱਖਿਆ ਮੁਲਾਜ਼ਮ ਉਨ੍ਹਾਂ ਨੂੰ ਉਥੋਂ ਬਾਹਰ ਲੈ ਗਏ। ਬੈਂਜਮਿਨ ਨੇ ਕਿਹਾ ਕਿ ਬਤੌਰ ਕਮਾਂਡਰ ਇਨ ਚੀਫ਼ ਓਬਾਮਾ ਨੂੰ ਕਿਊਬਾ ਦੇ ਗੁਆਟਾਨਾਮੋ ਖਾੜੀ ਸਥਿਤ ਜੇਲ੍ਹ



ਬੰਦ ਕਰ ਦੇਣੀ ਚਾਹੀਦੀ ਹੈ ਜਿਸ ਵਿਚ ਫਿਲਹਾਲ 166 ਵਿਅਕਤੀ ਬੰਦ ਹਨ ਤੇ ਕਈ ਤਾਂ ਮਹੀਨਿਆਂ ਤੋਂ ਭੁੱਖ ਹੜਤਾਲ 'ਤੇ ਹਨ। ਭਾਸ਼ਨ ਵਿਚ ਬੈਂਜਮਿਨ ਦੀ ਵਾਰ-ਵਾਰ ਟੋਕਾਟਾਕੀ ਤੋਂ ਔਖੇ ਓਬਾਮਾ ਨੇ ਕਿਹਾ ਕਿ ਕ੍ਰਿਪਾ ਕਰਕ ਭਾਸ਼ਨ ਪੂਰਾ ਕਰਨ ਦਿਓ। ਉਨ੍ਹਾਂ ਕਿਹਾ ਕਿ ਉਹ ਆਜ਼ਾਦੀ ਦੀ ਬਦੌਲਤ ਹੀ ਬੋਲ ਰਹੀ ਹੈ।

# ਭਾਰਤ ਦੀ ਅਮਰੀਕਾ ਨਾਲ ਵਧੇਰੇ ਨੇੜਤਾ ਤੋਂ ਰੂਸ ਖ਼ਫ਼ਾ

**ਨਵੀਂ ਦਿੱਲੀ:** ਭਾਰਤ ਦੀ ਅਮਰੀਕਾ ਨਾਲ ਵਧਦੀ ਨੇੜਤਾ ਤੋਂ ਰੂਸ ਕਾਫੀ ਔਖਾ ਹੈ ਤੇ ਉਸ ਨੇ ਇਹ ਗੱਲ ਭਾਵੇਂ ਸਾਫ ਤੌਰ 'ਤੇ ਨਹੀਂ ਕਹੀ ਪਰ ਸੰਕੇਤ ਦਿੱਤੇ ਹਨ ਕਿ ਅੱਜਕੱਲ੍ਹ ਭਾਰਤ ਵੱਲੋਂ ਦੂਜਿਆਂ ਨਾਲ ਨੇੜਤਾ ਬਣਾਉਣ ਕਾਰਨ ਰੂਸ ਸਹਿਜ ਮਹਿਸੂਸ ਨਹੀਂ ਕਰ ਰਿਹਾ। ਰੂਸ ਦੇ ਭਾਰਤ ਵਿਚਲੇ ਰਾਜਦੂਤ ਐਲੇਗਜ਼ੈਂਦਰ ਐਮ. ਕਦਾਕਿਨ ਨੇ ਇਕ ਸਮਾਗਮ ਵਿਚ ਅਮਰੀਕਾ ਦਾ ਨਾਂ ਲਏ ਬਗੈਰ ਕਿਹਾ ਕਿ "ਕਦੇ ਵੇਲਾ ਸੀ ਜਦੋਂ ਉਨ੍ਹਾਂ ਭਾਰਤ ਨੂੰ ਪਰਮਾਣੂ ਸਮੱਗਰੀ ਮੁਹੱਈਆ ਕਰਵਾਈ ਸੀ ਤਾਂ ਉਸ ਉਪਰ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਭਾਰਤ 'ਤੇ ਪਾਬੰਦੀਆਂ ਲਾਉਣ ਵਾਲੇ ਹੁਣ ਉਸ ਨਾਲ ਗਲਵੱਕੜੀ ਪਾ ਕੇ ਤੁਰ ਰਹੇ ਹਨ। ਉਨ੍ਹਾਂ ਕਿਹਾ ਕਿ ਰੂਸ ਹਮੇਸ਼ਾ ਔਖੇ ਤੋਂ ਔਖੇ ਵੇਲੇ ਭਾਰਤ ਨਾਲ ਖੜ੍ਹਿਆ ਰਿਹਾ। ਅੱਜ ਵੀ ਰੂਸ, ਭਾਰਤ ਨੂੰ ਆਪਣਾ ਨੇੜਲਾ ਮੰਨਦਾ ਹੈ। ਹੁਣ ਵੀ ਉਹ ਭਾਰਤ ਨੂੰ ਰੱਖਿਆ ਤੇ ਹੋਰ ਖੇਤਰਾਂ ਵਿਚ ਪੂਰਾ ਸਹਿਯੋਗ ਦੇ ਰਿਹਾ ਹੈ। ਭਾਰਤ ਨੇ ਹੁਣ ਉਨ੍ਹਾਂ ਨਾਲ ਆੜੀ ਪਾ ਲਈ ਹੈ ਜਿਨ੍ਹਾਂ ਨੇ ਉਸ ਦੇ ਨੱਕ ਵਿਚ ਦਮ ਕਰੀ ਰੱਖਿਆ ਸੀ। ਰਾਜਦੂਤ ਨੇ ਭਾਵੇਂ ਅਮਰੀਕਾ ਦਾ ਨਾਂ ਨਹੀਂ ਲਿਆ ਪਰ ਸੰਕੇਤ ਪੂਰਾ ਉਸ ਵੱਲ ਸੀ। ਭਾਰਤ ਵੱਲੋਂ 1974 ਤੇ 1998 ਵਿਚ ਪਰਮਾਣੂ ਬੰਬ ਦੀ ਪਰਖ ਕਰਨ 'ਤੇ ਅਮਰੀਕਾ ਨੇ ਪਾਬੰਦੀਆਂ ਲਾ ਦਿੱਤੀਆਂ ਸਨ। ਭਾਰਤ ਤੇ ਅਮਰੀਕਾ ਵਿਚਾਲੇ ਇਤਿਹਾਸਕ ਗੈਰ-ਫੌਜੀ ਪਰਮਾਣੂ ਸੰਧੀ ਵੀ ਹੋਈ ਹੈ।

# ਹਾਲਾਤ ਨਹੀਂ ਬਦਲ ਸਕੇਗੀ ਪਾਕਿ ਸੱਤਾ ਤਬਦੀਲੀ

**ਨਵੀਂ ਦਿੱਲੀ :** ਭਾਰਤੀ ਸੁਰੱਖਿਆ ਏਜੰਸੀਆਂ ਵੱਲੋਂ ਕੀਤੇ ਗਏ ਮੁੱਲਾਂਕਣ ਤੋਂ ਇਹ ਚਿਤਾਵਨੀ ਮਿਲੀ ਹੈ ਕਿ ਪਾਕਿਸਤਾਨ ਦੇ ਨਵੇਂ ਚੁਣੇ ਗਏ ਆਗੂ ਨਵਾਜ਼ ਸ਼ਰੀਫ ਜਿੰਨਾ ਮਰਜ਼ੀ ਅਮਨ ਦੀਆਂ ਪੇਸ਼ਕਸ਼ਾਂ ਕਰੀ ਜਾਣ, ਕਸ਼ਮੀਰ ਵਿਚ ਅਤਿਵਾਦੀ ਸਰਗਰਮੀਆਂ ਬੇਤਹਾਸ਼ਾ ਵਧਣਗੀਆਂ ਤੇ ਗਰਮੀਆਂ ਦੀ ਰੁੱਤੇ ਸਰਹੱਦ ਪਾਰੋਂ ਅਤਿਵਾਦੀਆਂ ਦੀ ਘੁਸਪੈਠ ਦੇ ਯਤਨ ਵਧਣਗੇ। ਇਸ ਸਾਲ ਮਕਬੂਜ਼ਾ ਕਸ਼ਮੀਰ ਤੋਂ ਅਤਿਵਾਦੀਆਂ ਦੀ ਲਗਾਤਾਰ ਕੋਸ਼ਿਸ਼ ਭਾਰਤੀ ਖੇਤਰ ਵਿਚ ਆ ਵੜਨ ਦੀ ਰਹੀ ਹੈ।

ਲੰਘੇ ਦਿਨ ਪੁਲਵਾਮਾ ਖੇਤਰ ਵਿਚ ਤਿੰਨ ਫੌਜੀ ਜਵਾਨਾਂ ਦੀ ਹੱਤਿਆ ਤੇ ਉਨ੍ਹਾਂ ਤੋਂ ਮਿਲੇ ਚੀਨ ਦੇ ਬਣੇ ਪਿਸਤੌਲ ਵਾਕੀ-ਟਾਕੀ ਸੈੱਟ ਇਹ ਸੰਕੇਤ ਕਰਦੇ ਹਨ ਕਿ ਇਹ ਪਾਕਿਸਤਾਨ ਫੌਜ ਦੇ ਸਟੋਰਾਂ ਤੋਂ ਲੁੱਟੇ ਹੋਏ ਜਾਂ ਲਏ ਗਏ ਹਨ। ਏਜੰਸੀਆਂ ਵੱਲੋਂ ਲਏ ਗਏ ਜਾਇਜ਼ੇ ਅਨੁਸਾਰ ਮਕਬੂਜ਼ਾ ਕਸ਼ਮੀਰ ਵਿਚ ਅਤਿਵਾਦੀਆਂ ਦੇ ਟਿਕਾਣਿਆਂ 'ਤੇ ਸਰਗਰਮੀ ਤੇਜ਼ ਹੋਈ ਹੈ। ਅਤਿਵਾਦੀਆਂ ਦੇ ਆਗੂ ਮਕਬੂਜ਼ਾ ਕਸ਼ਮੀਰ ਤੇ ਕੰਟਰੋਲ ਰੇਖਾ ਨੇੜੇ ਦੇ ਖੇਤਰਾਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ ਤਾਂ ਕਿ ਭਾਰਤ ਵਿਚ ਦਾਖਲ ਹੋਣ ਦੇ ਸਭ ਟਿਕਾਣੇ ਤਲਾਸ਼ ਸਕਣ।

ਗਰਮੀ ਵਧਣ ਦੇ ਨਾਲ-ਨਾਲ ਗੁਰੇਜ਼, ਕੇਰਾਨ, ਮਛਾਲ, ਤੰਗਧਾਰ, ਰਾਮਪੁਰ ਤੇ ਉੜੀ ਧੇਤਰ ਵਿਚ ਘੁਸਪੈਠ ਵਧ ਜਾਂਦੀ ਹੈ। ਇਕ ਅਧਿਕਾਰੀ ਅਨੁਸਾਰ ਅਤਿਵਾਦੀ ਸੰਭਾਵੀ ਤੌਰ 'ਤੇ ਸਨਾਈਪਰ ਰਾਈਫਲਾਂ ਵਰਤ ਸਕਦੇ ਹਨ ਕਿਉਂਕਿ ਇਹ ਇਕ ਕਿਲੋਮੀਟਰ ਦੂਰੋਂ ਵੀ ਸਹੀ ਨਿਸ਼ਾਨਾ ਲਾਉਣ ਵਿਚ ਮਦਦਗਾਰ ਹੁੰਦੀਆਂ ਹਨ ਤੇ ਜਵਾਬੀ ਕਾਰਵਾਈ ਦੀ ਵੀ ਸੰਭਾਵਨਾ ਨਹੀਂ ਰਹਿੰਦੀ। ਸੁਰੱਖਿਆ ਬਲਾਂ ਨੂੰ ਰੋਕਣ ਲਈ ਉਹ ਬਾਰੂਦੀ ਸੁਰੰਗਾਂ ਤੇ ਬੰਬ ਵਰਤ ਸਕਦੇ ਹਨ।

ਏਜੰਸੀਆਂ ਅਨੁਸਾਰ ਹੁਣ ਅਤਿਵਾਦੀ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਹੋਣਗੇ ਤੇ ਲੜਾਈ ਲੰਮੀ ਚੱਲ ਸਕਦੀ ਹੈ। ਸੁਰੱਖਿਆ ਏਜੰਸੀਆਂ ਮੁਤਾਬਕ ਪਾਕਿਸਤਾਨੀ ਫੌਜ ਕਸ਼ਮੀਰ ਮੁੱਦੇ 'ਤੇ ਸਿਆਸੀ ਆਧਾਰ 'ਤੇ ਕੰਮ ਕਰਨ ਦੀ ਗੁੰਜਾਇਸ਼ ਹੀ ਨਹੀਂ ਛੱਡੇਗੀ। ਸਰਕਾਰ ਨੂੰ ਆਮ ਮੁਆਫੀ ਤਹਿਤ ਨੇਪਾਲ ਰਾਹੀਂ ਦੇਸ਼ ਪਰਤ ਰਹੇ ਸਾਬਕਾ ਅਤਿਵਾਦੀਆਂ ਬਾਰੇ ਵੀ ਉਚਿਤ ਛਾਣਬੀਣ ਕਰਨ ਦੀ ਸਲਾਹ ਦਿੱਤੀ ਗਈ ਹੈ। ਯਾਦ ਰਹੇ ਕਿ ਚੋਣਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੂੰ ਬਹੁਮਤ ਮਿਲੀ ਹੈ।


**Liquor Store For Sale**

with property in Houghton lake Michigan.
Gross 900,000 Asking price 490,000
Owner financing available with 25% down.
For more infomation Please call
**Ph: 847-858-5683**

**ਲਿੱਕਰ ਸਟੋਰ ਵਿਕਾਊ ਹੈ**

ਹਾਫਟਨ ਲੇਕ ਮਿਸ਼ੀਗਨ ਵਿਚ ਲਿੱਕਰ ਸਟੋਰ ਪ੍ਰਾਪਰਟੀ ਸਮੇਤ ਵਿਕਾਊ ਹੈ। ਸਾਲਾਨਾ ਆਮਦਨ 900,000 ਡਾਲਰ, ਕੀਮਤ 490,000 ਡਾਲਰ, 25% ਡਾਊਨ 'ਤੇ ਮਾਲਕ ਫਾਇਨਾਂਸਿੰਗ ਕਰ ਸਕਦਾ ਹੈ
ਸੰਪਰਕ ਕਰੋ: 847-858-5683

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

ਇੰਡੀਅਨਐਪਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਕੁਲਵਿੰਦਰ ਸਿੰਘ
ਫੋਨ: 317-437-0367

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਕਰਮਾ ਨੇ ਸਲਵਾ ਜੂਡਮ ਰਾਹੀਂ ਵਰਤਾਇਆ ਸੀ ਕਹਿਰ

***ਛਤੀਸਗੜ੍ਹ ਅਤੇ ਲਾਗਲੇ ਖਿੱਤੇ ਵਿਚ ਤੇਜ਼ੀ ਨਾਲ ਵਧ ਰਹੀ ਮਾਓਵਾਦੀਆਂ ਦੀ ਤਾਕਤ ਨੂੰ ਡੱਕਣ ਲਈ ਕਾਂਗਰਸੀ ਆਗੂ ਮਹੇਂਦਰ ਕਰਮਾ ਨੇ ਮਈ 2005 ਵਿਚ ਸਲਵਾ ਜੂਡਮ ਦੇ ਨਾਂ ਹੇਠ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ। ਉਥੋਂ ਦੀ ਸਥਾਨਕ ਗੌਂਡ ਭਾਸ਼ਾ ਵਿਚ ਇਨ੍ਹਾਂ ਦੋ ਸ਼ਬਦਾਂ ਦਾ ਅਰਥ 'ਅਮਨ ਮਾਰਚ' ਬਣਦਾ ਹੈ, ਪਰ ਸਲਵਾ ਜੂਡਮ ਦੇ ਕਾਰਕੁਨਾਂ ਨੇ ਜਿਸ ਢੰਗ ਨਾਲ ਹਿੰਸਕ ਕਾਰਵਾਈਆਂ ਦੀ ਸ਼ੁਰੂਆਤ ਕੀਤੀ, ਉਸ ਨਾਲ ਸਰਕਾਰ ਅਤੇ ਮਾਓਵਾਦੀਆਂ ਵਿਚਕਾਰ ਇਕ ਤਰ੍ਹਾਂ ਨਾਲ ਸਿੱਧੀ ਲੜਾਈ ਚੱਲ ਪਈ। ਉਸ ਵੇਲੇ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਅਤੇ ਮੁੱਖ ਮੰਤਰੀ ਰਮਨ ਸਿੰਘ ਹੀ ਸਨ। ਸੂਬਾ ਸਰਕਾਰ ਨੇ ਸਲਵਾ ਜੂਡਮ ਆਗੂ ਮਹੇਂਦਰ ਕਰਮਾ ਨੂੰ ਹਰ ਤਰ੍ਹਾਂ ਦੀ ਮੱਦਦ ਮੁਹੱਈਆ ਕਰਵਾਈ ਅਤੇ ਦੇਖਦਿਆਂ ਦੇਖਦਿਆਂ ਕਰਮਾ ਕਿਤੇ ਦਾ ਕਿਤੇ ਜਾ ਪੁੱਜਾ।***

ਛਤੀਸਗੜ੍ਹ ਦੇ ਬਸਤਰ ਅਤੇ ਦਾਂਤੇਵਾੜਾ ਜ਼ਿਲ੍ਹੇ ਕੁਦਰਤੀ ਸਾਧਨਾਂ ਦੀ ਬਹੁਤਾਤ ਵਾਲੇ ਜ਼ਿਲ੍ਹੇ ਹਨ, ਪਰ ਇਸ ਖਿੱਤੇ ਦੇ ਲੋਕ ਸ਼ਾਇਦ ਦੇਸ਼ ਦੇ ਸਭ ਤੋਂ ਗਰੀਬ ਲੋਕ ਹਨ। ਢਾਈ-ਤਿੰਨ ਦਹਾਕੇ ਪਹਿਲਾਂ ਮਾਓਵਾਦੀਆਂ ਨੇ ਇਸ ਇਲਾਕੇ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ। ਉਨ੍ਹਾਂ ਨੇ ਆਦਿਵਾਸੀਆਂ ਦੇ ਸਭਿਆਚਾਰ ਨੂੰ ਸਹੀ ਤਰੀਕੇ ਨਾਲ ਸਮਝਦਿਆਂ ਰੋਜ਼ਮੱਰ੍ਹਾ ਦੀਜ਼ਿੰਦਗੀ ਵਿਚ ਉਨ੍ਹਾਂ ਦੀ ਮੱਦਦ ਵੀ ਆਰੰਭ ਕਰ ਦਿੱਤੀ। ਸਮੁੱਚੇ ਖਿੱਤੇ ਵਿਚ ਸਰਕਾਰ ਦੀ ਤਕਰੀਬਨ ਅਣਹੋਂਦ ਹੀ ਸੀ ਅਤੇ ਮਾਓਵਾਦੀਆਂ ਨੇ ਇਸ ਦਾ ਲਾਹਾ ਲੈ ਕੇ ਆਦਿਵਾਸੀਆਂ ਨੂੰ ਚੇਤੰਨ ਕਰਨਾ ਸ਼ੁਰੂ ਕੀਤਾ। ਉਹ ਆਪ ਇਨ੍ਹਾਂ ਆਦਿਵਾਸੀਆਂ ਨੂੰ ਪੜ੍ਹਾਉਂਦੇ ਅਤੇ ਉਜਰਤਾਂ ਬਾਰੇ ਦੱਸਦੇ। ਛੇਤੀ ਹੀ ਮਾਓਵਾਦੀ ਖਿੱਤੇ ਦੇ ਲੋਕਾਂ ਨਾਲ ਘੁਲ-ਮਿਲ ਗਏ।

21ਵੀ ਸਦੀ ਦੀ ਸ਼ੁਰੂਆਤ ਵੇਲੇ ਸੰਸਾਰ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਜਿਹੜੀਆਂ ਕੁਦਰਤੀ ਸਾਧਨਾਂ ਨਾਲ ਸਬੰਧਤ ਕਾਰੋਬਾਰ ਕਰਦੀਆਂ ਸਨ, ਨੇ ਕੇਂਦਰ ਅਤੇ ਸੂਬਾ ਸਰਕਾਰ ਨਾਲ ਸਮਝੌਤੇ ਕਰਨੇ ਆਰੰਭ ਕਰ ਦਿੱਤੇ। ਇਹ ਸਮਝੌਤੇ ਕੁਦਰਤੀ ਸਾਧਨਾਂ ਦੀ ਵੇਚ-ਵੱਟ ਬਾਰੇ ਸਨ। ਅਰਬਾਂ ਡਾਲਰਾਂ ਦੇ ਇਨ੍ਹਾਂ ਸੌਦਿਆਂ ਵਿਚ ਆਦਿਵਾਸੀਆਂ ਲਈ ਕੁਝ ਵੀ ਨਹੀਂ ਸੀ। ਮਾਓਵਾਦੀਆਂ ਨੇ ਭਾਰਤ ਸਰਕਾਰ ਦੇ ਇਸ ਵਿਕਾਸ ਮਾਡਲ ਦੀ ਪੂਰੀ ਪੁਣ-ਛਾਣ ਕਰ ਕੇ ਆਦਿਵਾਸੀਆਂ ਵਿਚਕਾਰ ਲਾਮਬੰਦੀ ਸ਼ੁਰੂ ਕਰ ਦਿੱਤੀ। ਹੌਲੀ ਹੌਲੀ ਲੋਕ ਉਨ੍ਹਾਂ ਨਾਲ ਜੁੜਨ ਲੱਗ ਪਏ। ਫਿਰ ਹੌਲੀ ਹੌਲੀ ਸਰਕਾਰੀ ਸੌਦਿਆਂ ਵਿਰੁੱਧ ਆਵਾਜ਼ ਬੁਲੰਦ ਹੋਣ ਲੱਗੀ। ਇਹ ਆਵਾਜ਼ ਬੁਲੰਦ ਹੋਣ ਨਾਲ ਸੌਦੇ ਨੇਪਰੇ ਚੜ੍ਹਨ ਵਿਚ ਅੜਿੱਕੇ ਬਣਨ ਲੱਗ ਪਏ। ਇਹੀ ਉਹ ਸਮਾਂ ਸੀ ਜਦੋਂ ਮਹੇਂਦਰ ਕਰਮਾ ਨਿੱਤਰ ਕੇ ਸੀਨ ਉਤੇ ਆਏ।



***ਉਹ ਥਾਂ ਜਿੱਥੇ ਮਾਓਵਾਦੀ ਨੇ ਕਾਂਗਰਸ ਦੇ ਕਾਫਲੇ ਉਤੇ ਹਮਲਾ ਕੀਤਾ ਅਤੇ (ਇਨਸੈੱਟ) ਕਾਂਗਰਸੀ ਆਗੂ ਮਹੇਂਦਰ ਕਰਮਾ***

ਮਹੇਂਦਰ ਕਰਮਾ ਨੇ ਆਪਣਾ ਸਿਆਸੀ ਕਰੀਅਰ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਲੀਡਰ ਵਜੋਂ ਸ਼ੁਰੂ ਕੀਤਾ ਸੀ। ਇਲਾਕੇ ਵਿਚ ਧਨਾਢਾਂ ਵੱਲੋਂ ਆਦਿਵਾਸੀਆਂ ਦਾ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਸੀ। ਸੋ ਛੇਤੀ ਹੀ ਉਹ ਲੋਕਾਂ ਦੇ ਲੀਡਰ ਵਜੋਂ ਉਭਰ ਆਇਆ। ਉਸ ਵੇਲੇ ਛਤੀਸਗੜ੍ਹ ਮੱਧ ਪ੍ਰਦੇਸ਼ ਦਾ ਹਿੱਸਾ ਸੀ ਅਤੇ ਉਥੇ ਕਾਂਗਰਸ ਦੀ ਹੀ ਚੜ੍ਹਾਈ ਸੀ। 1980 ਵਾਲੀ ਚੋਣ ਕਰਮਾ ਨੇ ਸੀ.ਪੀ.ਆਈ. ਦੀ ਟਿਕਟ ਉਤੇ ਹੀ ਲੜੀ ਸੀ। ਆਪਣੇ ਇਲਾਕੇ ਵਿਚ ਉਹ ਬੇਹੱਦ ਸਰਗਰਮ ਸੀ। ਬਾਅਦ ਵਿਚ ਤੇਲ ਦੀ ਧਾਰ ਦੇਖਦਿਆਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਿਆ ਅਤੇ ਦਾਂਤੇਵਾੜਾ ਤੋਂ ਵਿਧਾਇਕ ਚੁਣਿਆ ਗਿਆ ਜੋ ਹੁਣ ਮਾਓਵਾਦੀਆਂ ਦਾ ਗੜ੍ਹ ਹੈ। 1996 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੇ ਉਸ ਨੂੰ ਟਿਕਟ ਨਾ ਦਿੱਤੀ ਤਾਂ ਉਸ ਨੇ ਪਾਰਟੀ ਨੂੰ ਅਲਵਿਦਾ ਆਖਦਿਆਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਅਤੇ ਜਿੱਤ ਵੀ ਲਈ। ਬਾਅਦ ਵਿਚ ਉਹ ਫਿਰ ਕਾਂਗਰਸ ਵਿਚ ਸ਼ਾਮਲ ਹੋ ਗਿਆ। ਪਿੱਛੋਂ ਦਿਗਵਿਜੈ ਸਿੰਘ ਦੀ ਸਰਕਾਰ ਵਿਚ ਉਹ ਜੇਲ੍ਹ ਮੰਤਰ ਬਣੇ। ਪਹਿਲੀ ਨਵੰਬਰ 2000 ਨੂੰ ਛਤੀਸਗੜ੍ਹ ਸੂਬਾ ਹੋਂਦ ਵਿਚ ਆਇਆ। ਜਦੋਂ ਛਤੀਸਗੜ੍ਹ ਸੂਬਾ ਬਣਿਆ ਤਾਂ ਉਸ ਦਾ ਹਲਕਾ ਦਾਂਤੇਵਾੜਾ ਨਵੇਂ ਸੂਬੇ ਵਿਚ ਆ ਗਿਆ। 2003 ਵਿਚ ਜਦੋਂ ਕਾਂਗਰਸ ਸੂਬੇ ਵਿਚ ਹਾਰ ਗਈ ਤਾਂ ਉਹ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ। ਛੇਤੀ ਹੀ ਉਹ ਬਸਤਰ ਟਾਈਗਰ ਵਜੋਂ ਮਸ਼ਹੂਰ ਹੋ ਗਏ। 2008 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਕਾਂਗਰਸ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ ਅਤੇ ਬਸਤਰ ਇਲਾਕੇ ਦੀਆਂ ਕੁੱਲ 11 ਵਿਚੋਂ 10 ਸੀਟਾਂ ਉਤੇ ਕਬਜ਼ਾ ਕਰ ਲਿਆ। ਕਰਮਾ ਵੀ ਚੋਣ ਹਾਰ ਗਿਆ। ਫਿਰ ਵੀ ਉਸ ਨੂੰ 35.19 ਫੀਸਦੀ ਵੋਟਾਂ ਪਈਆਂ।

ਸਲਵਾ ਜੂਡਮ ਇਕ ਤਰ੍ਹਾਂ ਨਾਲ ਮਹੇਂਦਰ ਕਰਮਾ ਦਾ ਉਚੇਚਾ ਸਿਆਸੀ ਏਜੰਡਾ ਬਣ ਗਿਆ। ਸੂਬਾ ਅਤੇ ਕੇਂਦਰ ਸਰਕਾਰ ਵੱਲੋਂ ਵੀ ਇਸ ਮੁਹਿੰਮ ਨੂੰ ਪੂਰੀ ਹਮਾਇਤ ਸੀ। ਫੰਡਾਂ ਦੀ ਕੋਈ ਕਮੀ ਨਹੀਂ ਸੀ ਅਤੇ ਉਸ ਨੇ ਪਿੰਡ ਪਿੰਡ ਜਾ ਕੇ ਭਰਤੀ ਸ਼ੁਰੂ ਕਰ ਦਿੱਤੀ। ਪਿੰਡਾਂ ਦੇ ਬੇਰੁਜ਼ਗਾਰ ਮੁੰਡੇ ਧੜਾ-ਧੜ ਸਲਵਾ ਜੂਡਮ ਦੇ ਮੈਂਬਰ ਬਣ ਗਏ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਤਾਂ ਆਪਣੇ ਹੀ ਲੋਕਾਂ ਦੇ ਘਾਣ ਲਈ ਤਿਆਰ ਕੀਤਾ ਜਾ ਰਿਹਾ ਹੈ। ਬਹੁਤ ਜਲਦੀ ਹੀ ਸਲਵਾ ਜੂਡਮ ਨੇ ਅਜਿਹੇ ਹੱਲੇ ਬੋਲੇ ਕਿ ਲੋਕਾਂ ਵਿਚ ਦਹਿਸ਼ਤ ਬੈਠ ਗਈ। ਸਲਵਾ ਜੂਡਮ ਵਾਲੇ ਪੂਰੇ ਪਿੰਡ ਨੂੰ ਹੀ ਅੱਗ ਲਾ ਦਿੰਦੇ ਸਨ, ਔਰਤਾਂ ਨਾਲ ਜਬਰ ਜਨਾਹ ਕਰਦੇ। ਉਂਜ ਮਾਓਵਾਦੀਆਂ ਨੇ ਇਸ ਹਿੰਸਕ ਮੁਹਿੰਮ ਦਾ ਡਟ ਕੇ ਜਵਾਬ ਦਿੱਤਾ। ਬੱਸ, ਇਸ ਤੋਂ ਬਾਅਦ ਆਦਿਵਾਸੀਆਂ ਵਿਚਕਾਰ ਖਾਨਾਜੰਗੀ ਸ਼ੁਰੂ ਹੋ ਗਈ। ਇਕ ਪਾਸੇ ਮਾਓਵਾਦੀਆਂ ਦੀ ਅਗਵਾਈ ਵਾਲੇ ਆਦਿਵਾਸੀ ਅਤੇ ਦੂਜੇ ਪਾਸੇ ਮਹੇਂਦਰ ਕਰਮਾ ਦੀ ਅਗਵਾਈ ਵਿਚ ਪੂਰਾ ਸਰਕਾਰੀ ਲਾਮ-ਲਸ਼ਕਰ। ਮਾਓਵਾਦੀਆਂ ਨੇ ਇਸ ਭਿਅੰਕਰ ਲੜਾਈ ਵਿਚ ਇਕ ਵਾਰ ਤਾਂ ਸਲਵਾ ਜੂਡਮ ਵਾਲਿਆਂ ਦੀ ਬੱਸ ਕਰਵਾ ਦਿੱਤੀ, ਪਰ ਹਰ ਤਰ੍ਹਾਂ ਦੀ ਸਰਕਾਰੀ ਮੱਦਦ ਮਿਲਣ ਕਾਰਨ ਮਾਓਵਾਦੀਆਂ ਦਾ ਨੁਕਸਾਨ ਵਧੇਰੇ ਹੋਇਆ। ਉਨ੍ਹਾਂ ਨੇ ਜੰਗਲ ਅਤੇ ਅਦਾਲਤਾਂ ਵਿਚ, ਦੋਵੇਂ ਥਾਈਂ ਮੋਰਚਾ ਮੱਲੀ ਰੱਖਿਆ। ਇਨ੍ਹਾਂ ਦੀ ਲੰਮੀ ਪੈਰਵੀ ਕਾਰਨ ਹੀ ਸੁਪਰੀਮ ਕੋਰਟ ਨੇ ਸਲਵਾ ਜੂਡਮ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ, ਪਰ ਇਸ ਤੋਂ ਬਾਅਦ ਵੀ ਮਹੇਂਦਰ ਕਰਮਾ ਨੇ ਆਪਣੀ ਮੁਹਿੰ ਜਾਰੀ ਰੱਖੀ। ਉਸ ਨੇ ਸਲਵਾ ਜੂਡਮ ਦੀ ਥਾਂ ਐਸ.ਪੀ.ਓ. ਦੇ ਢਾਂਚੇ ਤਹਿਤ ਕਾਰਵਾਈਆਂ ਜਾਰੀ ਕਰ ਦਿੱਤੀਆਂ। ਇਉਂ ਉਹ ਮਾਓਵਾਦੀਆਂ ਦੀ ਹਿੱਟ ਲਿਸਟ ਉਤੇ ਸੀ। ਪਿਛਲੇ ਸਾਲ 8 ਨਵੰਬਰ ਨੂੰ ਵੀ ਉਸ ਉਤੇ ਹਮਲਾ ਹੋਇਆ ਸੀ। ਆਖਰਕਾਰ 25 ਮਈ 2013 ਨੂੰ ਮਾਓਵਾਦੀਆਂ ਦੇ ਵੱਡੇ ਹਮਲੇ ਵਿਚ ਉਹ ਮਾਰਿਆ ਗਿਆ।

# ਮਾਓਵਾਦੀਆਂ ਨੇ ਸੱਤਾਧਾਰੀਆਂ ਦਾ ਤਖਤ ਹਿਲਾਇਆ

ਐਂਟਨੀ ਨੇ ਮਾਓਵਾਦੀ ਵਿਰੋਧੀ ਅਪਰੇਸ਼ਨ ਵਿਚ ਫੌਜ ਤਾਇਨਾਤ ਕਰਨ ਦੀ ਸੰਭਾਵਨਾ ਰੱਦ ਕਰ ਦਿੱਤੀ ਹੈ ਅਤੇ ਕਿਹਾ ਕਿ ਫੌਜ ਦੀ ਛੱਤੀਸਗੜ੍ਹ ਵਿਚ ਤਾਇਨਾਤੀ ਲਈ ਇਹ ਸਮਾਂ ਢੁੱਕਵਾਂ ਨਹੀਂ ਹੈ। ਫੌਜ ਦੀ ਸਿੱਧੀ ਸ਼ਮੂਲੀਅਤ ਦੀ ਥਾਂ ਸੁਰੱਖਿਆ ਬਲਾਂ ਨੂੰ ਹਮਾਇਤ ਵਧਾਈ ਜਾਵੇਗੀ। ਕੇਂਦਰੀ ਗ੍ਰਹਿ ਸਕੱਤਰ ਆਰ.ਕੇ. ਸਿੰਘ ਨੇ ਕਿਹਾ ਕਿ ਮਾਓਵਾਦ ਵਿਰੋਧੀ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ ਅਤੇ ਇਸ ਮੰਤਵ ਲਈ ਪ੍ਰਭਾਵਤ ਖਿੱਤਿਆਂ ਵਿਚ ਹੋਰ ਸੁਰੱਖਿਆ ਦਸਤੇ ਤੇ ਆਧੁਨਿਕ ਹਥਿਆਰ ਮੁਹੱਈਆ ਕਰਵਾਏ ਜਾਣਗੇ। ਫਿਲਹਾਲ ਇਸ ਹਮਲੇ ਦੀ ਜਾਂਚ 'ਕੌਮੀ ਜਾਂਚ ਏਜੰਸੀ' (ਐਨ. ਆਈ. ਏ.) ਨੂੰ ਸੌਂਪੀ ਗਈ ਹੈ। ਜਾਂਚ ਏਜੰਸੀ, ਕੇਂਦਰੀ ਬਲਾਂ ਜਾਂ ਰਾਜ ਸਰਕਾਰ ਦੀ ਤਰਫੋਂ ਰਹਿ ਗਈਆਂ ਸੰਭਾਵੀ ਨਾਕਾਮੀਆਂ ਦਾ ਪਤਾ ਲਾਵੇਗੀ।

ਉਧਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਦੇਸ਼ ਮਾਓਵਾਦ ਅੱਗੇ ਗੋਡੇ ਨਹੀਂ ਟੇਕੇਗਾ। ਉਨ੍ਹਾਂ ਹਰ ਮ੍ਰਿਤਕ ਦੇ ਪਰਿਵਾਰ ਨੂੰ ਪੰਜ-ਪੰਜ ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦਿੱਤੇ ਜਾਣ ਦਾ ਐਲਾਨ ਵੀ ਕੀਤਾ। ਉਹ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨਾਲ ਹਸਪਤਾਲ 'ਚ ਜ਼ਖਮੀਆਂ ਦਾ ਹਾਲ-ਚਾਲ ਪੁੱਛਣ ਵੀ ਗਏ। ਸੋਨੀਆ ਗਾਂਧੀ ਨੇ ਇਸ ਹਮਲੇ ਨੂੰ ਜਮਹੂਰੀ ਕਦਰਾਂ-ਕੀਮਤਾਂ 'ਤੇ ਹਮਲਾ ਕਰਾਰ ਦਿੱਤਾ।

ਉਧਰ ਸੀ.ਪੀ.ਆਈ. (ਮਾਓਵਾਦੀ) ਨੇ ਕਾਂਗਰਸੀ ਆਗੂਆਂ ਦੇ ਕਤਲੇਆਮ ਦੀ ਜ਼ਿੰਮੇਵਾਰੀ ਲੈ ਲਈ ਹੈ। ਨਾਲ ਹੀ ਇਹ ਮੰਗ ਕੀਤੀ ਕਿ ਮਾਓਵਾਦੀਆਂ ਖਿਲਾਫ਼ ਦੇਸ਼ ਵਿਚ ਚਲਾਏ ਜਾ ਰਹੇ ਸਾਰੇ ਸਰਕਾਰੀ ਅਪਰੇਸ਼ਨ ਤੁਰੰਤ ਬੰਦ ਕੀਤੇ ਜਾਣ। ਮਾਓਵਾਦੀਆਂ ਦੀ 'ਦੰਡਕਰਨੀਆ ਸਪੈਸ਼ਲ ਜ਼ੋਨਲ ਕਮੇਟੀ' ਦੇ ਬੁਲਾਰੇ ਗੁੜਸਾ ਉਸੈਂਡੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ, "ਇਸ ਹਮਲੇ ਦਾ ਮੁੱਖ ਮੰਤਵ ਮਹੇਂਦਰ ਕਰਮਾ ਤੇ ਹੋਰ ਕਾਂਗਰਸੀ ਆਗੂਆਂ ਨੂੰ ਮਾਰਨਾ ਸੀ। ਮਾਓਵਾਦੀ ਕਮਾਂਡਰਾਂ ਤੇ ਸੁਰੱਖਿਆ ਦਸਤਿਆਂ ਦਰਮਿਆਨ ਕਰੀਬ ਦੋ ਘੰਟੇ ਹੋਈ ਗੋਲੀਬਾਰੀ ਵਿਚ ਕੁਝ ਨਿਰਦੋਸ਼ ਲੋਕ ਅਤੇ ਕਾਂਗਰਸ ਦੇ ਹੇਠਲੇ ਪੱਧਰ ਦੇ ਵਰਕਰ ਵੀ ਮਾਰੇ ਗਏ। ਉਹ ਸਾਡੇ ਦੁਸ਼ਮਣ ਨਹੀਂ ਸਨ, ਪਰ ਉਨ੍ਹਾਂ ਨੂੰ ਆਪਣੀ ਜਾਨ ਗੁਆਉਣੀ ਪਈ। ਸਾਨੂੰ ਉਨ੍ਹਾਂ ਦੀ ਮੌਤ 'ਤੇ ਅਫਸੋਸ ਹੈ ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਹੈ।"

# ਮਿਆਂਮਾਰ ਵਿਚ ਸਿਰਫ ਦੋ ਬੱਚੇ ਪੈਦਾ ਕਰ ਸਕਣਗੇ ਮੁਸਲਮਾਨ

**ਰੰਗੂਨ:** ਮਿਆਂਮਾਰ ਦੀ ਸਰਕਾਰ ਨੇ ਤਣਾਅ ਵਾਲੇ ਰਾਖਿਨੇ ਸੂਬੇ ਵਿਚ ਬੋਧੀਆਂ ਤੇ ਘੱਟ-ਗਿਣਤੀ ਰੋਹਿੰਗਿਆ ਮੁਸਲਮਾਨਾਂ ਵਿਚਾਲੇ ਸ਼ੁਰੂ ਹੋਈ ਫ਼ਿਰਕੂ ਹਿੰਸਾ ਨਾਲ ਨਜਿੱਠਣ ਲਈ ਇਕ ਅਜੀਬ ਰਾਹ ਅਪਣਾਇਆ ਹੈ। ਮਿਆਂਮਾਰ ਸਰਕਾਰ ਨੇ ਰੋਹਿੰਗਿਆ ਮੁਸਲਮਾਨਾਂ 'ਤੇ ਦੋ ਤੋਂ ਵੱਧ ਬੱਚਿਆਂ ਨੂੰ ਜਨਮ ਦੇਣ 'ਤੇ ਪਾਬੰਦੀ ਲਾ ਦਿੱਤੀ ਹੈ। ਹਾਲਾਂਕਿ ਸਰਕਾਰ ਨੂੰ ਆਪਣੇ ਇਸ ਫ਼ੈਸਲੇ 'ਤੇ ਕਈ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਵਿਰੋਧੀ ਧਿਰ ਦੀ ਨੇਤਾ ਆਂਗ ਸਾਨ ਸੂ ਕੀ ਤੇ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਨੇ ਸਰਕਾਰ ਦੇ ਇਸ ਫ਼ੈਸਲੇ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਬੋਧੀਆਂ ਤੇ ਰੋਹਿੰਗਿਆ ਮੁਸਲਮਾਨਾਂ ਵਿਚਾਲੇ ਹਿੰਸਾ ਦੀਆਂ ਘਟਨਾਵਾਂ ਹੋਈਆਂ ਸਨ ਜਿਸ ਵਿਚ ਕਈ ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ ਕਈ ਗੰਭੀਰ ਜ਼ਖ਼ਮੀ ਹੋਏ ਸਨ। ਸਰਕਾਰ ਨੇ ਰੋਹਿੰਗਿਆ ਮੁਸਲਮਾਨਾਂ ਦੀ ਵਧ ਰਹੀ ਆਬਾਦੀ ਨੂੰ ਰੋਕਣ ਲਈ ਇਨ੍ਹਾਂ 'ਤੇ ਦੋ ਤੋਂ ਵੱਧ ਬੱਚਿਆਂ ਨੂੰ ਜਨਮ ਦੇਣ 'ਤੇ ਪਾਬੰਦੀ ਲਗਾਈ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonials

**ਕੰਨਿਆ ਦੀ ਲੋੜ ਹੈ**

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸਟੱਡੀ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 209-675-5441

(22-4)

ਜੱਟ ਸਿੱਖ ਅਮਰੀਕਾ ਵਿਚ ਜੰਮੇ-ਪਲੇ ਸੁਹਣੇ-ਸੁਣੱਖੇ ਉਮਰ 30 ਸਾਲ ਕੱਦ 6 ਫੁਟ, ਖੱਬੀ ਲੱਤ ਵਿਚ ਥੋੜੇ ਨੁਕਸ ਵਾਲੇ ਲੜਕੇ ਲਈ ਅਮਰੀਕਾ/ਕੈਨੇਡਾ ਜੰਮੀ/ਪਲੀ ਲੜਕੀ ਚਾਹੀਦੀ ਹੈ। ਸੰਪਰਕ ਕਰੋ: ਫੋਨ 925-778-0353

(21-1)

ਜੱਟ ਸਿੱਖ ਚੀਮਾ, ਅਮਰੀਕੀ ਗਰੀਨ ਕਾਰਡ ਹੋਲਡਰ, ਨਾਨ ਡਰਿੰਕਰ, 29 ਸਾਲ, ਕੱਦ 5'-10", ਡਿਪਲੋਮਾ ਇਲੈਕਟ੍ਰਿਕਲ ਇੰਜੀਨੀਅਰਿੰਗ ਲੜਕੇ ਲਈ ਲੜਕੀ ਦੀ ਲੋੜ ਹੈ। ਐਲ ਵੀ ਐਨ ਜਾਂ ਆਰ ਐਨ ਨੂੰ ਤਰਜ਼ੀਹ। ਸੰਪਰਕ ਕਰੋ: 559-719-8489

(21-4)

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਅਮਰੀਕਾ ਰਹਿੰਦੇ ਪਲੱਸ-2 ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

(20-4)

Suitable US/Canadian citizen or green card holder girls sought for 2 Sikh Tonk Kashtria brothers, elder 27, 5'6" B Sc computer app. working in Govt. job. The younger 26, 5'-8", degree in Automobile Engg. working as Senior service advisor with Hyundai India. Parents are well settled in Ludhiana and retired. Most of the relatives well settled in US, Canada & Australia. Contact: ijmukker@yahoo.com

(21-4)


## ਫਰਾਂਸ ਵਿਚ ਉੱਠੀ ਸਮਲਿੰਗੀ ਵਿਆਹ ਕਾਨੂੰਨ ਖ਼ਿਲਾਫ਼ ਆਵਾਜ਼

**ਪੈਰਿਸ:** ਫਰਾਸ ਵਿਚ ਸਮਲਿੰਗੀ ਵਿਆਹਾਂ ਨੂੰ ਯੋਗ ਠਹਿਰਾਉਣ ਵਾਲੇ ਨਵੇਂ ਬਣੇ ਕਾਨੂੰਨ ਦੇ ਖਿਲਾਫ ਪੈਰਿਸ ਵਿਚ ਲੱਖਾਂ ਲੋਕਾਂ ਨੇ ਭਾਰੀ ਮੁਜ਼ਾਹਰਾ ਕਰਦਿਆਂ ਇਸ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ। ਪੁਲਿਸ ਅਨੁਸਾਰ ਮੁਜ਼ਾਹਰੇ ਵਿਚ ਡੇਢ ਲੱਖ ਲੋਕ ਸ਼ਾਮਲ ਹੋਏ ਜਦਕਿ ਮੁਜ਼ਾਹਰਾ ਪ੍ਰਬੰਧਕਾਂ ਨੇ ਦਸ ਲੱਖ ਗਿਣਤੀ ਦਾ ਦਾਅਵਾ ਕੀਤਾ।

ਮੁਜ਼ਾਹਰੇ ਦੌਰਾਨ ਦਖਣਪੰਥੀ ਕਾਰਕੁਨਾਂ ਤੇ ਦੰਗਾ ਰੋਕੂ ਪੁਲਿਸ ਦਰਮਿਆਨ ਝੜਪਾਂ ਹੋਈਆਂ। ਪੁਲਿਸ ਨੇ 100 ਵਿਅਕਤੀਆਂ ਨੂੰ ਹੁੱਲੜਬਾਜ਼ੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ। ਮੁਜ਼ਾਹਰੇ ਨੂੰ ਮੁੱਖ ਰੱਖਦਿਆਂ ਤਕਰੀਬਨ ਪੰਜ ਹਜ਼ਾਰ ਪੁਲਿਸ ਕਰਮੀ ਤਾਇਨਾਤ ਕੀਤੇ ਗਏ ਸਨ। ਨਵੇਂ ਕਾਨੂੰਨ ਦਾ ਵਿਰੋਧ ਕਰਦੀਆਂ ਸਿਆਸੀ ਤੇ ਸਮਾਜਿਕ ਪਾਰਟੀਆਂ ਦਾ ਕਹਿਣਾ ਹੈ ਕਿ ਸੱਤਾਧਾਰੀ ਦਲ ਨੇ ਇਹ ਕਾਨੂੰਨ ਦਬਾਅ ਹੇਠ ਬਣਾਇਆ ਹੈ।

ਇਸ ਕਾਨੂੰਨ ਦੇ ਅਮਲ ਵਿਚ ਆਉਣ ਨਾਲ ਬੱਚਿਆ ਦੇ ਭਵਿੱਖ ਉਤੇ ਬਹੁਤ ਮਾੜਾ ਅਸਰ ਪਵੇਗਾ। ਇਸ ਮੌਕੇ ਯੂਰਪੀ ਪਾਰਲੀਮੈਂਟ ਦੇ ਮੈਂਬਰ ਜ਼ੈਕ ਮਿਯਰਡ ਨੇ ਕਿਹਾ ਕਿ ਸਮਲਿੰਗੀ ਵਿਆਹਾਂ ਦੇ ਕਾਰਨ ਐਸੇ ਹਾਲਾਤ ਪੈਦਾ ਹੋ ਜਾਣਗੇ ਕਿ ਪਰਿਵਾਰਾਂ ਵਿਚ ਨਾ ਕੋਈ ਪਿਤਾ ਹੋਵੇਗਾ ਨਾ ਮਾਂ। ਜ਼ਿਕਰਯੋਗ ਹੈ ਕਿ ਫਰਾਂਸ ਯੂਰਪ ਦਾ ਨੌਵਾ ਤੇ ਸੰਸਾਰ ਦਾ 14ਵਾਂ ਦੇਸ਼ ਬਣ ਗਿਆ ਹੈ ਜਿਥੇ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ।



ਡਾ. ਜੌਹਲ, ਜੈਤੇਗ ਸਿੰਘ ਅਨੰਤ, ਪ੍ਰੋ. ਨਰਿੰਜਨ ਤਸਨੀਮ, ਪ੍ਰਿੰ. ਅਮਰਜੀਤ ਕੌਰ ਨਾਜ਼, ਮਮਤਾ ਆਸ਼ੂ ਕੌਂਸਲਰ, ਕਰਮਜੀਤ ਸਿੰਘ ਔਜਲਾ ਅਤੇ ਦਵਿੰਦਰ ਸਿੰਘ ਸੇਖਾ ਪੁਸਤਕ ਰਿਲੀਜ਼ ਕਰਦੇ ਹੋਏ

# 'ਸੋਚਾਂ ਦੇ ਸਿਰਨਾਵੇਂ' ਨਿਬੰਧ ਸੰਗ੍ਰਹਿ ਲੋਕ ਅਰਪਿਤ

**ਲੁਧਿਆਣਾ (ਬਿਊਰੋ):** ਲੇਖਕਾ ਗੁਰਦੀਸ਼ ਕੌਰ ਗਰੇਵਾਲ ਦਾ ਨਿਬੰਧ ਸੰਗ੍ਰਹਿ 'ਸੋਚਾਂ ਦੇ ਸਿਰਨਾਵੇਂ' ਇਥੇ ਪੰਜਾਬੀ ਭਵਨ ਵਿਖੇ ਇੱਕ ਭਰਵੇਂ ਸਮਾਗਮ ਵਿਚ ਡਾ. ਸਰਦਾਰਾ ਸਿੰਘ ਜੌਹਲ ਨੇ ਲੋਕ ਅਰਪਣ ਕੀਤਾ। ਮੰਚ ਸੰਚਾਲਨ ਕਰਦਿਆਂ ਪ੍ਰਿੰ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਇਸ ਪੁਸਤਕ ਵਿਚਲੇ ਲੇਖ ਸ੍ਰੀਮਤੀ ਗਰੇਵਾਲ ਦੀਆਂ ਸੋਚਾਂ ਦੇ ਅੰਬਰ ਅਤੇ ਅਨੁਭਵ ਦੀ ਧਰਤੀ 'ਤੇ ਉਗੇ ਹਨ। ਲੇਖਕਾ ਗੁਰਦੀਸ਼ ਕੌਰ ਗਰੇਵਾਲ ਨੇ ਕਵਿਤਾ ਤੋਂ ਵਾਰਤਕ ਦੇ ਸਫਰ ਦੀ ਗੱਲ ਕਰਦਿਆਂ ਦੱਸਿਆ ਕਿ ਵਾਰਤਕ ਲਿਖਣ ਦਾ ਬੀਜ ਉਸ ਦੇ ਅੰਦਰ ਅਧਿਆਪਨ ਖੇਤਰ ਦੌਰਾਨ ਹੀ ਬੀਜਿਆ ਹੋਇਆ ਸੀ ਜੋ ਹੁਣ ਆਪ ਮੁਹਾਰੇ ਹੀ ਅੰਦਰੋਂ ਫੁੱਟਿਆ ਹੈ।

ਸਮਾਗਮ ਦੇ ਮੁੱਖ ਮਹਿਮਾਨ ਡਾ. ਜੌਹਲ ਨੇ ਬੀਬੀ ਗਰੇਵਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਸਾਹਿਤਕ ਰਚਨਾ ਸਮਾਜ ਨੂੰ ਸਰਬਪੱਖੀ ਸੇਧ ਦੇ ਕੇ ਉਸਾਰੂ ਰਵਈਆ ਅਖਤਿਆਰ ਕਰਵਾਉਂਦੀ ਹੈ। ਕੈਨੇਡਾ ਤੋਂ ਆਏ ਵਿਸ਼ੇਸ਼ ਮਹਿਮਾਨ ਜੈਤੇਗ ਸਿੰਘ ਅਨੰਤ ਨੇ ਗੁਰਦੀਸ਼ ਕੌਰ ਗਰੇਵਾਲ ਨੂੰ ਇਕ ਬਹੁਪੱਖੀ, ਬਹੁਪਰਤੀ ਅਤੇ ਬਹੁ ਪਸਾਰੀ ਲੇਖਕਾ ਦੱਸਿਆ। ਪ੍ਰੋ. ਨਰਿੰਜਨ ਤਸਨੀਮ ਨੇ ਪੁਸਤਕ ਦੀ ਵਾਰਤਕ ਸ਼ੈਲੀ ਅਤੇ ਸਰਲ ਭਾਸ਼ਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਲੇਖਕਾ ਇਨ੍ਹਾਂ ਨਿਬੰਧਾਂ ਵਿਚ ਪਾਠਕਾਂ ਨਾਲ ਵਾਰਤਾਲਾਪ ਰਚਾਉਂਦੀ ਹੋਈ ਪ੍ਰਤੀਤ ਹੁੰਦੀ ਹੈ। ਇਸ ਮੌਕੇ ਸਮਾਜ ਸੇਵੀ ਮਮਤਾ ਆਸ਼ੂ ਕੌਂਸਲਰ, ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਦੇ ਸੰਚਾਲਕ ਡਾ. ਬਲਵੰਤ ਸਿੰਘ ਅਤੇ ਅਮਰਜੀਤ ਸਿੰਘ ਗੁਲਸ਼ਨ ਯੂ. ਕੇ., ਸਿਰਜਣਧਾਰਾ ਦੇ ਪ੍ਰਧਾਨ ਕਰਮਜੀਤ ਸਿੰਘ ਔਜਲਾ, ਪ੍ਰਿੰ. ਪ੍ਰੇਮ ਸਿੰਘ ਬਜਾਜ, ਪ੍ਰੋ. ਕਿਸ਼ਨ ਸਿੰਘ ਤੋਂ ਇਲਾਵਾ ਮਿੱਤਰ ਸੈਨ ਮੀਤ, ਸੁਖਚਰਨਜੀਤ ਕੌਰ ਗਿੱਲ, ਜੋਗਿੰਦਰ ਸਿੰਘ ਕੰਗ, ਗੁਰਸ਼ਰਨ ਸਿੰਘ ਨਰੂਲਾ ਅਤੇ ਮਾਸਟਰ ਤਰਲੋਚਨ ਸਿੰਘ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟਾਏ। ਪ੍ਰਿੰ. ਜਸਪ੍ਰੀਤ ਕੌਰ ਨੇ ਬੀਬੀ ਗਰੇਵਾਲ ਦੇ ਲਿਖੇ ਇਕ ਗੀਤ ਨੂੰ ਸੁਰੀਲੀ ਆਵਾਜ਼ ਵਿਚ ਗਾ ਕੇ ਸਰੋਤਿਆਂ ਨੂੰ ਵਿਸਮਾਦ ਵਿਚ ਲੈ ਆਂਦਾ।

## ਹਰਿਮੰਦਰ ਸਾਹਿਬ ਦੇ ਸੁਨਿਹਰੀ ਪਤਰਿਆਂ ਦੀ ਹੋਵੇਗੀ ਮੁਰੰਮਤ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਲੱਗੇ ਸੁਨਿਹਰੀ ਪਤਰਿਆਂ ਦੀ ਚਮਕ ਖਰਾਬ ਹੋਣ 'ਤੇ ਇਨ੍ਹਾਂ 'ਤੇ ਮੁੜ ਸੋਨੇ ਦੀ ਝਾਲ ਚੜ੍ਹਾਉਣ ਦੀ ਸੇਵਾ ਕਰਵਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਇਹ ਸੋਨੇ ਦੇ ਪੱਤਰੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਲੱਗੇ ਸਨ ਜਿਨ੍ਹਾਂ ਦੀ ਚਮਕ ਮੱਧਮ ਪੈ ਗਈ ਹੈ ਤੇ ਕਈ ਪਤਰਿਆਂ ਦਾ ਰੰਗ ਸੁਨਹਿਰੀ ਤੋਂ ਹਰਾ ਪੈ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮੱਲ ਸਿੰਘ ਵੱਲੋਂ ਇਸ ਬਾਰੇ ਗੰਭੀਰਤਾ ਦਿਖਾਈ ਜਾ ਰਹੀ ਹੈ। ਪਤਰਿਆਂ 'ਤੇ ਸੋਨੇ ਦੀ ਝਾਲ ਚੜ੍ਹਾਉਣ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸਾਪੇ ਜਾਣ ਦੀ ਸੰਭਾਵਨਾ ਹੈ। ਇਸ ਬਾਰੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨਾਲ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਬੈਠਕ ਵੀ ਕੀਤੀ ਗਈ ਹੈ ਜਿਸ ਵਿਚ ਇਸ ਸੇਵਾ ਨੂੰ ਲੈ ਕੇ ਲੰਬਾ ਸਮਾਂ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਤੇ ਆਉਂਦੇ ਦਿਨਾਂ ਵਿਚ ਇਸ ਸੇਵਾ ਨੂੰ ਅਰੰਭ ਕਰਨ ਸਬੰਧੀ ਅਗਲੀ ਕਾਰਵਾਈ ਅਰੰਭੀ ਜਾਵੇਗੀ।

## ਐਨ ਆਰ ਆਈ ਕਮਿਸ਼ਨ ਦਾ ਭਾਜਪਾ ਮੈਂਬਰ ਕਸੂਤਾ ਫਸਿਆ

**ਜਲੰਧਰ:** ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਐਨ ਆਰ ਆਈ ਕਮਿਸ਼ਨ ਦੀ ਸਥਾਪਨਾ ਕਰਨ 'ਤੇ ਐਨ ਆਰ ਆਈ ਲੋਕਾਂ ਨੂੰ ਰਾਹਤ ਦੀ ਆਸ ਬੱਝੀ ਸੀ ਪਰ ਇਸ ਕਮਿਸ਼ਨ ਦਾ ਇਕ ਮੈਂਬਰ ਖੁਦ ਕਮਿਸ਼ਨ ਦੀ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਬਣ ਗਿਆ ਹੈ।

ਹੈਲਪ (ਹਿਊਮਨ ਇੰਪਾਵਰਮੈਂਟ ਲੀਗ ਆਫ ਪੰਜਾਬ) ਵੱਲੋਂ ਸੂਚਨਾ ਅਧਿਕਾਰ ਕਾਨੂੰਨ 2005 ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਖੁਲਾਸਾ ਹੋਇਆ ਹੈ ਕਿ ਕਮਿਸ਼ਨ ਦਾ ਇਕ ਮੈਂਬਰ ਜਗਤਾਰ ਸਿੰਘ ਭਾਰਤੀ ਜਨਤਾ ਪਾਰਟੀ ਦੇ ਸਰਗਰਮ ਅਹੁਦੇਦਾਰ ਵਜੋਂ ਵਿਚਰ ਰਿਹਾ ਹੈ। ਨਿਯੁਕਤੀ ਵੇਲੇ ਇਹ ਭਾਜਪਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਧਾਨ ਸੀ ਤੇ ਮਾਰਚ 2013 ਵਿਚ ਇਸ ਨੂੰ ਪੰਜਾਬ ਭਾਜਪਾ ਦਾ ਸਕੱਤਰ ਨਿਯੁਕਤ ਕਰ ਦਿੱਤਾ ਗਿਆ। 'ਹੈਲਪ' ਵੱਲੋਂ ਪੰਜਾਬ ਦੇ ਰਾਜਪਾਲ, ਮੁੱਖ ਮੰਤਰੀ ਤੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਦੱਸਿਆ ਗਿਆ ਹੈ ਕਿ ਜਗਤਾਰ ਸਿੰਘ ਦੇ ਐਨਆਰਆਈ ਕਮਿਸ਼ਨ ਦੇ ਮੈਂਬਰ ਹੋਣ ਕਰਕੇ 34000 ਰੁਪਏ ਪ੍ਰਤੀ ਮਹੀਨਾ ਭੱਤਾ ਤਾਂ ਸਰਕਾਰ ਤੋਂ ਲੈਂਦੇ ਹਨ ਪਰ ਕੰਮ ਭਾਜਪਾ ਲਈ ਕਰਦੇ ਹਨ।


**Apartments For Rent**

2 &1 Bedroom Apartments, Wappingers Falls, NY
RT 9 Brookside Garden Apts
Excellent location, Near Shopping, Transportation, IBM
Everything included Except electricity

*Call for an appointment*

Ph:845-632-6665 or 845-632-1518

**Trailer For Sale**

2001 Trailmobile 53' Dry van.

* Air slide. * E-Track. * Aluminium roof.
* New doors. * Wood floor. * Virgin Tires.
* Rack for spare tire.

**Call: 734-494-0095**

**ਸਰਵਰ/ਵੇਟਰ ਦੀ ਲੋੜ ਹੈ**

ਸਿਨਸਿਨੈਟੀ, ਓਹਾਇਓ ਵਿਚ ਇਕ ਭਾਰਤੀ ਰੈਸਟੋਰੈਂਟ
ਲਈ ਸਰਵਰ/ਵੇਟਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
ਸੰਪਰਕ ਕਰੋ
ਫੋਨ: 513-203-6315

**HJ Logistics Corp.**

*Hanover Park, IL*

**ਓਨਰ ਅਪਰੇਟਰ ਚਾਹੀਦੇ ਹਨ**

24/7 ਡਿਸਪੈਚ, ਡਾਇਰੈਕਸ਼ਨਾਂ ਲਈ ਮਦਦ

**Need Owner Operators**

50% Fuel Advance
24/7 Dispatch and
help with Directions



**Contact: 630-504-8584**

**OKKJI Transfer LLC.**

15238 Radiance Dr., Noblesville, IN, 46060

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ

ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045
Fax: 317-774-9665

# ਹੈਰੋਇਨ ਦੇ ਮਾਇਆ ਜਾਲ ਵਿਚ ਉਲਝਿਆ ਪੰਜਾਬ

**ਚੰਡੀਗੜ੍ਹ:** ਪੰਜ ਪਾਣੀਆਂ ਦੀ ਧਰਤੀ ਪੰਜਾਬ ਹੈਰੋਇਨ ਦੇ ਮਾਇਆ ਜਾਲ ਵਿਚ ਉਲਝ ਗਈ ਹੈ। ਸਮੁੱਚੇ ਭਾਰਤ ਦਾ ਅੰਨ ਭੰਡਾਰ ਸਮਝਿਆ ਜਾਂਦਾ ਪੰਜਾਬ ਅੱਜ ਵਿਸ਼ਵ ਵਿਚ ਸਭ ਤੋਂ ਮਸ਼ਹੂਰ ਨਸ਼ਾ ਤਸਕਰੀ ਦਾ ਧੁਰਾ ਮੰਨਿਆ ਜਾ ਰਿਹਾ ਹੈ ਤੇ ਇਕ ਦਸਤਾਵੇਜ਼ੀ ਫਿਲਮ ਲਈ ਕਰਵਾਏ ਸਰਵੇਖਣ ਅਨੁਸਾਰ ਇਸ ਰਸਤੇ ਪਾਕਿ ਤੇ ਅਫਗਾਨਿਸਤਾਨ ਤੋਂ ਹਰ ਸਾਲ ਤਕਰੀਬਨ ਅਰਬਾਂ ਰੁਪਏ ਦਾ ਨਸ਼ੀਲਾ ਪਾਊਡਰ ਪਾਰ ਹੋ ਕੇ ਮੁੰਬਈ ਤੇ ਦੁਬਈ ਰਸਤੇ ਯੂਰਪ ਵਿਚ ਵਿਕਣ ਲਈ ਜਾਂਦਾ ਹੈ।



ਸੂਤਰਾਂ ਅਨੁਸਾਰ ਸਰਹੱਦ ਪਾਰੋਂ ਆਉਂਦੀ ਹੈਰੋਇਨ ਪਾਕਿ ਵਿਚ ਤਿੰਨ ਲੱਖ ਤੋਂ ਤੁਰਦਿਆਂ ਭਾਰਤੀ ਸਰਹੱਦੀ ਖੇਤਰ ਵਿਚ ਪੰਜ ਤੋਂ ਸੱਤ ਲੱਖ ਰੁਪਏ ਤੱਕ ਪਹੁੰਚ ਜਾਂਦੀ ਹੈ। ਇਥੋਂ ਪਾਂਡੀਆਂ ਤੇ ਰਾਹਦਾਰੀ ਦੇ ਖਰਚੇ ਪਾ ਕੇ ਮੁੰਬਈ ਪਹੁੰਚਦਿਆਂ ਇਸ ਦੀ ਕੀਮਤ 13 ਤੋਂ 15 ਲੱਖ ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤੇ ਇਸ ਤੋਂ ਅੱਗੇ ਵੱਡੇ ਮਗਰਮੱਛ ਹੈਰੋਇਨ ਨੂੰ ਯੂਰਪ ਤੱਕ ਪਹੁੰਚਾ ਕੇ ਕੀਮਤ ਨੂੰ ਡੇਢ ਸੌ ਗੁਣਾ ਵਧਾ ਦਿੰਦੇ ਹਨ।

ਇਸ ਕੰਮ ਲਈ ਪੈਸੇ ਦਾ ਆਦਾਨ ਪ੍ਰਦਾਨ ਹਵਾਲਾ ਰਸਤੇ ਵਾਇਆ ਦੁਬਈ ਹੁੰਦਾ ਹੈ। ਸੂਤਰਾਂ ਅਨੁਸਾਰ ਇਸ ਸਾਰੇ ਕਾਰੋਬਾਰ ਪਿੱਛੇ 'ਸਰਗਨੇ' ਕੇਵਲ 50 ਕੁ ਹੀ ਹਨ ਪਰ ਕੈਰੀਅਰ ਤੇ ਦਲਾਲਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਸਰਹੱਦੀ ਖੇਤਰ ਦੇ ਬਹੁਤ ਸਾਰੇ ਨੌਜਵਾਨ ਤੇ ਕਿਸਾਨ ਪੈਸੇ ਦੀ ਛਣਕ ਵਿਚ ਆ ਕੇ ਪਾਂਡੀਆਂ ਦਾ ਕੰਮ ਕਰਨ ਲੱਗਦੇ ਹਨ। ਸੂਤਰਾਂ ਅਨੁਸਾਰ ਇਸ ਆਦਾਨ ਪ੍ਰਦਾਨ ਲਈ ਸੁਰੱਖਿਆ ਦਸਤਿਆਂ ਤੋਂ ਓਹਲਾ ਰੱਖਣ ਲਈ ਗੱਲਬਾਤ ਪਾਕਿ ਮੋਬਾਈਲ ਸਿਮਾਂ ਰਾਹੀਂ ਕੀਤੀ ਜਾਂਦੀ ਹੈ ਜਿਨ੍ਹਾਂ 'ਤੇ ਹੋਈ ਗੱਲਬਾਤ ਨੂੰ ਭਾਰਤੀ ਮੋਬਾਈਲ ਟਾਵਰ ਫੜ ਨਹੀਂ ਪਾਉਂਦੇ।

ਇਹ ਪਾਕਿ ਸਿਮਾਂ ਸਰਹੱਦ ਨੇੜੇ ਪਹੁੰਚ ਕੇ ਪਾਂਡੀ ਨਸ਼ੀਲੀ ਖੇਪ ਦਾ ਸਮਾਂ ਤੇ ਸਥਾਨ ਮਿਥਣ ਲਈ ਵਰਤਦੇ ਹਨ ਤੇ ਵਰਤੋਂ ਮਗਰੋਂ ਮੁੜ ਉਥੇ ਹੀ ਦੱਬ ਦਿੰਦੇ ਹਨ। ਖੇਪ ਜੋ ਪਲਾਸਟਿਕ ਦੀ ਪਾਈਪ ਰਾਹੀਂ ਉਧਰੋਂ ਸੁੱਟੀ ਜਾਂਦੀ ਹੈ, ਵਿਚ ਇਕ ਮੋਬਾਈਲ ਫੋਨ ਸਮੇਤ ਭਾਰਤੀ ਸਿਮ ਹੁੰਦਾ ਹੈ। ਨਸ਼ੀਲਾ ਪਦਾਰਥ ਚੁੱਕਣ ਵਾਲਾ ਪਾਂਡੀ ਜਦੋਂ ਇਸ ਮੋਬਾਈਲ ਨੂੰ ਚਾਲੂ ਕਰਦਾ ਹੈ ਤਾਂ ਉਸ 'ਤੇ ਭਾਰਤੀ ਖਰੀਦਦਾਰ ਦਾ ਫੋਨ ਆਉਂਦਾ ਹੈ ਜੋ ਪਾਂਡੀ ਕੋਲੋਂ ਮਾਲ ਪ੍ਰਾਪਤ ਕਰਨ ਲਈ ਰਾਬਤਾ ਕਰਦਾ ਹੈ। ਇਸ ਉਪਰੰਤ ਮਾਲ ਪ੍ਰਾਪਤ ਕਰਨ ਵੇਲੇ ਮੁੱਖ ਖਰੀਦਦਾਰ ਦਾ ਵਿਚੋਲਾ ਪਾਕਿ ਤੋਂ ਆਇਆ ਮੋਬਾਈਲ ਵੀ ਨਾਲ ਹੀ ਲੈ ਲੈਂਦਾ ਹੈ।

ਇਕ ਖਾਸ ਗੱਲ ਇਹ ਹੈ ਕਿ ਇਹ ਪਾਂਡੀ ਤੇ ਵਿਚੋਲੇ ਪੂਰੀ ਤਰ੍ਹਾਂ ਨਿਪੁੰਨ ਹਨ ਤੇ ਨਸ਼ੀਲੇ ਪਦਾਰਥਾਂ ਦਾ ਬਿਲਕੁਲ ਸੇਵਨ ਨਹੀਂ ਕਰਦੇ। ਜਾਣਕਾਰੀ ਅਨੁਸਾਰ ਪਾਕਿ ਦੀਆਂ ਸਰਹੱਦੀ ਫੋਰਸਾਂ ਵੱਲੋਂ ਉਧਰੋਂ ਨਸ਼ਾ ਭੇਜਣ ਵਾਲਿਆਂ ਨਾਲ ਹੱਥ ਮਿਲਾਉਂਦਿਆਂ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ ਪਰ ਭਾਰਤੀ ਦਸਤਿਆਂ ਦਾ ਵੀ ਇਸ ਨਸ਼ਾ ਤਸਕਰੀ ਵਿਚ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਤੋਂ ਅਗਾਂਹ ਦਿੱਲੀ ਤੇ ਮੁੰਬਈ ਨੂੰ ਨਸ਼ਾ ਭੇਜਣ ਵਿਚ ਵੀ ਸਥਾਨਕ ਪੁਲਿਸ ਦੀ ਸ਼ਮੂਲੀਅਤ ਮੰਨੀ ਜਾਂਦੀ ਹੈ ਜਿਸ ਦਾ ਸਬੂਤ ਪਿਛਲੇ ਸਮੇਂ ਦੌਰਾਨ ਸੂਬੇ ਦੇ ਉੱਚ ਅਧਿਕਾਰੀ ਸਾਜੀ ਗੁਪਤਾ ਆਈਪੀਐਸ ਦਾ ਮੁੰਬਈ ਵਿਚ ਨੌਂ ਕਿਲੋ ਹੈਰੋਇਨ ਸਮੇਤ ਫੜੇ ਜਾਣ ਨਾਲ ਮਿਲ ਚੁੱਕਾ ਹੈ।

ਇਕ ਸਰਵੇਖਣ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ਪੂਰੇ ਦੇਸ਼ ਵਿਚੋਂ ਫੜੀ ਗਈ ਹੈਰੋਇਨ ਵਿਚੋਂ ਅੱਧੀ ਇਕੱਲੇ ਪੰਜਾਬ ਵਿਚ ਬਰਾਮਦ ਹੋਈ ਹੈ। ਇਕ ਵਿਸ਼ੇਸ਼ ਗੱਲ ਇਹ ਹੈ ਕਿ ਪਾਕਿ ਨਾਲ ਲੱਗਦੇ ਹੋਰ ਸਰਹੱਦੀ ਰਾਜਾਂ ਵਿਚ ਅਜਿਹੀ ਹਲਚਲ ਨਜ਼ਰ ਨਹੀਂ ਆਉਂਦੀ ਤੇ ਪੰਜਾਬ ਦੇ ਵੀ ਤਰਨ ਤਾਰਨ ਤੇ ਅੰਮ੍ਰਿਤਸਰ ਜ਼ਿਲ੍ਹੇ ਹੀ ਵਧੇਰੇ ਸਰਗਰਮ ਹਨ। ਇਹ ਸਰਗਰਮੀ ਵੇਚਣ ਵਿਚ ਹੀ ਨਹੀਂ ਬਲਕਿ ਸੇਵਨ ਵਿਚ ਵੀ ਨਜ਼ਰ ਆ ਰਹੀ ਹੈ। ਇਕ ਸਰਵੇਖਣ ਅਨੁਸਾਰ ਤਰਨ ਤਾਰਨ ਦਾ ਦਿਹਾਤੀ ਤੇ ਅੰਮ੍ਰਿਤਸਰ ਦਾ ਸ਼ਹਿਰੀ ਖੇਤਰ ਸਭ ਤੋਂ ਵਧੇਰੇ ਨਸ਼ਾਗ੍ਰਸਤ ਮੰਨੇ ਗਏ।

ਪਿਛਲੇ ਕੁਝ ਸਮੇਂ ਵਿਚ ਸਥਾਨਕ ਨਸ਼ਾ ਗਾਹਕ ਵਧਣ ਕਾਰਨ ਇਸ ਹੈਰੋਇਨ ਤਸਕਰੀ ਦਾ ਤਕਰੀਬਨ 20 ਫੀਸਦੀ ਹਿੱਸਾ ਇਥੇ ਹੀ ਖਪਤ ਹੋ ਰਿਹਾ ਹੈ। ਸੂਤਰਾਂ ਅਨੁਸਾਰ ਲੰਬਾ ਸਮਾਂ ਵਰਤੀ ਜਾਂਦੀ ਰਹੀ ਸਮੈਕ ਹੁਣ ਸਿਰਫ 8-10 ਫੀਸਦੀ ਨਸ਼ਈ ਹੀ ਗ੍ਰਹਿਣ ਕਰਦੇ ਹਨ ਤੇ ਵਧੇਰੇ ਨਸ਼ਾਗ੍ਰਸਤ ਨੌਜਵਾਨ ਹੈਰੋਇਨ ਦੀ ਵਰਤੋਂ ਕਰ ਰਹੇ ਹਨ ਜਿਸ ਦੀ ਸਥਾਨਕ ਪੱਧਰ 'ਤੇ ਕੀਮਤ 1000 ਰੁਪਏ ਪ੍ਰਤੀ ਗ੍ਰਾਮ ਦੇ ਕਰੀਬ ਹੈ।

ਜ਼ਿਕਰਯੋਗ ਹੈ ਕਿ ਸਿਰਫ ਭਾਰਤ ਵਿਚ ਹੀ ਹੈਰੋਇਨ ਨੱਕ ਜਾਂ ਮੂੰਹ ਰਾਹੀਂ ਸੇਵਨ ਕੀਤੀ ਜਾਂਦੀ ਹੈ ਜਦਕਿ ਬਾਕੀ ਥਾਵਾਂ 'ਤੇ ਇਹ ਟੀਕੇ ਨਾਲ ਵਰਤੀ ਜਾਂਦੀ ਹੈ। ਇਸ ਸਮੇਂ ਸੂਬੇ ਵਿਚ ਨਸ਼ਾ ਸੇਵਨ ਤੇ ਤਸਕਰੀ ਇਕ ਸਰਗਰਮ ਮੁੱਦਾ ਬਣ ਗਿਆ ਹੈ। ਹਾਕਮ ਤੇ ਵਿਰੋਧੀ ਧਿਰ ਵੱਲੋਂ ਇਕ ਦੂਸਰੇ ਦੇ ਉੱਚ ਆਗੂਆਂ ਦੇ 'ਡੋਪ ਟੈਸਟ' ਕਰਵਾਉਣ ਲਈ ਫੱਬਤੀਆਂ ਕੱਸੀਆਂ ਜਾ ਰਹੀਆਂ ਹਨ।

## ਨਸ਼ਿਆਂ ਦੀ ਤਸਕਰੀ ਵਧੀ

ਚੰਡੀਗੜ੍ਹ: ਪੰਜਾਬ ਇਸ ਵੇਲੇ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਆ ਰਹੇ ਨਸ਼ਿਆਂ ਦੀ ਤਸਕਰੀ ਦਾ ਸਭ ਤੋਂ ਵੱਡਾ ਲਾਂਘਾ ਬਣ ਗਿਆ ਹੈ ਤੇ ਪਿਛਲੇ ਇਕ ਸਾਲ ਅੰਦਰ ਸੁਰੱਖਿਆ ਫੋਰਸਾਂ ਨੇ ਪੰਜ ਕੁਇੰਟਲ ਦੇ ਕਰੀਬ ਹੈਰੋਇਨ ਇਕੱਲੇ ਪੰਜਾਬ ਵਿਚੋਂ ਬਰਾਮਦ ਕੀਤੀ ਹੈ। ਇਸ ਵਿਚੋਂ 278 ਕਿਲੋ ਹੈਰੋਇਨ ਬੀਐਸਐਫ ਨੇ ਸਰਹੱਦ ਤੋਂ ਬਰਾਮਦ ਕੀਤੀ।

ਸੂਤਰਾਂ ਅਨੁਸਾਰ ਦੇਸ਼ ਭਰ ਵਿਚ 700 ਕਿਲੋਗ੍ਰਾਮ ਦੇ ਕਰੀਬ ਹੈਰੋਇਨ ਫੜੀ ਗਈ ਜਿਸ ਵਿਚੋਂ 500 ਕਿਲੋਗ੍ਰਾਮ ਇਕੱਲੇ ਪੰਜਾਬ ਦੀ ਹੈ। ਅਫ਼ਗਾਨਿਸਤਾਨ ਵਿਚ ਨਸ਼ੀਲੇ ਪਦਾਰਥਾਂ ਦੀ ਪੈਦਾਵਾਰ ਉਪਰ ਕਿਸੇ ਤਰ੍ਹਾਂ ਦੀ ਰੋਕ ਨਹੀਂ ਜਿਸ ਕਾਰਨ ਪਾਕਿਸਤਾਨ ਰਾਹੀਂ ਇਸ ਦੀ ਤਸਕਰੀ ਵਧ ਰਹੀ ਹੈ। ਸਾਲ 2012 ਵਿਚ ਪਿਛਲੇ ਸਾਲ ਨਾਲੋਂ ਹੈਰੋਇਨ 94 ਫੀਸਦੀ, ਕੋਕੀਨ 255 ਫੀਸਦੀ, ਸਮੈਕ 17 ਫੀਸਦੀ ਤੇ ਸੁਲਫਾ 1000 ਫੀਸਦੀ ਵੱਧ ਬਰਾਮਦ ਕੀਤੇ ਗਏ। ਪੰਜਾਬ ਪੁਲਿਸ ਹੈੱਡਕੁਆਰਟਰ ਦੇ ਅੰਕੜਿਆਂ ਅਨੁਸਾਰ ਸਾਲ 2011 ਦੌਰਾਨ ਸਿਰਫ 72 ਕਿਲੋ ਹੈਰੋਇਨ ਫੜੀ ਗਈ ਸੀ ਜਦਕਿ 30 ਸਤੰਬਰ, 2012 ਤੱਕ 140 ਕਿਲੋ ਹੈਰੋਇਨ ਫੜੀ ਗਈ। ਇਸ ਤਰ੍ਹਾਂ ਪੁਲੀਸ ਵੱਲੋਂ ਸਾਲ 2011 ਨਾਲੋਂ ਸਾਲ 2012 ਵਿਚ 94 ਫੀਸਦੀ ਵੱਧ (68 ਕਿਲੋ) ਹੈਰੋਇਨ ਬਰਾਮਦ ਕੀਤੀ ਗਈ। ਦੂਸਰੇ ਪਾਸੇ ਪੁਲਿਸ ਨੇ ਕੋਕੀਨ ਵੀ 255 ਫੀਸਦੀ ਵੱਧ ਬਰਾਮਦ ਕੀਤੀ।

# ਸਿਆਸਤਦਾਨਾਂ, ਪੁਲਿਸ ਅਤੇ ਡਰੱਗ ਮਾਫ਼ੀਆ ਦਾ ਗੱਠਜੋੜ ਬੇਨਕਾਬ

**ਚੰਡੀਗੜ੍ਹ:** ਸਾਬਕਾ ਡੀਜੀਪੀ (ਜੇਲ੍ਹਾਂ) ਸ਼ਸ਼ੀ ਕਾਂਤ ਨੇ ਰਾਜਸੀ ਆਗੂਆਂ, ਪੁਲਿਸ ਤੇ ਡਰੱਗ ਮਾਫ਼ੀਆ ਦੇ ਗੱਠਜੋੜ ਬੇਨਕਾਬ ਕੀਤਾ ਹੈ। ਉਸ ਨੇ ਇਸ ਸਬੰਧੀ ਗ੍ਰਹਿ ਵਿਭਾਗ ਨੂੰ ਰਿਪੋਰਟ ਭੇਜੀ ਹੈ ਜਿਸ ਦੀ ਮੀਡੀਆ ਵਿਚ ਕਾਫ਼ੀ ਚਰਚਾ ਹੈ ਪਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਰਿਪੋਰਟ ਬਾਰੇ ਕੋਈ ਇਲਮ ਨਹੀਂ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਪਹਿਲਾਂ ਹੀ ਮੁਹਿੰਮ ਵਿੱਢੀ ਹੋਈ ਹੈ ਤੇ ਕਿਸੇ ਵੀ ਡਰੱਗ ਮਾਫ਼ੀਆ ਤੇ ਸਮੱਗਲਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਸਾਬਕਾ ਡੀਜੀਪੀ (ਜੇਲ੍ਹਾਂ) ਨੇ ਨਸ਼ਿਆਂ ਵਿਰੁੱਧ ਜਥੇਬੰਦੀ ਦੀ ਸ਼ੁਰੂਆਤ ਕਰਦਿਆਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਡੀਜੀਪੀ ਹੁੰਦਿਆਂ 10 ਅਜਿਹੇ ਰਾਜਨੀਤਕ ਤੇ ਕਥਿਤ ਸਮਾਜਿਕ ਆਗੂਆਂ ਦੀ ਸੂਚੀ ਗ੍ਰਹਿ ਵਿਭਾਗ ਨੂੰ ਭੇਜੀ ਸੀ ਜਿਹੜੇ ਪੰਜਾਬ ਵਿਚ ਨਸ਼ਿਆਂ ਦਾ ਧੰਦਾ ਕਰ ਰਹੇ ਹਨ। ਸ੍ਰੀ ਸ਼ਸ਼ੀ ਕਾਂਤ ਨੇ 185 ਪੁਲਿਸ ਵਾਲਿਆਂ ਦੀ ਸੂਚੀ ਸਰਕਾਰ ਨੂੰ ਭੇਜੀ ਸੀ ਜੋ ਜੇਲ੍ਹਾਂ ਵਿਚ ਨਸ਼ਿਆਂ ਦੀ ਸਪਲਾਈ ਕਰਨ ਵਾਲਿਆਂ ਨਾਲ ਰਲੇ ਹੋਏ ਸਨ। ਸਰਕਾਰ ਨੇ ਇਹ ਸੂਚੀ ਦੱਬੀ ਹੋਈ ਹੈ। ਉਪ ਮੁੱਖ ਮੰਤਰੀ ਪਿਛਲੇ ਪੰਜਾਂ ਸਾਲਾਂ ਤੋਂ ਸੂਬੇ ਦੇ ਗ੍ਰਹਿ ਮੰਤਰੀ ਚੱਲੇ ਆਏ ਆ ਰਹੇ ਹਨ ਪਰ ਉਨ੍ਹਾਂ ਦਾਅਵਾ ਕੀਤਾ ਹੈ ਕਿ ਉਹ ਅਜਿਹੀ ਕਿਸੇ ਸੂਚੀ ਬਾਰੇ ਨਹੀਂ ਜਾਣਦੇ।

### ਸੁਖਬੀਰ ਬਾਦਲ ਰਿਪੋਰਟ ਤੋਂ ਇਨਕਾਰੀ

ਪਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਪਿਛਲੇ ਸਮੇਂ ਦੌਰਾਨ ਅਰਬਾਂ ਰੁਪਏ ਦੀ ਹੈਰੋਇਨ ਫੜੀ ਗਈ ਹੈ ਪਰ ਇਹ ਨਸ਼ੀਲੇ ਪਦਾਰਥ ਕਿਸ ਦੇ ਸਨ, ਇਸ ਦਾ ਖ਼ੁਲਾਸਾ ਕਦੇ ਵੀ ਨਹੀਂ ਕੀਤਾ ਗਿਆ। ਇਸ ਬਾਰੇ ਸਮਾਜਕ ਸੰਸਥਾਵਾਂ ਦੀਆਂ ਰਿਪੋਰਟਾਂ ਵਿਚ ਵੀ ਆਇਆ ਹੈ ਕਿ ਪੰਜਾਬ ਦੀ ਨੌਜਵਾਨੀ ਲਗਾਤਾਰ ਨਸ਼ਿਆਂ ਵਿਚ ਗਰਕ ਰਹੀ ਹੈ ਪਰ ਸਰਕਾਰ ਇਸ ਮਾਮਲੇ ਨੂੰ ਲੈ ਕੇ ਗੰਭੀਰ ਨਹੀਂ ਹੈ। ਉਧਰ ਕਾਂਗਰਸ ਨੇ ਇਸ ਮਾਮਲੇ 'ਤੇ ਸਰਕਾਰ ਨੂੰ ਘੇਰਦਿਆ ਮੰਗ ਕੀਤੀ ਹੈ ਕਿ ਸਾਬਕਾ ਡੀਜੀਪੀ ਸ਼ਸ਼ੀ ਕਾਂਤ ਵੱਲੋਂ ਕੀਤੇ ਗਏ ਖ਼ੁਲਾਸੇ ਬਾਰੇ ਸਰਕਾਰ ਵਾਈਟ ਪੇਪਰ ਜਾਰੀ ਕਰੇ। ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਸ ਬਾਰੇ ਸਰਕਾਰ ਦੇ ਸਭ ਦਾਅਵੇ ਖੋਖਲੇ ਸਾਬਤ ਹੋਏ ਹਨ।

## ਦੁਰਗਿਆਣਾ ਕਮੇਟੀ ਵੱਲੋਂ ਵੀ ਯਾਦਗਾਰ ਉਸਾਰਨ ਦਾ ਫ਼ੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣਾਈ ਗਈ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੇ ਮੁਕਾਬਲੇ ਦੁਰਗਿਆਣਾ ਕਮੇਟੀ ਨੇ ਅਤਿਵਾਦੀਆਂ ਹੱਥੋਂ ਮਾਰੇ ਗਏ ਲੋਕਾਂ ਤੇ ਦੇਸ਼ ਲਈ ਸ਼ਹੀਦ ਹੋਏ ਲੋਕਾਂ ਦੀ ਯਾਦ ਵਿਚ ਯਾਦਗਾਰ ਬਣਾਉਣ ਦਾ ਫ਼ੈਸਲਾ ਕੀਤਾ ਹੈ। ਸ੍ਰੀ ਦੁਰਗਿਆਣਾ ਕਮੇਟੀ ਵੱਲੋਂ ਇਸ ਵਿੱਤੀ ਵਰ੍ਹੇ 2013-14 ਵਿਚ ਕੀਤੇ ਜਾਣ ਵਾਲੇ ਕੰਮਾਂ ਦਾ ਖ਼ੁਲਾਸਾ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਦੁਰਗਿਆਣਾ ਕਮੇਟੀ ਵੱਲੋਂ ਅਤਿਵਾਦੀਆਂ ਦਾ ਨਿਸ਼ਾਨਾ ਬਣੇ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸ਼ਹੀਦ ਹੋਏ ਲੋਕਾਂ ਦੀ ਯਾਦ ਵਿਚ ਇਸ ਵਰ੍ਹੇ ਯਾਦਗਾਰ ਦਾ ਨਿਰਮਾਣ ਕੀਤਾ ਜਾਵੇਗਾ।

ਇਸੇ ਵਰ੍ਹੇ ਦੁਰਗਿਆਣਾ ਕੰਪਲੈਕਸ ਦੇ ਸਮੂਹ ਮੰਦਰਾਂ ਵਿਚ ਅਕਸ਼ਰਧਾਮ ਮੰਦਰ ਦੀ ਤਰਜ਼ 'ਤੇ ਆਧੁਨਿਕ ਲਾਇਟਾਂ ਲਾਈਆਂ ਜਾਣਗੀਆਂ ਤੇ ਇਸ ਦੀ ਸ਼ੁਰੂਆਤ ਸ੍ਰੀ ਲਕਸ਼ਮੀ ਨਰਾਇਣ ਮੰਦਰ ਤੋਂ ਹੋਵੇਗੀ। ਇਸੇ ਤਰ੍ਹਾਂ ਮੰਦਰ ਦੀ ਛੱਤ 'ਤੇ ਸੋਨੇ ਦਾ ਗੁੰਬਦ ਤੇ ਬੁਰਜੀਆਂ ਲਾਈਆਂ ਜਾ ਰਹੀਆਂ ਹਨ ਜਿਸ ਉਪਰ 10 ਕਿੱਲੋ ਸੋਨਾ ਲੱਗੇਗਾ।

ਕਮੇਟੀ ਵੱਲੋਂ ਛੇਤੀ ਹੀ ਸੂਚਨਾ ਕੇਂਦਰ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਥੋਂ ਧਾਰਮਿਕ ਪੁਸਤਕਾਂ ਤੇ ਫੋਟੋਆਂ ਸ਼ਰਧਾਲੂਆਂ ਨੂੰ ਮੁਹੱਈਆ ਕੀਤੀਆਂ ਜਾਣਗੀਆਂ। ਕਮੇਟੀ ਨੇ ਰੇਲਵੇ ਸਟੇਸ਼ਨ ਦੇ ਗੋਲਬਾਗ ਵਾਲੇ ਪਾਸੇ ਦੁਰਗਿਆਣਾ ਮੰਦਰ ਦਾ ਮਾਡਲ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਦੌਰਾਨ ਮੀਟਿੰਗ ਵਿਚ ਕੀਤੇ ਜਾ ਰਹੇ ਕੰਮਾਂ ਤੇ ਹੁਣ ਤੱਕ ਕੀਤੇ ਗਏ ਕੰਮਾਂ ਦਾ ਵੀ ਜ਼ਿਕਰ ਕੀਤਾ ਗਿਆ।

## ਗੁਰਦੁਆਰਾ ਨਾਨਕ ਝੀਰਾ 'ਤੇ ਕਬਜ਼ੇ ਦੀ ਕੋਸ਼ਿਸ਼

**ਚੰਡੀਗੜ੍ਹ:** ਕਰਨਾਟਕਾ ਦੇ ਬਿਦਰ ਵਿਚ ਸਥਿਤ ਪਹਿਲੀ ਪਾਤਸ਼ਾਹੀ ਦੀ ਯਾਦ ਵਿਚ ਬਣੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਵਿਖੇ ਉਥੇ ਦੇ ਇਕ ਭਾਈਚਾਰੇ ਦੇ ਨਾਲ ਸਬੰਧਤ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਤੋਂ ਬਾਅਦ ਉਥੇ ਦੇ ਪ੍ਰਸ਼ਾਸਨ ਨੇ ਗੁਰਦੁਆਰਾ ਸਾਹਿਬ ਦੇ ਇਰਦ-ਗਿਰਦ ਅਗਲੇ ਹੁਕਮਾਂ ਤੱਕ ਧਾਰਾ 144 ਲਾਗੂ ਕਰਕੇ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਇਕ ਭਾਈਚਾਰੇ ਦੇ ਲੋਕਾਂ ਵੱਲੋਂ ਬਹੁਤ ਹੀ ਘਟੀਆ ਹਰਕਤ ਕੀਤੀ ਗਈ ਹੈ। ਉਨ੍ਹਾਂ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਬਾਬਾ ਨਾਨਕ ਤਾਂ ਰੱਬ ਦਾ ਉਹ ਅਵਤਾਰ ਸਨ ਜਿਨ੍ਹਾਂ ਨੂੰ ਇਕੱਲਾ ਸਿੱਖ ਭਾਈਚਾਰਾ ਹੀ ਨਹੀਂ ਬਲਕਿ ਹਿੰਦੂ ਤੇ ਸਿੱਖ ਵੀ ਓਨਾ ਹੀ ਪੂਜਦੇ ਹਨ। ਇਸ ਲਈ ਕੁਝ ਅਖੌਤੀ ਮੁਸਲਮਾਨਾਂ ਵੱਲੋਂ ਮਹਿਜ਼ ਸੌੜੀ ਸਿਆਸਤ ਕਰਕੇ ਬਾਬਾ ਨਾਨਕ ਦੀ ਯਾਦ ਵਿਚ ਬਣੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਵਿਖੇ ਇਹ ਆਖ ਕੇ ਦਾਖਲ ਹੋਣ ਦੀ ਜ਼ਿੱਦ ਕਰਨਾ ਕਿ ਉਸ ਸਥਾਨ 'ਤੇ ਉਨ੍ਹਾਂ ਦੇ ਪੈਗੰਬਰਾਂ ਦੀਆਂ ਕਬਰਾਂ ਹਨ ਤੇ ਉਹ ਇਥੇ ਸਾਲਾਨਾ ਉਰਸ ਮਨਾਉਣਗੇ ਤੇ ਚਾਦਰ ਚੜ੍ਹਾ ਕੇ ਜਾਨਵਰਾਂ ਦੀ ਬਲੀ ਵੀ ਦੇਣਗੇ।

ਸ. ਮੱਕੜ ਨੇ ਇਸ ਮਾਮਲੇ ਦੇ ਵਿਚ ਕਰਨਾਟਕਾ ਦੇ ਮੁੱਖ ਮੰਤਰੀ ਸਮੇਤ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਨਿੱਜੀ ਤੌਰ 'ਤੇ ਦਖ਼ਲ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਕੋਝੀ ਹਰਕਤ ਦੇ ਲਈ ਦੋਸ਼ੀ ਸਮੂਹ ਲੋਕਾਂ ਨੂੰ ਗ੍ਰਿਫਤਾਰ ਕਰਕੇ ਤੁਰੰਤ ਉਨ੍ਹਾਂ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਦੇਸ਼ ਅੰਦਰ ਫਿਰਕੂ ਤਣਾਅ ਨਾ ਪੈਦਾ ਹੋ ਸਕੇ ਜੇਕਰ ਕੋਈ ਹਰਕਤ ਹੁੰਦੀ ਹੈ ਤਾਂ ਸਿੱਖ ਭਾਈਚਾਰਾ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਗੁਰਦੁਆਰਾ ਨਾਨਕ ਝੀਰਾ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਗਿਆਨੀ ਦਰਬਾਰਾ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਬੀਤੇ ਦਿਨ ਤੋਂ ਇਕ ਭਾਈਚਾਰੇ ਦੇ ਕੁਝ ਲੋਕ ਇਕ ਸਾਬਕਾ ਵਿਧਾਇਕ ਦੇ ਇਸ਼ਾਰੇ ਤੇ ਜਲੂਸ ਦੀ ਸ਼ਕਲ ਵਿਚ ਆ ਕੇ ਕਬਜ਼ਾ ਕਰਨ ਦੀ ਤਾਕ ਵਿਚ ਹਨ ਜਿਸ ਦੇ ਸਬੰਧ ਵਿਚ ਉਨ੍ਹਾਂ ਕਰਨਾਟਕਾ ਸਰਕਾਰ, ਦੇਸ਼ ਦੇ ਪ੍ਰਧਾਨ ਮੰਤਰੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੱਕ ਪਹੁੰਚ ਕੀਤੀ ਸੀ ਜਿਸ ਤੋਂ ਬਾਅਦ ਗੁਰਦੁਆਰਾ ਨਾਨਕ ਝੀਰਾ ਸਾਹਿਬ ਦੇ ਆਲੇ-ਦੁਆਲੇ ਧਾਰਾ 144 ਲਾਗੂ ਕਰ ਦਿੱਤੀ ਗਈ ਹੈ ਤੇ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਤਾਇਨਾਤ ਕਰਕੇ ਇਸ ਭਾਈਚਾਰੇ ਨੂੰ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਜੇਕਰ ਉਹ ਆਪਣੀਆਂ ਇਨ੍ਹਾਂ ਹਰਕਤਾਂ ਤੋਂ ਨਾ ਰੁਕੇ ਤਾਂ ਹਾਲਾਤ ਵਿਗੜਨ ਦੀ ਸੰਭਾਵਨਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਇਹ ਲੋਕ ਇਸ ਤੋਂ ਪਹਿਲਾਂ ਸਾਲ 2006, 2012 ਵਿਚ ਵੀ ਅਜਿਹੀ ਕੋਸ਼ਿਸ਼ ਕਰ ਚੁੱਕੇ ਹਨ ਪਰ ਉਸ ਵੇਲੇ ਵੀ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਸੀ ਪਰ ਹੁਣ ਮੌਜੂਦਾ ਪ੍ਰਸ਼ਾਸਨ ਵਿਚ ਇਕ ਅਧਿਕਾਰੀ ਸਬੰਧਤ ਭਾਈਚਾਰੇ ਦਾ ਹੋਣ ਕਰਕੇ ਇਨ੍ਹਾਂ ਲੋਕਾਂ ਦਾ ਹੌਸਲਾ ਵਧ ਗਿਆ ਹੈ ਜਿਸ ਨੂੰ ਰੋਕਣ ਦੀ ਲੋੜ ਹੈ।



## ਵਿਸ਼ਵ ਕਬੱਡੀ ਕੱਪ ਦਾ ਹੋਟਲ ਮਾਲਕਾਂ ਨੂੰ ਰਗੜਾ

**ਬਠਿੰਡਾ:** ਪੰਜਾਬ ਸਰਕਾਰ ਨੇ ਭਲੇ ਹੀ ਤੀਜਾ ਵਿਸ਼ਵ ਕਬੱਡੀ ਕੱਪ ਕਰਵਾ ਕੇ ਬੱਲੇ-ਬੱਲੇ ਕਰਵਾ ਦਿੱਤੀ ਹੈ ਪਰ ਵਿਸ਼ਵ ਕਬੱਡੀ ਕੱਪ ਨੇ ਬਠਿੰਡਾ ਸ਼ਹਿਰ ਦੇ ਹੋਟਲਾਂ ਵਾਲਿਆਂ ਦਾ ਦੀਵਾਲਾ ਕੱਢ ਦਿੱਤਾ ਹੈ ਕਿਉਂਕਿ ਸ਼ਹਿਰ ਦੇ ਇਕ ਦਰਜਨ ਹੋਟਲਾਂ ਵਾਲਿਆਂ ਦੇ ਪੰਜਾਬ ਸਰਕਾਰ ਵੱਲ 81 ਲੱਖ ਰੁਪਏ ਅਟਕ ਗਏ ਹਨ ਜਿਨ੍ਹਾਂ ਨੂੰ ਲੈਣ ਲਈ ਹੋਟਲ ਮਾਲਕ ਸਰਕਾਰ ਦੇ ਮੰਤਰੀਆਂ ਦੀਆਂ ਮਿੰਨਤਾਂ ਕੱਢਣ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨਕ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਮਾਰ ਰਹੇ ਹਨ। ਬਠਿੰਡਾ ਹੋਟਲ/ਰੈਸਟੋਰੈਂਟ ਐਂਡ ਰਿਜ਼ੋਰਟ ਐਸੋਸੀਏਸ਼ਨ ਦੇ ਪ੍ਰਧਾਨ ਸਤੀਸ਼ ਅਰੋੜਾ ਨੇ ਦੱਸਿਆ ਕਿ 30 ਨਵੰਬਰ ਤੋਂ 14 ਦਸੰਬਰ, 2012 ਤੱਕ ਹੋਏ ਤੀਜੇ ਵਿਸ਼ਵ ਕਬੱਡੀ ਕੱਪ ਦੀਆਂ ਭਾਗੀਦਾਰ ਟੀਮਾਂ ਨੂੰ ਬਠਿੰਡਾ ਸ਼ਹਿਰ ਦੇ ਦਰਜਨਾਂ ਹੋਟਲਾਂ ਵਿਚ ਠਹਿਰਾਇਆ ਗਿਆ ਸੀ। ਟੀਮਾਂ ਦੇ ਠਹਿਰਨ ਤੇ ਖਾਣੇ ਦੇ ਲੱਖਾਂ ਰੁਪਏ ਦੇ ਬਿੱਲ ਪ੍ਰਸ਼ਾਸਨਕ ਅਧਿਕਾਰੀਆਂ ਰਾਹੀ ਸਰਕਾਰ ਨੂੰ ਭੇਜਿਆ ਮਹੀਨੇ ਬੀਤੇ ਚੁੱਕੇ ਹਨ।

ਇਕੱਲੇ ਸੈਂਪਲ ਹੋਟਲ ਦੇ 34 ਲੱਖ 36 ਹਜ਼ਾਰ 279 ਰੁਪਏ, ਕ੍ਰਿਸ਼ਨਾ ਕਾਂਟੀਨੈਂਟਲ ਦੇ 18 ਲੱਖ, ਬਾਹੀਆ ਰਿਜ਼ੋਰਟ ਦੇ 9 ਲੱਖ 67 ਹਜ਼ਾਰ, ਕਨਫੋਟਿਲ ਦੇ ਅੱਠ ਲੱਖ, ਬਾਹੀਆ ਫੋਰਟ ਦੇ ਤਿੰਨ ਲੱਖ 24 ਹਜ਼ਾਰ, ਸਨਸਿਟੀ ਦੇ ਦੋ ਲੱਖ 65 ਹਜ਼ਾਰ, ਹਾਈਵੇ ਦੇ ਇਕ ਲੱਖ 13 ਹਜ਼ਾਰ 400, ਰੇਖੀ ਦੇ 78000, ਫਾਇਵ ਰਿਵਰ ਦੇ 45000 ਹਜ਼ਾਰ, ਸੈਲੀਬਰੇਸ਼ਨ ਦੇ ਇਕ ਲੱਖ 38, 500, ਸਿਟੀ ਟਾਵਰ ਦੇ 54 ਹਜ਼ਾਰ ਰੁਪਏ, ਐਮ. ਸਿਲ ਪ੍ਰਾਈਡ ਦੇ 96 ਹਜ਼ਾਰ ਰੁਪਏ ਅਜੇ ਤੱਕ ਨਹੀਂ ਦਿੱਤੇ ਗਏ।

# ਚੋਣਾਂ ਵਿਚ ਹੀ ਉਲਝ ਕੇ ਰਹਿ ਗਈ ਪੰਜਾਬ ਸਰਕਾਰ !

## ਸਾਰਾ ਸਰਕਾਰੀ ਕੰਮਕਾਜ ਲੀਹੋਂ ਲੱਥਾ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਆਪਣੇ ਸਵਾ ਸਾਲ ਦੇ ਕਾਰਜਕਾਲ ਦੌਰਾਨ ਚੋਣਾਂ ਜਿੱਤਣ ਲਈ ਗਿਣਤੀਆਂ ਮਿਣਤੀਆਂ ਵਿਚ ਹੀ ਉਲਝੀ ਹੋਈ ਹੈ ਜਿਸ ਕਰਕੇ ਸੂਬੇ ਦਾ ਪ੍ਰਬੰਧਕੀ ਢਾਂਚਾ ਲੀਹੋਂ ਲਹਿ ਚੁੱਕਾ ਹੈ। ਸਰਕਾਰ ਨੇ ਇਸ ਵਕਫ਼ੇ ਦੌਰਾਨ ਸਿਆਸੀ ਫਰੰਟ 'ਤੇ ਤਾਂ ਬਥੇਰੀ ਮਾਅਰਕੇਬਾਜ਼ੀ ਮਾਰੀ ਹੈ ਪਰ ਲੋਕਾਂ ਨੂੰ ਸਹੂਲਤਾਂ ਦੇਣ ਪੱਖੋਂ ਸਰਕਾਰ ਜ਼ੀਰੋ ਹੀ ਰਹੀ ਹੈ। ਸਰਕਾਰ ਨੇ 14 ਮਹੀਨਿਆਂ ਦੌਰਾਨ ਹੁਣ ਤੱਕ ਪੰਜ ਵੱਡੀਆਂ ਚੋਣਾਂ ਲੜੀਆਂ ਹਨ। ਆਉਂਦੇ ਦੋ ਮਹੀਨਿਆਂ ਦੌਰਾਨ ਪੰਚਾਇਤਾਂ ਤੇ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਤਿਆਰ ਹਨ। ਉਸ ਤੋਂ ਬਾਅਦ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਹੋ ਜਾਣੀ ਹੈ।

ਇਸ ਨਾਲ ਸਪੱਸ਼ਟ ਹੈ ਕਿ ਇਸ ਸਰਕਾਰ ਦੇ ਪਹਿਲੇ ਢਾਈ ਸਾਲ ਚੋਣਾਂ ਲੜਨ ਤੇ ਚੋਣਾਂ ਦੀ ਤਿਆਰ ਵਿਚ ਗੁਜ਼ਰ ਜਾਣੇ ਹਨ। ਪੰਜਾਬ ਦਾ ਸਿਵਲ ਸਕੱਤਰੇਤ ਅਕਸਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਮੰਤਰੀਆਂ ਦੀ ਉਡੀਕ ਕਰਦਾ ਰਹਿੰਦਾ ਹੈ। ਸੂਤਰਾਂ ਅਨੁਸਾਰ 14 ਮਹੀਨਿਆਂ ਦੇ ਕਾਰਜਕਾਲ ਵਿਚ ਹੋਰ ਰੁਝੇਵਿਆਂ ਕਾਰਨ ਮੁੱਖ ਮੰਤਰੀ ਤੇ ਮੰਤਰੀ ਅੱਧੇ ਦਿਨ ਵੀ ਦਫ਼ਤਰਾਂ ਵਿਚ ਨਹੀਂ ਰਹੇ। ਮਾਰਚ 2012 ਵਿਚ ਅਕਾਲੀ ਭਾਜਪਾ ਗੱਠਜੋੜ ਦੇ ਮੁੜ ਤੋਂ ਸੱਤਾ ਵਿਚ ਆਉਣ ਤੋਂ ਬਾਅਦ ਪੰਜ ਵੱਡੀਆਂ ਚੋਣਾਂ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਨਗਰ ਨਿਗਮ ਚੋਣਾਂ, ਦਸੂਹਾ ਉਪ ਚੋਣ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ,



ਮੋਗਾ ਉਪ ਚੋਣ ਤੇ ਪਿਛਲੇ ਦਿਨਾਂ ਦੌਰਾਨ ਹੋਈਆਂ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਸ਼ਾਮਲ ਹਨ।

ਇਨ੍ਹਾਂ ਦੌਰਾਨ ਸਮੁੱਚਾ ਮੰਤਰੀ ਮੰਡਲ ਤੇ ਮੁੱਖ ਸੰਸਦੀ ਸਕੱਤਰ ਚੋਣਾਂ ਵਿਚ ਹੀ ਰੁੱਝੇ ਰਹੇ ਹਨ। ਇਸ ਸਾਲ ਦੌਰਾਨ ਤਾਂ ਸਰਕਾਰ ਜਨਵਰੀ ਮਹੀਨੇ ਤੋਂ ਹੀ ਚੋਣਾਂ ਵਿਚ ਹੈ। ਮਾਰਚ ਮਹੀਨੇ ਬਜਟ ਸੈਸ਼ਨ ਦੌਰਾਨ ਹੀ ਮੁੱਖ ਮੰਤਰੀ ਤੇ ਹੋਰਾਂ ਮੰਤਰੀਆਂ ਨੇ ਚੰਡੀਗੜ੍ਹ ਵਿਚ ਭਰਵੀਂ ਹਾਜ਼ਰੀ ਲਵਾਈ, ਬਾਕੀ ਦਿਨਾਂ ਦੌਰਾਨ ਤਾਂ ਕਦੇ ਕਦਾਈ ਹੀ ਮੰਤਰੀ ਆਪਣੇ ਦਫ਼ਤਰਾਂ ਵਿਚ ਦਿੱਸੇ। ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਵਿਚ ਮੰਤਰੀ ਚੰਡੀਗੜ੍ਹ ਨਹੀਂ ਆਏ। ਸੂਤਰਾਂ ਅਨੁਸਾਰ ਮੰਤਰੀਆਂ ਦੀ ਲੰਮੀ ਗ਼ੈਰਹਾਜ਼ਰੀ ਕਾਰਨ ਕੰਮ ਰੁਕੇ ਪਏ ਹਨ ਤੇ ਦਫ਼ਤਰਾਂ ਵਿਚ ਫਾਈਲਾਂ ਜਮ੍ਹਾਂ ਹੋਈਆਂ ਪਈਆਂ ਹਨ। ਵਿੱਤ ਮੰਤਰੀ ਤੇ ਸਿੱਖਿਆ ਮੰਤਰੀ ਨੇ ਕਿਹਾ ਕਿ ਚੋਣਾਂ ਦੇ ਲਗਾਤਾਰ ਆਉਣ ਨਾਲ ਸਰਕਾਰੀ ਕੰਮਕਾਰ ਪ੍ਰਭਾਵਿਤ ਹੁੰਦਾ ਹੈ। ਜੇਕਰ ਵਾਰ ਵਾਰ ਚੋਣਾਂ ਆਉਂਦੀਆਂ ਹਨ ਤਾਂ ਲੜਨੀਆਂ ਹੀ ਪੈਂਦੀਆਂ ਹਨ। ਪੰਜਾਬ ਸਰਕਾਰ ਨੂੰ ਵਿੱਤੀ ਫਰੰਟ 'ਤੇ ਬਹੁਤ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੇ ਮਾਲੀ ਸੰਕਟ ਵਿਚੋਂ ਨਿਕਲਣ ਲਈ ਕੋਈ ਵੱਡਾ ਉਪਰਾਲਾ ਨਹੀਂ ਕੀਤਾ। ਫਰਵਰੀ ਤੇ ਮਾਰਚ ਮਹੀਨਿਆਂ ਦੀਆਂ ਤਨਖਾਹਾਂ ਵਿੱਤ ਵਿਭਾਗ ਨੇ ਮਸਾਂ ਹੀ ਕੋਈ ਜੁਗਾੜ ਕਰਕੇ ਦਿੱਤੀਆਂ ਹਨ। ਅਪਰੈਲ ਮਹੀਨੇ ਦੌਰਾਨ ਵੈਟ ਦੀ ਵਸੂਲੀ ਮਹਿਜ਼ ਚਾਰ ਫੀਸਦੀ ਹੀ ਵਧ ਸਕੀ। ਇਕ ਤਾਂ ਕਣਕ ਦਾ ਉਤਪਾਦਨ ਘਟਣ ਕਾਰਨ ਤੇ ਦੂਸਰਾ ਵਿਭਾਗ ਚੋਰੀ ਰੋਕਣ ਵਿਚ ਵੀ ਸਫ਼ਲ ਨਹੀਂ ਹੋ ਸਕਿਆ। ਜਦੋਂਕਿ ਵਿਭਾਗ ਨੇ ਵੈਟ ਵਿਚ ਵਾਧੇ ਦਾ ਟੀਚਾ 18 ਫੀਸਦੀ ਮਿਥਿਆ ਹੋਇਆ ਹੈ।

# ਦੋ ਦਹਾਕੇ ਪਹਿਲਾਂ ਹੋਏ ਪੁਲਿਸ ਮੁਕਾਬਲੇ ਦੀ ਸੀ.ਬੀ.ਆਈ. ਜਾਂਚ ਮੰਗੀ

**ਚੰਡੀਗੜ੍ਹ:** ਤਕਰੀਬਨ ਦੋ ਦਹਾਕੇ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਗੁਰਦਾਸਪੁਰ ਜ਼ਿਲ੍ਹੇ ਦੇ ਸੁਖਪਾਲ ਸਿੰਘ ਦੀ ਪਤਨੀ ਤੇ ਪਿਤਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਦਾਇਰ ਕਰਕੇ ਇਸ ਪੁਲਿਸ ਮੁਕਾਬਲੇ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਤੇ ਪਿਤਾ ਜਗੀਰ ਸਿੰਘ ਵਾਸੀ ਪਿੰਡ ਕਾਲਾ ਅਫਗਾਨਾ ਨੇ ਦਾਇਰ ਕੀਤੀ ਪਟੀਸ਼ਨ ਵਿਚ ਕਿਹਾ ਕਿ ਸੁਖਪਾਲ ਸਿੰਘ ਨੂੰ ਗਿਣੀਮਿਥੀ ਸਾਜ਼ਿਸ਼ ਤਹਿਤ ਮਾਰ ਦਿੱਤਾ ਗਿਆ ਸੀ ਤੇ ਬਾਅਦ ਵਿਚ ਪੁਲਿਸ ਨੇ ਐਲਾਨ ਕੀਤਾ ਕਿ ਖਾੜਕੂ ਗੁਰਨਾਮ ਸਿੰਘ ਬੰਦਾਨਾ ਉਰਫ ਨੀਲਾ ਤਾਰਾ ਮਾਰਿਆ ਗਿਆ ਹੈ।

ਪਟੀਸ਼ਨਰਾਂ ਮੁਤਾਬਕ ਬਾਅਦ ਵਿਚ ਪਤਾ ਲੱਗਾ ਕਿ ਖਾੜਕੂ ਨੀਲਾ ਤਾਰਾ ਜਿੰਦਾ ਸੀ ਤੇ ਪੰਜਾਬ ਸਰਕਾਰ ਨੇ ਇਸ ਝੂਠੇ ਪੁਲਿਸ ਮੁਕਾਬਲੇ ਦੀ ਜਾਂਚ ਵੀ ਨਹੀਂ ਕਰਵਾਈ। ਪਟੀਸ਼ਨਰਾਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਹ ਪੁਲਿਸ ਮੁਕਾਬਲਾ ਫਿਰੋਜ਼ਪੁਰ ਰੇਂਜ ਦੇ ਡੀਆਈਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਅਗਵਾਈ ਹੇਠ ਕੀਤਾ ਗਿਆ ਸੀ। ਇਹ ਘਟਨਾ 13 ਅਗਸਤ,




1994 ਨੂੰ ਉਸ ਸਮੇਂ ਵਾਪਰੀ ਸੀ ਜਦੋਂ ਕੁਝ ਪੁਲਿਸ ਅਧਿਕਾਰੀ ਸੁਖਪਾਲ ਸਿੰਘ ਨੂੰ ਉਸ ਦੇ ਘਰੋਂ ਇਹ ਕਹਿ ਕੇ ਚੁੱਕ ਲੈ ਗਏ ਸਨ ਕਿ ਮਜੀਠਾ ਜ਼ਿਲ੍ਹਾ ਪੁਲਿਸ ਨੇ ਉਸ ਤੋਂ ਪੁੱਛਗਿੱਛ ਕਰਨੀ ਹੈ। ਬਾਅਦ ਵਿਚ ਰੋਪੜ ਦੀ ਜ਼ਿਲ੍ਹਾ ਪੁਲਿਸ ਨੇ ਉਮਰਾਨੰਗਲ ਦੀ ਅਗਵਾਈ ਵਿਚ ਸੁਖਪਾਲ ਨੂੰ ਖਾੜਕੂ ਨੀਲਾ ਤਾਰਾ ਦੱਸ ਕੇ ਮਾਰ ਦਿੱਤਾ ਸੀ। ਇਸ ਮਗਰੋਂ 2007 ਵਿਚ ਖਬਰ ਆਈ ਸੀ ਕਿ ਨੀਲਾ ਤਾਰਾ ਨੂੰ ਜਿੰਦਾ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਸ ਕਾਰਨ ਸੁਖਪਾਲ ਦੀ ਮੌਤ ਸ਼ੱਕ ਦੇ ਘੇਰੇ ਵਿਚ ਆ ਗਈ ਸੀ।

# ਗੱਠਜੋੜ ਦੇ ਸਹਾਰੇ ਕਾਂਗਰਸ ਦੀ ਦੋਆਬੇ 'ਚ ਵਾਪਸੀ

**ਚੰਡੀਗੜ੍ਹ:** ਬਸਪਾ ਤੇ ਸਾਂਝੇ ਮੋਰਚੇ ਨਾਲ ਚੋਣ ਗੱਠਜੋੜ ਦੇ ਸਹਾਰੇ ਕਾਂਗਰਸ ਦੀ ਦੋਆਬੇ ਵਿਚ ਵਾਪਸੀ ਹੋਈ ਹੈ। ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਵਿਚ ਭਾਵੇਂ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਭਾਰੂ ਰਿਹਾ ਹੈ ਪਰ ਦੋਆਬੇ ਵਿਚ ਕਾਂਗਰਸ ਵੱਲੋਂ ਬਸਪਾ ਨਾਲ ਅੰਦਰਖਾਤੇ ਕੀਤੇ ਗੱਠਜੋੜ ਨੇ ਚੰਗੇ ਨਤੀਜੇ ਦਿੱਤੇ ਹਨ । ਕੁਝ ਇਕ ਥਾਵਾਂ 'ਤੇ ਇਸ ਨੇ ਸੱਤਾਧਾਰੀ ਗੱਠਜੋੜ ਨੂੰ ਬਰਾਬਰ ਦੀ ਟੱਕਰ ਦੇ ਕੇ ਆਪਣੀ ਹੋਂਦ ਜਤਾ ਦਿੱਤੀ ਹੈ। ਇਨ੍ਹਾਂ ਚੋਣਾਂ ਬਾਰੇ ਕਾਂਗਰਸ ਆਗੂ ਦਾਅਵਾ ਕਰ ਰਹੇ ਹਨ ਕਿ ਜੇ ਇਹ ਚੋਣਾਂ ਬਿਨਾਂ ਕਿਸੇ ਡਰ-ਭੈਅ ਤੋਂ ਹੁੰਦੀਆਂ ਤਾਂ ਇਸ ਦੇ ਨਤੀਜੇ ਹੋਰ ਹੀ ਹੋਣੇ ਸਨ।

ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਦੋਆਬੇ ਵਿਚੋਂ ਕਾਂਗਰਸ ਦਾ ਤਕਰੀਬਨ ਸਫਾਇਆ ਹੀ ਹੋ ਗਿਆ ਸੀ ਤੇ ਜਲੰਧਰ ਵਰਗੇ ਕਾਂਗਰਸ ਦੇ ਗੜ੍ਹ ਸਮਝੇ ਜਾਂਦੇ ਜ਼ਿਲ੍ਹੇ ਵਿਚ ਕਾਂਗਰਸ ਨੂੰ ਵਿਧਾਨ ਸਭਾ ਦੀ ਇਕ ਵੀ ਸੀਟ ਨਹੀਂ ਸੀ ਮਿਲੀ ਪਰ ਹੁਣ ਇਨ੍ਹਾਂ ਚੋਣਾਂ ਨੇ ਕਾਂਗਰਸ ਵਿਚ ਕੁਝ ਸਾਹ ਪਾ ਦਿੱਤਾ ਹੈ ਤੇ ਕਾਂਗਰਸੀ ਇਸ ਜਿੱਤ ਨੂੰ ਅਗਲੀਆਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਚੌਖਟੇ ਵਿਚ ਰੱਖ ਕੇ ਦੇਖ ਰਹੇ ਹਨ।

ਆਦਮਪੁਰ ਬਲਾਕ ਸਮਿਤੀ ਦੀਆਂ 17 ਸੀਟਾਂ 'ਤੇ ਸੱਤਾਧਾਰੀ ਧਿਰ ਨੂੰ ਸਿਰਫ ਸੱਤ ਸੀਟਾਂ 'ਤੇ ਹੀ ਸਬਰ ਕਰਨਾ ਪਿਆ ਜਦਕਿ ਕਾਂਗਰਸ-



ਬਸਪਾ ਗੱਠਜੋੜ 10 ਸੀਟਾਂ ਲਿਜਾ ਕੇ ਸਮਿਤੀ 'ਤੇ ਅਸਾਨੀ ਨਾਲ ਕਾਮਯਾਬ ਹੋ ਗਿਆ। ਇਸੇ ਤਰ੍ਹਾਂ ਨਕੋਦਰ ਬਲਾਕ ਸਮਿਤੀ ਦੀਆਂ 18 ਸੀਟਾਂ 'ਤੇ ਸੱਤਾਧਾਰੀ ਅਕਾਲੀ ਦਲ ਨੂੰ ਸਿਰਫ ਨੌਂ ਸੀਟਾਂ ਹੀ ਮਿਲੀਆਂ ਹਨ। ਇਥੇ ਵੀ ਕਾਂਗਰਸ-ਬਸਪਾ ਗੱਠਜੋੜ ਨੇ ਬਰਾਬਰ ਦੀ ਟੱਕਰ ਦਿੱਤੀ ਹੈ। ਜਲੰਧਰ ਪੂਰਬੀ ਬਲਾਕ ਸਮਿਤੀ ਵਿਚ ਕਾਂਗਰਸ-ਬਸਪਾ ਗੱਠਜੋੜ ਨੇ 13 ਸੀਟਾਂ ਜਿੱਤੀਆਂ ਹਨ ਜਦਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਨੂੰ 10 ਸੀਟਾਂ ਮਿਲੀਆਂ ਹਨ।

ਇਸ ਬਲਾਕ ਸਮਿਤੀ ਵਿਚ ਭਾਜਪਾ ਨੇ ਆਪਣਾ ਖਾਤਾ ਖੋਲ੍ਹਦਿਆਂ ਇਕ ਸੀਟ ਜਿੱਤੀ ਹੈ। ਜਲੰਧਰ ਛਾਉਣੀ ਤੋਂ ਕਾਂਗਰਸੀ ਆਗੂ ਜਗਬੀਰ ਬਰਾੜ ਨੇ ਦੱਸਿਆ ਕਿ ਜੇ ਸਰਕਾਰ ਇਹ ਚੋਣਾਂ ਡਰ-ਭੈਅ ਤੋਂ ਬਿਨਾਂ ਕਰਵਾਉਂਦੀ ਤਾਂ ਕਾਂਗਰਸ ਨੇ ਇੱਥੇ ਹੂੰਝਾ ਫੇਰ ਜਿੱਤ ਹਾਸਲ ਕਰਨੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਚੋਣਾਂ ਨੇ ਲੋਕ ਸਭਾ ਚੋਣਾਂ ਲਈ ਸ਼ੁਭ ਸੰਕੇਤ ਦਿੱਤੇ ਹਨ। ਉਧਰ ਜਲੰਧਰ ਪੱਛਮੀ ਬਲਾਕ ਸਮਿਤੀ ਦੀਆਂ 22 ਸੀਟਾਂ ਵਿਚੋਂ ਕਾਂਗਰਸ ਨੇ ਭਾਵੇਂ ਸੱਤ ਸੀਟਾਂ ਹੀ ਜਿੱਤੀਆਂ ਹਨ ਪਰ ਆਗੂ ਇਸ ਨੂੰ ਵੀ ਵੱਡੀ ਜਿੱਤ ਇਸ ਲਈ ਦੱਸ ਰਹੇ ਹਨ ਕਿ ਉਨ੍ਹਾਂ ਨੇ ਇਥੇ ਬਸਪਾ ਨਾਲ ਕੋਈ ਸਮਝੌਤਾ ਨਹੀਂ ਸੀ ਕੀਤਾ, ਆਪਣੇ ਹੀ ਦਮਖਮ 'ਤੇ ਇਹ ਜਿੱਤ ਹਾਸਲ ਕੀਤੀ ਹੈ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਵਿਚ ਵੀ ਕੁਨਬਾਪ੍ਰਸਤੀ ਭਾਰੂ

**ਚੰਡੀਗੜ੍ਹ:** ਪੰਜਾਬ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਚੋਣਾਂ ਵਿਚ ਵੀ ਕੁਨਬਾਪ੍ਰਸਤੀ ਭਾਰੂ ਰਹੀ ਹੈ। ਸੀਨੀਅਰ ਅਕਾਲੀ ਆਗੂਆਂ ਦੇ ਨੂੰਹਾਂ, ਪੁੱਤਾਂ ਤੇ ਹੋਰ ਕਰੀਬੀ ਰਿਸ਼ਤੇਦਾਰਾਂ ਦੀ ਭਰਮਾਰ ਹੋਣ ਕਾਰਨ ਆਮ ਅਕਾਲੀ ਆਗੂਆਂ ਨੂੰ ਕੋਈ ਮੌਕਾ ਨਹੀਂ ਮਿਲਿਆ। ਇਨ੍ਹਾਂ ਚੋਣਾਂ ਵਿਚ ਜਿੱਤ ਹਾਸਲ ਕਰਨਾ ਰਾਜਨੀਤੀ ਦਾ ਪਹਿਲਾ ਦਾਖ਼ਲਾ ਮੰਨਿਆ ਜਾਂਦਾ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਬਹੁਤ ਸਾਰੇ ਆਗੂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਰਾਹੀਂ ਹੀ ਰਾਜਨੀਤੀ ਦੇ ਸਿਖ਼ਰ ਤੱਕ ਪਹੁੰਚੇ ਹਨ।

ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਹੁਣ ਅਕਾਲੀ ਦਲ ਦੀ ਅਗਲੀ ਪੀੜ੍ਹੀ ਦੇ ਆਗੂਆਂ ਨੇ ਚੇਅਰਮੈਨੀਆਂ ਤੇ ਵਾਈਸ ਚੇਅਰਮੈਨੀਆਂ 'ਤੇ ਵੀ ਅੱਖ ਟਿਕਾਈ ਹੋਈ ਹੈ। ਪਾਰਟੀ ਆਗੂਆਂ ਮੁਤਾਬਕ ਅੱਧੀ ਦਰਜਨ ਤੋਂ ਵੱਧ ਜ਼ਿਲ੍ਹਿਆਂ ਦੇ ਚੇਅਰਮੈਨ ਦੀ ਕੁਰਸੀ 'ਤੇ ਅਕਾਲੀ ਆਗੂਆਂ ਦੇ ਪੁੱਤਰਾਂ ਵੱਲੋਂ ਦਾਅਵੇਦਾਰੀ ਜਤਾਈ ਜਾ ਰਹੀ ਹੈ। ਪੰਜਾਬ ਦੀਆਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਚ ਇਹ ਪਹਿਲੀ ਵਾਰੀ ਹੋਇਆ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਨੂੰਹ ਲਖਵੀਰ ਕੌਰ ਮੁਕਤਸਰ ਜ਼ਿਲ੍ਹੇ ਵਿਚੋਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ




ਜਿੱਤੀ ਹੈ।

ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਜਿੱਤਣ ਵਾਲਿਆਂ ਵਿਚ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਸਪੁੱਤਰ ਗੁਰਪ੍ਰੀਤ ਸਿੰਘ ਮਲੂਕਾ, ਸਾਬਕਾ ਮੰਤਰੀ ਜਗੀਰ ਕੌਰ ਦਾ ਜਵਾਈ ਯੁਵਰਾਜ ਭੁਪਿੰਦਰ ਸਿੰਘ, ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦਾ ਪੁੱਤਰ ਸੋਨੂ ਲੰਗਾਹ, ਮੁੱਖ ਪਾਰਲੀਮਾਨੀ ਸਕੱਤਰ ਮਨਤਾਰ ਸਿੰਘ ਬਰਾੜ ਦਾ ਭਰਾ ਕੁਲਤਾਰ ਸਿੰਘ ਬਰਾੜ, ਵਿਧਾਇਕ ਚਤਿੰਨ ਸਿੰਘ ਸਮਾਓਂ ਦਾ ਪੁੱਤਰ ਮਲਕੀਤ ਸਿੰਘ ਸਮਾਓਂ, ਵਿਧਾਇਕ ਹਰਪ੍ਰੀਤ ਸਿੰਘ ਦੀ ਪਤਨੀ ਅਵਨੀਤ ਕੌਰ, ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਦਾ ਪੁੱਤਰ ਹਰਪ੍ਰੀਤ ਸਿੰਘ ਸ਼ਿਵਾਲਿਕ, ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦਾ ਭਰਾ ਹਰਬੀਰ ਸਿੰਘ ਇਯਾਲੀ, ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਦਾ ਪੁੱਤਰ ਰਣਬੀਰ ਸਿੰਘ ਸ਼ਾਮਲ ਹਨ। ਸਾਬਕਾ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਦਾ ਪੁੱਤਰ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਹਾਰ ਗਿਆ ਹੈ। ਇਸ ਤਰ੍ਹਾਂ ਨਾਲ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਅਕਾਲੀ ਦਲ ਨਾਲ ਸਬੰਧਤ ਆਗੂਆਂ ਦਾ ਬੋਲਬਾਲਾ ਹੋ ਗਿਆ ਹੈ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੇਅਰਮੈਨੀਆਂ ਦੇ ਇਹੋ ਦਾਅਵੇਦਾਰ ਮੰਨੇ ਜਾ ਰਹੇ ਹਨ। ਅਕਾਲੀ ਹਲਕਿਆਂ ਮੁਤਾਬਕ ਸਿੱਖਿਆ ਮੰਤਰੀ ਮਲੂਕਾ ਵੱਲੋਂ ਬਠਿੰਡਾ, ਜਗੀਰ ਕੌਰ ਵੱਲੋਂ ਕਪੂਰਥਲਾ, ਸੁੱਚਾ ਸਿੰਘ ਲੰਗਾਹ ਵੱਲੋਂ ਗੁਰਦਾਸਪੁਰ, ਵੀਰ ਸਿੰਘ ਲੋਪੋਕੇ ਵੱਲੋਂ ਅੰਮ੍ਰਿਤਸਰ, ਮਨਤਾਰ ਸਿੰਘ ਬਰਾੜ ਵੱਲੋਂ ਫਰੀਦਕੋਟ, ਚਤਿੰਨ ਸਿੰਘ ਸਮਾਓਂ ਵੱਲੋਂ ਮਾਨਸਾ ਤੇ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਲੁਧਿਆਣਾ ਜ਼ਿਲ੍ਹੇ ਦੀ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਮੈਨੀ ਆਪਣਿਆਂ ਨੂੰ ਦਿਵਾਉਣ ਲਈ ਹੁਣੇ ਤੋਂ ਹੀ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ।

ਇਨ੍ਹਾਂ ਆਗੂਆਂ ਨੇ ਜੇਤੂ ਉਮੀਦਵਾਰਾਂ ਦੀਆਂ ਮੀਟਿੰਗਾਂ ਵੀ ਬੁਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਜੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੱਕ ਦਾਅਵੇਦਾਰੀ ਦੀ ਆਵਾਜ਼ ਪਹੁੰਚਾਈ ਜਾ ਸਕੇ। ਸਾਲ 2008 ਵਿਚ ਵੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੇ ਪੁੱਤਰਾਂ ਤੇ ਭਰਾਵਾਂ ਦੇ ਹਿੱਸੇ ਹੀ ਕਈ ਜ਼ਿਲ੍ਹਿਆਂ ਦੀ ਚੇਅਰਮੈਨੀ ਆ ਗਈ ਸੀ। ਮਾਨਸਾ ਜ਼ਿਲ੍ਹੇ ਵਿਚ ਤਾਂ ਬਲਵਿੰਦਰ ਸਿੰਘ ਭੂੰਦੜ ਦੇ ਪੁੱਤਰ ਨੂੰ ਚੇਅਰਮੈਨ ਬਣਾਉਣ ਲਈ ਸਰਕਾਰ ਨੇ ਕਈ ਤਰ੍ਹਾਂ ਦੀਆਂ ਕਾਨੂੰਨੀ ਚੋਰ-ਮੋਰੀਆਂ ਲੱਭੀਆਂ।

ਸੂਤਰਾਂ ਮੁਤਾਬਕ ਉਸ ਸਮੇਂ ਮਾਨਸਾ ਜ਼ਿਲ੍ਹੇ ਦੇ ਚੇਅਰਮੈਨ ਦਾ ਅਹੁਦਾ ਦਲਿਤ ਉਮੀਦਵਾਰ ਲਈ ਰਾਖਵਾਂ ਰੱਖਿਆ ਗਿਆ ਸੀ, ਫਿਰ ਰਾਖਵਾਂਕਰਨ ਤੋੜਿਆ ਗਿਆ। ਮਨਪ੍ਰੀਤ ਸਿੰਘ ਇਯਾਲੀ ਸਾਲ 2008 ਵਿਚ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਬਣੇ ਤਾਂ 2012 ਵਿਚ ਵਿਧਾਇਕ ਚੁਣੇ ਗਏ। ਇਸੇ ਤਰ੍ਹਾਂ ਬਲਵਿੰਦਰ ਸਿੰਘ ਭੂੰਦੜ ਵੀ ਆਪਣੇ ਪੁੱਤਰ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਮੈਨੀ ਤੋਂ ਬਾਅਦ 2012 ਦੀਆਂ ਚੋਣਾਂ ਵਿਚ ਸਰਦੂਲਗੜ੍ਹ ਹਲਕੇ ਤੋਂ ਟਿਕਟ ਦਿਵਾਉਣ ਵਿਚ ਕਾਮਯਾਬ ਹੋ ਗਏ ਸਨ।

ਅਕਾਲ ਤਖ਼ਤ ਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਪਣੀ ਨੂੰਹ ਦੇ ਰਾਜਨੀਤੀ ਵਿਚ ਆਉਣ ਨੂੰ ਪਰਿਵਾਰ ਦਾ ਨਿੱਜੀ ਮਾਮਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਪਿਛਲੇ ਕਈ ਸਾਲਾਂ ਤੋਂ ਅਕਾਲੀ ਦਲ ਵਿਚ ਸਰਗਰਮ ਹੈ ਪਰ ਉਨ੍ਹਾਂ ਦਾ ਕਾਰਜ ਖੇਤਰ ਧਾਰਮਿਕ ਹੈ। ਇਸ ਲਈ ਜੇ ਪੁੱਤਰ ਕੋਈ ਰਾਜਨੀਤਕ ਫੈਸਲਾ ਕਰਦਾ ਹੈ ਤਾਂ ਉਸ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ।

# ਦਿੱਲੀ ਵਿਚ ਬਣੇਗੀ ਚੁਰਾਸੀ ਦੇ ਸਿੱਖ ਕਤਲੇਆਮ ਦੀ ਯਾਦਗਾਰ



**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1984 ਵਿਚ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿਚ ਇਕ ਯਾਦਗਾਰ ਦੀ ਸਥਾਪਨਾ ਕਰਨ ਦਾ ਫੈਸਲਾ ਲਿਆ ਹੈ। ਇਸ ਬਾਰੇ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਨਵੰਬਰ 1984 ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ 1984 ਵਿਚ ਹਮਲਾਵਰਾਂ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਦੋ ਸੇਵਕਾਂ ਨੂੰ ਕਤਲ ਕਰ ਦਿੱਤਾ ਸੀ ਤੇ ਗੁਰਦੁਆਰੇ ਦੀ ਇਮਾਰਤ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਸੀ।

ਇਸ ਲਈ ਇਸੇ ਕਤਲੇਆਮ ਦੇ ਸ਼ਿਕਾਰ ਹੋਏ ਹੋਰਨਾਂ ਸਿੱਖਾਂ ਦੀ ਯਾਦ ਵਿਚ ਗੁਰਦੁਆਰਾ ਰਕਾਬ ਗੰਜ ਵਿਖੇ ਯਾਦਗਾਰ ਉਸਾਰਨਾ ਬਿਲਕੁਲ ਢੁਕਵਾਂ ਫੈਸਲਾ ਹੈ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਬੁੱਧੀਜੀਵੀਆਂ, ਆਰਕੀਟੈਕਟਾਂ ਤੇ ਇਤਿਹਾਸਕਾਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ ਜੋ ਯਾਦਗਾਰ ਦੀ ਰੂਪ-ਰੇਖਾ ਬਾਰੇ ਆਪਣੇ ਸੁਝਾਅ ਗੁਰਦੁਆਰਾ ਕਮੇਟੀ ਨੂੰ ਦੇਵੇਗੀ। ਉਨ੍ਹਾਂ ਕਿਹਾ ਕਿ ਯਾਦਗਾਰ ਦੀ ਉਸਾਰੀ ਵਾਸਤੇ ਉਨ੍ਹਾਂ ਨੂੰ ਸਰਕਾਰ ਤੋਂ ਇਜਾਜ਼ਤ ਲੈਣ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਇਹ ਯਾਦਗਾਰ ਕਿਸੇ ਧਰਮ ਦੇ ਖਿਲਾਫ਼ ਭਾਵਨਾਵਾਂ ਭੜਕਾਉਣ ਲਈ ਨਹੀਂ ਬਲਕਿ ਮਾਰੇ ਗਏ ਬੇਦੋਸ਼ੇ ਲੋਕਾਂ ਦੀ ਯਾਦ ਨੂੰ ਸਮਰਪਤ ਕਰਕੇ ਬਣਾਈ ਜਾ ਰਹੀ ਹੈ। ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਸਿੱਖ ਵਿਰੋਧੀ ਸਰਕਾਰ ਨੇ ਸਿੱਖਾਂ ਨੂੰ ਕਤਲ ਤਾਂ ਕਰਵਾਇਆ ਹੀ ਸਗੋਂ ਮ੍ਰਿਤਕਾਂ ਵਾਸਤੇ ਦੋ ਗਜ਼ ਜ਼ਮੀਨ ਵੀ ਨਾ ਦਿੱਤੀ। ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਉਨ੍ਹਾਂ ਨੇ ਕਤਲ ਹੋਏ ਲੋਕਾਂ ਦੀ ਯਾਦਗਾਰ ਬਣਾਉਣ ਵਾਸਤੇ ਕਾਤਲਾਂ ਕੋਲੋਂ ਇਜਾਜ਼ਤ ਨਹੀਂ ਲੈਣੀ। ਦਰਬਾਰ ਸਾਹਿਬ ਵਿਖੇ ਬਣੀ ਯਾਦਗਾਰ ਬਾਰੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਦਿੱਲੀ ਵਿਚ ਮਾਰੇ ਗਏ ਲੋਕ ਅਤਿਵਾਦੀ ਨਹੀਂ ਸਨ, ਇਸ ਲਈ ਯਾਦਗਾਰ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾਣਾ ਚਾਹੀਦਾ।

ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਦ ਸਰਕਾਰ ਨੂੰ ਸੰਸਦ ਦੇ ਸਾਹਮਣੇ ਬਣਾਏ ਗਏ ਗੁਰਦੁਆਰੇ, ਦਫ਼ਤਰ ਤੇ ਗੁਰੂ ਗ੍ਰੰਥ ਸਾਹਿਬ ਰਿਸਰਚ ਸੈਂਟਰ ਦੀ ਉਸਾਰੀ ਨਾਲ ਕੋਈ ਦਿੱਕਤ ਨਹੀਂ ਹੋਈ ਤਾਂ ਸ਼ਹੀਦਾਂ ਦੀ ਯਾਦਗਾਰ ਦੀ ਉਸਾਰੀ ਨਾਲ ਵੀ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ।

## 'ਸ਼ਹੀਦੀ ਯਾਦਗਾਰ 'ਤੇ ਸਿੱਖ ਸੰਘਰਸ਼ ਦਾ ਇਤਿਹਾਸ ਰੂਪਮਾਨ ਹੋਵੇ'

**ਅੰਮ੍ਰਿਤਸਰ:** ਸ਼ਬਦ ਗੁਰੂ ਪ੍ਰਚਾਰ ਸੰਤ ਸਮਾਜ ਵੱਲੋਂ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਾਰੇ ਚੱਲ ਰਹੇ ਵਿਵਾਦ ਬਾਰੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਹੈ ਕਿ ਯਾਦਗਾਰ ਵਿਖੇ ਲਾਏ ਇਤਿਹਾਸ ਬੋਰਡ ਉਪਰ 13 ਅਪਰੈਲ, 1978 ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਨੂੰ ਅਤਿ ਆਧੁਨਿਕ ਢੰਗ ਨਾਲ ਰੂਪਮਾਨ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਇਸ ਇਤਿਹਾਸ ਤੋਂ ਜਾਣੂ ਹੋ ਸਕਣ।

ਇਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਵਿਚ ਜਥੇਬੰਦੀ ਦੇ ਪ੍ਰਧਾਨ ਗਿਆਨੀ ਰਾਮ ਸਿੰਘ ਦੀ ਅਗਵਾਈ ਹੇਠ ਇਕੱਤਰਤਾ ਹੋਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦੀ ਯਾਦਗਾਰ ਸਥਾਪਤ ਕਰਨ ਦੀ ਸ਼ਲਾਘਾ ਕੀਤੀ ਗਈ। ਮੀਟਿੰਗ ਵਿਚ ਹਾਜ਼ਰ ਧਾਰਮਿਕ ਆਗੂਆਂ ਨੇ ਯਾਦਗਾਰ ਦੇ ਰੱਖੇ ਨਾਂਅ ਨੂੰ ਵੀ ਜਾਇਜ਼ ਠਹਿਰਾਇਆ ਹੈ। ਉਨ੍ਹਾਂ ਇਕ ਮਤਾ ਪਾਸ ਕਰਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਸ਼ਹੀਦੀ ਯਾਦਗਾਰ ਬਾਰੇ ਸਥਾਪਤ ਕੀਤੇ ਗਏ ਇਤਿਹਾਸ ਬੋਰਡ ਉਤੇ 13 ਅਪਰੈਲ, 1978 ਤੋਂ ਲੈ ਕੇ ਹੁਣ ਤੱਕ ਦੇ ਸਿੱਖ ਸੰਘਰਸ਼ ਦੇ ਇਤਿਹਾਸ ਨੂੰ ਰੂਪਮਾਨ ਕੀਤਾ ਜਾਵੇ। ਉਨ੍ਹਾਂ ਸੁਝਾਅ ਦਿੱਤਾ ਕਿ ਅਜਿਹੇ ਇਤਿਹਾਸ ਬੋਰਡ ਦੀ ਥਾਂ ਇਥੇ ਸਕਰੀਨ ਸਥਾਪਤ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚੋਂ ਸਿੱਖ ਇਤਿਹਾਸ ਰੂਪਮਾਨ ਹੋਵੇ।

ਇਸ ਬਾਰੇ ਗਿਆਨੀ ਰਾਮ ਸਿੰਘ ਨੇ ਆਖਿਆ ਕਿ ਇਕੱਤਰਤਾ ਵਿਚ ਮਹਿਸੂਸ ਕੀਤਾ ਗਿਆ ਕਿ ਇਥੇ ਸ਼ਹੀਦੀ ਯਾਦਗਾਰ ਜਿਸ ਮਕਸਦ ਤੇ ਸੰਕਲਪ ਨੂੰ ਲੈ ਕੇ ਕਾਇਮ ਕੀਤੀ ਗਈ ਹੈ, ਉਹ ਉਸ ਸੰਕਲਪ 'ਤੇ ਪੂਰੀ ਨਹੀਂ ਉਤਰਦੀ। ਇਸ ਬਾਰੇ ਲਾਏ ਗਏ ਬੋਰਡ ਸਿੱਖ ਸੰਘਰਸ਼ ਦੇ ਇਤਿਹਾਸ ਨਾਲ ਨਿਆਂ ਨਹੀਂ ਕਰਦੇ। ਉਨ੍ਹਾਂ ਆਖਿਆ ਕਿ ਇਸ ਯਾਦਗਾਰ ਉਤੇ ਸ਼ਹੀਦ ਪਰਿਵਾਰ, ਧਰਮੀ ਫੌਜੀਆਂ ਤੇ ਹਰ ਉਸ ਵਿਅਕਤੀ ਦਾ ਨਾਂ ਦਰਜ ਕੀਤਾ ਜਾਵੇ ਜਿਸ ਨੇ ਕੌਮ ਦੀ ਖਾਤਰ ਕੁਰਬਾਨੀ ਦਿੱਤੀ ਹੈ।



ਉਨ੍ਹਾਂ ਆਖਿਆ ਕਿ ਯਾਦਗਾਰ ਵਿਖੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਨਾਂ ਦਰਜ ਕਰਨਾ ਬਿਲਕੁਲ ਜਾਇਜ਼ ਹੈ ਪਰ ਇਥੇ ਜਨਰਲ ਸੁਬੇਗ ਸਿੰਘ, ਬਾਬਾ ਠਾਹਰਾ ਸਿੰਘ, ਭਾਈ ਅਮਰੀਕ ਸਿੰਘ ਸਮੇਤ ਅਖੰਡ ਕੀਰਤਨੀ ਜਥਾ, ਬੱਬਰ ਖਾਲਸਾ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਕਾਰ ਸੇਵਾ ਵਾਲੇ ਬਾਬੇ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ ਤੇ ਕਰਮਚਾਰੀ ਜੋ ਸ਼ਹੀਦ ਹੋਏ ਹਨ, ਉਨ੍ਹਾਂ ਦੇ ਨਾਵਾਂ ਦੀ ਸੂਚੀ ਵੀ ਯਾਦਗਾਰ ਵਿਚ ਦਰਜ ਹੋਣੀ ਚਾਹੀਦੀ ਹੈ। ਇਕ ਹੋਰ ਮਤੇ ਰਾਹੀਂ ਸਿੱਖ ਧਰਮ ਦੇ ਪ੍ਰਚਾਰ ਲਈ ਵੱਡੀ ਲਹਿਰ ਪ੍ਰਚੰਡ ਕਰਨ ਦਾ ਸੱਦਾ ਦਿੱਤਾ ਹੈ ਤਾਂ ਜੋ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ। ਉਨ੍ਹਾਂ ਯਾਦਗਾਰ ਦਾ ਵਿਰੋਧ ਕਰਨ ਵਾਲਿਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।

## ਸੱਜਣ ਕੁਮਾਰ ਦੀ ਅਰਜ਼ੀ 'ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਸੱਜਣ ਕੁਮਾਰ ਤੇ ਕਈ ਹੋਰਾਂ ਵੱਲੋਂ ਵੱਖੋ-ਵੱਖਰੇ ਤੌਰ 'ਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਕੇਸ ਵਿਚ ਹੇਠਲੀ ਅਦਾਲਤ ਵੱਲੋਂ ਦੋਸ਼ ਲਾਏ ਜਾਣ ਵਿਰੁੱਧ ਪਾਈਆਂ ਕਈ ਅਰਜ਼ੀਆਂ 'ਤੇ ਦਿੱਲੀ ਦੀ ਹਾਈ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਇਹ ਕੇਸ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਛੇ ਸਿੱਖਾਂ ਦੀ ਹੱਤਿਆ ਨਾਲ ਸਬੰਧਤ ਸੀ।

29 ਅਪਰੈਲ ਨੂੰ ਜਸਟਿਸ ਸੁਰੇਸ਼ ਕਾਇਤ ਨੇ ਇਹ ਕਹਿੰਦਿਆਂ ਫੈਸਲਾ ਸੁਣਾਉਣ ਦਾ ਅਮਲ ਅੱਗੇ ਪਾ ਦਿੱਤਾ ਸੀ ਕਿ ਇਸ ਬਾਰੇ ਹਾਲੇ ਹੋਰ ਸੁਣਵਾਈ ਦੀ ਲੋੜ ਹੈ ਪਰ ਅਦਾਲਤ ਨੇ ਫਿਰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਕਿਉਂਕਿ ਪੀੜਤਾਂ ਦੇ ਵਕੀਲ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਹੋਰਾਂ ਸਹਿ-ਮੁਲਜ਼ਮਾਂ ਵਿਰੁੱਧ ਫੌਜਦਾਰੀ ਸਾਜ਼ਿਸ਼ ਰਚਣ ਦੇ ਦੋਸ਼ ਤੈਅ ਕੀਤੇ ਜਾਣ ਦੀ ਬੇਨਤੀ ਕੀਤੀ ਸੀ। ਸੱਜਣ ਕੁਮਾਰ ਦੇ ਵਕੀਲ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ।

ਦਲੀਲਬਾਜ਼ੀ ਸ਼ੁਰੂ ਕਰਦਿਆਂ ਸ਼ਿਕਾਇਤਕਰਤਾ ਸ਼ੀਲਾ ਕੌਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ ਫੂਲਕਾ ਨੇ ਕਿਹਾ ਕਿ ਆਈਪੀਸੀ ਦੇ ਸੈਕਸ਼ਨ 120ਬੀ (ਸਾਜ਼ਿਸ਼) ਦੇ ਦੋਸ਼ ਤੈਅ ਕੀਤੇ ਜਾਣ ਦੇ ਵਾਹਵਾ ਸਬੂਤ ਸੱਜਣ ਕੁਮਾਰ ਵਿਰੁੱਧ ਮੌਜੂਦ ਹਨ। ਉਨ੍ਹਾਂ ਕਿਹਾ ਕਿ ਸਾਰੇ ਮੁਲਜ਼ਮ ਸਿੱਖਾਂ 'ਤੇ ਹਮਲੇ ਕਰਕੇ ਉਨ੍ਹਾਂ ਨੂੰ ਮਾਰਨ ਦੀ ਸਾਜ਼ਿਸ਼ ਵਿਚ ਇਕ-ਦੂਜੇ ਨਾਲ ਸ਼ਰੀਕ ਸਨ।

ਸੱਜਣ ਕੁਮਾਰ ਨੇ ਨਵੰਬਰ 1984 ਨੂੰ 300-400 ਲੋਕਾਂ ਦੀ ਭੀੜ ਨੂੰ ਭੜਕਾਊ ਭਾਸ਼ਣ ਦੇ ਕੇ ਸਿੱਖਾਂ ਨੂੰ ਮਾਰਨ, ਲੁੱਟਣ ਦੇ ਆਦੇਸ਼ ਦਿੱਤੇ ਸਨ। ਉਨ੍ਹਾਂ ਨੇ ਇਨ੍ਹਾਂ ਵਿਰੁੱਧ ਹੇਠਲੀ ਅਦਾਲਤ ਵੱਲੋਂ ਸਾਜ਼ਿਸ਼ ਦੇ ਦੋਸ਼ ਨਾ ਲਾਉਣ ਨੂੰ 'ਗੈਰਕਾਨੂੰਨੀ' ਕਿਹਾ।

## ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ 'ਤੇ ਵੀ ਲੱਗੇਗਾ ਛਾਇਆਵਾਨ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁਣ ਦਰਸ਼ਨੀ ਡਿਓੜੀ ਕੋਲ ਗੁਰਦੁਆਰਾ ਲਾਚੀ ਬੇਰ ਤੀਕ ਦੇ ਰਸਤੇ ਉਪਰ ਵਿਸ਼ੇਸ਼ ਛਾਇਆਵਾਨ ਸਥਾਪਤ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਅਜਿਹਾ ਛਾਇਆਵਾਨ ਦਰਸ਼ਨੀ ਡਿਓੜੀ ਤੋਂ ਸੱਚਖੰਡ ਤੱਕ ਜਾਂਦੇ ਪੁਲ ਤੇ ਸਥਾਪਤ ਕੀਤਾ ਗਿਆ ਹੈ। ਇਹ ਛਾਇਆਵਾਨ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਗਰਮੀ ਵਿਚ ਧੁੱਪ ਤੇ ਮੀਂਹ ਤੋਂ ਬਚਾਉਣ ਦੇ ਮਕਸਦ ਨਾਲ ਸਥਾਪਤ ਕੀਤਾ ਜਾ ਰਿਹਾ ਹੈ।

ਇਸ ਬਾਰੇ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣੇ ਵਾਲੇ ਤੇ ਬਾਬਾ ਰਾਮ ਸਿੰਘ ਸੀਂਘੜਾ ਕਰਨਾਲ ਵਾਲਿਆਂ ਵੱਲੋਂ ਬਾਬਾ ਮਹਿਲ ਸਿੰਘ ਨੇ ਛਾਇਆਵਾਨ ਦੀ ਸੇਵਾ ਸ਼ੁਰੂ ਕੀਤੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਉਂਦੀਆਂ ਹਨ ਤੇ ਮੱਥਾ ਟੇਕਣ ਲਈ ਦਰਸ਼ਨੀ ਡਿਓੜੀ ਤੋਂ ਅਗਾਂਹ ਪੁਲ ਉਪਰ ਕਾਫੀ ਦੇਰ ਇੰਤਜ਼ਾਰ ਕਰਨਾ ਪੈਂਦਾ ਹੈ।

ਗਰਮੀ ਤੇ ਬਰਸਾਤ ਦੇ ਮੌਸਮ ਦੌਰਾਨ ਸੰਗਤਾਂ ਨੂੰ ਕਾਫੀ ਮੁਸ਼ਕਲ ਪੇਸ਼ ਆਉਂਦੀ ਸੀ। ਸੰਗਤਾਂ ਦੀ ਇਸ ਮੁਸ਼ਕਲ ਨੂੰ ਧਿਆਨ ਵਿਚ ਰੱਖਦਿਆਂ ਸੁੱਖ-ਸਹੂਲਤ ਲਈ ਸ਼੍ਰੋਮਣੀ ਕਮੇਟੀ ਨੇ ਪੁਲ ਉੱਪਰ ਛਾਇਆਵਾਨ ਲਾਉਣ ਦਾ ਅਹਿਮ ਫੈਸਲਾ ਕੀਤਾ ਸੀ। ਦੱਸਣਯੋਗ ਹੈ ਕਿ ਉਸ ਵੇਲੇ ਸਿੱਖ ਵਿਦਵਾਨਾਂ ਤੇ ਵਿਰਾਸਤ ਪ੍ਰੇਮੀਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ ਤੇ ਆਖਿਆ ਸੀ ਕਿ ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਪੁਰਾਤਨ ਸਰੂਪ ਵਿਚ ਬਦਲਾਅ ਹੋਵੇਗਾ ਪਰ ਸ਼੍ਰੋਮਣੀ ਕਮੇਟੀ ਆਪਣੇ ਫੈਸਲੇ 'ਤੇ ਅੜਿੱਗ ਰਹੀ ਤੇ ਇਹ ਸੁਨਹਿਰੀ ਰੰਗ ਦਾ ਛਾਇਆਵਾਨ ਸਥਾਪਤ ਕੀਤਾ ਗਿਆ। ਇਸ ਸਵੈਚਲਿਤ ਛਾਇਆਵਾਨ ਨੂੰ ਸਰਦੀਆਂ ਦੇ ਮੌਸਮ ਵਿਚ ਇਕ ਬਟਨ ਦਬਾਉਣ ਨਾਲ ਹੀ ਇਕੱਠਾ ਕੀਤਾ ਜਾ ਸਕਦਾ ਹੈ ਤੇ ਇਸੇ ਤਰ੍ਹਾਂ ਗਰਮੀਆਂ ਦੇ ਮੌਸਮ ਵਿਚ ਕੁਝ ਮਿੰਟਾਂ ਵਿਚ ਹੀ ਇਸ ਦਾ ਫੈਲਾਅ ਕੀਤਾ ਜਾ ਸਕਦਾ ਹੈ।

### ਜਲੰਧਰ ਦੀ ਬੀਬੀ ਦਾ ਨਾਂ ਲਿਮਕਾ ਬੁੱਕ ਵਿਚ ਦਰਜ

**ਜਲੰਧਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੱਥ ਨਾਲ ਲਿਖਣ 'ਤੇ ਦੀਪਨਗਰ ਵਾਸੀ ਬੀਬੀ ਪਰਵਿੰਦਰ ਕੌਰ (ਬੱਬਲ) ਦਾ ਨਾਂ ਲਿਮਕਾ ਬੁੱਕ ਵਿਚ ਦਰਜ ਕੀਤਾ ਗਿਆ ਹੈ। ਲਿਮਕਾ ਬੁੱਕ ਵਿਚ ਨਾਂ ਦਰਜ ਹੋਣ 'ਤੇ ਕਾਫੀ ਉਤਸ਼ਾਹਿਤ ਬੀਬੀ ਪਰਵਿੰਦਰ ਕੌਰ ਨੇ ਦੱਸਿਆ ਕਿ ਇਸ ਕਾਰਜ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਇਕ ਸਾਲ ਸੱਤ ਮਹੀਨੇ ਤੇ 15 ਦਿਨ ਦਾ ਸਮਾਂ ਲੱਗਾ। ਉਨ੍ਹਾਂ ਦੱਸਿਆ ਕਿ ਇਸ ਦੀ ਪ੍ਰੇਰਨਾ ਉਨ੍ਹਾਂ ਨੂੰ ਆਪਣਾ ਮਾਤਾ-ਪਿਤਾ ਕੋਲੋਂ ਮਿਲੀ ਤੇ ਇਸ ਕਾਰਜ ਵਿਚ ਉਨ੍ਹਾਂ ਦਾ ਸਹਿਯੋਗ ਸ. ਅਮਰਜੀਤ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਲੰਧਰ ਛਾਉਣੀ ਤੇ ਵਿਜੇ ਮਿਸ਼ਰਾ ਵਲੋਂ ਦਿੱਤਾ ਗਿਆ। ਉਨ੍ਹਾਂ ਨੂੰ ਪੰਜਾਬੀ ਬਿਲਕੁਲ ਵੀ ਲਿਖਣੀ ਨਹੀਂ ਸੀ ਆਉਂਦੀ ਪਰ ਉਨ੍ਹਾਂ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਹੁਰਾਂ ਕੋਲੋਂ ਪੰਜਾਬੀ ਸਿੱਖਣ ਉਪਰੰਤ ਰੋਜ਼ਾਨਾ ਕਰੀਬ 10 ਘੰਟੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਲਾਏ।



## ਅੰਮ੍ਰਿਤਧਾਰੀ ਬੱਚਿਆਂ ਨੂੰ ਮਿਲੇਗੀ ਮੁਫ਼ਤ ਵਿੱਦਿਆ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਫੈਸਲਾ**



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਅੰਮ੍ਰਿਤਧਾਰੀ ਪਰਿਵਾਰਾਂ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਸਕੂਲਾਂ ਵਿਚ ਪਹਿਲੀ ਤੋਂ ਬਾਰ੍ਹਵੀਂ ਤੀਕ ਮੁਫ਼ਤ ਵਿੱਦਿਆ ਦੇਣ ਦਾ ਫੈਸਲਾ ਕੀਤਾ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੀਤਾ।

ਉਨ੍ਹਾਂ ਕਿਹਾ ਕਿ ਮੁਫ਼ਤ ਸਕੂਲੀ ਵਿੱਦਿਆ ਲੈਣ ਲਈ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਅੰਮ੍ਰਿਤਧਾਰੀ ਹੋਣ ਦਾ ਸਰਟੀਫਿਕੇਟ ਸ਼੍ਰੋਮਣੀ ਕਮੇਟੀ ਨੂੰ ਦੇਣਾ ਪਵੇਗਾ ਤੇ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਗੁਰਸਿੱਖੀ ਵਿਚ ਪਰਪੱਕ ਹੋਣ ਬਾਰੇ ਤਸਦੀਕ ਕਰਵਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਪਤਿਤਪੁਣੇ ਤੋਂ ਬਚਾਉਣ ਲਈ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਪਟਿਆਲਾ, ਫਰੀਦਕੋਟ ਤੇ ਅੰਮ੍ਰਿਤਸਰ ਵਿਚ ਤਿੰਨ ਹਾਕੀ ਅਕੈਡਮੀਆਂ ਸਥਾਪਤ ਕੀਤੀਆਂ ਹਨ ਤੇ ਇਨ੍ਹਾਂ ਵਿਚ ਸਿਖਲਾਈ ਦੇਣ ਲਈ 120 ਬੱਚਿਆਂ ਦੀ ਚੋਣ ਕੀਤੀ ਗਈ ਹੈ।

ਇਨ੍ਹਾਂ ਬੱਚਿਆਂ ਦੀ ਪੜ੍ਹਾਈ, ਰਿਹਾਇਸ਼, ਖੁਰਾਕ ਤੇ ਖੇਡਣ ਲਈ ਕਿੱਟਾਂ ਦਾ ਸਾਰਾ ਖਰਚਾ ਸ਼੍ਰੋਮਣੀ ਕਮੇਟੀ ਕਰੇਗੀ। ਇਨ੍ਹਾਂ ਹਾਕੀ ਖਿਡਾਰੀਆਂ ਤੋਂ ਸਿੱਖੀ ਵਿਚ ਪਰਿਪੱਕ ਰਹਿਣ ਲਈ ਲਿਖਤੀ ਪ੍ਰਣ ਪੱਤਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਖਿਡਾਰੀ ਪਤਿਤ ਹੋਣਗੇ, ਉਨ੍ਹਾਂ ਵਾਸਤੇ ਸ਼੍ਰੋਮਣੀ ਕਮੇਟੀ ਦੀ ਟੀਮ ਵਿਚ ਕੋਈ ਥਾਂ ਨਹੀਂ। ਸ਼੍ਰੋਮਣੀ ਕਮੇਟੀ ਜਿਹੜੀਆਂ ਵੀ ਖੇਡ ਟੀਮਾਂ ਤਿਆਰ ਕਰੇਗੀ, ਉਨ੍ਹਾਂ ਵਿਚ ਸਿਰਫ਼ ਸਾਬਤ ਸੂਰਤ ਖਿਡਾਰੀ ਹੀ ਰੱਖੇ ਜਾਣਗੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਜੰਮੂ ਕਸ਼ਮੀਰ ਦੀਆਂ ਸਿੱਖ ਕੁੜੀਆਂ ਨੂੰ ਆਪਣੇ ਅਦਾਰਿਆਂ ਵਿਚ ਮੁਫ਼ਤ ਵਿੱਦਿਆ ਦੇਵੇਗੀ।

ਹਰਿਆਣਾ ਵਿਚ ਸਿੱਖੀ ਦੇ ਪ੍ਰਚਾਰ ਲਈ ਪੁਸਤਕ ਪ੍ਰਦਰਸ਼ਨੀ ਵਾਲੀ ਗੱਡੀ ਨੂੰ ਹਰੀ ਝੰਡੀ ਦੇਣ ਲਈ ਪਹੁੰਚੇ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪਾਕਿਸਤਾਨੀ ਸਫਾਰਤਖਾਨੇ ਨੇ ਭਾਰਤ ਸਰਕਾਰ ਰਾਹੀਂ ਸੁਨੇਹਾ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਚਾਰ ਜੂਨ ਤੋਂ ਆਪਣੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜ ਸਕਦੀ ਹੈ। ਇਸ ਤੋਂ ਪਹਿਲਾਂ ਪਾਕਿਸਤਾਨੀ ਸਫਾਰਤਖਾਨੇ ਨੇ ਇਹ ਜਥਾ ਅੱਠ ਤੋਂ 18 ਜੂਨ ਤੱਕ ਭੇਜਣ ਦਾ ਪ੍ਰੋਗਰਾਮ ਉਲੀਕਿਆ ਸੀ ਕਿਉਂਕਿ ਉਥੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਦਿਹਾੜਾ 16 ਜੂਨ ਨੂੰ ਮਨਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਦਿਹਾੜਾ 12 ਜੂਨ ਨੂੰ ਮਨਾਵੇਗੀ।

ਇਸ ਬਾਰੇ ਸ਼੍ਰੋਮਣੀ ਕਮੇਟੀ ਦਾ ਵਫਦ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮਾ ਤੇ ਇਸ ਤੋਂ ਪਹਿਲਾਂ ਕੈਲੰਡਰ ਦੀ ਸੋਧ ਬਾਰੇ ਪ੍ਰਕਿਰਿਆ ਵਾਲੇ ਸਮੂਹ ਦਸਤਾਵੇਜ਼ ਨਾਲ ਲੈ ਕੇ ਜਾਵੇਗਾ ਜੋ ਉਥੇ ਪਾਕਿਸਤਾਨ ਵਿਖੇ ਸਬੰਧਤ ਅਧਿਕਾਰੀਆਂ ਨੂੰ ਦਿਖਾਏ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨੀ ਅਧਿਕਾਰੀਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ 12 ਜੂਨ ਨੂੰ ਸ਼ਹੀਦੀ ਦਿਹਾੜਾ ਮਨਾਉਣ ਦੀ ਆਗਿਆ ਦਿੱਤੀ ਗਈ ਤਾਂ ਉਹ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਅਖੰਡ ਪਾਠ ਦੇ ਭੋਗ ਪਾਉਣਗੇ ਤੇ 14 ਜੂਨ ਨੂੰ ਜਥਾ ਪਰਤ ਆਵੇ।

# ਸਰਕਾਰੀ ਕੰਮਾਂ 'ਚ ਵੀ ਸਿਰਫ ਰਿਸ਼ਤੇਦਾਰਾਂ 'ਤੇ ਭਰੋਸੇ ਦੀ ਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਗੱਲ ਕਿਸੇ ਵਿਸ਼ੇਸ਼ ਵਿਅਕਤੀ ਦੀ ਨਹੀਂ, ਇੱਕ ਵਰਤਾਰੇ ਦੀ ਹੈ, ਜਿਹੜਾ ਭਾਰਤ ਦੀ ਰਾਜਨੀਤੀ ਵਿਚ ਬਹੁਤ ਭਾਰੂ ਹੋ ਗਿਆ ਹੈ। ਇਥੇ ਜਿਹੜਾ ਵੀ ਲੀਡਰ ਇਹ ਆਖਦਾ ਹੈ ਕਿ ਉਹ ਫਲਾਣੀ ਪਾਰਟੀ ਦਾ ਵਫਾਦਾਰ ਹੈ, ਉਹ ਜਦੋਂ ਕਿਸੇ ਚੋਣ ਲਈ ਆਪਣੇ ਨਾਮਜ਼ਦਗੀ ਕਾਗਜ਼ ਭਰਨ ਲੱਗਦਾ ਹੈ ਤਾਂ ਨੱਬੇ ਫੀਸਦੀ ਮਾਮਲਿਆਂ ਵਿਚ ਉਸ ਦੇ ਨਾਲ ਕਵਰਿੰਗ ਉਮੀਦਵਾਰ ਉਸ ਦੀ ਪਤਨੀ, ਪੁੱਤਰ, ਧੀ, ਜਵਾਈ, ਨੂੰਹ ਜਾਂ ਕੋਈ ਹੋਰ ਨੇੜਲਾ ਰਿਸ਼ਤੇਦਾਰ ਹੁੰਦਾ ਹੈ। ਕਵਰਿੰਗ ਉਮੀਦਵਾਰ ਦਾ ਅਰਥ ਇਹ ਹੈ ਕਿ ਜੇ ਉਮੀਦਵਾਰ ਦਾ ਪਰਚਾ ਕਿਸੇ ਕਾਰਨ ਰੱਦ ਹੋ ਜਾਵੇ ਤਾਂ ਉਸ ਦੀ ਥਾਂ ਇਸ ਪਾਰਟੀ ਦਾ ਕਵਰਿੰਗ ਉਮੀਦਵਾਰ ਹੀ ਚੋਣ ਲੜੇਗਾ। ਆਪਣੇ ਨਾਲ ਕਵਰਿੰਗ ਉਮੀਦਵਾਰ ਸਿਰਫ਼ ਘਰ ਦੇ ਜੀਆਂ ਨੂੰ ਬਣਾਉਣ ਦਾ ਅਰਥ ਇਹ ਹੈ ਕਿ ਕਿਸੇ ਵੀ ਲੀਡਰ ਨੂੰ ਆਪਣੀਆਂ ਸੱਜੀਆਂ-ਖੱਬੀਆਂ ਬਾਂਹਾਂ ਗਿਣੇ ਜਾਂਦੇ ਆਪਣੇ ਸਾਥੀਆਂ ਉਤੇ ਵੀ ਭਰੋਸਾ ਨਹੀਂ ਹੈ।*

ਪੰਜਾਬ ਦੇ ਲੋਕਾਂ ਦਾ ਧਿਆਨ ਇਸ ਵਕਤ ਇਥੇ ਹੋਈਆਂ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵੱਲ ਹੈ, ਜਿਨ੍ਹਾਂ ਵਿਚ ਵਿਵਾਦਾਂ ਦੀ ਓੜਕ ਹੋ ਗਈ ਹੈ। ਅੱਗੋਂ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਚੋਣਾਂ ਹੋਣ ਵਾਲੀਆਂ ਹੋਣ ਕਰ ਕੇ ਬਹੁਤ ਸਾਰੇ ਲੋਕ ਫਿਕਰਮੰਦ ਹਨ। ਕੁਝ ਲੋਕ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਬੀਬੀ ਸੋਨੀਆ ਗਾਂਧੀ ਦੀ ਇਸ ਗੱਲ ਨੂੰ ਲੈ ਕੇ ਹੱਸੀ ਜਾਂਦੇ ਹਨ ਕਿ ਪਿਛਲੇ ਨੌਂ ਸਾਲਾਂ ਵਿਚ ਦੇਸ਼ ਦੀ ਤਰੱਕੀ ਬਹੁਤ ਹੋ ਗਈ ਹੈ ਤੇ ਹੁਣ ਉਨ੍ਹਾਂ ਦੋਵਾਂ ਦੇ ਕਹਿਣ ਮੁਤਾਬਕ 'ਜਸ਼ਨ ਮਨਾਉਣ ਦਾ ਮੌਕਾ' ਆ ਗਿਆ ਹੈ। ਕ੍ਰਿਕਟ ਦੇ ਭ੍ਰਿਸ਼ਟਾਚਾਰ ਵੱਲ ਵੀ ਬਹੁਤ ਸਾਰੇ ਲੋਕਾਂ ਦਾ ਧਿਆਨ ਹੈ। ਪੰਜਾਬ ਦੇ ਕੁਝ ਲੋਕ ਇੱਕ ਹੋਰ ਗੱਲ ਬਾਰੇ ਸੋਚ ਰਹੇ ਹਨ ਅਤੇ ਉਹ ਇਹ ਕਿ ਸੈਕੰਡਰੀ ਵਿਦਿਆ ਦੇ ਡਾਇਰੈਕਟਰ ਜਨਰਲ ਕਾਹਨ ਸਿੰਘ ਪਨੂੰ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਵਿਚਾਲੇ ਵਿਵਾਦ ਏਨਾ ਵਧ ਗਿਆ ਹੈ ਕਿ ਪੰਜ ਸਾਲ ਪਹਿਲਾਂ ਇੱਕ ਆਈ ਏ ਐਸ ਅਫਸਰ ਕ੍ਰਿਸ਼ਨ ਕੁਮਾਰ ਨੂੰ ਪੰਜਾਬ ਤੋਂ ਭਜਾਉਣ ਵਾਲੀ ਕਹਾਣੀ ਦੁਹਰਾਈ ਜਾ ਸਕਦੀ ਹੈ। ਕ੍ਰਿਸ਼ਨ ਕੁਮਾਰ ਨੂੰ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਨਵੀਂ ਨਿਯੁਕਤੀ ਮਿਲ ਗਈ ਸੀ, ਪਰ ਪੰਜਾਬ ਦੇ ਹੁਣ ਵਾਲੇ ਡਾਇਰੈਕਟਰ ਜਨਰਲ ਨੂੰ ਜੇ ਇਸ ਥਾਂ ਤੋਂ ਪੁੱਟਿਆ ਗਿਆ ਤਾਂ ਹਰਿਆਣੇ ਵਾਲੇ ਆਈ ਏ ਐਸ ਅਫਸਰ ਅਸ਼ੋਕ ਖੇਮਕਾ ਵਾਂਗ ਸ਼ਾਇਦ ਬਿਸਤਰਾ ਪੱਕੇ ਤੌਰ ਉਤੇ ਮੋਢੇ ਉਤੇ ਰੱਖਣਾ ਪੈ ਜਾਵੇ।

ਪਿਛਲੇ ਦਿਨਾਂ ਵਿਚ ਪੰਜਾਬ ਦੇ ਸੈਕੰਡਰੀ ਵਿਦਿਆ ਦੇ ਡਾਇਰੈਕਟੋਰੇਟ ਵਿਚਲੇ ਇਸ ਟਕਰਾਓ ਦੀਆਂ ਖਬਰਾਂ ਆਮ ਛਪੀਆਂ ਹਨ। ਇਕ ਕਿਤਾਬ ਇਸ ਮਾਮਲੇ ਵਿਚ ਚਰਚਾ ਵਿਚ ਆਈ ਹੈ, ਜਿਹੜੀ ਪੰਜਾਬ ਦੇ ਇੱਕ ਉਘੇ ਲੇਖਕ ਦੀ ਲਿਖੀ ਹੋਈ ਹੈ। ਉਹ ਕਿਤਾਬ ਸਕੂਲਾਂ ਦੇ ਵਿਦਿਆਰਥੀਆਂ ਦੇ ਪੱਧਰ ਦੀ ਨਹੀਂ ਤੇ ਉਸ ਲੇਖਕ ਬਾਰੇ ਕਈ ਵਾਰੀ ਅਸੀਂ ਵੀ ਲਿਖ ਚੁੱਕੇ ਹਾਂ ਕਿ ਵੱਡਾ ਲੇਖਕ ਹੋਣ ਦੇ ਬਾਵਜੂਦ ਉਹ ਆਪ ਕਿਸੇ ਪੈਂਤੜੇ ਉਤੇ ਪੱਕਾ ਨਾ ਰਹਿ ਕੇ ਕਈ ਵਾਰੀ ਘੁਮਾਣੀ ਦੇ ਜਾਂਦਾ ਹੈ। ਝਗੜੇ ਦਾ ਮੁੱਦਾ ਉਸੇ ਦੀ ਕਿਤਾਬ ਨੂੰ ਬਣਾ ਕੇ ਪੇਸ਼ ਕਰਨ ਦਾ ਯਤਨ ਅਸਲ ਵਿਚ ਉਸ ਡਾਇਰੈਕਟੋਰੇਟ ਵਿਚਲੇ ਅਸਲੀ ਟਕਰਾ ਵਲੋਂ ਲੋਕਾਂ ਦਾ ਧਿਆਨ ਹਟਾਉਣ ਲਈ ਕੀਤਾ ਜਾ ਰਿਹਾ ਹੈ। ਮੰਤਰੀ ਅਤੇ ਡਾਇਰੈਕਟਰ ਜਨਰਲ ਦੀ ਨਿਭਦੀ ਨਹੀਂ ਜਾਪਦੀ। ਪਹਿਲਾਂ ਵੀ ਕਈ ਵਾਰੀ ਏਦਾਂ ਦੇ ਮੌਕੇ ਆ ਚੁੱਕੇ ਹਨ, ਜਿਨ੍ਹਾਂ ਦੀ ਆਪੋ ਵਿਚ ਨਿਭ ਨਹੀਂ ਰਹੀ ਹੋਵੇ ਪਰ ਉਦੋਂ ਕਾਰਨ ਹੋਰ ਹੁੰਦੇ ਸਨ ਤੇ ਇਸ ਵਾਰ ਇਸ ਪਿੱਛੇ ਕਾਰਨ ਮੰਤਰੀ ਦੇ ਘਰ ਦੇ ਇੱਕ ਜੀਅ ਨੂੰ ਉਸ ਦਫਤਰ ਵਿਚ ਇੱਕ ਅਹਿਮ ਅਹੁਦਾ ਮਿਲਣ ਤੋਂ ਪੈਦਾ ਹੋਇਆ ਵੀ ਹੋ ਸਕਦਾ ਹੈ।

ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਗੱਲ ਭਾਵੇਂ ਅਸੀਂ ਸੈਕੰਡਰੀ ਵਿਦਿਆ ਦੇ ਡਾਇਰੈਕਟੋਰੇਟ ਤੋਂ ਸ਼ੁਰੂ ਕਰ ਰਹੇ ਹਾਂ, ਅਸਲ ਵਿਚ ਇਹ ਨਾ ਸਿਰਫ ਇਸ ਡਾਇਰੈਕਟੋਰੇਟ ਬਾਰੇ ਹੈ ਤੇ ਨਾ ਇਕੱਲੇ ਪੰਜਾਬ ਬਾਰੇ। ਵਿਵਾਦ ਵਾਲਾ ਮੁੱਦਾ ਜਿਵੇਂ ਇਸ ਮਹਿਕਮੇ ਦੇ ਮੰਤਰੀ ਦੇ ਪਰਿਵਾਰ ਦੀ ਇੱਕ ਬੀਬੀ ਨੂੰ ਅਹਿਮ ਅਹੁਦਾ ਦੇਣਾ ਮੰਨਿਆ ਜਾ ਰਿਹਾ ਹੈ, ਉਸ ਦੇ ਸਬੰਧ ਵਿਚ ਵੀ ਅਸੀਂ ਇਹ ਸਾਫ ਕਰ ਦੇਈਏ ਕਿ ਉਸ ਬੀਬੀ ਬਾਰੇ ਸਾਡੇ ਕੋਲ ਇੱਕ ਵੀ ਮਾੜੀ ਗੱਲ ਕਿਸੇ ਨੇ ਨਹੀਂ ਆਖੀ, ਸਗੋਂ ਉਸ ਬੀਬੀ ਦੇ ਕਿਰਦਾਰ ਬਾਰੇ ਚੰਗਾ ਹੀ ਕਿਹਾ ਹੈ। ਨਿੱਜੀ ਪੱਧਰ ਉਤੇ ਉਸ ਦੇ ਖਿਲਾਫ ਇੱਕ ਵੀ ਮਾੜੀ ਗੱਲ ਨਾ ਹੋਣ ਦੇ ਬਾਵਜੂਦ ਇਹ ਨਿਯੁਕਤੀ ਇਸ ਪੱਖੋਂ ਅਟਪਟੀ ਲੱਗੀ ਹੈ ਕਿ ਮੰਤਰੀ ਨੇ ਇੱਕ ਜ਼ਿਲੇ ਦੀਆਂ ਪੰਚਾਇਤਾਂ ਦੀ ਮੁਖੀ ਅਫਸਰ ਨੂੰ ਲਿਆ ਕੇ ਆਪਣੇ ਮੰਤਰਾਲੇ ਦੇ ਡਾਇਰੈਕਟੋਰੇਟ ਵਿਚ ਏਡੀ ਵੱਡੀ ਪਦਵੀ ਦੇ ਦਿੱਤੀ ਹੈ। ਇਸ ਦਾ ਭਾਵ ਦੋ ਤਰ੍ਹਾਂ ਦਾ ਨਿਕਲ ਸਕਦਾ ਹੈ। ਪਹਿਲਾ ਤਾਂ ਇਹ ਕਿ ਮੰਤਰੀ ਨੂੰ ਉਥੇ ਬੈਠੇ ਅਫਸਰਾਂ ਉਤੇ ਕੋਈ ਭਰੋਸਾ ਨਹੀਂ। ਦੂਸਰਾ ਇਹ ਕਿ ਮੰਤਰੀ ਇਸ ਮਹਿਕਮੇ ਨੂੰ ਕਿਸੇ ਤਰ੍ਹਾਂ ਆਪਣੇ ਘਰ ਦੇ ਜੀਆਂ ਦੇ ਰਾਹੀਂ ਚਲਾਉਣਾ ਚਾਹੁੰਦਾ ਹੈ। ਇਨ੍ਹਾਂ ਦੋਵਾਂ ਗੱਲਾਂ ਨਾਲ ਕਈ ਹੋਰ ਗੱਲਾਂ ਦੀਆਂ ਜੜ੍ਹਾਂ ਜਾ ਜੁੜਦੀਆਂ ਹਨ।

ਬਹੁਤੀ ਚਰਚਾ ਇਸ ਇੱਕੋ ਡਾਇਰੈਕਟੋਰੇਟ ਤੱਕ ਸੀਮਤ ਨਾ ਰੱਖ ਕੇ ਅਸੀਂ ਇੱਕ ਮਿਸਾਲ ਪਿਛਲੀ ਸਰਕਾਰ ਦੇ ਵਕਤ ਦੀ ਦੇਣੀ ਚਾਹਾਂਗੇ। ਮੁੱਖ ਮੰਤਰੀ ਹੁਣ ਵਾਲੇ ਸ. ਪ੍ਰਕਾਸ਼ ਸਿੰਘ ਬਾਦਲ ਹੀ ਸਨ। ਉਨ੍ਹਾਂ ਦੇ ਨਾਲ ਸਿਹਤ ਦਾ ਮਹਿਕਮਾ ਇੱਕ ਬੀਬੀ ਦੇ ਕੋਲ ਸੀ। ਬੀਬੀ ਦਾ ਸਾਰੀ ਉਮਰ ਦਾ ਅਕਸ ਇੱਕ ਈਮਾਨਦਾਰ ਆਗੂ ਵਾਲਾ ਸੀ ਪਰ ਉਸ ਨੇ ਇਸ ਗੱਲ ਤੋਂ ਵਿਵਾਦ ਖੜਾ ਕਰ ਲਿਆ ਕਿ ਸਿਹਤ ਮਹਿਕਮੇ ਲਈ ਦਵਾਈਆਂ ਖਰੀਦਣ ਵਾਲੀ ਕਮੇਟੀ ਵਿਚ ਆਪਣੀ ਭੈਣ ਨੂੰ ਸ਼ਾਮਲ ਕਰ ਲਿਆ, ਜਿਹੜੀ ਸਰਕਾਰੀ ਮੁਲਾਜ਼ਮ ਹੋਣ ਕਰ ਕੇ ਵੀ ਕਿਸੇ ਏਦਾਂ ਦੀ ਸਰਕਾਰੀ ਕਮੇਟੀ ਵਿਚ ਪਾਏ ਜਾਣ ਦੀ ਹੱਕਦਾਰ ਨਹੀਂ ਸੀ ਤੇ ਉਹ ਦਵਾਈਆਂ ਦੀ ਮਾਹਰ ਵੀ ਨਹੀਂ ਸੀ। ਪੰਜਾਬ ਦੀ ਵਿਧਾਨ ਸਭਾ ਵਿਚ ਉਸ ਮੰਤਰੀ ਬੀਬੀ ਦੇ ਇਸ ਕਦਮ ਬਾਰੇ ਵੀ ਰੌਲਾ ਪਿਆ। ਆਖਰ ਉਸ ਬੀਬੀ ਨੂੰ ਆਪਣੀ ਭੈਣ ਨੂੰ ਦਵਾਈਆਂ ਦੀ ਖਰੀਦ ਕਰਨ ਵਾਲੀ ਕਮੇਟੀ ਵਿਚ ਪਾਉਣ ਦੀ ਲੋੜ ਕੀ ਸੀ? ਇਹ ਗੱਲ ਅੱਜ ਤੱਕ ਨਾ ਉਹ ਬੀਬੀ ਸਪੱਸ਼ਟ ਕਰ ਸਕੀ ਹੈ ਤੇ ਨਾ ਉਸ ਦੀ 'ਵੱਖਰੀ ਨਿਆਰੀ' ਪਾਰਟੀ ਹੀ।

ਉਸ ਤੋਂ ਪਹਿਲਾਂ ਪੰਜਾਬ ਦੀ ਇੱਕ ਸਰਕਾਰ ਦੇ ਇੱਕ ਮੰਤਰੀ ਨੇ ਆਪਣੇ ਬਲਾਕ ਪੱਧਰ ਦੇ ਸਰਕਾਰੀ ਨੌਕਰੀ ਕਰਦੇ ਪੁੱਤਰ ਨੂੰ ਆਪਣਾ ਓ ਐਸ ਡੀ ਬਣਾ ਕੇ ਗਜ਼ਟਿਡ ਅਫਸਰ ਵਾਲੀ ਸ਼ਾਨ ਉਸ ਦੀ ਬਣਾ ਦਿੱਤੀ, ਪਰ ਪੁੱਤਰ ਆਪਣੇ ਚਾਲੇ ਨਹੀਂ ਸੀ ਬਦਲ ਸਕਿਆ। ਫਿਰ ਉਸ ਮੰਤਰੀ ਨੂੰ ਆਪਣੇ ਪੁੱਤਰ ਦੇ ਕਾਰਿਆਂ ਕਾਰਨ ਹਾਈ ਕੋਰਟ ਵਿਚ ਜਾ ਕੇ ਸਾਰਾ-ਸਾਰਾ ਦਿਨ ਬੈਠਣਾ ਪੈਂਦਾ ਰਿਹਾ ਸੀ।

ਇਸ ਤੋਂ ਬਾਕੀਆਂ ਨੂੰ ਸਬਕ ਸਿੱਖਣਾ ਚਾਹੀਦਾ ਸੀ। ਪੰਜਾਬ ਦੇ ਹੀ ਨਹੀਂ, ਇਸ ਮਾਮਲੇ ਵਿਚ ਸਾਰੇ ਭਾਰਤ ਦੇ ਰਾਜਸੀ ਲੀਡਰ ਕੋਈ ਸਬਕ ਨਾ ਸਿੱਖਣ ਦੀ ਸਹੁੰ ਖਾਧੀ ਫਿਰਦੇ ਹਨ। ਹਾਲੇ ਪਿਛਲੇ ਮਹੀਨੇ ਜਿਹੜਾ ਸਕੈਂਡਲ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਦਾ ਸਾਹਮਣੇ ਆਇਆ ਹੈ, ਉਹ ਵੀ ਇਸੇ ਕਰ ਕੇ ਵਾਪਰਿਆ ਕਿ ਉਸ ਨੇ ਬਾਕੀ ਸਾਰੇ ਲੋਕਾਂ ਨੂੰ ਪਾਸੇ ਕਰ ਕੇ ਆਪਣੇ ਭਾਣਜੇ ਨੂੰ ਸਾਰਿਆਂ ਦਾ ਬਾਪੂ ਬਣਾਇਆ ਪਿਆ ਸੀ। ਹਰ ਕੰਮ ਵਿਚੋਂ ਕੁੰਡੀ ਲਾਉਣ ਲਈ ਲੋਕਾਂ ਵਿਚ ਚਰਚਿਤ ਉਹ ਭਾਣਜਾ ਆਪਣੇ ਮਾਮੇ ਦੇ ਘਰ ਵਾਲੇ ਦਫਤਰ ਵਿਚ ਵੀ ਬੈਠ ਕੇ ਉਸ ਦੀ ਥਾਂ ਸਾਰੇ ਅਫਸਰਾਂ ਦੀ ਕਲਾਸ ਲਾਉਂਦਾ ਸੀ ਤੇ ਰੇਲ ਮੰਤਰਾਲੇ ਵਿਚ ਵੀ ਉਸ ਦੀ ਵੱਖਰੀ ਮੇਜ਼-ਕੁਰਸੀ ਹੁੰਦੀ ਸੀ। ਬਿਨਾਂ ਕੋਈ ਹੁਕਮ ਜਾਰੀ ਕੀਤੇ ਤੋਂ ਉਸ ਦੀ ਸੇਵਾ ਲਈ ਸੇਵਾਦਾਰ ਤੋਂ ਲੈ ਕੇ ਪ੍ਰਾਈਵੇਟ ਸੈਕਟਰੀ ਤੱਕ ਹਾਜ਼ਰ ਹੁੰਦੇ ਸਨ, ਜਿਹੜੇ ਉਸ ਵੱਲੋਂ ਕੀਤੇ ਗਏ ਹੁਕਮਾਂ ਉਤੇ ਅਮਲ ਕਰਵਾਉਂਦੇ ਤੇ ਉਸ ਨੂੰ ਰਿਪੋਰਟ ਵੀ ਕਰਦੇ ਹੁੰਦੇ ਸਨ।

ਆਹ ਜਿਹੜਾ ਕ੍ਰਿਕਟ ਦਾ ਕਾਲਾ ਚੱਕਰ ਹੁਣ ਸਾਹਮਣੇ ਆਇਆ ਹੈ, ਉਸ ਦੀ ਕਹਾਣੀ ਵੀ ਇਥੋਂ ਤੱਕ ਚਲੀ ਗਈ ਕਿ ਕ੍ਰਿਕਟ ਬੋਰਡ ਦੇ ਪ੍ਰਧਾਨ ਸ੍ਰੀਨਿਵਾਸਨ ਦਾ ਜਵਾਈ ਮਇਅੱਪਨ ਉਸ ਦੀ ਥਾਂ ਸਾਰੇ ਬੋਰਡ ਨੂੰ ਹੁਕਮ ਕਰਨ ਲੱਗ ਪਿਆ ਸੀ। ਕਾਗਜ਼ਾਂ ਵਿਚ ਉਸ ਦਾ ਨਾਂ ਵੀ ਨਹੀਂ ਸੀ, ਪਰ ਜਿੱਥੇ ਕਿਤੇ ਆਈ ਪੀ ਐਲ ਕ੍ਰਿਕਟ ਦਾ ਮੈਚ ਹੋਣਾ ਹੁੰਦਾ, ਜੇ ਉਥੇ ਚੇਨਈ ਸੁਪਰ ਕਿੰਗਜ਼ ਦੀ ਟੀਮ ਖੇਡਣੀ ਹੁੰਦੀ ਤਾਂ ਅਸਲੀ ਮਾਲਕ ਵਜੋਂ ਉਹ ਆਪਣਾ ਪਛਾਣ-ਪੱਤਰ ਗਲ ਵਿਚ ਪਾ ਕੇ ਮਾਲਕਾਂ ਵਾਲੇ ਵਿਸ਼ੇਸ਼ ਬਕਸੇ ਵਿਚ ਬੈਠਦਾ ਸੀ। ਕ੍ਰਿਕਟ ਬੋਰਡ ਦੇ ਸਾਰੇ ਅਧਿਕਾਰੀ ਆਪਣੇ ਪ੍ਰਧਾਨ ਵਲੋਂ ਇਸ ਜਵਾਈ ਰਾਹੀਂ ਹੋ ਰਹੀਆਂ ਖੇਡਾਂ ਬਾਰੇ ਅੱਖਾਂ ਮੀਟੀ ਬੈਠੇ ਰਹੇ ਸਨ। ਕ੍ਰਿਕਟ ਬੋਰਡ ਦੇ ਕਈ ਮੈਂਬਰ ਤੇ ਅਹੁਦੇਦਾਰ ਉਸ ਪ੍ਰਧਾਨ ਸ੍ਰੀਨਿਵਾਸਨ ਨਾਲੋਂ ਵੱਡੀ ਹਸਤੀ ਵਾਲੇ ਗਿਣੇ ਜਾਂਦੇ ਹਨ। ਇੱਕ ਮੀਤ ਪ੍ਰਧਾਨ ਤਾਂ ਭਾਜਪਾ ਦਾ ਆਗੂ ਅਰੁਣ ਜੇਤਲੀ ਹੈ, ਜਿਹੜਾ ਦੇਸ਼ ਦੀ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਵੀ ਹੈ। ਦੂਸਰਾ ਅਹੁਦੇਦਾਰ ਰਾਜੀਵ ਸ਼ੁਕਲਾ ਕਾਂਗਰਸੀ ਆਗੂ ਹੈ ਤੇ ਭਾਰਤ ਸਰਕਾਰ ਦਾ ਮੰਤਰੀ ਹੈ ਪਰ ਕ੍ਰਿਕਟ ਬੋਰਡ ਦੇ ਮੁਖੀ ਦੇ ਸਾਹਮਣੇ ਇਨ੍ਹਾਂ ਵਿਚੋਂ ਵੀ ਕਿਸੇ ਨੇ ਕਦੀ ਸਿਰ ਚੁੱਕ ਕੇ ਇਹ ਨਹੀਂ ਸੀ ਕਿਹਾ ਕਿ ਤੂੰ ਇੰਜ ਨਹੀਂ, ਇੰਜ ਕਰ। ਆਈ ਪੀ ਐਲ ਦੀ ਕ੍ਰਿਕਟ ਲੜੀ ਦੇ ਮੁਢਲੇ ਮੁਖੀ ਲਲਿਤ ਮੋਦੀ ਦੇ ਜਵਾਈ ਅਤੇ ਹੋਰ ਰਿਸ਼ਤੇਦਾਰਾਂ ਬਾਰੇ ਵੀ ਉਦੋਂ ਕ੍ਰਿਕਟ ਬੋਰਡ ਦਾ ਕੋਈ ਅਹੁਦੇਦਾਰ ਨਹੀਂ ਸੀ ਬੋਲਿਆ ਤੇ ਪਿੱਛੋਂ ਬੋਲਣ ਤੋਂ ਨਹੀਂ ਸਨ ਹਟਦੇ।

ਗੱਲ ਕਿਸੇ ਵਿਸ਼ੇਸ਼ ਵਿਅਕਤੀ ਦੀ ਨਹੀਂ, ਇੱਕ ਵਰਤਾਰੇ ਦੀ ਹੈ, ਜਿਹੜਾ ਭਾਰਤ ਦੀ ਰਾਜਨੀਤੀ ਵਿਚ ਬਹੁਤ ਭਾਰੂ ਹੋ ਗਿਆ ਹੈ। ਇਥੇ ਜਿਹੜਾ ਵੀ ਲੀਡਰ ਇਹ ਆਖਦਾ ਹੈ ਕਿ ਉਹ ਫਲਾਣੀ ਪਾਰਟੀ ਦਾ ਵਫਾਦਾਰ ਹੈ, ਉਹ ਜਦੋਂ ਕਿਸੇ ਚੋਣ ਲਈ ਆਪਣੇ ਨਾਮਜ਼ਦਗੀ ਕਾਗਜ਼ ਭਰਨ ਲੱਗਦਾ ਹੈ ਤਾਂ ਨੱਬੇ ਫੀਸਦੀ ਮਾਮਲਿਆਂ ਵਿਚ ਉਸ ਦੇ ਨਾਲ ਕਵਰਿੰਗ ਉਮੀਦਵਾਰ ਉਸ ਦੀ ਪਤਨੀ, ਪੁੱਤਰ, ਧੀ, ਜਵਾਈ, ਨੂੰਹ ਜਾਂ ਕੋਈ ਹੋਰ ਨੇੜਲਾ ਰਿਸ਼ਤੇਦਾਰ ਹੁੰਦਾ ਹੈ। ਕਵਰਿੰਗ ਉਮੀਦਵਾਰ ਦਾ ਅਰਥ ਇਹ ਹੈ ਕਿ ਜੇ ਉਮੀਦਵਾਰ ਦਾ ਪਰਚਾ ਕਿਸੇ ਕਾਰਨ ਰੱਦ ਹੋ ਜਾਵੇ ਤਾਂ ਉਸ ਦੀ ਥਾਂ ਇਸ ਪਾਰਟੀ ਦਾ ਕਵਰਿੰਗ ਉਮੀਦਵਾਰ ਹੀ ਚੋਣ ਲੜੇਗਾ। ਆਪਣੇ ਨਾਲ ਕਵਰਿੰਗ ਉਮੀਦਵਾਰ ਸਿਰਫ ਘਰ ਦੇ ਜੀਆਂ ਨੂੰ ਬਣਾਉਣ ਦਾ ਅਰਥ ਇਹ ਹੈ ਕਿ ਕਿਸੇ ਵੀ ਲੀਡਰ ਨੂੰ ਆਪਣੀਆਂ ਸੱਜੀਆਂ-ਖੱਬੀਆਂ ਬਾਂਹਾਂ ਗਿਣੇ ਜਾਂਦੇ ਆਪਣੇ ਸਾਥੀਆਂ ਉਤੇ ਵੀ ਭਰੋਸਾ ਨਹੀਂ ਹੈ।

ਇਸ ਹਫਤੇ ਇੱਕ ਰਿਪੋਰਟ ਦਿੱਲੀ ਤੋਂ ਆਈ ਸੀ, ਜਿਹੜੀ ਭਾਰਤ ਦੇ ਹਰ ਨਾਗਰਿਕ ਨੂੰ ਆਪਣੇ ਲੀਡਰਾਂ ਦੀ ਫਿਤਰਤ ਜਾਣਨ ਵਿਚ ਮਦਦਗਾਰ ਹੋ ਸਕਦੀ ਸੀ। ਇਹ ਰਿਪੋਰਟ ਅਣਗੌਲੀ ਰਹਿ ਗਈ। ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਪੰਜਾਬ ਦੇ ਇੱਕ ਮੰਤਰੀ ਨੇ ਆਪਣਾ ਬਲਾਕ ਪੱਧਰ ਦਾ ਸਰਕਾਰੀ ਕਰਮਚਾਰੀ ਪੁੱਤਰ ਆਪਣੇ ਨਾਲ ਓ ਐਸ ਡੀ ਲਾ ਕੇ ਆਪਣਾ ਜਲੂਸ ਕੱਢਵਾ ਲਿਆ ਸੀ ਤੇ ਇੱਕ ਬੀਬੀ ਨੇ ਆਪਣੀ ਭੈਣ ਨੂੰ ਆਪਣੇ ਮਹਿਕਮੇ ਦੀ ਖਰੀਦ ਕਮੇਟੀ ਦੀ ਮੈਂਬਰ ਬਣਾ ਕੇ ਵਿਵਾਦ ਖੜਾ ਕਰ ਲਿਆ ਸੀ। ਇਹ ਰਿਪੋਰਟ ਵੀ ਇਸੇ ਕਿਸਮ ਦੀ ਹੈ, ਫਰਕ ਸਿਰਫ ਇਹ ਹੈ ਕਿ ਇਹ ਪੰਜਾਬ ਦੀ ਥਾਂ ਦੇਸ਼ ਦੀ ਪਾਰਲੀਮੈਂਟ ਦੇ ਮੈਂਬਰਾਂ ਨਾਲ ਸਬੰਧਤ ਹੈ।

ਇੱਕ ਅੰਗਰੇਜ਼ੀ ਅਖਬਾਰ ਨੇ ਸੂਚਨਾ ਦੇ ਅਧਿਕਾਰ ਦੀ ਵਰਤੋਂ ਕਰ ਕੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਸੀ ਕਿ ਆਪਣੇ ਪਰਿਵਾਰ ਦੇ ਕਿਹੜੇ ਰਿਸ਼ਤੇ ਵਾਲੇ ਕਿੰਨੇ ਜੀਅ ਪਾਰਲੀਮੈਂਟ ਮੈਂਬਰਾਂ ਨੇ ਆਪਣੇ ਨਿੱਜੀ ਸਹਾਇਕ ਲਾਏ ਹੋਏ ਹਨ, ਜਿਨ੍ਹਾਂ ਦੀ ਤਨਖਾਹ ਅਤੇ ਭੱਤਿਆਂ ਦਾ ਬੋਝ ਭਾਰਤ ਸਰਕਾਰ ਦੇ ਸਿਰ ਪੈਂਦਾ ਹੈ? ਪਤਾ ਇਹ ਲੱਗਾ ਕਿ ਇੱਕ ਸੌ ਛਿਆਲੀ ਪਾਰਲੀਮੈਂਟ ਮੈਂਬਰਾਂ ਨੇ ਇਹੋ ਕੁਝ ਕੀਤਾ ਪਿਆ ਹੈ। ਇਨ੍ਹਾਂ ਵਿਚੋਂ 104 ਲੋਕ ਸਭਾ ਦੇ ਮੈਂਬਰ ਤੇ 42 ਰਾਜ ਸਭਾ ਦੇ ਹਨ। ਕਈਆਂ ਦੀ ਆਪਣੇ ਘਰ ਦਾ ਇੱਕ ਜੀਅ ਲਾ ਕੇ ਵੀ ਤਸੱਲੀ ਨਹੀਂ ਹੋਈ ਤੇ ਦੋ-ਤਿੰਨ ਲਾ ਰੱਖੇ ਹਨ, ਇਸ ਲਈ ਇਨ੍ਹਾਂ 146 ਮੈਂਬਰਾਂ ਨਾਲ ਇੱਕ ਜਾਂ ਦੂਸਰੀ ਕਿਸਮ ਦੇ 191 ਸਹਾਇਕ ਉਨ੍ਹਾਂ ਦੇ ਘਰਾਂ ਦੇ ਜੀਅ ਲੱਗੇ ਹੋਏ ਹਨ। ਵੱਡੀ ਪਾਰਟੀ ਕਾਂਗਰਸ ਹੈ, ਜਿਸ ਦੇ 36 ਮੈਂਬਰਾਂ ਨੇ ਇਹ ਕੰਮ ਕੀਤਾ ਹੈ, ਪਰ ਭਾਜਪਾ ਉਸ ਤੋਂ ਛੋਟੀ ਪਾਰਟੀ ਹੋਣ ਦੇ ਬਾਵਜੂਦ ਉਸ ਦੇ 38 ਮੈਂਬਰਾਂ ਨੇ ਕੋਟਮਾ ਭਰਤੀ ਕੀਤਾ ਪਿਆ ਹੈ। ਇਹੋ ਜਿਹੇ 15 ਪਾਰਲੀਮੈਂਟ ਮੈਂਬਰ ਬਹੁਜਨ ਸਮਾਜ ਪਾਰਟੀ ਦੇ ਹਨ, 12 ਸਮਾਜਵਾਦੀ ਪਾਰਟੀ ਦੇ, ਤਾਮਿਲਨਾਡੂ ਵਾਲੀ ਡੀ ਐਮ ਕੇ ਦੇ 8, ਬੀਜੂ ਜਨਤਾ ਦਲ ਦੇ 7 ਅਤੇ ਜਨਤਾ ਦਲ ਯੂਨਾਈਟਿਡ ਦੇ 6 ਮੈਂਬਰ ਇਹੋ ਕੁਝ ਕਰੀ ਬੈਠੇ ਹਨ। ਇਸ ਬਿਮਾਰੀ ਦੀ ਲਾਗ ਤੋਂ ਬਚੇ ਹੋਏ ਹਨ ਤਾਂ ਉਹ ਕਮਿਊਨਿਸਟ ਪਾਰਲੀਮੈਂਟ ਮੈਂਬਰ ਹਨ। ਇਸ ਤੋਂ ਅਗਲੀ ਗੱਲ ਇਹ ਹੈ ਕਿ 60 ਮੈਂਬਰਾਂ ਨੇ ਆਪਣੇ ਪੁੱਤਰ ਨੂੰ ਆਪਣਾ ਸਹਾਇਕ ਬਣਾਇਆ ਹੈ, 36 ਜਣਿਆਂ ਨੇ ਪਤਨੀ ਨੂੰ, 27 ਮੈਂਬਰਾਂ ਨੇ ਆਪਣੀ ਧੀ ਨੂੰ, 7 ਜਣਿਆਂ ਨੇ ਨੂੰਹ ਅਤੇ 7 ਹੋਰਨਾਂ ਨੇ ਆਪਣੇ ਭਰਾ ਨੂੰ ਲਾਇਆ ਹੋਇਆ ਹੈ ਤੇ 10 ਜਣੇ ਚਾਚੇ-ਤਾਏ ਜਾਂ ਮਾਮੇ-ਮਾਸੀ ਦੇ ਪੁੱਤਰ ਹਨ। ਕਮਾਲ ਦੀ ਗੱਲ ਇਹ ਹੈ ਕਿ 4 ਪਾਰਲੀਮੈਂਟ ਮੈਂਬਰ ਬੀਬੀਆਂ ਨੇ ਆਪਣੇ ਪਤੀ ਆਪਣੇ 'ਸਹਾਇਕ' ਬਣਾਏ ਹੋਏ ਹਨ ਤੇ ਇਨ੍ਹਾਂ ਦੀ ਤਨਖਾਹ ਲੋਕਾਂ ਦੇ ਦਿੱਤੇ ਹੋਏ ਖਜ਼ਾਨੇ ਵਿਚੋਂ ਵਸੂਲੀ ਜਾ ਰਹੀ ਹੈ।

ਸਾਫ ਹੈ ਕਿ ਜਿਹੜੇ ਪੁੱਠੇ-ਸਿੱਧੇ ਧੰਦੇ ਕਰਨ ਲਈ ਪਾਰਲੀਮੈਂਟ ਮੈਂਬਰਾਂ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ, ਉਨ੍ਹਾਂ ਕੰਮਾਂ ਲਈ ਰੇਲਵੇ ਮੰਤਰੀ ਵਾਂਗ ਭਾਣਜੇ, ਭਤੀਜੇ, ਪੁੱਤਰ, ਨੂੰਹਾਂ, ਧੀਆਂ, ਜਵਾਈਆਂ ਜਾਂ ਘਰਾਂ ਦੇ ਹੋਰਨਾਂ ਜੀਆਂ ਤੋਂ ਸਿਵਾਏ ਯੋਗ ਬੰਦਾ ਵੀ ਉਹ ਕਿਹੜਾ ਲੱਭ ਸਕਦੇ ਹਨ? ਜਦੋਂ ਉਨ੍ਹਾਂ ਨੇ ਸਰਕਾਰ ਦੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕੀ ਹੁੰਦੀ ਹੈ ਤਾਂ ਇਹੋ ਜਿਹੇ ਭੇਦ-ਭਰੇ ਕੰਮ ਕਰਨ ਲਈ ਜਣੇ-ਖਣੇ ਉਤੇ ਭੇਦਾਂ ਦਾ ਭਰੋਸਾ ਵੀ ਕਿਵੇਂ ਕੀਤਾ ਜਾ ਸਕਦਾ ਹੈ? ਸਾਨੂੰ ਪਤਾ ਨਹੀਂ ਕਿ ਉਪਰ ਦਾ ਪ੍ਰਛਾਵਾਂ ਪੰਜਾਬ ਉਤੇ ਵੱਧ ਪੈਂਦਾ ਹੈ ਜਾਂ ਪੰਜਾਬ ਵਾਂਗ ਰਾਜਾਂ ਦੀ ਲਾਗ ਕੇਂਦਰ ਵਿਚ ਵੱਧ ਪਹੁੰਚ ਰਹੀ ਹੈ। ਜਿਹੜੀ ਗੱਲ ਸਭ ਨੂੰ ਪਤਾ ਹੈ, ਉਹ ਇਹ ਕਿ ਕੇਂਦਰ ਤੋਂ ਪੰਜਾਬ ਤੱਕ ਰਘੂ ਕੁਲ ਰੀਤ ਹਰ ਥਾਂ ਇੱਕੋ ਹੀ ਚੱਲ ਰਹੀ ਹੈ।

## ਅਮਰੀਕੀ ਸੈਨੇਟ ਕਮੇਟੀ ਵੱਲੋਂ ਇੰਮੀਗ੍ਰੇਸ਼ਨ ਸੋਧ ਬਿੱਲ ਪਾਸ

**ਵਾਸ਼ਿੰਗਟਨ:** ਬਹੁਤ ਅਹਿਮ ਤੇ ਲੋੜੀਂਦੇ ਇੰਮੀਗ੍ਰੇਸ਼ਨ ਬਿੱਲ ਨੇ ਆਪਣਾ ਪਹਿਲਾ ਟੈਸਟ ਪਾਸ ਕਰ ਲਿਆ। ਸੈਨੇਟ ਦੀ ਜੁਡੀਸ਼ਰੀ ਕਮੇਟੀ ਨੇ ਇਸ 'ਤੇ ਪੰਜ ਦਿਨਾਂ ਦੀ ਲੰਮੀ ਚੌੜੀ ਵਿਚਾਰ-ਚਰਚਾ ਤੇ 300 ਸੋਧਾਂ ਮਗਰੋਂ ਇਸ ਨੂੰ ਪਾਸ ਕਰ ਦਿੱਤਾ। ਇਹ ਬਿੱਲ ਇਕ ਕਰੋੜ 10 ਲੱਖ ਜਿਨ੍ਹਾਂ ਵਿਚ 260,000 ਤੋਂ ਵੱਧ ਭਾਰਤੀ ਵੀ ਸ਼ਾਮਲ ਹਨ, ਨੂੰ ਅਮਰੀਕੀ ਨਾਗਰਿਕਤਾ ਮਿਲਣ ਦਾ ਰਾਹ ਖੋਲ੍ਹੇਗਾ। ਇਸ ਨਾਲ ਦਸਤਾਵੇਜ਼ਾਂ ਤੋਂ ਸੱਖਣੇ ਇੰਮੀਗਰੈਂਟਾਂ ਨੂੰ ਦਸਤਾਵੇਜ਼ ਮਿਲ ਜਾਣਗੇ ਤੇ ਐਚ-1ਬੀ ਵੀਜ਼ਿਆਂ ਦੀ ਗਿਣਤੀ ਵਧ ਜਾਵੇਗੀ।

ਸੈਨੇਟ ਦੀ ਜੁਡੀਸ਼ਰੀ ਕਮੇਟੀ ਨੇ 'ਵਿਆਪਕ ਇੰਮੀਗ੍ਰੇਸ਼ਨ ਸੋਧ ਬਿੱਲ-ਬਾਰਡਰ ਸਕਿਉਰਿਟੀ, ਇਕਨਾਮਿਕ ਮੌਕਿਆਂ ਤੇ ਇੰਮੀਗ੍ਰੇਸ਼ਨ ਆਧੁਨਿਕੀਕਰਨ ਐਕਟ' ਪੰਜ ਦਿਨਾਂ ਦੀ ਲੰਮੀ-ਚੌੜੀ ਵਿਚਾਰ ਚਰਚਾ ਤੋਂ ਮਗਰੋਂ 500 ਸੋਧਾਂ ਕਰਕੇ 13-5 ਵੋਟਾਂ ਨਾਲ ਪਾਸ ਕਰ ਦਿੱਤਾ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਜੂਨ 2013*

# ਕਿਰਤੀ, ਹੱਥ ਤੇ ਹਥਿਆਰ

ਭਾਰਤ ਦੇ ਕਬਾਇਲੀ ਖਿੱਤੇ ਵਿਚ ਮਾਓਵਾਦੀਆਂ ਵੱਲੋਂ ਕੀਤੀ ਗਈ ਕਾਰਵਾਈ ਨੇ ਸਮੁੱਚੀ ਸੱਤਾ ਧਿਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਿਹਾ ਕਿ ਆਮ ਹੁੰਦਾ ਹੈ ਕਿ ਇਸ ਘਟਨਾ ਨੂੰ ਹਿੰਸਕ ਵਾਰਦਾਤ ਵਜੋਂ ਪ੍ਰਚਾਰ ਕੇ ਮਾਓਵਾਦੀਆਂ ਖਿਲਾਫ ਤੁਰੰਤ ਅਤੇ ਸਖਤ ਕਾਰਵਾਈ ਦੀਆਂ ਦਲੀਲਾਂ-ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਮਾਓਵਾਦੀਆਂ ਦੀ ਹੋ ਰਹੀ ਇਹ ਤਿੱਖੀ ਨੁਕਤਾਚੀਨੀ ਠੀਕ ਵੀ ਹੈ ਕਿਉਂਕਿ ਇਉਂ ਕਿਸੇ ਦੀ ਜਾਨ ਲੈਣ ਦਾ ਕਿਸੇ ਨੂੰ ਵੀ ਕੋਈ ਹੱਕ ਨਹੀਂ ਹੈ ਅਤੇ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ। ਇਤਿਹਾਸ ਗਵਾਹ ਹੈ ਕਿ ਕੋਈ ਸੁੱਚਾ ਸਿਆਸੀ ਰਾਹ ਹਿੰਸਾ ਨੂੰ ਪਿਛਾਂਹ ਧੱਕ ਕੇ ਹੀ ਫੜਿਆ ਜਾ ਸਕਦਾ ਹੈ ਜੋ ਕਿਸੇ ਵੀ ਲਹਿਰ, ਜਥੇਬੰਦੀ ਜਾਂ ਬੰਦੇ ਨੂੰ ਮੰਜ਼ਿਲ ਵੱਲ ਲੈ ਕੇ ਜਾਂਦਾ ਹੈ; ਪਰ ਇੱਥੇ ਇਕ ਗੱਲ ਸੱਤਾ ਦੇ ਟੀਰ ਦੀ ਵੀ ਹੈ ਜਿਸ ਬਾਰੇ ਗੱਲ ਕਰਨੀ ਬਣਦੀ ਹੈ। ਮਾਓਵਾਦੀਆਂ ਦੀ ਇਸ ਵਾਰਦਾਤ ਅਤੇ ਉਸ ਪਿਛੋਂ ਸਾਹਮਣੇ ਆਏ ਤੱਥਾਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਸ ਹਮਲੇ ਦਾ ਨਿਸ਼ਾਨਾ ਮੁੱਖ ਤੌਰ 'ਤੇ ਸਾਬਕਾ ਵਿਧਾਇਕ ਮਹੇਂਦਰ ਕਰਮਾ ਅਤੇ ਛਤੀਸਗੜ੍ਹ ਕਾਂਗਰਸ ਦਾ ਮੁਖੀ ਨੰਦ ਪਟੇਲ ਸਨ। ਜਿਉਂ ਹੀ ਮਾਓਵਾਦੀਆਂ ਨੂੰ ਪਤਾ ਲੱਗਾ ਕਿ ਉਨ੍ਹਾਂ ਆਪਣਾ ਨਿਸ਼ਾਨਾ ਫੁੰਡ ਲਿਆ ਹੈ, ਉਨ੍ਹਾਂ ਕਿਸੇ ਨੂੰ ਕੁਝ ਨਹੀਂ ਆਖਿਆ ਸਗੋਂ ਇਸ ਹਮਲੇ ਵਿਚ 'ਬੇਕਸੂਰ' ਹੀ ਮਾਰੇ ਗਏ ਕਾਂਗਰਸੀ ਕਾਰਕੁਨਾਂ ਅਤੇ ਸੁਰੱਖਿਆ ਮੁਲਾਜ਼ਮਾਂ ਦੀ ਮੌਤ ਲਈ ਮੁਆਫੀ ਵੀ ਮੰਗੀ ਹੈ। ਇਹ ਖਬਰਾਂ ਵੀ ਹਨ ਕਿ ਉਨ੍ਹਾਂ ਤੜਫ ਰਹੇ ਜ਼ਖਮੀਆਂ ਨੂੰ ਪਾਣੀ ਪਿਆਇਆ ਤੇ ਜ਼ਖਮਾਂ ਉਤੇ ਮੱਲ੍ਹਮ-ਪੱਟੀ ਤੱਕ ਕੀਤੀ।

ਇਹ ਸੱਤਾ ਧਿਰ ਅਤੇ ਮੁੱਖ ਧਾਰਾ ਮੀਡੀਏ ਦਾ ਹੀ ਟੀਰ ਹੈ ਕਿ ਮਹੇਂਦਰ ਕਰਮਾ ਦੇ ਕਰਮਾਂ ਬਾਰੇ ਉਕਾ ਹੀ ਗੱਲ ਨਹੀਂ ਛੇੜੀ ਗਈ। ਸਿਰਫ ਇੰਨੀ ਕੁ ਚਰਚਾ ਕੀਤੀ ਗਈ ਕਿ ਇਸ ਬੰਦੇ ਨੇ ਮਾਓਵਾਦੀਆਂ ਖਿਲਾਫ 'ਸਲਵਾ ਜੂਡਮ' ਨਾਂ ਦੀ ਜਥੇਬੰਦੀ ਖੜ੍ਹੀ ਕੀਤੀ ਸੀ। ਅਸਲ ਵਿਚ ਇਹ ਉਹੀ ਜਥੇਬੰਦੀ ਸੀ ਜਿਸ ਨੇ ਆਦਿਵਾਸੀਆਂ ਦੇ ਲਹੂ ਨਾਲ ਆਪਣੇ ਹੱਥ ਰੰਗੇ, ਔਰਤਾਂ ਨਾਲ ਸ਼ਰ੍ਹੇਆਮ ਖੇਹ-ਖਰਾਬੀ ਕੀਤੀ ਤੇ ਕਤਲੋ-ਗਾਰਤ ਦੀ ਝੜੀ ਲਾਈ ਤਾਂ ਕਿ ਆਦਿਵਾਸੀ ਲੋਕ ਉਨ੍ਹਾਂ ਲਈ ਹੀ ਜੂਝ ਰਹੇ ਮਾਓਵਾਦੀਆਂ ਦੀ ਮਦਦ ਨਾ ਕਰਨ। ਮਗਰੋਂ ਤਾਂ ਇਨ੍ਹਾਂ ਆਦਿਵਾਸੀਆਂ ਨੂੰ ਪਿੰਡਾਂ ਵਿਚੋਂ ਕੱਢ ਕੇ ਵੱਖ ਵੱਖ ਥਾਂਈਂ ਕੈਂਪਾਂ ਵਿਚ ਵੀ ਤਾੜਿਆ ਗਿਆ ਤਾਂ ਕਿ ਮਾਓਵਾਦੀ ਪਿੰਡਾਂ ਵਿਚ ਇਨ੍ਹਾਂ ਕੋਲ ਪਨਾਹ ਵੀ ਨਾ ਲੈ ਸਕਣ। ਇਹ ਸਲਵਾ ਜੂਡਮ ਹੀ ਸੀ ਜਿਸ ਨੇ ਆਦਿਵਾਸੀ ਨੂੰ ਆਦਿਵਾਸੀ ਦੇ ਹੀ ਖਿਲਾਫ ਲੜਾਇਆ। ਇਸ ਦੀਆਂ ਕਾਰਵਾਈਆ ਇੰਨੀਆਂ ਭਿਆਨਕ ਅਤੇ ਹਿਰਦੇ ਵਲੂੰਧਰਨ ਵਾਲੀਆਂ ਸਨ ਕਿ ਸੁਪਰੀਮ ਕੋਰਟ ਨੇ ਇਸ ਨੂੰ ਗੈਰ-ਕਾਨੂੰਨੀ ਐਲਾਨ ਕੇ ਇਸ ਨੂੰ ਤੁਰੰਤ ਭੰਗ ਕਰਨ ਦਾ ਹੁਕਮ ਵੀ ਦਿੱਤਾ। ਸਲਵਾ ਜੂਡਮ ਮਹੇਂਦਰ ਕਰਮਾ ਨੇ ਮਈ 2005 ਵਿਚ ਬਣਾਈ ਸੀ ਅਤੇ ਪੂਰੇ 8 ਸਾਲ ਉਸ ਨੇ ਮਿਥ ਕੇ ਮਾਓਵਾਦੀਆਂ ਦੇ ਨਾਂ 'ਤੇ ਆਦਿਵਾਸੀਆਂ ਦਾ ਸ਼ਿਕਾਰ ਕੀਤਾ। ਉਦੋਂ ਮੁਖ ਧਾਰਾ ਦੇ ਕਿਸੇ ਵੀ ਲੀਡਰ ਨੂੰ ਇਹ ਖੂਨ-ਖਰਾਬਾ ਨਹੀਂ ਦਿਸਿਆ! ਪਿਛਲੇ ਤਿੰਨ ਸਾਲ ਤੋਂ ਉਸ ਇਲਾਕੇ ਵਿਚ 'ਅਪਰੇਸ਼ਨ ਗ੍ਰੀਨ ਹੰਟ' ਚਲਾਇਆ ਜਾ ਰਿਹਾ ਹੈ। ਇਸ ਅਪਰੇਸ਼ਨ ਰਾਹੀਂ ਉਥੋਂ ਦੇ ਆਦਿਵਾਸੀਆਂ ਨਾਲ ਉਹੀ ਕੁਝ ਹੋ ਰਿਹਾ ਹੈ ਜੋ ਕਸ਼ਮੀਰ ਵਿਚ ਕਸ਼ਮੀਰੀਆਂ ਨਾਲ ਹੋ ਰਿਹਾ ਹੈ, ਜੋ ਪੰਜਾਬ ਵਿਚ ਸਿੱਖਾਂ ਨਾਲ ਕੀਤਾ ਗਿਆ, ਜੋ ਉਤਰ-ਪੂਰਬੀ ਸੂਬਿਆਂ ਵਿਚ ਜੂਝ ਰਹੇ ਲੋਕਾਂ ਨਾਲ ਹੋ ਰਿਹਾ ਹੈ। ਇਸ ਅਪਰੇਸ਼ਨ ਦੌਰਾਨ ਆਦਿਵਾਸੀਆਂ ਦੇ ਹੱਕ ਵਿਚ ਡਟਣ ਵਾਲੇ ਹਰ ਸ਼ਖਸ ਅਤੇ ਸੰਸਥਾ ਨੂੰ ਤਬਾਹ ਕਰ ਦਿੱਤਾ ਗਿਆ। ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਦਾ ਵਣ ਆਸ਼ਰਮ ਤੱਕ ਢਾਹ ਦਿੱਤਾ ਗਿਆ ਜੋ ਇਸ ਆਸ਼ਰਮ ਰਾਹੀਂ ਆਦਿਵਾਸੀਆਂ ਨੂੰ ਚੇਤੰਨ ਕਰ ਰਿਹਾ ਸੀ। ਮਾਨਵੀ ਹੱਕਾਂ ਲਈ ਲੜਨ ਵਾਲੇ ਡਾ. ਬਿਨਾਇਕ ਸੇਨ ਦਾ ਕੇਸ ਤਾਂ ਜੱਗ-ਜਹਾਨ ਨੂੰ ਪਤਾ ਹੈ। ਉਸ ਨੂੰ ਬਿਨਾਂ ਕੋਈ ਕੇਸ ਚਲਾਇਆਂ ਦੇਸ਼ ਧ੍ਰੋਹ ਦੇ ਦੋਸ਼ ਲਾ ਕੇ ਪੂਰੇ ਦੋ ਸਾਲ ਸੀਖਾਂ ਪਿੱਛੇ ਰੱਖਿਆ ਗਿਆ। ਇਸ ਵੇਲੇ ਅਪਰੇਸ਼ਨ ਗ੍ਰੀਨ ਹੰਟ ਲਈ ਇਕ ਲੱਖ 15 ਹਜ਼ਾਰ ਸੁਰੱਖਿਆ ਮੁਲਾਜ਼ਮ ਲਾਏ ਹੋਏ ਹਨ। ਇਹ ਨਫਰੀ ਅਫਗਾਨਿਸਤਾਨ ਵਿਚ ਲਾਈ ਗਈ ਵਿਦੇਸ਼ੀ ਫੌਜ ਜਿੰਨੀ ਹੈ ਅਤੇ ਸਭ ਜਾਣਦੇ ਹਨ ਕਿ ਉਥੇ ਵਿਦੇਸ਼ੀ ਫੌਜ ਕੀ ਕੀ ਕਹਿਰ ਵਰਤਾ ਰਹੀ ਹੈ! ਭਾਰਤ ਸਰਕਾਰ ਭਾਵੇਂ ਮਾਓਵਾਦੀਆਂ ਖਿਲਾਫ ਫੌਜ ਨਾ ਵਰਤਣ ਬਾਰੇ ਕਹਿ ਰਹੀ ਹੈ ਪਰ ਸੱਚ ਇਹ ਹੈ ਕਿ ਫੌਜ ਚੁੱਪ-ਚੁਪੀਤੇ ਉਥੇ ਕਾਰਵਾਈ ਕਰ ਰਹੀ ਹੈ।

ਹੁਣ ਸਵਾਲ ਹੈ ਕਿ ਮਹੇਂਦਰ ਕਰਮਾ ਵਰਗੇ ਲੀਡਰਾਂ ਨੂੰ ਸਲਵਾ ਜੂਡਮ ਵਰਗੀਆਂ ਜਥੇਬੰਦੀਆਂ ਖੜ੍ਹੀਆਂ ਕਰਨ ਦੀ ਲੋੜ ਕੀ ਹੈ? ਅਸਲ ਵਿਚ ਆਦਿਵਾਸੀਆਂ ਵਾਲਾ ਸਮੁੱਚਾ ਖਿੱਤਾ ਕੁਦਰਤੀ ਸਾਧਨਾਂ ਨਾਲ ਮਾਲਾਮਾਲ ਹੈ ਅਤੇ ਸਰਕਾਰਾਂ ਨੇ ਵੱਡੀਆਂ ਕੰਪਨੀਆਂ ਨਾਲ ਇਸ ਸਬੰਧੀ ਸਮਝੌਤੇ ਕੀਤੇ ਹੋਏ ਹਨ। ਖਿੱਤੇ ਵਿਚ ਕਿਉਂਕਿ ਮਾਓਵਾਦੀਆਂ ਦਾ ਆਧਾਰ ਹੈ ਅਤੇ ਉਨ੍ਹਾਂ ਨੇ ਪਿਛਲੇ ਢਾਈ ਦਹਾਕਿਆਂ ਦੌਰਾਨ ਪਿੰਡਾਂ ਵਿਚ ਕੰਮ ਕਰ ਕੇ ਲੋਕਾਂ ਨੂੰ ਆਪਣੇ ਨਾਲ ਜੋੜ ਲਿਆ ਹੈ, ਇਸ ਲਈ ਕਰਮਾ ਵਰਗੇ ਲੀਡਰਾਂ ਨੂੰ ਮਾਓਵਾਦੀ ਉਨ੍ਹਾਂ ਦੀ ਆਮਦਨ ਦੇ ਰਾਹ ਦਾ ਰੋੜਾ ਜਾਪਦੇ ਹਨ। ਉਂਜ ਉਸ ਖਿੱਤੇ ਦਾ ਇਤਿਹਾਸ ਹੈ ਕਿ ਉਥੇ ਸਰਕਾਰ ਨੇ ਆਜ਼ਾਦੀ ਦੇ ਛੇ ਦਹਾਕਿਆਂ ਦੌਰਾਨ ਵੀ ਕੋਈ ਸਹੂਲਤ ਮੁਹੱਈਆ ਕਰਵਾਉਣ ਦੀ ਲੋੜ ਨਹੀਂ ਸਮਝੀ। ਜਿਨ੍ਹਾਂ ਮਾਓਵਾਦੀਆਂ ਨੂੰ ਮੁੱਖ ਧਾਰਾ ਮੀਡੀਆ ਅਤੇ ਸੱਤਾਧਾਰੀ ਹਿੰਸਕ ਹਿੰਸਕ ਕਹਿ ਕੇ ਨਿੰਦਦੇ ਨਹੀਂ ਥੱਕਦੇ, ਉਨ੍ਹਾਂ ਨੇ ਉਸ ਖਿੱਤੇ ਵਿਚ ਖੁਦ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ। ਇਹ ਉਨ੍ਹਾਂ ਦੀ ਲੋਕ-ਤਾਕਤ ਦਾ ਹੀ ਸਿੱਟਾ ਹੈ ਕਿ ਪਿਛਲੇ 3 ਸਾਲਾਂ ਤੋਂ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਸੁਰੱਖਿਆ ਬਲ ਉਨ੍ਹਾਂ ਦੇ ਗੜ੍ਹ ਅੰਦਰ ਵੜਨ ਵਿਚ ਕਾਮਯਾਬ ਨਹੀਂ ਹੋ ਸਕੇ। ਮਾਓਵਾਦੀਆਂ ਨੇ ਇਨ੍ਹਾਂ ਕਿਰਤੀਆਂ ਨੂੰ ਹੱਥ ਤੋਂ ਹਥਿਆਰ ਅਤੇ ਫਿਰ ਹਥਿਆਰ ਤੋਂ ਸਿਆਸਤ ਤੱਕ ਸਫਰ ਕਰਨ ਦੀ ਜਾਚ ਸਿਖਾਈ ਹੈ। ਇਸੇ ਦਮ 'ਤੇ ਇਹ ਲੋਕ ਹੁਣ ਸੱਤਾ ਨੂੰ ਵੰਗਾਰ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੋ ਕੰਮਾਂ ਜੋਗੀ ਜਨਤਾ*

ਪੇਟੀ ਦਾਰੂ ਦੀ ਚੇਤਾ ਨਹੀਂ ਰਹਿਣ ਦਿੰਦੀ, ਪਈਆਂ ਤੰਗੀਆਂ ਤੁਰਸ਼ੀਆਂ ਘਾਟਿਆਂ ਦਾ।
ਪੀ ਕੇ ਮੁਫਤ ਦੀ ਕਰਦੇ ਨੇ ਸ਼ੌਕ ਪੂਰਾ, ਵਿਚ ਰੈਲੀਆਂ ਸੈਰ-ਸਪਾਟਿਆਂ ਦਾ।
ਨਾਹਰੇ ਮਾਰਦੇ ਜੋਸ਼ ਵਿਚ ਭੁੱਲ ਜਾਂਦੇ, ਆਪਣੀ ਕਿਸਮਤ ਦੇ ਵਰਕਿਆਂ ਪਾਟਿਆਂ ਦਾ।
ਵੇਲੇ ਵੋਟਾਂ ਦੇ ਲਾਰਿਆਂ ਮਗਰ ਲਗਦੇ, ਚੜ੍ਹਦਾ ਚਾਅ ਫਿਰ ਦਾਲ ਤੇ ਆਟਿਆਂ ਦਾ।
'ਕੱਠਾਂ ਵਿਚ ਜਾ ਦਿੰਦੇ ਨੇ ਮੰਗ-ਪੱਤਰ, ਨਾਟਕ ਹੁੰਦਾ ਏ ਸੰਗਤ ਦੇ 'ਦਰਸ਼ਨਾਂ' ਦਾ।
ਜਨਤਾ ਵਾਸਤੇ ਦੋ ਹੀ ਹੁਣ ਕੰਮ ਰਹਿ ਗਏ, ਵੋਟਾਂ ਪਾਉਣ ਤੇ ਸ਼ਕਤੀ-ਪ੍ਰਦਰਸ਼ਨਾਂ ਦਾ!

# ਮੁੱਖ ਧਾਰਾ ਅਤੇ ਨਾਬਰ ਆਦਿਵਾਸੀ

ਬੂਟਾ ਸਿੰਘ

ਫੋਨ: 91-94634-74342

ਪੱਚੀ ਮਈ ਨੂੰ ਛੱਤੀਸਗੜ੍ਹ ਦੇ ਜੰਗਲਾਂ ਅੰਦਰ ਮਾਓਵਾਦੀ ਹਮਲੇ ਵਿਚ ਸਲਵਾ ਜੂਡਮ ਦੇ 'ਨਾਇਕ' ਮਹੇਂਦਰ ਕਰਮਾ, ਸੂਬਾਈ ਕਾਂਗਰਸ ਦੇ ਮੁਖੀ ਨੰਦ ਕਿਸ਼ੋਰ ਪਟੇਲ ਤੇ ਹੋਰ ਕਾਂਗਰਸੀ ਆਗੂਆਂ ਸਮੇਤ 27 ਵਿਅਕਤੀਆਂ ਦੇ ਮਾਰੇ ਜਾਣ ਨਾਲ ਭਾਰਤ ਦੀ ਪੂਰੀ ਸਥਾਪਤੀ ਬੁਖਲਾਈ ਹੋਈ ਨਜ਼ਰ ਆ ਰਹੀ ਹੈ। ਮੁਲਕ ਦੀ ਸਭ ਤੋਂ ਵੱਡੀ ਜ਼ੈੱਡ ਪਲੱਸ ਸੁਰੱਖਿਆ ਵੀ ਕਰਮਾ ਨੂੰ ਮਾਓਵਾਦੀਆਂ-ਆਦਿਵਾਸੀਆਂ ਦੇ ਰੋਹ ਤੋਂ ਨਹੀਂ ਬਚਾ ਸਕੀ। ਕਾਂਗਰਸ ਤੇ ਭਾਜਪਾ ਦੇ ਆਗੂ ਇਕ-ਦੂਜੇ ਦੇ ਪੈਰ ਮਿੱਧ ਕੇ ਮੁਲਕ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡੇ ਖ਼ਤਰੇ' ਨੂੰ ਕੁਚਲਣ ਲਈ ਪੂਰੀ ਸਖ਼ਤੀ ਨਾਲ ਪੇਸ਼ ਆਉਣ ਦੀਆਂ ਨਸੀਹਤਾਂ ਦੇ ਰਹੇ ਹਨ। ਸੋਨੀਆ ਗਾਂਧੀ ਅਨੁਸਾਰ ਇਹ "ਜਮਹੂਰੀ ਮੁੱਲਾਂ ਉੱਪਰ ਹਮਲਾ ਹੈ ਜਿਸ ਦੀ ਸਿਰਫ਼ ਰਾਜਸੀ ਪਾਰਟੀਆਂ ਨੂੰ ਹੀ ਨਹੀਂ, ਪੂਰੇ ਸਮਾਜ ਨੂੰ ਨਿਖੇਧੀ ਕਰਨੀ ਚਾਹੀਦੀ ਹੈ"। ਨਹਿਰੂ ਖ਼ਾਨਦਾਨ ਦੇ ਸ਼ਹਿਜ਼ਾਦੇ ਰਾਹੁਲ ਗਾਂਧੀ ਅਨੁਸਾਰ ਇਹ "ਜਮਹੂਰੀਅਤ ਉੱਪਰ ਹਮਲਾ" ਹੈ। ਪ੍ਰਧਾਨ ਮੰਤਰੀ ਮੋਨੀ ਬਾਬਾ ਨੇ ਮੂੰਹ ਖੋਲ੍ਹਿਆ ਹੈ ਕਿ ਇਹ "ਕਾਇਰਾਂ ਵਾਲੀ ਅਤੇ ਗ਼ੈਰ-ਜਮਹੂਰੀ ਕਾਰਵਾਈ ਹੈ" ਅਤੇ ਇਨ੍ਹਾਂ ਨੂੰ ਉਸ ਨੂੰ "ਸਾਡੇ ਆਗੂਆਂ ਨੇ ਜਾਨਾਂ ਕੁਰਬਾਨ ਕੀਤੀਆਂ" ਉੱਪਰ ਮਾਣ ਹੈ। ਭਾਜਪਾ ਮੁਖੀ ਰਾਜਨਾਥ ਸਿੰਘ ਨੇ ਸਲਾਹ ਦਿੱਤੀ ਹੈ ਕਿ "ਨਕਸਲਵਾਦ ਅਤੇ ਦਹਿਸ਼ਤਵਾਦ ਖ਼ਿਲਾਫ਼ ਸੌੜੀ ਸਿਆਸਤ ਤੋਂ ਉੱਪਰ ਉੱਠ ਕੇ ਲੜਾਈ ਲੜਨੀ ਚਾਹੀਦੀ ਹੈ"। ਭਾਜਪਾ ਤਰਜਮਾਨ ਅਨੁਸਾਰ ਨਕਸਲਵਾਦ "ਵਿਕਾਸ ਦਾ ਮਸਲਾ ਨਹੀਂ, ਇਹ ਹਿੰਸਾ ਜ਼ਰੀਏ ਤਾਕਤ ਹਥਿਆਉਣ ਦੇ ਨਕਸਲੀ ਅਕੀਦੇ ਦਾ ਸਵਾਲ ਹੈ।"

ਮਹਿਜ਼ ਇਕ ਹਫ਼ਤਾ ਪਹਿਲਾਂ ਇਸੇ ਛੱਤੀਸਗੜ੍ਹ ਸੂਬੇ ਵਿਚ ਸੁਰੱਖਿਆ ਤਾਕਤਾਂ ਨੇ 3 ਨਾਬਾਲਗ ਬੱਚਿਆਂ ਸਮੇਤ 8 ਆਦਿਵਾਸੀਆਂ ਨੂੰ 'ਮੁਕਾਬਲੇ' ਦੇ ਨਾਂ ਹੇਠ ਬੇਰਹਿਮੀ ਨਾਲ ਕਤਲ ਕੀਤਾ ਸੀ। ਇਸੇ ਤਰ੍ਹਾਂ ਪਿਛਲੇ ਸਾਲ ਜੂਨ ਮਹੀਨੇ 20 ਆਦਿਵਾਸੀ ਔਰਤਾਂ ਤੇ ਨਾਬਾਲਗ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ। ਇਹ ਕਤਲ ਸਥਾਪਤੀ ਜਾਂ ਇਸ ਦੇ ਇਕ ਵੀ ਆਗੂ ਨੂੰ ਜਮਹੂਰੀ ਮੁੱਲਾਂ ਦਾ ਘਾਣ ਦਿਖਾਈ ਨਹੀਂ ਸੀ ਦਿੱਤੇ। ਕਿਸੇ ਨੇ ਇਨ੍ਹਾਂ ਦੀ ਨਿਆਂਇਕ ਜਾਂਚ ਕਰਾਉਣ ਦੀ ਲੋੜ ਵੀ ਨਹੀਂ ਸੀ ਸਮਝੀ। ਅੱਜ ਸਥਾਪਤੀ ਦੇ ਤਰਜਮਾਨ ਤੇ ਮੀਡੀਆ ਮਹੇਂਦਰ ਕਰਮਾ ਵਰਗੇ ਕਾਤਲ ਮੁਜਰਮਾਂ ਨੂੰ ਸੀਨੀਅਰ ਸਿਆਸੀ ਆਗੂ ਬਣਾ ਕੇ ਪੇਸ਼ ਕਰ ਰਹੇ ਹਨ। ਕੀ ਇਹ ਸਵਾਲ ਪੁੱਛਣਾ ਨਹੀਂ ਬਣਦਾ ਕਿ ਜਦੋਂ ਸੀਨੀਅਰ ਮਾਓਵਾਦੀ ਆਗੂਆਂ ਆਜ਼ਾਦ ਅਤੇ ਕਿਸ਼ਨਜੀ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰ ਕੇ ਉਨ੍ਹਾਂ ਨੂੰ ਫੜ ਕੇ ਮੁਕਾਬਲੇ ਬਣਾ ਕੇ ਕਤਲ ਕੀਤਾ ਗਿਆ ਅਤੇ ਇਨ੍ਹਾਂ ਹੀ ਕਾਂਗਰਸੀ ਹੁਕਮਰਾਨਾਂ ਵਲੋਂ ਨਿਆਂਇਕ ਜਾਂਚ ਕਰਾਉਣ ਤੋਂ ਵੀ ਕੋਰਾ ਜਵਾਬ ਦੇ ਦਿੱਤਾ ਗਿਆ, ਉਦੋਂ ਭਾਰਤੀ ਰਾਜ ਤੇ ਹੁਕਮਰਾਨ ਕਿਹੜੇ ਜਮਹੂਰੀ ਮੁੱਲਾਂ ਦੀ ਰਾਖੀ ਕਰ ਰਹੇ ਸਨ? ਕੀ ਇਹ ਸੱਚ ਨਹੀਂ ਹੈ ਕਿ ਸਥਾਪਤੀ ਦੇ ਕਿਸੇ ਕਾਰਿੰਦੇ ਜਾਂ ਸੱਤਾ ਦੇ ਕਿਸੇ ਪੁਰਜੇ ਦੇ ਮਾਰੇ ਜਾਣ 'ਤੇ ਸਥਾਪਤੀ ਦੀਆਂ ਤਾਕਤਾਂ ਦਾ ਪ੍ਰਤੀਕਰਮ ਹੋਰ ਹੁੰਦਾ ਹੈ, ਚਾਹੇ ਉਹ ਕਿੰਨਾ ਵੀ ਜ਼ਾਲਮ ਤੇ ਘਿਣਾਉਣਾ ਕਿਰਦਾਰ ਕਿਉਂ ਨਾ ਹੋਵੇ। ਇਸ ਦੇ ਉਲਟ, ਪੂਰੀ ਤਰ੍ਹਾਂ ਬੇਕਸੂਰ ਮਜ਼ਲੂਮਾਂ ਨੂੰ ਮੁਕਾਬਲਿਆਂ 'ਚ ਕਤਲ ਕੀਤੇ ਜਾਣਾ ਜਾਂ ਜਥੇਬੰਦੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਇਸ ਦੇ ਆਗੂਆਂ/ਕਾਰਕੁਨਾਂ ਨੂੰ ਫਰਜ਼ੀ ਮੁਕਾਬਲਿਆਂ 'ਚ ਕਤਲ ਕਰ ਦੇਣਾ ਅਤੇ ਫਿਰ ਇਸ ਗ਼ੈਰ-ਕਾਨੂੰਨੀ ਕਤਲੇਆਮ ਨੂੰ ਉਂਵ ਹੀ ਨਜ਼ਰਅੰਦਾਜ਼ ਕਰ ਦੇਣਾ ਸਥਾਪਤੀ ਤੇ ਮੁੱਖ ਧਾਰਾਈ ਮੀਡੀਏ ਲਈ ਸਾਧਾਰਨ ਗੱਲ ਹੈ ਜਿਸ ਨੂੰ ਉਹ ਦੇਖ ਕੇ ਅਣਡਿੱਠ ਕਰ ਦੇਣ ਯੋਗ ਸਮਝਦੇ ਹਨ; ਕਿਉਂਕਿ ਇਹ ਲੋਕ 'ਮੁੱਖਧਾਰਾ' ਦਾ ਹਿੱਸਾ ਨਹੀਂ!

ਜਦੋਂ ਤਕ ਧੱਕ ਕੇ ਕੰਧ ਨਾਲ ਲਾਏ ਮਜ਼ਲੂਮ ਲੋਕਾਂ ਦੇ 'ਹਿੰਸਕ' ਪ੍ਰਤੀਕਰਮ ਨੂੰ ਅਜਿਹੇ ਪ੍ਰਤੀਕਰਮ ਨੂੰ ਜਨਮ ਦੇਣ ਵਾਲੇ ਅਣਮਨੁੱਖੀ ਹਾਲਾਤ ਨਾਲੋਂ ਤੋੜ ਕੇ ਖ਼ਲਾਅ 'ਚੋਂ ਟਪਕਿਆ ਹਿੰਸਕ ਦੈਂਤ ਬਣਾ ਕੇ ਪੇਸ਼ ਕੀਤਾ ਜਾਂਦਾ ਰਹੇਗਾ ਅਤੇ ਉਨ੍ਹਾਂ ਨੂੰ ਮਹਿਜ਼ ਅਮਨ-ਕਾਨੂੰਨ ਦਾ ਮਸਲਾ ਸਮਝ ਕੇ ਨਜਿੱਠਿਆ ਤੇ ਫ਼ੌਜੀ ਬੂਟਾਂ ਨਾਲ ਕੁਚਲਿਆ ਜਾਵੇਗਾ ਤਾਂ ਮਜ਼ਲੂਮਾਂ ਤੋਂ ਮਹੇਂਦਰ ਕਰਮਿਆਂ ਜਾਂ ਇਨ੍ਹਾਂ ਦੇ ਹਥਿਆਰਬੰਦ ਗੁੱਟਾਂ ਪ੍ਰਤੀ ਸ਼ਰਾਫ਼ਤ ਨਾਲ ਪੇਸ਼ ਆਉਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਦਰ ਹਕੀਕਤ, ਇਨ੍ਹਾਂ ਆਦਿਵਾਸੀ ਲੋਕਾਂ ਨੂੰ ਮੁਲਕ ਦੀ ਸਥਾਪਤੀ ਨੇ ਕਦੇ ਆਪਣਾ ਹਿੱਸਾ ਸਮਝਿਆ ਹੀ ਨਹੀਂ, ਸਗੋਂ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਉਨ੍ਹਾਂ ਨੂੰ ਬੁਰੀ ਤਰ੍ਹਾਂ ਲੁੱਟਿਆ-ਕੁੱਟਿਆ ਤੇ ਦਬਾਇਆ ਜਾਂਦਾ ਰਿਹਾ ਹੈ। ਜਦੋਂ ਮਾਓਵਾਦੀਆਂ ਨੇ ਦੋ ਦਹਾਕੇ ਜੰਗਲਾਂ 'ਚ ਵਿਚਰ ਕੇ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਨਾਲ ਪ੍ਰਭਾਵਿਤ ਕਰ ਕੇ ਜਥੇਬੰਦ ਸਿਆਸੀ ਤਾਕਤ ਬਣਾ ਲਿਆ, ਫਿਰ ਉਨ੍ਹਾਂ ਨੂੰ ਦਬਾਉਣਾ ਤੇ ਲੁੱਟਣਾ ਸਥਾਪਤੀ ਲਈ ਪਹਿਲਾਂ ਵਾਂਗ ਸੁਖਾਲਾ ਤੇ ਸੰਭਵ ਨਾ ਰਿਹਾ। ਅੱਜ ਉਹ ਭਾਰਤ ਦੇ ਘੋਰ ਨਾਬਰਾਬਰੀ 'ਤੇ ਉੱਸਰੇ ਪ੍ਰਬੰਧ ਲਈ ਗੰਭੀਰ ਚੁਣੌਤੀ ਬਣ ਚੁੱਕੇ ਹਨ। ਮਹੇਂਦਰ ਕਰਮਾ ਤੇ ਹੋਰ ਕਾਂਗਰਸੀ ਆਗੂਆਂ ਖ਼ਿਲਾਫ਼ ਉਨ੍ਹਾਂ ਦੇ ਰੋਹਲੇ ਪ੍ਰਤੀਕਰਮ ਨੂੰ ਇਨ੍ਹਾਂ ਠੋਸ ਹਾਲਾਤ 'ਚ ਰੱਖ ਕੇ ਹੀ ਵਿਚਾਰਨਾ ਹੋਵੇਗਾ। ਹਿੰਸਾ ਅਮੂਰਤ ਨਹੀਂ ਹੈ, ਇਹ ਸਮਾਜ ਦੀ ਜਮਾਤੀ ਵੰਡ ਆਧਾਰਤ ਵਰਤਾਰਾ ਹੈ। ਇਹ ਮਹਿਜ਼ ਨਿਖੇਧੀ ਕੀਤੇ ਜਾਣ ਦਾ ਸਵਾਲ ਨਹੀਂ ਹੈ।

ਸਲਵਾ ਜੂਡਮ ਬਾਰੇ ਟਿੱਪਣੀ ਕਰਦਿਆਂ ਆਪਣੇ ਇਤਿਹਾਸਕ ਫ਼ੈਸਲੇ (ਜੁਲਾਈ 2011) ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਸੀ, "ਰਾਜ ਸੱਤਾ ਵਿਰੁਧ ਜਾਂ ਹੋਰ ਲੋਕਾਂ ਵਿਰੁਧ ਲੋਕ ਬਿਨਾਂ ਵਜ੍ਹਾ ਜਥੇਬੰਦ ਹੋ ਕੇ ਹਥਿਆਰ ਨਹੀਂ ਚੁੱਕਦੇ।... ... ...ਦਰਅਸਲ, ਰਾਜ ਵਲੋਂ ਇਸ ਤਰ੍ਹਾਂ ਦੀਆਂ ਨੀਤੀਆਂ ਅਪਣਾਉਣ ਕਾਰਨ ਹੀ ਇਹ ਹਾਲਤ ਬਣੀ ਹੈ।" ਜਿਹੜਾ ਮੁੱਖ ਧਾਰਾ ਮੀਡੀਆ ਮਾਓਵਾਦੀ ਹਿੰਸਾ ਨੂੰ ਪਾਣੀ ਪੀ ਪੀ ਕੋਸ ਰਿਹਾ ਹੈ, ਕੀ ਉਸ ਨੂੰ ਇਹ ਟਿੱਪਣੀ ਚੇਤੇ ਹੈ? ਉਸ ਨੂੰ ਇਸ ਢਾਂਚੇ ਵਲੋਂ ਆਮ ਨਾਗਰਿਕ ਉਪਰ ਥੋਪੀ ਰੋਜ਼ਮਰ੍ਹਾ ਢਾਂਚਾਗਤ ਹਿੰਸਾ ਕਿਉਂ ਯਾਦ ਨਹੀਂ ਹੈ? ਕੀ ਉਹ ਇਸ ਤੱਥ ਨੂੰ ਜਾਣ-ਬੁੱਝ ਕੇ ਨਹੀਂ ਛੁਪਾ ਰਹੇ ਕਿ ਇਹੀ ਮਹੇਂਦਰ ਕਰਮਾ ਸੀ ਜਿਸ ਨੂੰ ਕਾਂਗਰਸ ਤੇ ਭਾਜਪਾ ਨੇ ਆਪਣੀ ਸ਼ਰੀਕੇਬਾਜ਼ੀ ਤੋਂ ਉੱਪਰ ਉੱਠ ਕੇ ਬਸਤਰ ਦੇ ਆਦਿਵਾਸੀ ਇਲਾਕਿਆਂ ਅੰਦਰ ਕਤਲੋਗ਼ਾਰਤ, ਸਾੜ-ਫੂਕ ਅਤੇ ਸਮੂਹਕ ਜਬਰ ਜਨਾਹਾਂ ਦੇ ਰੂਪ ਵਿਚ 'ਸਲਵਾ ਜੂਡਮ' (ਸ਼ਾਂਤੀ ਮੁਹਿੰਮ) ਚਲਾਉਣ ਲਈ ਸਾਂਝੇ ਰੂਪ 'ਚ ਸ਼ਿੰਗਾਰ ਕੇ ਅੱਗੇ ਲਾਇਆ ਸੀ ਅਤੇ ਉਸ ਦੀ ਅਗਵਾਈ ਹੇਠ (ਤੇ ਸਰਕਾਰੀ ਸੁਰੱਖਿਆ ਤਾਕਤਾਂ ਦੀ ਵਿਆਪਕ ਹਿੱਸੇਦਾਰੀ ਨਾਲ) ਬੇਕਸੂਰ ਆਦਿਵਾਸੀਆਂ ਨੂੰ ਉਦੋਂ ਤਕ ਕੋਹ ਕੋਹ ਕੇ ਮਾਰਿਆ ਗਿਆ ਜਦੋਂ ਤਕ ਜੁਲਾਈ 2011 'ਚ ਮੁਲਕ ਦੀ ਸੁਪਰੀਮ ਕੋਰਟ ਨੇ ਇਸ ਨੂੰ ਗ਼ੈਰ-ਕਾਨੂੰਨੀ ਨਹੀਂ ਐਲਾਨ ਦਿੱਤਾ। ਸਾੜਫੂਕ ਅਤੇ ਜਬਰ ਜਨਾਹਾਂ ਦੀ 'ਸ਼ਾਂਤੀ ਮੁਹਿੰਮ' ਜਦੋਂ ਬਹੁਤ ਬਦਨਾਮ ਹੋ ਗਈ ਤਾਂ ਇਸ ਨੂੰ ਐੱਸ.ਪੀ.ਓ. ਦਾ ਨਾਂ ਦੇ ਦਿੱਤਾ ਗਿਆ।

ਇਹ ਸਥਾਪਤ ਤੱਥ ਹਨ ਕਿ ਸਲਵਾ ਜੂਡਮ ਰਾਜ ਵਲੋਂ ਖੜ੍ਹਾ ਕੀਤਾ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਹਥਿਆਰਬੰਦ ਗਰੋਹ ਸੀ ਜਿਸ ਦਾ ਅਸਲ ਮਕਸਦ ਇਨ੍ਹਾਂ ਇਲਾਕਿਆਂ ਦੇ ਆਦਿਵਾਸੀਆਂ ਨੂੰ ਉਜਾੜ ਕੇ ਇਹ ਜ਼ਮੀਨਾਂ ਖਾਲੀ ਕਰਾਉਣਾ, ਸੂਬਾ ਸਰਕਾਰ ਨਾਲ ਇਕਰਾਰਨਾਮਿਆਂ ਮੁਤਾਬਕ ਜ਼ਮੀਨਾਂ ਟਾਟਾ ਅਤੇ ਐੱਸ ਆਰ ਕੰਪਨੀਆਂ ਨੂੰ ਸੌਂਪਣਾ ਅਤੇ ਖਾਣਾਂ ਪੁੱਟ ਕੇ ਉਥੋਂ ਦੇ ਭਰਪੂਰ ਕੁਦਰਤੀ ਵਸੀਲਿਆਂ ਨੂੰ ਇਨ੍ਹਾਂ ਕਾਰਪੋਰੇਟ ਕੰਪਨੀਆਂ ਦੇ ਸੁਪਰ ਮੁਨਾਫ਼ਿਆਂ 'ਚ ਬਦਲਣਾ ਸੀ। ਸਲਵਾ ਜੂਡਮ ਦੇ ਖ਼ਰਚ ਦਾ ਵੱਡਾ ਹਿੱਸਾ ਇਨ੍ਹਾਂ ਦੋਵਾਂ ਕੰਪਨੀਆਂ ਨੇ ਦਿੱਤਾ ਸੀ ਪਰ ਮੁਲਕ ਦੇ ਅਵਾਮ ਨੂੰ ਬੇਵਕੂਫ਼ ਬਣਾਉਣ ਲਈ ਇਸ ਨੂੰ ਆਦਿਵਾਸੀਆਂ ਦੀ ਆਪਸੀ ਲੜਾਈ ਵਜੋਂ ਪੇਸ਼ ਕੀਤਾ ਗਿਆ। ਬਕੌਲ ਸੁਪਰੀਮ ਕੋਰਟ, "ਇੰਵ ਲਗਦਾ ਹੈ ਕਿ ਰਾਜ ਦੀ ਸੁਰੱਖਿਆ ਅਤੇ ਆਰਥਿਕ ਨੀਤੀ ਬਾਰੇ ਫ਼ੈਸਲੇ ਲੈਣ ਵਾਲੇ ਲੋਕਾਂ ਦਾ ਨਵਾਂ ਮੰਤਰ ਇਹੀ ਹੈ ਕਿ ਅਮੀਰਾਂ ਨੂੰ ਟੈਕਸਾਂ ਤੋਂ ਛੋਟ ਦਿਉ ਅਤੇ ਗ਼ਰੀਬ ਨੌਜਵਾਨਾਂ ਦੇ ਇਕ ਹਿੱਸੇ ਨੂੰ ਬੰਦੂਕ ਫੜਾ ਦਿਉ, ਤਾਂ ਕਿ ਗ਼ਰੀਬ ਆਪੋ ਵਿਚ ਹੀ ਲੜ ਕੇ ਮਰਦੇ ਰਹਿਣ।" ਇਸ 'ਸ਼ਾਂਤੀ ਮੁਹਿੰਮ' ਵਲੋਂ 2005-2007 ਦੌਰਾਨ 642 ਆਦਿਵਾਸੀ ਪਿੰਡ ਸਾੜ ਕੇ ਰਾਖ਼ ਕਰ ਦਿੱਤੇ ਗਏ, ਸੈਂਕੜੇ ਔਰਤਾਂ ਨਾਲ ਸਮੂਹਕ ਜਬਰ ਜਨਾਹ ਕੀਤੇ ਗਏ (ਪੁਸਬਾਕਾ ਨਾਂ ਦੇ ਇਕ ਪਿੰਡ ਵਿਚ ਹੀ ਵੀਹ ਔਰਤਾਂ ਨਾਲ ਜਬਰ ਜਨਾਹ ਕੀਤੇ ਗਏ ਅਤੇ ਉਨ੍ਹਾਂ ਦੀਆਂ ਛਾਤੀਆਂ ਤੇ ਗੁਪਤ ਅੰਗ ਵੱਢ ਦਿੱਤੇ ਗਏ), 996 ਆਦਿਵਾਸੀਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਬਾਕੀਆਂ ਨੂੰ ਦਹਿਸ਼ਤਜ਼ਦਾ ਕਰ ਕੇ ਜਾਂ ਤਾਂ ਪੁਲਿਸ ਦੇ ਪਹਿਰੇ ਹੇਠ ਕੈਂਪਾਂ ਵਿਚ ਡੰਗਰਾਂ ਵਾਂਗ ਡੱਕ ਦਿੱਤਾ ਗਿਆ ਜਾਂ ਉਹ ਜੰਗਲਾਂ ਵਿਚ ਜਾ ਲੁਕੇ ਅਤੇ ਓੜਕ ਆਪਣੀ ਰਾਖੀ ਲਈ ਮਾਓਵਾਦੀ ਦੀਆਂ ਹਥਿਆਰਬੰਦ ਸਫ਼ਾਂ ਦਾ ਹਿੱਸਾ ਬਣ ਗਏ। ਮਾਓਵਾਦੀਆਂ ਅਤੇ ਸਲਵਾ ਜੂਡਮ ਦੀ ਸਿੱਧੀ ਲੜਾਈ ਵਿਚੋਂ ਮਾਓਵਾਦੀ, ਸਲਵਾ ਜੂਡਮ 'ਚੋਂ ਵੱਧ ਮਜ਼ਬੂਤ ਅਤੇ ਵੱਧ ਰਸੂਖ਼ ਵਾਲੀ ਤਾਕਤ ਬਣ ਕੇ ਨਿਕਲੇ।

ਪਿੱਛੇ ਜਿਹੇ ਬੀ.ਬੀ.ਸੀ. ਦੇ ਰਿਪੋਰਟਰ ਸੁਭਰਾਂਸ਼ੂ ਚੌਧਰੀ ਦੀ ਮਾਓਵਾਦੀ ਲਹਿਰ ਬਾਰੇ ਕਿਤਾਬ 'ਉਸ ਦਾ ਨਾਂ ਵਾਸੂ ਨਹੀਂ ਹੈ' ਛਪੀ ਹੈ ਜਿਸ ਵਿਚ ਉਸ ਨੇ ਮਾਓਵਾਦੀ ਲਹਿਰ ਬਾਰੇ ਭਰਪੂਰ ਜਾਣਕਾਰੀ ਦੇ ਨਾਲ ਨਾਲ ਸਲਵਾ ਜੂਡਮ ਦੇ ਆਮ ਆਦਿਵਾਸੀਆਂ ਉੱਪਰ ਡੂੰਘੇ ਪ੍ਰਭਾਵ ਨੋਟ ਕੀਤੇ ਹਨ। ਉਸ ਨੇ ਲਿਖਿਆ ਹੈ ਕਿ ਮਹੇਂਦਰ ਕਰਮਾ ਦੇ ਪਿੰਡ ਫਰਸਪਾਲ ਨਾਲ ਸਬੰਧਤ ਉਸ ਦੇ ਆਪਣੇ ਹੀ ਕੁਨਬੇ ਦੇ ਕਈ ਨਾਬਾਲਗ ਨੌਜਵਾਨ ਮੁੰਡੇ ਕੁੜੀਆਂ ਸਲਵਾ ਜੂਡਮ ਦੀਆਂ ਘਿਣਾਉਣੀਆਂ ਕਾਰਵਾਈਆਂ ਤੋਂ ਅੱਕ ਸਤ ਕੇ ਮਾਓਵਾਦੀਆਂ 'ਚ ਸ਼ਾਮਲ ਹੋ ਗਏ।

ਮੁੱਖ ਧਾਰਾ ਸਿਆਸਤ ਅਨੁਸਾਰ ਚੋਣਾਂ ਵਿਚ ਹਿੱਸਾ ਲੈਣਾ ਐਸਾ ਗੰਗਾ ਇਸ਼ਨਾਨ ਹੈ ਜਿਸ ਵਿਚ ਜੇ ਮਹੇਂਦਰ ਕਰਮਾ, ਸੱਜਣ ਕੁਮਾਰ ਜਾਂ ਮੋਦੀ ਵਰਗਾ ਘਿਣਾਉਣਾ ਕਾਤਲ ਕਿਰਦਾਰ ਵੀ ਟੁੱਭੀ ਲਗਾ ਲੈਂਦਾ ਹੈ ਤਾਂ ਉਸ ਦੇ ਪਾਪ ਧੋਤੇ ਜਾਂਦੇ ਹਨ ਅਤੇ ਉਸ ਨੂੰ ਜਮਹੂਰੀਅਤ ਦਾ ਦੂਤ ਮੰਨਿਆ ਜਾਣਾ ਚਾਹੀਦਾ ਹੈ। ਇਸ ਦੇ ਉਲਟ ਜੇ ਕੋਈ ਪਾਰਟੀ ਜਾਂ ਲਹਿਰ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ, ਉਹ ਆਪਣੇ ਸਿਆਸੀ ਪ੍ਰੋਗਰਾਮ ਅਤੇ ਅਵਾਮ ਪ੍ਰਤੀ ਵਤੀਰੇ ਵਿਚ ਕਿੰਨੀ ਵੀ ਤਰੱਕੀਪਸੰਦ ਤੇ ਜਮਹੂਰੀ ਕਿਉਂ ਨਾ ਹੋਵੇ, ਉਸ ਨੂੰ ਜਮਹੂਰੀਅਤ ਦੀ ਦੁਸ਼ਮਣ ਅਤੇ ਅਮਨ-ਕਾਨੂੰਨ ਲਈ ਖ਼ਤਰਾ ਐਲਾਨ ਕੇ ਭੰਡਣਾ ਅਤੇ ਫ਼ੌਜੀ ਤਾਕਤ ਰਾਹੀਂ ਕੁਚਲ ਦੇਣ ਦੇ ਹੋਕਰੇ ਮਾਰਨਾ ਜਾਇਜ਼ ਤੇ ਰਾਜ-ਧਰਮ ਸਮਝਿਆ ਜਾਂਦਾ ਹੈ। ਇਸੇ ਲਈ ਹਜ਼ਾਰਾਂ ਮੁਸਲਮਾਨਾਂ, ਆਦਿਵਾਸੀਆਂ ਦੇ ਘਾਣ, ਸਾੜਫੂਕ ਅਤੇ ਜਬਰ ਜਨਾਹਾਂ ਦੀ ਸਿੱਧੀ ਅਗਵਾਈ ਕਰਨ ਵਾਲੇ ਨਰੇਂਦਰ ਮੋਦੀ ਜਾਂ ਮਹੇਂਦਰ ਕਰਮਾ ਜਮਹੂਰੀਅਤਪਸੰਦ "ਰਾਜਸੀ ਆਗੂ" ਹਨ ਅਤੇ ਅਵਾਮ ਦੇ ਹਿੱਤ 'ਚ ਸਥਾਪਤੀ ਨਾਲ ਹਥਿਆਰਬੰਦ ਟੱਕਰ ਲੈਣ ਵਾਲੇ ਮਾਓਵਾਦੀ ਤੇ ਆਪਣੇ ਕੁਦਰਤੀ ਵਸੀਲਿਆਂ, ਜੰਗਲਾਂ ਦੀ ਰਾਖੀ ਲਈ ਲੜ ਰਹੇ ਆਦਿਵਾਸੀ ਦਹਿਸ਼ਤਗਰਦ ਹਨ। ਜੇ ਕਤਲ ਹੀ ਪੈਮਾਨਾ ਹਨ ਤਾਂ ਮੁੱਖ ਧਾਰਾ ਦੀਆਂ ਇਹ ਦੋਵੇਂ ਪਾਰਟੀਆਂ ਸਭ ਤੋਂ ਵੱਡੀਆਂ ਦਹਿਸ਼ਤਗਰਦ ਕਿਉਂ ਨਹੀਂ?

ਅੱਜ ਕਾਂਗਰਸ ਤੇ ਭਾਜਪਾ, ਦੋਵਾਂ ਦੇ ਆਗੂ ਇਸ ਸਾਲ ਦੇ ਅਖ਼ੀਰ ਵਿਚ ਹੋਣ ਵਾਲੀਆਂ ਛੱਤੀਸਗੜ੍ਹ ਵਿਧਾਨ ਸਭਾ ਦੀਆਂ ਚੋਣਾਂ 'ਤੇ ਨਜ਼ਰਾਂ ਟਿਕਾਈ 'ਪਰਿਵਰਤਨ ਯਾਤਰਾ' ਅਤੇ 'ਵਿਕਾਸ ਯਾਤਰਾ' ਦੇ ਰਾਜਸੀ ਸਟੰਟਾਂ ਵਿਚ ਜੁੱਟੇ ਹੋਏ ਹਨ। ਕਿਹੜੇ ਵਿਕਾਸ ਤੇ ਕਿਹੜੇ ਪਰਿਵਰਤਨ ਦੀਆਂ ਦਾਅਵੇਦਾਰ ਨੇ ਇਹ ਪਾਰਟੀਆਂ? ਮਾਓਵਾਦੀ ਅਤੇ ਉਨ੍ਹਾਂ ਦੀ ਅਗਵਾਈ ਹੇਠ ਜਥੇਬੰਦ ਆਦਿਵਾਸੀ ਕਿਸੇ ਵੀ ਕੀਮਤ 'ਤੇ ਚੋਣਾਂ ਦੇ ਨਾਂ ਹੇਠ ਇਨ੍ਹਾਂ ਦੀ ਸਿਆਸੀ ਧਾਂਦਲੀ ਦੇ ਤਿੱਖੇ ਵਿਰੋਧ 'ਚ ਹਨ। ਉਨ੍ਹਾਂ ਨੂੰ ਪਤਾ ਹੈ ਕਿ ਚੋਣਾਂ ਰਾਹੀਂ ਸਰਕਾਰ ਕਾਂਗਰਸ ਦੀ ਬਣੇ ਜਾਂ ਭਾਜਪਾ ਦੁਬਾਰਾ ਸੱਤਾ ਆ ਜਾਵੇ, ਕਾਰਪੋਰੇਟ ਵਿਕਾਸ ਮਾਡਲ ਤਹਿਤ ਉਨ੍ਹਾਂ ਦਾ ਉਜਾੜਾ ਅਤੇ ਉਨ੍ਹਾਂ ਖ਼ਿਲਾਫ਼ ਓਪਰੇਸ਼ਨ ਗ੍ਰੀਨ ਹੰਟ ਨਾਂ ਦੀ ਫ਼ੌਜੀ ਕਾਰਵਾਈ (ਅਤੇ ਅਣਐਲਾਨੀ ਸਲਵਾ ਜੂਡਮ) ਰਾਹੀਂ ਉਨ੍ਹਾਂ ਦਾ ਘਾਣ ਨਾ ਸਿਰਫ਼ ਜਾਰੀ ਰਹੇਗਾ, ਸਗੋਂ ਇਸ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਹੁਕਮਰਾਨਾਂ ਦੇ ਰਵੱਈਏ ਤੋਂ ਇਹ ਤੈਅ ਹੈ ਕਿ "ਸਭ ਤੋਂ ਵੱਡੇ ਖ਼ਤਰੇ" ਵਿਰੁੱਧ ਇਹ ਨਹੱਕੀ ਜੰਗ ਆਉਣ ਵਾਲੇ ਸਮੇਂ 'ਚ ਹੋਰ ਵੀ ਵਿਆਪਕ ਖ਼ੂਨ-ਖ਼ਰਾਬੇ ਦਾ ਰੂਪ ਅਖ਼ਤਿਆਰ ਕਰੇਗੀ। ਕਿਤੇ ਨਿਰਦੋਸ਼ ਲੋਕਾਂ ਦੇ ਕਤਲੇਆਮ ਦੇ ਰੂਪ 'ਚ ਅਤੇ ਕਿਤੇ ਮੁੱਖ ਧਾਰਾ ਦੇ "ਰਾਜਸੀ ਆਗੂਆਂ" ਅਤੇ "ਸੁਰੱਖਿਆ ਤਾਕਤਾਂ" ਦੇ ਮਾਓਵਾਦੀਆਂ ਦਾ ਨਿਸ਼ਾਨਾ ਬਣਨ ਦੇ ਰੂਪ 'ਚ। ਜਮਹੂਰੀ ਗਿਲਾਫ਼ 'ਚ ਕਿਉਂਕਿ ਢਾਂਚਾਗਤ ਹਿੰਸਾ ਇਸ ਸਮਾਜੀ-ਸਿਆਸੀ ਢਾਂਚੇ ਦੀ ਵਜੂਦ-ਸਮੋਈ ਖ਼ਾਸੀਅਤ ਹੈ, ਇਸ ਲਈ ਇਸ ਦੇ ਪ੍ਰਤੀਕਰਮ ਵਜੋਂ ਹਿੰਸਾ ਵੀ ਅਟੱਲ ਹੈ।

# ਆਲਮੀਕਰਨ ਦੇ ਦੌਰ ਵਿਚ ਔਰਤਾਂ

## ਆਧੁਨਿਕ ਯੁੱਗ ਪਹਿਲਾਂ ਨਾਲੋਂ ਵੀ ਭਿਆਨਕ ਹੋ ਕੇ ਟੱਕਰਿਆ

ਦੇਸ-ਪਰਦੇਸ

***ਭਾਰਤ ਵਿਚ ਆਲਮੀਕਰਨ ਔਰਤਾਂ ਲਈ ਬੜੇ ਟੇਢੇ ਢੰਗ ਨਾਲ ਟੱਕਰਿਆ ਹੈ। ਓਪਰੀ ਨਜ਼ਰੇ ਜਾਪਦਾ ਹੈ ਕਿ ਇਸ ਨੇ ਔਰਤ ਨੂੰ ਗੁਲਾਮੀ ਕੱਟਣ ਅਤੇ ਅਸਲ ਆਜ਼ਾਦੀ ਦੇ ਰਾਹ ਪਾ ਦਿੱਤਾ ਹੈ ਪਰ ਹਕੀਕਤ ਕੁਝ ਹੋਰ ਹੈ। ਇਸ ਹਕੀਕਤ ਦਾ ਬਿਆਨ ਕੁਲਦੀਪ ਕੌਰ ਨੇ ਆਪਣੇ ਇਸ ਲੇਖ 'ਆਲਮੀਕਰਨ ਦੇ ਦੌਰ ਵਿਚ ਔਰਤਾਂ' ਵਿਚ ਕੀਤਾ ਹੈ। ਆਲਮੀਕਰਨ ਕਿਸ ਤਰ੍ਹਾਂ ਔਰਤਾਂ ਦੇ ਸ਼ੋਸ਼ਣ ਵਿਚ ਹੀ ਸਹਾਈ ਹੋ ਰਿਹਾ ਹੈ, ਇਸ ਬਾਰੇ ਵਿਸ਼ਲੇਸ਼ਣ ਇਸ ਲੇਖ ਵਿਚ ਕੀਤਾ ਗਿਆ ਹੈ। ਲੇਖਕਾ ਨੇ ਔਰਤਾਂ ਦੇ ਇਸ ਸ਼ੋਸ਼ਣ ਬਾਰੇ ਚਰਚਾ ਛੇੜਦਿਆਂ ਮਾਰੂ ਢਾਂਚੇ ਦਾ ਅਸਲ, ਕਰੂਰ ਚਿਹਰਾ ਦਿਖਾਇਆ ਹੈ। -ਸੰਪਾਦਕ***

ਦਿੱਲੀ ਜਬਰ-ਜਨਾਹ ਕੇਸ ਤੋਂ ਬਾਅਦ ਔਰਤਾਂ ਦੀ ਅਸੁਰੱਖਿਆ, ਹੋਂਦ ਅਤੇ ਸਮਾਜਕ ਸਥਿਤੀ ਬਾਰੇ ਜਨ ਸੰਚਾਰ ਸਾਧਨਾਂ ਅਤੇ ਸਮਾਜਕ ਦਾਇਰਿਆਂ ਵਿਚ ਬਹਿਸਾਂ, ਦਲੀਲਾਂ, ਤਰਕਾਂ ਅਤੇ ਵਿਸ਼ਲੇਸ਼ਣਾਂ ਦਾ ਦੌਰ ਜਾਰੀ ਹੈ, ਪਰ ਜਦੋਂ ਇਨ੍ਹਾਂ ਸਾਰੇ ਮਸਲਿਆਂ ਨੂੰ ਅਸੀਂ ਔਰਤਾਂ ਸ਼ਹਿਰੀ ਹੱਕਾਂ ਅਤੇ ਮਨੁੱਖੀ ਹੱਕਾਂ ਨਾਲ ਜੋੜ ਕੇ ਦੇਖਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਔਰਤਾਂ ਵਿਰੁਧ ਹਿੰਸਾ ਜ਼ਿਆਦਾਤਰ ਉਨ੍ਹਾਂ ਘੇਰਿਆਂ ਵਿਚ ਹੁੰਦੀ ਹੈ, ਜਿਥੇ ਸੰਵਿਧਾਨ, ਕਾਨੂੰਨ ਅਤੇ ਰਾਜ ਸੱਤਾ ਦੇ ਬਾਕੀ ਢਾਂਚੇ ਸਿਰਫ਼ ਐਡਹਾਕ ਪੱਧਰ 'ਤੇ ਕੰਮ ਕਰ ਰਹੇ ਹਨ। ਇਸ ਹਿੰਸਾ ਨੂੰ



**ਕੁਲਦੀਪ ਕੌਰ**
ਫੋਨ: 91-98554-04330

ਸਮਝਣ ਲਈ ਇਸ ਨਾਲ ਸਬੰਧਤ ਅਤੇ ਬਹੁਤ ਹੱਦ ਤੱਕ ਇਸ ਹਿੰਸਾ ਨੂੰ ਘੜਨ ਵਾਲੇ ਚਾਰ ਵਰਤਾਰਿਆਂ ਦੀਆਂ ਤੈਹਾਂ ਫਰੋਲਣੀਆਂ ਪੈਣੀਆਂ ਹਨ। ਇਹ ਚਾਰ ਵਰਤਾਰੇ ਨਾ ਸਿਰਫ਼ ਇਕ ਦੂਜੇ ਨਾਲ ਜੁੜੇ ਹੋਏ ਹਨ, ਬਲਿਕ ਇਹ ਸਿੱਧੇ ਅਸਿੱਧੇ ਢੰਗ ਨਾਲ ਮੌਜੂਦਾ ਹਿੰਸਾ ਦੀ ਸਿਆਸਤ ਦੀਆਂ ਚੂਲਾਂ ਹਨ।

ਸਭ ਤੋਂ ਪਹਿਲਾ ਤੇ ਮਹੱਤਵਪੂਰਨ ਵਰਤਾਰਾ ਆਲਮੀਕਰਨ ਦਾ ਹੈ ਜਿਸ ਨੂੰ ਬਹੁਤ ਵਾਰ ਆਰਥਿਕ ਜਾਂ ਸਿਆਸੀ ਪਰਿਭਾਸ਼ਾਵਾਂ ਤੱਕ ਮਹਿਦੂਦ ਕਰ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਅੱਜ ਦੇ ਯੁੱਗ ਦਾ ਸਭ ਤੋਂ ਗੁੰਝਲਦਾਰ ਸਮਾਜਕ ਵਰਤਾਰਾ ਹੈ। ਇਹ ਇਕ ਪਾਸੇ ਤਾਂ ਪਹਿਲਾਂ ਤੋਂ ਹੀ ਵਿਕਿਸਤ ਤੇ ਵਿਕਾਸ ਕਰ ਰਹੇ ਦੇਸ਼ਾਂ ਵਿਚਾਲੇ ਆਰਥਿਕ-ਸਮਾਜਕ ਪਾੜੇ ਨੂੰ ਹੋਰ ਗਹਿਰਾ ਕਰਦਾ ਹੈ, ਦੂਜੇ, ਬੰਦੇ ਦੀ ਹੋਂਦ ਵੀ ਉਸ ਦੀ ਸਮਾਜਕ, ਸਿਆਸੀ, ਆਰਥਿਕ ਤੇ ਸਭਿਆਚਾਰਕ ਮੁਨਾਫਿਆਂ ਅਨੁਸਾਰ ਤੈਅ ਕਰਦਾ ਹੈ। ਨਾਗਰਿਕ ਦੇ ਤੌਰ 'ਤੇ ਔਰਤ ਦੀ ਹੋਂਦ ਅਤੇ ਵਿਚਰਨ ਦਾ ਸਾਰਾ ਦਾਰੋਮਦਾਰ ਪਹਿਲਾਂ ਹੀ ਉਸ ਦੀ ਸਮਾਜਕ, ਆਰਥਿਕ, ਸਿਆਸੀ ਤੇ ਸੱਭਿਆਚਾਰ ਪਛਾਣ ਨਾਲ ਜੁੜਿਆ ਹੈ। ਮਸਲਨ ਉਹ ਭਾਰਤੀ ਨਾਗਰਿਕ ਤਾਂ ਹੈ ਹੀ, ਪਰ ਕੀ ਉਹ ਦਲਿਤ ਵੀ ਹੈ, ਜਾਂ ਪੱਛੜੀ ਜਾਤੀ ਨਾਲ ਸਬੰਧਤ ਵੀ ਹੈ? ਜਾਂ ਉਹ ਗਰੀਬ ਪੇਂਡੂ ਵਿਧਵਾ ਹੈ? ਜਾਂ ਕਿਸੇ ਕੌਮਾਂਤਰੀ ਕੰਪਨੀ ਦੀ ਮੁਖੀ ਹੈ? ਇਹ ਵੀ ਬਹੁਤ ਵੱਡਾ ਸਵਾਲ ਹੈ। ਦੂਜਾ ਨੁਕਤਾ ਹੈ, ਜਿਸ ਦੇਸ਼ ਦੀ ਉਹ ਨਾਗਰਿਕ ਹੈ, ਕੀ ਉਥੇ ਸਿਆਸੀ ਜਮਹੂਰੀਅਤ ਦੇ ਨਾਲ ਨਾਲ ਆਰਥਿਕ, ਸਮਾਜਕ, ਸਭਿਆਚਾਰਕ, ਧਾਰਮਿਕ ਅਤੇ ਮਰਦ-ਔਰਤ ਦੇ ਆਪਸੀ ਰਿਸ਼ਤਿਆਂ ਦਾ ਵੀ ਜਮਹੂਰੀਕਰਨ ਹੋਇਆ ਹੈ? ਇਥੇ ਮਰਦ-ਔਰਤ ਦੇ ਆਪਸੀ ਰਿਸ਼ਤਿਆਂ ਦਾ ਅਰਥ ਪਿਉ ਧੀ ਦਾ ਰਿਸ਼ਤਾ, ਭੈਣ-ਭਰਾ ਦਾ ਰਿਸ਼ਤਾ ਵੀ ਹੈ ਅਤੇ ਸੱਸ-ਨੂੰਹ ਦਾ ਰਿਸ਼ਤਾ ਵੀ। ਇਸੇ ਤਰਕ ਨੂੰ ਥੋੜ੍ਹਾ ਹੋਰ ਵਿਸਥਾਰ ਦੇਈਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਔਰਤਾਂ ਨਾ ਤਾਂ ਕਿਸੇ ਇਕੋ ਜਿਹੇ ਹਾਲਾਤ ਅਤੇ ਸਾਧਨਾਂ ਦੀ ਮਾਲਕੀ ਵਾਲੇ ਗਰੁਪ ਦਾ ਨਾਂ ਹੈ ਅਤੇ ਨਾ ਹੀ ਔਰਤ ਦੀ ਕੋਈ ਇਕਹਿਰੀ ਪਛਾਣ ਹੈ। ਜਿਥੇ ਉਸ ਦੀ ਹਾਲਤ ਵੱਖ ਵੱਖ ਆਰਥਿਕ, ਸਮਾਜਕ ਤੇ ਧਾਰਮਿਕ ਸਮੂਹਾਂ ਨਾਲ ਜੁੜ ਕੇ ਬਦਲ ਜਾਂਦੀ ਹੈ, ਉਥੇ ਸਭਿਆਚਾਰ ਤੇ ਇਲਾਕਾਈ ਪਛਾਣ ਦੇ ਮਸਲੇ ਉਸ ਦੇ ਜਿਉਣ ਦੀ ਗੁਣਵੱਤਾ ਤੈਅ ਕਰਦੇ ਹਨ। ਮਸਲਨ ਕੌਮਾਂਤਰੀ ਸੰਸਥਾ ਵਿਚ ਮੁਖੀ ਦੇ ਤੌਰ 'ਤੇ ਕੰਮ ਕਰ ਰਹੀ ਅਤੇ ਸੜਕ ਉਤੇ ਲੁੱਕ ਪਾ ਰਹੀ ਔਰਤ ਦੇ ਮਸਲੇ ਸਰੀਰਕ ਪੱਧਰ 'ਤੇ ਤਾਂ ਇਕੋ ਜਿਹੇ ਜਾਪ ਸਕਦੇ ਹਨ ਪਰ ਉਨ੍ਹਾਂ ਨਾਲ ਜੁੜੇ ਬਾਕੀ ਮਸਲਿਆਂ ਦਾ ਨਸਲ ਮੁਖੀ, ਖਿੱਤਾ ਮੁਖੀ, ਧਰਮ ਮੁਖੀ, ਉਮਰ ਮੁਖੀ ਪੱਖ ਵੀ ਜ਼ਰੂਰ ਹੁੰਦਾ ਹੈ ਜਿਸ ਨਾਲ ਨਾ ਸਿਰਫ ਔਰਤਾਂ ਵਿਰੁਧ ਹਿੰਸਾ ਦਾ ਪ੍ਰਸੰਗ ਬਦਲ ਜਾਂਦਾ ਹੈ, ਬਲਕਿ ਨਿਆਂ, ਜਮਹੂਰੀ ਮੁੱਲਾਂ, ਤੇ ਜੀਵਨ ਮੁੱਲਾਂ ਦਾ ਅਰਥ ਵੀ ਇਕੋ ਜਿਹਾ ਨਹੀਂ ਰਹਿ ਜਾਂਦਾ। ਅਗਲਾ ਨੁਕਤਾ ਇਹ ਹੈ ਕਿ ਔਰਤਾਂ ਵਿਰੁਧ ਹਿੰਸਾ ਦੀਆਂ ਕਈ ਪਰਤਾਂ, ਕਈ ਦਿਸ਼ਾਵਾਂ ਹਨ ਜਿਨ੍ਹਾਂ ਨੂੰ ਸਮਝੇ ਬਿਨਾਂ ਨਿਆਂ, ਸਮਾਨਤਾ ਤੇ ਕਾਨੂੰਨ ਦੇ ਅਰਥ ਬੇਮਾਅਨੇ ਹੋ ਜਾਂਦੇ ਹਨ। ਔਰਤ ਨਾਲ ਹਿੰਸਾ ਕਿਉਂ, ਕਿਵੇਂ ਤੇ ਕਿਹੜੇ ਹਾਲਾਤ ਵਿਚ ਹੁੰਦੀ ਹੈ; ਇਸ ਦਾ ਸਿੱਧਾ ਸਬੰਧ ਉਸ ਦੇ ਅਮੀਰ-ਗਰੀਬ ਹੋਣ, ਬਹੁਗਿਣਤੀ-ਘੱਟਗਿਣਤੀ ਹੋਣ, ਉਚ ਜਾਤ ਜਾਂ ਨੀਵੀਂ ਜਾਤ ਹੋਣ ਨਾਲ ਤਾਂ ਜੁੜਦਾ ਹੀ ਹੈ ਪਰ ਇਸ ਦਾ ਸਿੱਧਾ ਸਬੰਧ ਰਾਜ, ਸਮਾਜ ਤੇ ਘਰਾਂ ਦੇ ਜਮਹੂਰੀ ਮੁੱਲਾਂ ਨਾਲ ਵੀ ਜੁੜਿਆ ਹੁੰਦਾ ਹੈ।

ਆਲਮੀਕਰਨ ਸਮਕਾਲੀ ਦੌਰ ਵਿਚ ਨਾ ਸਿਰਫ਼ ਆਲਮੀ ਨਾਬਰਾਬਰੀ ਵਧਾਉਣ ਦਾ ਅਮਲ ਹੈ, ਸਗੋਂ ਇਸ ਨੇ ਸਮਾਜਕ ਮੌਕਿਆਂ ਦੀ ਨਾਬਰਾਬਰੀ, ਸਰਕਾਰਾਂ/ਸਿਆਸੀ ਨੀਤੀਆਂ ਬਣਾਉਣ ਵਿਚ ਲੱਗੇ ਹੱਥਾਂ ਦੀ ਨਾਬਰਾਬਰੀ ਤੇ ਸਿਆਸੀ ਹਿੱਸੇਦਾਰੀ ਦੀ ਨਾਬਰਾਬਰੀ ਨੂੰ ਕਈ ਗੁਣਾ ਜਰਬ ਦਿੱਤੀ ਹੈ। ਆਲਮੀਕਰਨ ਦੇ ਇਸ ਦੂਜੇ ਦੌਰ ਵਿਚ ਔਰਤਾਂ ਨਾਲ ਕੀ ਵਾਪਰਿਆ ਹੈ? ਔਰਤਾਂ ਬਹੁਤ ਹੱਦ ਤੱਕ ਆਲਮੀਕਰਨ ਦੀ ਰੀੜ੍ਹ ਦੀ ਹੱਡੀ ਦੀ ਤਰ੍ਹਾਂ ਹਨ। ਤਾਜ਼ਾ ਅਧਿਐਨਾਂ ਅਨੁਸਾਰ ਇਸ ਸਮੇਂ ਭਾਰਤ ਵਿਚ 397 ਲੱਖ ਕਾਮੇ ਹਨ ਜਿਨ੍ਹਾਂ ਵਿਚੋਂ 123 ਲੱਖ ਔਰਤਾਂ ਹਨ। ਇਨ੍ਹਾਂ ਵਿਚੋਂ 96 ਪ੍ਰਤੀਸ਼ਤ ਔਰਤਾਂ ਗੈਰ-ਜਥੇਬੰਦ ਖੇਤਰ ਵਿਚ ਕੰਮ ਕਰਦੀਆਂ ਹਨ; ਮਤਲਬ ਔਰਤਾਂ ਆਲਮੀਕਰਨ ਦਾ ਕੱਚਾ ਖਾਜਾ ਹਨ। ਇਸ ਦੇ ਨਾਲ ਹੀ ਔਰਤਾਂ ਆਲਮੀਕਰਨ ਨਾਲ ਸਬੰਧਤ ਹਰ ਕਿਸਮ ਦੀ ਬਹਿਸ-ਚਰਚਾ ਵਿਚੋਂ ਗੈਰਹਾਜ਼ਰ ਹਨ। ਇਨ੍ਹਾਂ ਨੂੰ ਘੱਟ ਤਨਖਾਹ ਨਾਲ ਸਰ ਜਾਂਦਾ ਹੈ। ਇਹ ਜਥੇਬੰਦ ਵੀ ਨਹੀਂ। ਇਹ ਸਿਆਸੀ ਤੌਰ 'ਤੇ ਚੇਤੰਨ ਵਰਗ ਨਹੀਂ। ਇਨ੍ਹਾਂ ਨੂੰ ਕੰਮ ਨਾਲ ਜੁੜੀਆਂ ਹੋਈਆਂ ਹੋਰ ਸਹੂਲਤਾਂ ਜਿਵੇਂ ਆਰਾਮ ਦੇ ਘੰਟੇ, ਮਨੋਰੰਜਨ ਦੇ ਸਥਾਨ ਅਤੇ ਸਮਾਜਕ ਸੁਰੱਖਿਆ ਭੱਤਾ ਦੇਣ ਦੀ ਵੀ ਜ਼ਰੂਰਤ ਨਹੀਂ ਪੈਂਦੀ। ਇਹ ਵਰਗ ਇਤਿਹਾਸਕ ਤੌਰ 'ਤੇ ਇਸੇ ਤਰ੍ਹਾਂ ਦੇ ਕੰਮ ਸੱਭਿਆਚਾਰ ਦਾ ਆਦੀ ਬਣਾ ਦਿੱਤਾ ਗਿਆ ਹੈ। ਇਸ ਬਾਰੇ ਦੋ ਸਨਅਤਾਂ ਆਟੋ ਮੋਬਾਇਲ ਅਤੇ ਸੂਚਨਾ ਤਕਨਾਲੋਜੀ ਜਿਨ੍ਹਾਂ ਨੂੰ ਅਕਸਰ ਆਧੁਨਿਕ ਕੰਮ ਸਭਿਆਚਾਰ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ, ਦੀ ਚਰਚਾ ਕੀਤੀ ਜਾ ਸਕਦੀ ਹੈ। ਇਨ੍ਹਾਂ ਸਨਅਤਾਂ ਵਿਚ ਕਾਮਿਆਂ ਦਾ ਵੱਡਾ ਵਰਗ ਔਰਤਾਂ ਹਨ। ਇਨ੍ਹਾਂ ਦੇ ਕੰਮ ਕਰਨ ਦੇ ਅੰਦਾਜ਼ਨ ਘੰਟੇ 10 ਤੋਂ 12 ਤੱਕ ਪ੍ਰਤੀ ਦਿਹਾੜੀ ਹਨ। ਇਹ ਘੰਟੇ ਕਈ ਵਾਰ 14 ਤੋਂ 16 ਤੱਕ ਵੀ ਚਲੇ ਜਾਂਦੇ ਹਨ। ਹੁਣ ਇਹ ਕਿਸੇ ਵੀ ਪਲੇਟਫਾਰਮ 'ਤੇ ਮਨੁੱਖੀ ਜਾਂ ਨਾਗਰਿਕ (ਸਿਵਲ) ਹੱਕਾਂ ਦਾ ਮੁੱਦਾ ਨਹੀਂ ਬਣਦਾ। ਆਖਿਰ ਸਿਰਫ਼ ਸਰੀਰਕ ਸ਼ੋਸ਼ਣ ਨੂੰ ਹੀ ਜ਼ਲਾਲਤ ਅਤੇ ਮਨੁੱਖੀ ਅਣਖ ਦਾ ਮਸਲਾ ਕਿਉਂ ਮੰਨਿਆ ਜਾਵੇ? ਜਾਂ ਦੂਜੇ ਅਰਥਾਂ ਵਿਚ ਬੌਧਿਕਤਾ ਨਾਲ ਜੁੜੇ ਖੇਤਰਾਂ ਵਿਚ ਹੁੰਦਾ ਸ਼ੋਸ਼ਣ ਅੱਖੋਂ ਪਰੋਖੇ ਕਿਉਂ ਕੀਤਾ ਜਾਵੇ?

ਅਗਲਾ ਨੁਕਤਾ ਨਿੱਜੀਕਰਨ ਅਤੇ ਸੰਸਥਾਗਤ ਹਿੰਸਾ ਦੇ ਆਪਸੀ ਰਿਸ਼ਤਾ ਦਾ ਹੈ। ਨਿੱਜੀਕਰਨ ਦੇ ਵਿਰੋਧ ਦਾ ਅਹਿਮ ਤਰਕ ਹੈ ਕਿ ਇਹ ਰਾਜ ਤੇ ਸਮਾਜ ਦਾ ਚਰਿੱਤਰ ਬਦਲ ਦਿੰਦਾ ਹੈ। ਜੇ ਇਸ ਨੂੰ ਮਿਸਾਲ ਦੇ ਕੇ ਸਪੱਸ਼ਟ ਕਰਨਾ ਹੋਵੇ ਤਾਂ ਸਿਹਤ-ਤੰਤਰ ਦੇ ਨਿੱਜੀਕਰਨ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਸਿਹਤ-ਤੰਤਰ ਮਨੁੱਖੀ ਜਿੰਦੜੀਆਂ ਦੀ ਸੰਭਾਲ ਦਾ ਖੇਤਰ ਹੈ। ਇਹ ਲੋਹੇ ਦੇ ਔਜ਼ਾਰ ਤਿਆਰ ਕਰਨ ਦੀ ਸਨਅਤ ਵਾਂਗ ਨਹੀਂ ਚੱਲ ਸਕਦਾ ਅਤੇ ਨਾ ਹੀ ਇਹ ਮੁਨਾਫ਼ਾ ਕਮਾਉਣ ਦਾ ਜ਼ਰੀਆ ਬਣਾ ਕੇ ਸਟੇਟ ਜਮਹੂਰੀਅਤ ਦਾ ਦਾਅਵਾ ਕਰਨ ਜੋਗਾ ਰਹਿੰਦਾ ਹੈ, ਪਰ ਜਿਸ ਕਿਸਮ ਦਾ ਨਿਜੀਕਰਨ ਸਿਹਤ-ਤੰਤਰ ਦਾ ਹੋਇਆ ਹੈ, ਉਹ ਮਨੁੱਖੀ ਪੀੜ ਅਤੇ ਸੰਵੇਦਨਾ ਦਾ ਵਪਾਰ ਕਰਨ ਦਾ ਕਰੂਰ ਨਮੂਨਾ ਹੈ। ਭਾਰਤ ਵਿਚ ਸਿਰਫ਼ ਨਿੱਜੀਕਰਨ ਹੀ ਨਹੀਂ ਹੋਇਆ, ਇਸ ਨੇ ਮਰੀਜ਼ ਨੂੰ ਮਹਿਜ਼ ਖ਼ਪਤਕਾਰ ਬਣਾ ਦਿੱਤਾ ਹੈ। ਤਾਮੀਰਦਾਰੀ ਨੂੰ ਬਾਜ਼ਾਰੀ ਵਸਤੂ ਦੇ ਤੌਰ 'ਤੇ ਸਥਾਪਿਤ ਕਰ ਦਿੱਤਾ ਹੈ। ਇਸ ਦਾ ਸਾਰਾ ਅਮਲ ਤੇ ਪ੍ਰਬੰਧ ਹੌਲੀ ਹੌਲੀ ਗਿਣਤੀ ਦੀਆਂ ਕੁਝ ਦਵਾ ਕੰਪਨੀਆਂ ਅਤੇ ਮੈਡੀਕਲ ਟੂਰਜ਼ਿਮ ਸੰਸਥਾਵਾਂ ਦੇ ਹੱਥਾਂ ਵਿਚ ਆ ਚੁੱਕਾ ਹੈ। ਔਰਤਾਂ ਦੀ ਸਿਹਤ-ਤੰਤਰ ਤੱਕ ਪਹੁੰਚ ਦੇ ਸਾਰੇ ਪੁਲ, ਭਾਵੇਂ ਉਹ ਪਿੰਡ ਦੀ ਡਿਸਪੈਂਸਰੀ ਹੈ ਤੇ ਭਾਵੇਂ ਦਾਈਆਂ ਖ਼ਤਮ ਕਰ ਦਿੱਤੇ ਗਏ ਹਨ। ਇਲਾਜ ਦਾ ਖਰਚਾ ਅਜਿਹੀ ਮਦ ਹੈ ਜਿਸ ਨੇ ਨਾ ਸਿਰਫ ਲੱਖਾਂ ਪਰਿਵਾਰਾਂ ਨੂੰ ਨੱਕੋ ਨੱਕ ਗਰੀਬੀ ਵਿਚ ਧੱਕ ਦਿੱਤਾ ਹੈ, ਬਲਕਿ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ ਵੀ ਮਾਰੂ ਭੂਮਿਕਾ ਨਿਭਾਈ ਹੈ। ਪਛੜੇ, ਗਰੀਬ ਖੇਤਰਾਂ ਦੀਆਂ ਸੱਤਾ ਦੇ ਕੇਂਦਰਾਂ ਤੋਂ ਦੂਰ ਔਰਤਾਂ ਦਾ ਬਿਮਾਰ ਹੋਣਾ ਇਕ ਤਰ੍ਹਾਂ ਨਾਲ ਸਟੇਟ ਵੱਲੋਂ ਸਜ਼ਾ ਐਲਾਨ ਦਿੱਤਾ ਗਿਆ ਹੈ।

1991 ਤੋਂ ਬਾਅਦ ਜ਼ਿਆਦਾਤਰ ਅਰਧ ਵਿਕਸਿਤ ਦੇਸ਼ਾਂ ਦੁਆਰਾ ਅਪਨਾਈਆਂ ਗਈਆਂ ਨਵ-ਉਦਾਰਵਾਦੀ ਤੇ ਖੁੱਲ੍ਹੀ ਮੰਡੀ ਦੇ ਤਰਕ ਦੀਆਂ ਨੀਤੀਆਂ ਨੇ ਜਿਥੇ ਆਲਮੀ ਬੈਂਕ, ਆਲਮੀ ਮੁਦਰਾ



ਫੰਡ (ਆਈ.ਐਮ.ਐਫ.) ਅਤੇ ਕਾਰਪੋਰੇਟ ਦੀ ਸਰਦਾਰੀ ਪੱਕੇ ਪੈਰੀਂ ਕਰ ਦਿੱਤੀ ਹੈ, ਉਥੇ ਆਲਮੀਕਰਨ ਦੀ ਦਰ ਨੂੰ ਵੀ ਜਰਬ ਦਿੱਤੀ ਹੈ। ਇਸ ਨੇ ਔਰਤਾਂ ਨੂੰ ਤਿੰਨ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਪਹਿਲਾ, ਇਨ੍ਹਾਂ ਨੀਤੀਆਂ ਦਾ ਧੁਰਾ ਹੈ ਉਤਪਾਦਨ ਜਿਸ ਦਾ ਮੰਤਰ 'ਮੁਨਾਫਾ ਵਧਾਓ ਤੇ ਕੀਮਤ ਘਟਾਓ' ਹੈ। ਇਸ ਦਾ ਤਰਕ ਇਹ ਹੈ ਕਿ ਕਿਸੇ ਵੀ ਪੱਧਰ 'ਤੇ ਜਿਹੜੀ ਮਨੁੱਖੀ ਪੂੰਜੀ ਹੈ ਜਾਂ ਮਨੁੱਖੀ ਸਮੂਹ ਹਨ, ਉਨ੍ਹਾਂ ਵਿਚ ਸਿਆਸੀ ਤੌਰ 'ਤੇ ਸਟੇਟ ਨੂੰ ਨਿਵੇਸ਼ ਕਰਨ ਦੀ ਕੋਈ ਜ਼ਰੂਰਤ ਨਹੀਂ। ਇਸ ਦਾ ਔਰਤਾਂ ਲਈ ਇਹ ਅਰਥ ਬਣਿਆ ਕਿ ਘਰ ਦਾ ਕੰਮ ਧੰਦਾ ਕਰਨ, ਬੱਚੇ ਪੈਦਾ ਕਰਨ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ, ਬਜ਼ੁਰਗਾਂ ਦੀ ਸਾਂਭ ਸੰਭਾਲ ਬਾਰੇ ਸਟੇਟ ਦੀ ਕੋਈ ਜਵਾਬਦੇਹੀ ਨਹੀਂ ਬਣਦੀ ਅਤੇ ਨਾ ਹੀ ਕੋਈ ਜ਼ਿੰਮੇਵਾਰੀ ਤੈਅ ਕੀਤੀ ਜਾ ਸਕਦੀ ਹੈ। ਇਸ ਵਿਚ ਸਭ ਤੋਂ ਵੱਡੀ ਮਿਸਾਲ ਪ੍ਰਜਨਨ ਵਿਗਿਆਨ ਦੇ ਖੇਤਰਾਂ ਵਿਚ ਔਰਤਾਂ ਲਈ ਸੁਰੱਖਿਅਤ ਗਰਭ ਨਿਰੋਧਕਾਂ ਦੀ ਖੋਜ ਦੀ ਦਿੱਤੀ ਜਾ ਸਕਦੀ ਹੈ ਜਿਹੜੀ ਅੱਜ ਵੀ ਸਟੇਟ ਦੇ ਪਿਤਾ ਪੁਰਖੀ ਖਾਸੇ ਨੂੰ ਉਘਾੜਦੀ ਹੈ।

ਦੂਜਾ, ਇਨ੍ਹਾਂ ਨੀਤੀਆਂ ਅਤੇ ਆਲਮੀਕਰਨ ਦਾ ਵਰਤਾਰਾ ਔਰਤਾਂ ਅਤੇ ਮਰਦਾਂ ਵਿਚਲੀਆਂ ਸਮਾਜਕ, ਸਭਿਆਚਾਰਕ ਤੇ ਆਰਥਿਕ ਖਾਈਆਂ ਨੂੰ ਮੂਲੋਂ ਹੀ ਵਿਸਾਰ ਦਿੰਦਾ ਹੈ। ਹਰ ਖਾਸ ਵਰਗ ਜਾਂ ਨਸਲ ਜਾਂ ਕਬੀਲੇ ਵਾਂਗ। ਸਮੂਹ ਵਾਂਗ ਔਰਤਾਂ ਲਈ ਵੀ ਇਹ ਖਾਈਆਂ ਜਾਂ ਭਿੰਨਤਾਵਾਂ ਹੀ ਉਨ੍ਹਾਂ ਦੀ ਕੰਮ ਦੀ ਕਿਸਮ ਤੈਅ ਕਰਦੀਆਂ ਹਨ। ਜਿਥੇ ਮਰਦਾਂ ਦੇ ਕੰਮ ਦੀ ਸਮਾਜਕ, ਸਭਿਆਚਾਰਕ ਤੇ ਆਰਥਿਕ ਵੁੱਕਅਤ ਤੇ ਵਟਕ ਹੁੰਦੀ ਹੈ, ਉਥੇ ਔਰਤਾਂ ਦਾ ਕੰਮ ਭਾਵੇਂ ਉਹ ਖਾਣਾ ਬਣਾਉਣ ਦਾ ਹੋਵੇ, ਬਾਲਣ ਇਕੱਠਾ ਕਰਨ ਦਾ ਜਾਂ ਪਾਣੀ ਭਰਨ ਦਾ; ਉਹਨੂੰ ਔਰਤਪੁਣੇ ਦੇ ਸਾਧਾਰਨ ਮਾਪ ਨਾਲ ਉਕਾ ਹੀ ਰੱਦ ਕਰ ਦਿੱਤਾ ਜਾਂਦਾ ਹੈ।

ਤੀਜਾ, ਆਲਮੀਕਰਨ ਦਾ ਵਰਤਾਰਾ ਮੁੱਖ ਰੂਪ ਵਿਚ ਚਾਰ ਸਮਾਜਕ ਸੰਸਥਾਵਾਂ ਦੇ ਦਮ 'ਤੇ ਟਿਕਿਆ ਹੋਇਆ ਹੈ-ਘਰ, ਸਰਕਾਰ, ਕੰਪਨੀਆਂ ਅਤੇ ਮੰਡੀ। ਹੁਣ ਜਦੋਂ ਆਲਮੀਕਰਨ ਦਾ ਵਰਤਾਰਾ ਔਰਤਾਂ ਦੇ ਸ਼ਕਤੀਕਰਨ ਦੀ ਗੱਲ ਕਰਦਾ ਹੈ ਜਾਂ ਉਨ੍ਹਾਂ ਨੂੰ ਸਰਵ-ਸਮਰੱਥਾਵਾਨ ਬਣਾਉਣ ਦੀ ਉਮੀਦ ਵੇਚਦਾ ਹੈ ਤਾਂ ਇਨ੍ਹਾਂ ਸੰਸਥਾਵਾਂ ਵਿਚ ਔਰਤਾਂ ਦੀ ਸਾਧਨਾਂ 'ਤੇ ਮਾਲਕੀ, ਖੁਦ ਫੈਸਲੇ ਕਰਨ ਦੀ ਸਮਰੱਥਾ, ਮੂਲ ਹੱਕਾਂ ਬਾਰੇ ਪਹੁੰਚ ਨੂੰ ਸਿਰਿਆਂ 'ਤੇ ਖਿਸਕਾ ਦਿੰਦਾ ਹੈ। ਨਤੀਜੇ ਵਜੋਂ ਆਲਮੀਕਰਨ, ਹਿੱਤਾਂ ਦੀ ਸਿਆਸਤ ਖੇਡਦਾ ਕਾਬਜ਼ ਤੇ ਮਾਰੂ ਧਿਰ ਦੇ ਹੱਕ ਵਿਚ ਭੁਗਤ ਜਾਂਦਾ ਹੈ। ਇਨ੍ਹਾਂ ਚਾਰਾਂ ਸੰਸਥਾਵਾਂ ਵਿਚ ਔਰਤ ਪ੍ਰਤੀ ਵਿਤਕਰੇ ਦਾ ਇਤਿਹਾਸ ਤੇ ਮਾਨਸਿਕਤਾ ਸਮਝੇ ਬਿਨਾਂ ਔਰਤ ਵਿਰੁਧ ਹਿੰਸਾ ਦੀ ਗੱਲ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਇਹ ਮਸਲਾ ਇਕ ਪਾਸੇ ਤਾਂ ਔਰਤ ਹੱਕਾਂ ਦੀ ਪ੍ਰਾਪਤੀ ਨਾਲ ਜਾ ਜੁੜਦਾ ਹੈ, ਦੂਜੇ ਪਾਸੇ ਇਹ ਇਨ੍ਹਾਂ ਸੰਸਥਾਵਾਂ ਵਿਚ ਔਰਤ ਹੱਕਾਂ ਪ੍ਰਤੀ ਸੋਚ ਦੇ ਰੁਝਾਨਾਂ ਉਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦਾ ਹੈ।

ਔਰਤਾਂ ਵਿਰੁਧ ਹਿੰਸਾ ਅਤੇ ਉਦਾਰੀਕਰਨ/ਖੁੱਲ੍ਹੀ ਮੰਡੀ ਦੀਆਂ ਨੀਤੀਆਂ ਮਿਲ ਕੇ ਔਰਤਾਂ ਦੇ ਜਿਉਣ ਢਾਂਚੇ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ? ਇਨ੍ਹਾਂ ਦਾ ਸਭ ਤੋਂ ਗਹਿਰਾ ਅਸਰ ਘਰਾਂ 'ਤੇ ਪੈਂਦਾ ਹੈ। ਅੱਜ ਦੇ ਦੌਰ ਦੇ ਘਰ ਸਹਿਯੋਗ ਅਤੇ ਉਤਪਾਦਨ ਦੀਆਂ ਇਕਾਈਆਂ ਤਾਂ ਮੰਨ ਲਏ ਗਏ ਹਨ ਪਰ ਇਨ੍ਹਾਂ ਨੂੰ ਲਿੰਗਕ ਰਿਸ਼ਤਿਆਂ ਦੇ ਵਿਰੋਧ ਦੀ ਜਗ੍ਹਾ ਮੰਨਣ ਤੋਂ ਸਟੇਟ, ਸਮਾਜ ਤੇ ਸਿਆਸਤ ਮੁਨਕਰ ਹਨ। ਘਰ ਆਰਥਿਕ ਢਾਂਚੇ ਦੀ ਪਰਿਭਾਸ਼ਾ ਜੋ ਇਕੱਠੇ ਰਹਿ ਕੇ ਪੈਸਾ ਕਮਾਉਣ ਨਾਲ ਸਬੰਧਤ ਹੈ, ਅਨੁਸਾਰ ਪਰਿਭਾਸ਼ਿਤ ਹੋ ਗਏ ਹਨ। ਇਨ੍ਹਾਂ ਦੀ ਸਮਾਜਕ ਸਾਰਥਿਕਤਾ ਦਿਨੋ-ਦਿਨ ਖੁਰ ਰਹੀ ਹੈ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਇਨ੍ਹਾਂ ਹੀ ਘਰਾਂ ਵਿਚ ਜਦੋਂ ਗਰੀਬੀ, ਬੇਰੁਜ਼ਗਾਰੀ, ਭੁੱਖ ਤੇ ਨਸ਼ਿਆਂ ਦਾ ਜ਼ਲਜ਼ਲਾ ਆਉਂਦਾ ਹੈ ਤਾਂ ਇਸ ਦਾ ਖਮਿਆਜ਼ਾ ਔਰਤਾਂ ਭੁਗਤਦੀਆਂ ਹਨ।

ਰੀਤੀ-ਰਿਵਾਜ਼ਾਂ ਵਿਚਲੀਆਂ ਔਰਤ ਵਿਰੋਧੀ ਰੁਚੀਆਂ ਨੂੰ ਵੀ ਆਲਮੀਕਰਨ ਅਤੇ ਖੁੱਲ੍ਹੀ ਮੰਡੀ ਸਭਿਆਚਾਰਕ ਵਸਤ ਦੇ ਤੌਰ 'ਤੇ ਵੇਚਦੀ ਹੈ। ਘਰਾਂ ਵਿਚ ਸਭ ਤੋਂ ਮਗਰੋਂ, ਸਭ ਤੋਂ ਘੱਟ ਖਾਣ ਦਾ ਰਿਵਾਜ਼ ਆਧੁਨਿਕਤਾ ਅਤੇ ਤਰਕ ਦੀਆਂ ਦਲੀਲਾਂ ਅੱਗੇ ਅੱਜ ਵੀ ਸਾਬਤ ਸਬੂਤ ਖੜ੍ਹਾ ਹੈ। ਆਲਮੀਕਰਨ ਇਸ ਸਭਿਆਚਾਰਕ 'ਉਚਿਤਤਾ' ਨੂੰ ਔਰਤਪੁਣੇ ਦਾ ਧੁਰਾ ਬਣਾ ਕੇ ਪੇਸ਼ ਕਰਦਾ ਹੈ। ਅਜਿਹੇ ਘੜੇ-ਘੜਾਏ ਸਭਿਆਚਾਰਕ ਰੋਲਾਂ ਵਿਚ ਔਰਤਾਂ ਜਾਣੇ-ਅਣਜਾਣੇ ਆਪਣੇ ਖਿਲਾਫ਼ ਹੀ ਭੁਗਤ ਜਾਂਦੀਆਂ ਹਨ। ਜਿਹੜੇ ਜਗੀਰੂ ਸਮਾਜਾਂ ਵਿਚ ਔਰਤਾਂ ਦੇ ਤਸੱਵਰ 'ਹੀਰਾਂ' ਤੇ 'ਸੋਹਣੀਆਂ' ਦੇ ਰੂਪ ਵਿਚ ਹੀ ਸਵੀਕਾਰੇ ਜਾਣ, ਤੇ ਆਮ ਔਰਤ ਦੇ ਘਰਾਂ/ਸਮੂਹਾਂ/ਸਮਾਜਾਂ ਲਈ ਕੁੱਟੀਆਂ ਚੂਰੀਆਂ ਅਤੇ ਢਾਕਾਂ 'ਤੇ ਢੋਏ ਘੜਿਆਂ ਦੇ ਪਾਣੀ ਚੇਤਿਆਂ ਵਿਚੋਂ ਕਿਰ ਜਾਣ, ਉਥੇ ਸਮਾਜਕ ਕਦਰਾਂ-ਕੀਮਤਾਂ ਦਾ ਨਰੋਈਆਂ ਤੇ ਨਿੱਗਰ ਹੋਣਾ ਸੁਪਨਾ ਹੀ ਬਣ ਕੇ ਰਹਿ ਸਕਦਾ ਹੈ। ਹੀਰਾਂ, ਸੋਹਣੀਆਂ ਦੀਆਂ ਅਜਿਹੀਆਂ ਮਿੱਥਾਂ ਕਾਰਨ ਹੀ ਭਾਰਤੀ ਸਮਾਜ ਵਿਚ ਜਾਤ, ਧਰਮ ਤੇ ਭਾਸ਼ਾ ਤੋਂ ਵੀ ਵੱਡਾ ਨਸਲੀ ਵਿਤਕਰਾ ਔਰਤ ਦੀ ਨਸਲ ਨਾਲ ਉਸ ਦੇ ਰੰਗ, ਉਸ ਦੇ ਕੱਦ, ਉਸ ਦੇ ਵਾਲਾਂ, ਉਸ ਦੀ ਤੋਰ, ਉਸ ਦੇ ਹੱਸਣ-ਖੇਡਣ, ਮਿਲਣ-ਜੁਲਣ; ਅਰਥਾਤ ਉਸ ਦੇ ਸਾਹ ਲੈਣ ਤੱਕ ਦੇ ਢੰਗਾਂ ਨੂੰ ਲੈ ਕੇ ਲੱਖਾਂ ਘਰਾਂ ਵਿਚ ਵਾਪਰਦਾ ਹੈ। ਇਹ ਪਲੇਗ ਵਾਂਗੂੰ ਸੋਚਣ ਸਮਝਣ ਨੂੰ ਖੁੰਢਾ ਅਤੇ ਮੌਲਣ ਵਿਗਸਣ ਨੂੰ ਬੌਣਾ ਬਣਾ ਦਿੰਦਾ ਹੈ। ਹੁਣ ਸਟੇਟ ਜਦੋਂ ਭੋਜਨ ਸਬਸਿਡੀਆਂ 'ਤੇ ਕਟੌਤੀ ਦਾ ਐਲਾਨ ਕਰਦਾ ਹੈ, ਜਾਂ ਜਦੋਂ ਕੋਈ ਧਾਰਮਿਕ ਨੇਤਾ ਸਲਵਾਰ ਕਮੀਜ਼ ਨੂੰ ਧਰਮ ਨਾਲ ਜੋੜ ਕੇ ਦੇਖਦਾ ਹੈ ਤਾਂ ਉਹ ਅਸਲ ਵਿਚ ਸਭਿਅਤਾ ਦੇ ਵਿਕਾਸ ਦੀ ਧੁਰੀ ਨੂੰ ਉਲਟਾ ਗੇੜ ਦੇਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਭੋਜਨ ਸਬਸਿਡੀ ਦੀ ਕਟੌਤੀ ਔਰਤ ਦੀ ਥਾਲੀ 'ਤੇ ਲੱਗਦੀ ਹੈ ਅਤੇ ਪਹਿਰਾਵੇ ਦਾ ਸੰਦ ਮਰਦ ਦੀ ਸੱਤਾ ਦੀ ਨਿਰੰਕੁਸ਼ਤਾ ਦਾ ਸਬੂਤ ਹੈ।

ਜੇ ਪੰਜਾਬੀ ਘਰਾਂ ਦੇ ਪ੍ਰਸੰਗ ਵਿਚ ਆਲਮੀਕਰਨ, ਖੁੱਲ੍ਹੀ ਮੰਡੀ ਅਤੇ ਨਵ-ਉਦਾਰਵਾਦ ਨੂੰ ਸਮਝਣਾ ਹੋਵੇ ਤਾਂ ਇਸ ਨੂੰ ਹਰੀ ਕ੍ਰਾਂਤੀ ਦੇ ਫੇਲ੍ਹ ਹੋਣ, ਸਮਾਜਕ ਢਾਂਚਿਆਂ ਦੀ ਉਥਲ-ਪੁਥਲ ਅਤੇ ਘਰਾਂ ਵਿਚ ਔਰਤਾਂ ਦੀ ਸਿਮਟ ਰਹੀ ਹੋਂਦ ਵਜੋਂ ਪੜ੍ਹਿਆ ਜਾ ਸਕਦਾ ਹੈ। ਪੰਜਾਬੀ ਔਰਤਾਂ ਵਿਕਾਸ ਦੇ ਇਸ ਨਵ-ਪੂੰਜੀਵਾਦੀ ਮਾਡਲ ਕਾਰਨ ਖੇਤੀ ਸੈਕਟਰਾਂ ਵਿਚੋਂ ਬਾਹਰ ਧੱਕ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚ ਉਚ ਜਾਤੀ ਦੀਆਂ ਵੱਡੀ ਕਿਸਾਨੀ ਵਾਲੇ ਘਰਾਂ ਦੀਆਂ ਔਰਤਾਂ ਤਾਂ ਸ਼ਾਮਲ ਹਨ ਹੀ, ਇਸ ਤੋਂ ਬਿਨਾਂ ਖੇਤੀ ਮਜ਼ਦੂਰਾਂ ਦੀਆਂ ਕੁੜੀਆਂ, ਵਹੁਟੀਆਂ ਅਤੇ ਮਾਂਵਾਂ-ਭੈਣਾਂ ਵੀ ਸ਼ਾਮਿਲ ਹਨ। ਜਿਥੇ ਉਚੇ ਘਰਾਂ ਦੀਆਂ ਔਰਤਾਂ ਤੋਂ ਉਨ੍ਹਾਂ ਦੀ ਪਰੰਪਰਾਗਤ ਖੇਤੀ ਸਿਖਲਾਈ, ਸਮਝ ਤੇ ਸਿਆਣਪ ਖੋਹ ਲਈ ਗਈ ਹੈ, ਉਥੇ ਛੋਟੇ ਤੇ ਦਰਿਆਮਾਨੀ ਕਿਸਾਨੀ ਤੇ ਖੇਤ ਮਜ਼ਦੂਰ ਘਰਾਂ ਦੀਆਂ ਔਰਤਾਂ ਲਈ ਜਿਉਂਦੇ ਰਹਿ ਸਕਣਾ ਹੀ ਸਭ ਤੋਂ ਵੱਡਾ ਤਰੱਦਦ ਹੋ ਨਿਬੜਿਆ ਹੈ। ਖੇਤੀ ਦਾ ਮਸ਼ੀਨੀਕਰਨ ਪੂਰੀ ਤਰ੍ਹਾਂ ਪਿਤਾ ਪੁਰਖੀ ਹੈ, ਖੁੱਲ੍ਹੀ ਮੰਡੀ ਦਾ ਵਰਤਾਰਾ ਮਰਦ ਮੁਖੀ ਹੈ ਅਤੇ ਕਾਰਪੋਰੇਟ ਖੇਤੀ ਦਾ ਸਾਰਾ ਪ੍ਰਬੰਧਨ ਮਰਦ ਦੀ ਮਾਲਕੀ ਦੀ ਬਾਤ ਪਾਉਂਦਾ ਹੈ। ਉਪਰੋਂ ਸਮਾਜਕ ਤੌਰ 'ਤੇ ਦਾਜ ਦਹੇਜ, ਘਰੇਲੂ ਹਿੰਸਾ, ਮਾਨਸਿਕ ਤਸ਼ੱਦਦ ਅਤੇ ਘਰਦਿਆਂ ਨੂੰ ਵਿਦੇਸ਼ਾਂ ਵਿਚ ਸੈਟ ਕਰਨ ਦਾ ਬੋਝ ਸਮਾਜਕ ਅਰਾਜਕਤਾ ਨੂੰ ਜਨਮ ਦੇ ਚੁੱਕਾ ਹੈ। ਹੁਣ ਕਿਉਂਕਿ ਔਰਤਾਂ ਘਰਾਂ, ਮੰਡੀਆਂ, ਸਰਕਾਰਾਂ ਤੇ ਕੰਪਨੀਆਂ ਵਿਚ ਹਾਸ਼ੀਏ ਉਤੇ ਹਨ, ਉਨ੍ਹਾਂ ਦਾ ਸਰੀਰ ਹੀ ਇਕੋ ਇਕ ਅਜਿਹੀ ਜਾਇਦਾਦ ਹੈ ਜਿਸ ਦੀ ਨਵ-ਉਦਾਰਵਾਦੀ ਮੰਡੀ ਵਿਚ ਕੋਈ ਕੀਮਤ ਤੈਅ ਹੋ ਸਕਦੀ ਹੈ। ਮੈਰਿਜ ਪੈਲੇਸ ਵਿਚ ਨੱਚਦੀਆਂ ਮਜ਼ਦੂਰ ਕੁੜੀਆਂ ਅਤੇ ਮਾਮਿਆਂ, ਚਾਚਿਆਂ, ਭਰਾਵਾਂ, ਭਤੀਜਿਆਂ ਨਾਲ ਵਿਆਹ ਕਰਾ ਕੇ ਜਹਾਜ਼ੇ ਚੜ੍ਹਦੀਆਂ ਕੁੜੀਆਂ ਇਕੋ ਲੜੀ ਦੀਆਂ ਦੋ ਤੰਦਾਂ ਹਨ। ਇਕ ਵੱਡਾ ਖੱਪਾ ਉਸ ਬੇਲਾਗਪੁਣੇ ਅਤੇ ਸਮਾਜਕ ਗੈਰ-ਜ਼ਿੰਮੇਵਾਰੀ ਨੇ ਪੈਦਾ ਕੀਤਾ ਹੈ ਜਿਥੇ ਪੂੰਜੀ, ਸਾਰੀਆਂ ਬੌਧਿਕ ਤੇ ਸਮਾਜਕ ਕਾਰਗੁਜ਼ਾਰੀਆਂ ਦਾ ਧੁਰਾ ਹੋ ਨਿਬੜੀ ਹੈ।

ਸਰਕਾਰਾਂ ਦੇ ਪ੍ਰਸੰਗ ਵਿਚ ਖੁੱਲ੍ਹੀ ਮੰਡੀ, ਆਲਮੀਕਰਨ ਅਤੇ ਨਵ-ਉਦਾਰਵਾਦ ਕਿਵੇਂ ਕੰਮ ਕਰਦਾ ਹੈ, ਇਸ ਦਾ ਸਪੱਸ਼ਟ ਉਤਰ ਇਹੀ ਹੋ ਸਕਦਾ ਹੈ ਕਿ ਹੁਣ ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟ ਜਗਤ ਸਿਰਫ਼ ਸਰਕਾਰ ਦੇ ਸੂਤਰਧਾਰ ਨਹੀਂ, ਬਲਿਕ ਹੁਣ ਇਹ ਹੀ ਸਰਕਾਰ ਹਨ ਅਤੇ ਇਹ ਹੀ ਕਾਨੂੰਨ ਦੇ ਕਰਤਾ ਧਰਤਾ। ਨੀਤੀਆਂ ਭਾਵੇਂ ਉਹ ਸਿਆਸੀ ਹਨ, ਸਿਹਤ ਨਾਲ ਜੁੜੀਆਂ ਹੋਈਆਂ, ਸਿੱਖਿਆ ਨਾਲ ਸਬੰਧਤ ਜਾਂ ਔਰਤਾਂ ਦੇ ਮੁੱਦਿਆਂ ਬਾਰੇ ਹਨ, ਕਾਰਜਕਾਰੀ ਖਾਕਾ ਬਹੁਕੌਮੀ ਕੰਪਨੀਆਂ ਅਤੇ ਉਸ ਦੇ ਕਾਰਪੋਰੇਟ ਘਰਾਣੇ ਜਾਂ

***(ਬਾਕੀ ਸਫਾ 14 'ਤੇ)***

# ਖੀਰ, ਚਰਖਾ, ਕੁੱਤਾ, ਢੋਲ...!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਕਾਇਨਾਤ ਦੇ ਮਾਲਕ ਦੀ ਰਜ਼ਾ ਅੱਗੇ ਸਿਰ ਨਿਵਾ ਕੇ ਚੱਲਣ ਵਾਲੇ ਧਰਮੀ ਲੋਕ ਅਕਸਰ ਹੀ ਕਹਿ ਦਿੰਦੇ ਨੇ ਕਿ ਕੌਣ ਕਹੇ ਸਾਹਿਬ ਨੂੰ, ਇੰਜ ਨਹੀਂ ਇੰਜ ਕਰ। ਧਾਰਮਿਕ ਸ਼ਬਦਾਵਲੀ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਰੱਬ ਦੀ ਬੰਦਗੀ ਇਸ ਕਰ ਕੇ ਕੀਤੀ ਜਾਂਦੀ ਹੈ ਕਿ 'ਤੂੰ ਤੂੰ ਕਰਤਾ ਤੂੰ ਹੂਆ' ਅਨੁਸਾਰ ਉਸ ਦੇ ਸਾਜੇ ਹੋਏ ਆਦਮੀ ਵਿਚ ਵੀ ਰੱਬੀ ਗੁਣ ਪੈਦਾ ਹੋ ਜਾਣ। ਸਿਮਰਨ ਭਜਨ ਕਰਿਆਂ ਕੋਈ ਹੋਰ ਗੁਣ ਬੰਦੇ ਵਿਚ ਆ ਜਾਂਦੇ ਹੋਣ, ਤਾਂ ਪਤਾ ਨਹੀਂ ਪਰ ਅੱਜ ਦੇ ਬੰਦੇ ਵਿਚ ਇਹ 'ਰੱਬੀ ਗੁਣ' ਜ਼ਰੂਰ ਆ ਗਿਆ ਹੈ ਕਿ ਉਹ ਵੀ ਰੱਬ ਵਾਂਗ ਹੀ 'ਮਰਜ਼ੀ ਦਾ ਮਾਲਕ' ਬਣ ਗਿਆ ਹੈ। ਅਜੋਕੇ ਮਨੁੱਖ ਨੂੰ ਵੀ ਕਿਸੇ ਗਲਤ ਕੰਮ ਤੋਂ ਵਰਜਣ ਲੱਗਿਆਂ ਇਹੀ ਸੋਚ ਆ ਜਾਂਦੀ ਹੈ ਕਿ ਜੂਨਾਂ ਦੇ ਸਰਦਾਰ ਨੂੰ ਕੌਣ ਕਹੇ ਕਿ ਬੰਦਿਆਂ, ਇੰਜ ਨਹੀਂ ਇੰਜ ਕਰ। ਹਾਲੇ ਰੱਬ ਬਾਰੇ ਤਾਂ ਸੁਣਿਆ ਹੈ ਕਿ ਉਹ ਆਪਣੇ ਲਾਡਲੇ ਭਗਤਾਂ ਦੀਆਂ ਲੇਲੜੀਆਂ ਤੋਂ ਪਸੀਜ ਕੇ ਕਦੇ ਕਦੇ ਢੈਲਾ ਪੈ ਜਾਂਦਾ ਹੈ, ਪਰ ਮਾਡਰਨ ਮਨੁੱਖ ਇਹ ਅਸੂਲ ਪੱਕਾ ਹੀ ਲੜ ਬੰਨ੍ਹ ਬੈਠਾ ਹੈ ਕਿ ਨਸੀਹਤਾਂ ਸੁਣੀ ਜਾਵੋ ਸਭ ਦੀਆਂ, ਪਰ ਇਕ ਕੰਨ ਵਿਚ ਪਾ ਕੇ ਨਾਲ ਦੀ ਨਾਲ ਦੂਜੇ ਕੰਨ 'ਚੋਂ ਕੱਢੀ ਜਾਵੋ। ਲਗਦਾ ਹੈ ਕਿ ਅਜਿਹੇ ਢੀਠ ਮਨੁੱਖਾਂ ਬਾਰੇ ਹੀ ਭਗਤ ਕਬੀਰ ਨੇ ਇਹ ਸਲੋਕ ਲਿਖਿਆ ਹੋਣੈ,

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ॥
ਅੰਧੇ ਏਕ ਨਾ ਲਾਗਈ
ਜਿਉ ਬਾਂਸੁ ਬਜਾਈਐ ਫੂਕ॥

ਗੱਲ ਕਰੀਏ ਪੰਜਾਬੀ ਸਭਿਆਚਾਰ ਦੀ ਸੇਵਾ ਵਿਚ ਜੁਟੇ ਹੋਏ ਕੁਝ ਐਸੇ ਗਾਇਕ ਕਲਾਕਾਰਾਂ ਦੀ ਜਿਨ੍ਹਾਂ ਨੇ ਪੰਜਾਬੀ ਵਿਰਸੇ ਨੂੰ ਪਲੀਤ ਕਰਨ ਦਾ ਠੇਕਾ ਹੀ ਲੈ ਲਿਆ ਲਗਦਾ ਹੈ। ਆਪਣੀ ਵਿਰਾਸਤ ਦੇ ਗੰਧਲੇ ਹੋ ਜਾਣ ਦੀ ਚਿੰਤਾ ਕਰਦਿਆਂ ਬਹੁਤ ਸਾਰੇ ਸਮਾਜ ਚਿੰਤਕਾਂ ਨੇ ਉਨ੍ਹਾਂ ਨੂੰ ਵੱਖ ਵੱਖ ਢੰਗ-ਤਰੀਕਿਆਂ ਨਾਲ ਅਰਜੋਈਆਂ ਕੀਤੀਆਂ। ਮਾਈ ਭਾਗੋ ਤੋਂ ਸੇਧ ਲੈਂਦਿਆਂ ਪੰਜਾਬ ਦੀਆਂ ਸੁਘੜ ਸਿਆਣੀਆਂ ਬੀਬੀਆਂ ਨੇ 'ਇਸਤਰੀ ਜਾਗ੍ਰਤੀ ਮੰਚ' ਬਣਾ ਕੇ ਅਜਿਹੇ ਢੀਠ ਕਲਾਕਾਰਾਂ ਦੇ ਘਰਾਂ ਮੋਹਰੇ ਧਰਨੇ ਮਾਰੇ, ਜਲਸੇ ਕੀਤੇ, ਜਲੂਸ ਕੱਢੇ। ਕੁਝ ਪਰਵਾਸੀ ਵੀਰਾਂ ਨੇ ਵੀ ਆਪਣੇ ਪਿੱਛੋਕੇ ਦਾ ਦਰਦ ਮੰਨਦਿਆਂ ਹਜ਼ਾਰਾਂ ਦੀ ਗਿਣਤੀ ਵਿਚ ਕੈਲੰਡਰ ਵੰਡੇ ਜਿਨ੍ਹਾਂ ਵਿਚ ਕੁਆਰੀਆਂ-ਕੱਤਰੀਆਂ ਧੀਆਂ-ਧਿਆਣੀਆਂ ਦੇ ਲੱਕ ਮਿਣਨ ਵਾਲੇ ਅਤੇ ਭਾਰ ਤੋਲਣ ਵਾਲੇ ਗਾਇਕਾਂ ਦੀ ਗੈਰਤ ਨੂੰ ਟੁੰਬਿਆ ਗਿਆ ਸੀ।

ਵਗਦੀ ਗੰਗਾ ਵਿਚ ਹੱਥ ਧੋਣ ਵਾਂਗ ਬਹੁਤਿਆਂ ਨੇ ਫੇਸਬੁੱਕ 'ਤੇ ਵੀ ਲੱਚਰਤਾ ਵਿਰੁਧ ਧੂੰਆਂ-ਧਾਰ ਕੁਮੈਂਟ ਦੇਣੇ ਸ਼ੁਰੂ ਕਰ ਦਿੱਤੇ। ਲੋਕਾਂ ਦੀਆਂ ਅੱਖਾਂ ਉਡੀਕ ਰਹੀਆਂ ਹਨ ਕਿ ਅਸ਼ਲੀਲਤਾ ਆਸਰੇ ਨਾਂ ਤੇ ਨਾਵਾਂ ਖੱਟਣ ਵਾਲੇ ਕਲਾਕਾਰ ਹੁਣ ਸ਼ਾਇਦ ਇਸਤਰੀ ਜਾਗ੍ਰਤੀ ਮੰਚ ਵਾਲੀਆਂ ਭੈਣਾਂ ਕੋਲ ਜਾ ਕੇ ਖਿਮਾ ਜਾਚਨਾ ਕਰਨਗੇ; ਜਾਂ ਪੰਜਾਬੀ ਭਾਈਚਾਰੇ ਨਾਲ ਅਗਾਂਹ ਨੂੰ ਸੁਧਰ ਜਾਣ ਦਾ ਵਾਅਦਾ ਕਰਨਗੇ, ਪਰ ਅਜਿਹਾ ਕੁਝ ਵੀ ਨਾ ਵਾਪਰਿਆ। ਹਾਂ, ਇਹ ਹੋ ਗਿਆ ਕਿ ਕੁਝ ਚੈਨਲਾਂ ਵਾਲਿਆਂ ਨੇ ਇਨ੍ਹਾਂ ਲੋਕ-ਦੋਖੀ ਕਲਕਾਰਾਂ ਨੂੰ ਐਵਾਰਡਾਂ ਨਾਲ ਨਿਵਾਜਣਾ ਸ਼ੁਰੂ ਕਰ ਦਿੱਤਾ। ਸੂਝਵਾਨ ਨਜ਼ਰਾਂ ਇਹ ਦੇਖ ਦੇ ਦੰਗ ਰਹਿ ਗਈਆਂ ਕਿ ਕੁਝ ਉਹ ਆਵਾਜ਼ਾਂ ਜਿਹੜੀਆਂ ਉਚੀ ਸੁਰ ਵਿਚ 'ਵਿਰਸੇ ਦੀ ਰਖਵਾਲੀ' ਦੀਆਂ ਟਾਹਰਾਂ ਮਾਰ ਰਹੀਆਂ ਹਨ, ਹੁਣ ਉਹ ਫ਼ੁਕਰੇ ਗਾਇਕਾਂ ਨੂੰ ਐਵਾਰਡ ਮਿਲਣ ਦੀਆਂ ਵਧਾਈਆਂ ਵੀ ਦੇ ਰਹੀਆਂ ਹਨ।

ਕੈਲੀਫੋਰਨੀਆ ਸਟੇਟ ਦੇ ਫਰਿਜ਼ਨੋ ਸ਼ਹਿਰ ਦੇ ਇਕ ਪੱਤਰਕਾਰ ਭਰਾ ਨੇ ਪੰਜਾਬ ਜਾ ਕੇ ਆਪਣੇ ਇਲਾਕੇ ਵਿਚ ਅਸ਼ਲੀਲ ਗਾਇਕੀ ਵਿਰੁਧ ਖੁੱਲ੍ਹ ਕੇ ਪ੍ਰਚਾਰ ਕੀਤਾ ਅਤੇ ਅਜਿਹੀ ਸਮੱਗਰੀ ਵੰਡੀ ਜਿਸ ਵਿਚ ਲੋਕਾਂ ਨੂੰ ਇਸ ਲਾਹਣਤ ਵਿਰੁਧ ਲਾਮਬੰਦ ਕੀਤਾ ਗਿਆ ਸੀ। ਉਸ ਦੇ ਵਾਪਸ ਮੁੜਦਿਆਂ ਹੀ ਫਰਿਜ਼ਨੋ ਸ਼ਹਿਰ ਦੀ ਹੀ ਇਕ ਐਸੀ ਸੰਸਥਾ ਨੇ ਉਸੇ ਬਦਨਾਮ ਗਾਇਕ ਨੂੰ ਸੱਦ ਕੇ 'ਮੇਲਾ' ਕਰਵਾਉਣ ਦਾ ਐਲਾਨ ਕਰ ਦਿੱਤਾ ਜਿਹੜੀ ਸੰਸਥਾ ਪੰਜਾਬੀ ਵਿਰਾਸਤ ਦੀ ਪਾਕੀਜ਼ਗੀ ਦਾ ਦਮ ਭਰਦੀ ਰਹਿੰਦੀ ਸੀ। ਇਹ ਸੂਚਨਾ ਸੁਣ ਕੇ ਮੈਨੂੰ ਖੁਦ ਨੂੰ ਬਹੁਤ ਹੈਰਾਨੀ ਹੋਈ ਕਿ ਇਸ ਸੰਸਥਾ ਨੇ ਮੇਰੇ ਵਰਗਾ, ਜੋ ਅਜੋਕੇ ਕਲਚਰਲ ਮੇਲਿਆਂ ਨੂੰ 'ਕੰਜਰਲ ਮੇਲੇ' ਕਹਿੰਦਾ ਨਹੀਂ ਥੱਕਦਾ, ਦਾ ਵੀ ਸਨਮਾਨ ਕੀਤਾ ਸੀ। ਕਈ ਸਥਾਨਕ ਲੋਕਾਂ ਨੇ ਵੀ ਇਕ ਖਾਸ ਗਾਇਕ ਦਾ ਨਾਂ ਲੈ ਕੇ ਉਸ ਨੂੰ ਸੱਦਣ ਦਾ ਵਿਰੋਧ ਕੀਤਾ। ਇਸੇ ਦੌਰਾਨ ਫਰਿਜ਼ਨੋ ਦੇ ਇਕ ਸੱਜਣ ਨੇ ਮੈਨੂੰ ਫੋਨ 'ਤੇ ਵਧਾਈਆਂ ਦਿੰਦਿਆਂ ਦੱਸਿਆ ਕਿ ਫਲਾਣੇ ਲੱਚਰ ਗਾਇਕ ਨੂੰ 'ਵੀਜ਼ਾ' ਨਹੀਂ ਮਿਲਿਆ। ਇਸ ਕਰ ਕੇ ਲਾਇਆ ਜਾ ਰਿਹਾ ਮੇਲਾ ਸਾਫ-ਸੁਥਰਾ ਹੀ ਹੋਵੇਗਾ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਤੋਂ ਖਬਰਾਂ ਆਈਆਂ ਕਿ ਲੋਕ ਹਿੱਤਾਂ ਲਈ ਜੂਝਦੀ 'ਹੈਲਪ' ਨਾਂ ਦੀ ਸੰਸਥਾ ਦੇ ਉਦਮ ਸਦਕਾ ਇਕ ਹੋਰ ਫੁਕਰੇ ਗਾਇਕ ਹਨੀ ਸਿੰਘ ਵਿਰੁਧ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਧੀਨ ਕੇਸ ਦਰਜ ਹੋ ਗਿਆ ਹੈ। ਵਕੀਲਾਂ ਵਲੋਂ ਉਸ ਗਾਇਕ ਦੀ ਫੂਹੜ ਗਾਇਕੀ ਜੱਜਾਂ ਨੂੰ ਸੁਣਾਈ ਗਈ। ਤੌਬਾ ਤੌਬਾ ਕਰਦਿਆਂ ਜੱਜ ਸਾਹਿਬਾਨ ਨੇ ਕਿਹਾ ਕਿ ਪੰਜਾਬੀ ਸਮਾਜ ਆਹ ਕੁਝ ਹਜ਼ਮ ਕਰੀ ਜਾ ਰਿਹਾ ਹੈ? ਅਦਾਲਤ ਨੇ ਪੰਜਾਬ ਸਰਕਾਰ ਨੂੰ ਸਖਤ ਝਾੜਾਂ ਪਾਉਂਦਿਆਂ ਪੰਜਾਬੀਆਂ ਨੂੰ ਵੀ ਸਵਾਲ ਕੀਤਾ ਕਿ ਉਹ ਬਕਵਾਸ ਗਾਉਣ ਵਾਲੇ ਕਲਾਕਾਰਾਂ ਦਾ ਸਮਾਜਕ ਬਾਈਕਾਟ ਕਿਉਂ ਨਹੀਂ ਕਰਦੇ?

...ਤੇ ਲਉ ਜੀ, ਇਧਰ ਕੈਲੀਫੋਰਨੀਆ ਦੀਆਂ ਪੰਜਾਬੀ ਅਖਬਾਰਾਂ ਵਿਚ ਇਹ ਖਬਰ ਵੱਡੀ 'ਖੁਸ਼ਖਬਰੀ' ਵਜੋਂ ਛਪੀ ਕਿ ਜਿਸ ਗਾਇਕ ਨੂੰ ਵੀਜ਼ੇ ਤੋਂ ਇਨਕਾਰ ਹੋਇਆ ਸੀ, ਉਸ ਨੂੰ ਫਲਾਣਾ ਸਿੰਹੁ ਵਕੀਲ ਨੇ ਪੂਰਾ ਤਾਣ ਲਾ ਕੇ ਵੀਜ਼ਾ ਲਗਵਾ ਦਿੱਤਾ ਹੈ। ਹੁਣ ਉਹ ਗਾਇਕ ਫਰਿਜ਼ਨੋ ਮੇਲੇ ਵਿਚ ਆਪਣੀ ਕਲਾ ਦੇ ਜੌਹਰ ਦਿਖਾਏਗਾ। ਇਹ ਖਬਰ ਪੜ੍ਹ ਕੇ ਇਕ ਪਾਠਕ ਨੇ ਦੱਸਿਆ ਕਿ ਇਸੇ ਵਕੀਲ ਸ੍ਰੀਮਾਨ ਨੇ ਕੁਝ ਸਮਾਂ ਪਹਿਲਾਂ ਇਕ ਧਾਰਮਿਕ ਫਿਲਮ ਬਣਾਉਣ ਦੀ ਰੱਜ ਕੇ ਇਸ਼ਤਿਹਾਰਬਾਜ਼ੀ ਕੀਤੀ ਸੀ। ਇਸ ਫਿਲਮ ਬਾਰੇ ਉਨ੍ਹਾਂ ਗੱਜ-ਵੱਜ ਕੇ ਦਾਅਵਾ ਕੀਤਾ ਸੀ ਕਿ ਇਹ ਪਰਵਾਸੀ ਸਿੱਖ ਬੱਚਿਆਂ ਨੂੰ ਐਸੀ ਸੇਧ ਦੇਵੇਗੀ ਕਿ ਉਹ ਜ਼ਿੰਦਗੀ ਭਰ ਸਿੱਖ ਵਿਰਸੇ ਨਾਲ ਜੁੜੇ ਰਹਿਣਗੇ। ਇਹ ਵੱਖਰੀ ਗੱਲ ਹੈ ਕਿ ਉਸ 'ਅਨੋਖੀ ਤੇ ਅਦੁੱਤੀ' ਫਿਲਮ ਦੀ ਮੁੜ ਕੇ ਕੋਈ ਉਘ-ਸੁੱਘ ਨਹੀਂ ਨਿਕਲੀ, ਪਰ ਹੁਣ ਉਨ੍ਹਾਂ ਨੇ ਫਰਿਜ਼ਨੋ ਵਾਲੇ ਸਭਿਆਚਾਰਕ ਮੇਲੇ ਨੂੰ ਚਾਰ ਚੰਨ ਲਾਉਣ ਲਈ ਅਣਥੱਕ ਯਤਨ ਕਰਕੇ ਸਾਰੇ ਪਰਵਾਸੀਆਂ ਦੇ ਦਿਲ ਜਿੱਤ ਲਏ!

ਸੁਣਿਆ ਹੈ ਕਿ ਉਸ ਰੰਗਲੇ ਮੇਲੇ ਦੀ ਉਹ ਭੱਦਰ ਪੁਰਸ਼ ਵੀ ਸੋਭਾ ਵਧਾ ਰਹੇ ਸਨ ਜਿਹੜੇ ਕੁਝ ਕੁ ਹਫਤੇ ਪਹਿਲਾਂ ਕੁੜੀਆਂ ਦੇ ਲੱਕਾਂ ਦੀ ਪੈਮਾਇਸ਼ ਦੱਸਣ ਵਾਲੇ ਗਾਇਕ ਦੀ ਤੋਏ ਤੋਏ ਕਰ ਰਹੇ ਸਨ। ਮੇਲੇ ਵਿਚ ਉਨ੍ਹਾਂ ਨੇ ਵਕੀਲ ਦੀ ਮਹਾਨ ਕ੍ਰਿਪਾ ਸਦਕਾ ਪਧਾਰੇ ਉਸੇ ਗਾਇਕ ਨਾਲ ਹੁੱਬ-ਹੁੱਬ ਕੇ ਫੋਟੋਆਂ ਖਿਚਾਈਆਂ। ਇਹ ਵੀ ਪਤਾ ਲੱਗਾ ਕਿ ਉਸ ਗਾਇਕ ਨੇ ਸ਼ਰਮੋ-ਸ਼ਰਮੀ ਇਕ-ਦੋ ਤੱਤੇ ਗੀਤਾਂ ਬਾਰੇ ਮੁਆਫੀ ਦੀਆਂ ਗੱਲਾਂ ਵੀ ਕੀਤੀਆਂ, ਪਰ ਸਦਕੇ ਜਾਈਏ ਪੰਜਾਬੀ ਸਰੋਤਿਆਂ ਦੀ ਫਰਾਖਦਿਲੀ ਦੇ ਕਿ ਉਨ੍ਹਾਂ ਆਪਣੀਆਂ ਨੂੰਹਾਂ-ਧੀਆਂ ਸਾਹਮਣੇ ਉਹ ਹੀ ਗੀਤ ਸੁਣਨ ਦੀ ਫਰਮਾਇਸ਼ ਕੀਤੀ ਜਿਨ੍ਹਾਂ ਲਈ ਉਹ ਗਾਇਕ ਮੁਆਫੀ ਦੀ ਯਾਚਨਾ ਕਰ ਰਿਹਾ ਸੀ।

ਆਪਣੇ ਭਾਈਚਾਰੇ ਦੀ ਦੋਹਰੇ, ਤੀਹਰੇ ਜਾਂ ਚੌਹਰੇ ਕਿਰਦਾਰ ਨਿਭਾਉਣ ਦੀ ਬਣ ਚੁੱਕੀ ਇਸ ਮੰਦਭਾਗੀ ਫਿਤਰਤ ਤੋਂ ਮਾਯੂਸ ਹੋਇਆ ਇਕ ਪਾਠਕ ਹਉਕੇ ਭਰ ਰਿਹਾ ਸੀ। ਸਾਰਿਆਂ ਨੂੰ ਖੁਸ਼ ਕਰਨ ਵਾਲੇ ਇਕ ਸ਼ਾਇਰ ਦੀ ਉਹ ਹੱਡਬੀਤੀ, ਜੋ ਮੈਂ ਦੁਖੀ ਹੋ ਰਹੇ ਉਸ ਪਾਠਕ ਨੂੰ ਸੁਣਾਈ, ਇੱਥੇ ਲਿਖ ਕੇ ਸਮਾਪਤੀ ਕਰਦਾ ਹਾਂ,

ਅਮੀਰ ਖੁਸਰੋ ਕਿਤੇ ਸਫ਼ਰ 'ਤੇ ਨਿਕਲਿਆ ਹੋਇਆ ਸੀ। ਰਾਹ ਵਿਚ ਖੂਹ 'ਤੇ ਪੇਂਡੂ ਕੁੜੀਆਂ ਪਾਣੀ ਭਰਨ ਆਈਆਂ ਹੋਈਆਂ ਸਨ। ਖੁਸਰੋ ਨੂੰ ਪਿਆਸ ਲੱਗੀ ਹੋਈ ਸੀ। ਉਸ ਨੇ ਕੁੜੀਆਂ ਪਾਸੋਂ ਪੀਣ ਲਈ ਪਾਣੀ ਮੰਗਿਆ। ਕੁੜੀਆਂ ਦੇ ਅੱਗਾ-ਪਿੱਛਾ ਪੁੱਛਣ 'ਤੇ ਉਸ ਨੇ ਦੱਸਿਆ ਕਿ ਮੈਂ ਸ਼ਾਇਰ ਹਾਂ, ਗੀਤ ਕਵਿਤਾਵਾਂ ਲਿਖਦਾ ਹਾਂ। ਕੁੜੀਆਂ ਨੇ ਉਸ ਨੂੰ ਕੋਈ ਗੀਤ ਸੁਣਾਉਣ ਲਈ ਆਖਿਆ। ਸ਼ਾਇਰਾਂ ਵਾਂਗ ਖੁਸਰੋ ਨੇ ਕੁੜੀਆਂ ਨੂੰ ਪੁੱਛਿਆ ਕਿ ਉਹ ਕਿਹੋ ਜਿਹਾ ਗੀਤ ਸੁਣਨਾ ਪਸੰਦ ਕਰਨਗੀਆਂ? ਇਕ ਕੁੜੀ ਕਹਿੰਦੀ, "ਭਾਈ ਮੈਨੂੰ ਖੀਰ ਖਾਣੀ ਬਹੁਤ ਪਸੰਦ ਹੈ, ਇਸ ਲਈ ਤੂੰ ਖੀਰ ਦਾ ਕੋਈ ਗੀਤ ਸੁਣਾ?"

"ਨਹੀਂ ਨਹੀਂ ਭਰਾਵਾ, ਤੂੰ ਚਰਖੇ ਦਾ ਗੀਤ ਸੁਣਾ।" ਦੂਜੀ ਕਹਿਣ ਲੱਗੀ। ਇੰਨੇ ਨੂੰ ਤੀਜੀ ਨੇ ਆਪਣੀ ਫ਼ਰਮਾਇਸ਼ ਦੱਸੀ। ਅਖੇ-ਖੀਰ, ਚਰਖੇ ਨੂੰ ਦਫ਼ਾ ਕਰ, ਤੂੰ ਕੁੱਤੇ ਦਾ ਗੀਤ ਗਾ। ਚੌਥੀ ਕੁੜੀ ਨੇ ਸਹੇਲੀਆਂ ਦੀ ਫਰਮਾਇਸ਼ ਰੱਦ ਕਰਦਿਆਂ ਕਿਹਾ ਕਿ ਭਾਈ ਵੀਰਾ, ਮੈਨੂੰ ਤਾਂ ਭੰਗੜੇ ਵਿਚ ਵੱਜਦਾ ਢੋਲ ਬਹੁਤ ਚੰਗਾ ਲਗਦੈ, ਤੂੰ ਢੋਲ ਦੀ ਉਪਮਾ ਗਾ ਕੇ ਸੁਣਾ।

ਅਮੀਰ ਖੁਸਰੋ ਜਿਹਾ ਆਲਮ ਸ਼ਾਇਰ ਪੇਂਡੂ ਤੇ ਸਿੱਧੜ ਕੁੜੀਆਂ ਦੇ ਵੱਸ ਪੈ ਗਿਆ। ਪਾਣੀ ਪੂਣੀ ਦਾ ਕਿਸੇ ਨਾਂ ਨਾ ਲਿਆ, ਆਪੋ ਆਪਣੀਆਂ ਫਰਮਾਇਸ਼ਾਂ ਦੱਸੀ ਜਾਣ। ਚੌਹਾਂ ਨੂੰ ਹੀ ਰਾਜ਼ੀ ਰੱਖਣ ਵਾਲਾ ਹੇਠ ਲਿਖਿਆ ਦੋਹਰਾ ਬੋਲ ਕੇ ਅਮੀਰ ਖੁਸਰੋ ਆਪਣੀ ਪਿਆਸ ਬੁਝਾ ਕੇ ਤੁਰਦਾ ਬਣਿਆ,

ਖੀਰ ਬਣਾਈ ਯਤਨ ਸੇ,
ਚਰਖਾ ਲਿਆ ਚਲਾ,
ਆਇਆ ਕੁੱਤਾ ਖਾ ਗਿਆ,
ਤੂੰ ਬੈਠੀ ਢੋਲ ਵਜਾ।

## ਸਾਊਥ ਆਸਟਰੇਲੀਆ ਸੂਬੇ ਵਿਚ ਵੀ ਪੰਜਾਬੀ ਨੂੰ ਮਿਲੀ ਮਾਨਤਾ

**ਮੈਲਬਰਨ:** ਆਸਟਰੇਲੀਆ ਦੇ ਸੂਬੇ ਸਾਊਥ ਆਸਟਰੇਲੀਆ ਨੇ ਪੰਜਾਬੀ ਬੋਲੀ ਨੂੰ ਸਕੂਲਾਂ ਤੇ ਕਾਲਜਾਂ ਵਿਚ ਮਾਨਤਾ ਦੇ ਕੇ ਪੰਜਾਬੀ ਵਿਦਿਆਰਥੀਆਂ ਨੂੰ ਆਪਣੀ ਬੋਲੀ ਵਿਸ਼ੇ ਵਜੋਂ ਪੜ੍ਹਨ ਲਈ ਬੂਹੇ ਖੋਲ੍ਹ ਦਿੱਤੇ ਹਨ। ਅਗਲੇ ਵਿਦਿਅਕ ਵਰ੍ਹੇ ਵਿਚ (2014) ਵਿਚ ਸਿੱਖਿਆ ਅਦਾਰਿਆਂ ਦੇ ਪ੍ਰਾਸਪੈਕਟਾਂ ਵਿਚ ਮੁਹੱਈਆ ਵਿਸ਼ਿਆਂ ਵਿਚ ਪੰਜਾਬੀ ਵੀ ਸ਼ੁਮਾਰ ਹੋਵੇਗੀ। ਪੰਜਾਬੀ ਨੂੰ ਮਾਨਤਾ ਦਿਵਾਉਣ ਵਿਚ ਯਤਨਸ਼ੀਲ ਰਹੇ ਸਾਊਥ ਆਸਟਰੇਲੀਅਨ ਕਲਚਰਲ ਐਸੋਸੀਏਸ਼ਨ ਦੇ ਆਗੂ ਹਰਵਿੰਦਰ ਸਿੰਘ ਗਰਚਾ ਦੀ ਮਿਹਨਤ ਨੂੰ ਬੂਰ ਪਿਆ ਹੈ। ਆਸਟਰੇਲੀਆ ਦੇ ਦੂਜੇ ਸੂਬਿਆਂ ਵਿਕਟੋਰੀਆ, ਨਿਊ ਸਾਊਥ ਵੇਲਜ਼ ਤੇ ਕੁਈਨਜ਼ਲੈਂਡ ਵਿਚ ਪੰਜਾਬੀ ਨੂੰ ਪਹਿਲਾਂ ਹੀ ਮਾਨਤਾ ਮਿਲ ਚੁੱਕੀ ਹੈ। ਹੁਣ ਅਗਲੇ ਸਾਲ ਤੋਂ ਇਸ ਸੂਬੇ ਵਿਚ 8ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹ ਸਕਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਪੰਜਾਬੀ ਪੁਸਤਕਾਂ ਦਾ ਸਿਲੇਬਸ ਕੌਮੀ ਪੱਧਰ ਦਾ ਹੋਵੇਗਾ ਜੋ ਦੂਜਿਆਂ ਸੂਬਿਆਂ ਵਿਚ ਵੀ ਪੜ੍ਹਾਇਆ ਜਾ ਰਿਹਾ ਹੈ।

ਗੁਰੂ ਨਾਨਕ ਸਿੱਖ ਸੁਸਾਇਟੀ ਸੰਸਥਾ ਸਰਬਤ ਖਾਲਸਾ ਤੇ ਸਾਊਥ ਆਸਟਰੇਲੀਆ ਸਿੱਖ ਸੁਸਾਇਟੀ ਵੀ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਹਿੱਤ ਕਾਰਜਸ਼ੀਲ ਹਨ। ਜ਼ਿਕਰਯੋਗ ਹੈ ਕਿ 2011 ਦੀ ਜਨਗਣਨਾ ਮੁਤਾਬਕ ਇਸ ਸੂਬੇ ਵਿਚ ਆਪਣੀ ਬੋਲੀ ਪੰਜਾਬੀ ਦਰਜ ਕਰਵਾਉਣ ਵਾਲਿਆਂ ਵਿਚ 80.9 ਫੀਸਦੀ ਸਿੱਖਾਂ, 13.3 ਹਿੰਦੂ ਤੇ 1.4 ਫੀਸਦੀ ਮੁਸਲਿਮ ਸ਼ਾਮਲ ਸਨ।

## ਮਲੇਸ਼ੀਆ 'ਚ 4 ਭਾਰਤੀਆਂ ਨੂੰ ਫਾਂਸੀ ਦੀ ਸਜ਼ਾ

**ਕੁਆਲਾਲੰਪੁਰ:** ਕਾਸਮੈਟਿਕ ਦੁਨੀਆ ਦੀ ਇਕ ਵੱਡੀ ਹਸਤੀ ਤੇ ਉਸ ਦੇ ਤਿੰਨ ਸਹਿਯੋਗੀਆਂ ਦੀ ਹੱਤਿਆ ਕਰਨ ਦੇ ਦੋਸ਼ ਵਿਚ ਮਲੇਸ਼ੀਆ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਕਾਤਲਾਂ ਵਿਚ ਇਕ ਵਕੀਲ ਵੀ ਸ਼ਾਮਲ ਹੈ। ਇਨ੍ਹਾਂ ਨੇ ਜ਼ਮੀਨ ਸੌਦੇ ਵਿਚ 2010 ਦੌਰਾਨ ਇਹ ਕਤਲ ਕੀਤੇ ਸਨ।

Quick Stop 40, Oklahoma
Help Wanted
ਟਰੱਕ ਸਟਾਪ ਲਈ ਕੈਸ਼ੀਅਰ, ਡੀਜ਼ਲ ਤੇ ਕਾਰ ਮਕੈਨਿਕ ਦੀ ਲੋੜ ਹੈ
ਕਾਲ ਕਰੋ:832-512-7172

## ਆਲਮੀਕਰਨ ਦੇ ਦੌਰ ਵਿਚ ਔਰਤਾਂ

(ਸਫਾ 13 ਦੀ ਬਾਕੀ)

ਦਲਾਲ ਹੀ ਖਿੱਚਦੇ ਹਨ। ਇਸ ਦੀ ਔਰਤਾਂ ਪ੍ਰਤੀ ਕੀ ਪਹੁੰਚ ਹੈ? ਨੀਤੀਗਤ ਤੌਰ 'ਤੇ ਇਸ ਵਿਚ ਔਰਤਾਂ ਦੀ ਸਾਖਰਤਾ ਦਰ ਵਧਾਉਣ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਕਾਬਿਲ ਬਣਾਉਣ ਨੂੰ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਅੰਤਿਮ ਹੱਲ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਇਸ ਸਿੱਖਿਆ ਢਾਂਚੇ ਦਾ ਸਾਰਾ ਦਾਰੋਮਦਾਰ ਪ੍ਰਬੰਧਨ ਦੀ ਕਲਾ 'ਤੇ ਕੇਂਦਰਿਤ ਹੈ। ਪ੍ਰਬੰਧਨ ਦੀ ਇਹ ਕਲਾ ਭਾਵੇਂ ਇਹ ਆਰਥਿਕ ਖੇਤਰ ਵਿਚ ਹੈ, ਸਿਆਸੀ ਖੇਤਰ ਵਿਚ ਤੇ ਜਾਂ ਫਿਰ ਸਮਾਜਕ ਖੇਤਰ ਵਿਚ, ਇਹ ਨਿਜੀ ਖਪਤਵਾਦ ਦੀ ਕਲਾ ਹੈ। ਇਸ ਵਿਚੋਂ ਸਮਾਜਕ ਸਰੋਕਾਰਾਂ ਦੀ ਨੈਤਿਕਤਾ ਅਤੇ ਸਮਾਜਕ ਸਰੋਕਾਰਾਂ ਦੀ ਦਲੀਲ ਨਦਾਰਦ ਹਨ। ਇਹ ਇਕ ਤਰ੍ਹਾਂ ਨਾਲ ਅੰਕੜਿਆਂ ਜਾਂ ਤੱਥਾਂ ਦਾ ਸਮੂਹੀਕਰਨ ਹੈ। ਇਸ ਦਾ ਗਿਆਨ ਪ੍ਰਾਪਤੀ ਜਾਂ ਚੇਤੰਨਤਾ ਦੀ ਚਿਣਗ ਨਾਲ ਕੋਈ ਵਾਸਤਾ ਨਹੀਂ। ਇਹ ਸਿੱਧੇ-ਅਸਿੱਧੇ ਤਰੀਕੇ ਨਾਲ ਮੰਡੀ ਦਾ ਢਿੱਡ ਭਰਨ ਦੀ ਕੁਸ਼ਲਤਾ ਤੱਕ ਸੀਮਿਤ ਹੈ ਤੇ ਇੱਦਾਂ ਮਾੜੇ ਧੀੜਿਆਂ/ਨਿਤਾਣਿਆਂ ਦੇ ਹੱਕਾਂ ਦੀ ਚੀਕ ਸਿਰਫ਼ ਹਵਾ ਵਿਚ ਹੀ ਲਟਕ ਕੇ ਖ਼ਤਮ ਹੋ ਜਾਂਦੀ ਹੈ, ਕੋਈ ਇਤਿਹਾਸਕ ਦਸਤਾਵੇਜ਼ ਨਹੀਂ ਬਣਦੀ। ਇਨ੍ਹਾਂ ਦੀ ਅੱਧੀ ਆਬਾਦੀ ਔਰਤਾਂ ਹੀ ਹਨ।

ਮੰਡੀਆਂ ਦੇ ਸਬੰਧ ਵਿਚ ਇਸ ਨੂੰ ਵਿਕਾਸ ਮਾਡਲ ਦੀ ਤ੍ਰਾਸਦੀ ਹੀ ਕਿਹਾ ਜਾ ਸਕਦਾ ਹੈ ਕਿ ਇਹ ਮਾਡਲ ਇਹ ਮੰਨ ਕੇ ਚੱਲ ਰਿਹਾ ਕਿ ਸਾਰੀਆਂ ਸਮਾਜਕ ਸਮੱਸਿਆਵਾਂ ਦੇ ਹੱਲ ਖੁੱਲ੍ਹੀ ਮੰਡੀ ਕੋਲ ਹਨ। ਇਥੇ ਅਹਿਮ ਦਲੀਲ ਇਹ ਹੈ ਕਿ ਮੰਡੀ ਲਈ ਬਾਸ਼ਿੰਦੇ ਨਾਗਰਿਕ ਨਹੀਂ, ਸਗੋਂ ਖਪਤਕਾਰ ਹਨ। ਮੰਡੀ ਤੋਂ ਇਹ ਤਵੱਕੋ ਕਰਨੀ ਕਿ ਉਹ ਆਪਣੀ ਸਮਾਜਕ ਜ਼ਿੰਮੇਵਾਰੀ ਤੈਅ ਕਰੇ ਜਾਂ ਸ਼ੋਸ਼ਿਤ ਤਬਕਿਆਂ ਲਈ ਜਵਾਬਦੇਹ ਬਣੇ, ਆਪਣੇ-ਆਪ ਵਿਚ ਹਾਸੋਹੀਣੀ ਗੱਲ ਹੈ। ਜਿਹੜੀ ਖੁੱਲ੍ਹੀ ਮੰਡੀ ਅਤੇ ਨਵ-ਉਦਾਰਵਾਦੀ ਢਾਂਚਾ ਹੈ, ਉਸ ਵਿਚ ਮੁਨਾਫੇ ਦਾ ਸ਼ਿਕਾਰ ਸਿਰਫ ਸਿਹਤ, ਸਿੱਖਿਆ ਅਤੇ ਹੋਰ ਮਨੁੱਖੀ ਅਧਿਕਾਰ ਹੀ ਨਹੀਂ ਹੁੰਦੇ, ਸਗੋਂ ਇਸ ਤੋਂ ਵੀ ਅਗਾਂਹ ਇਹ ਪਾਣੀ, ਹਵਾ ਅਤੇ ਧਰਤੀ ਨੂੰ ਵਸਤੂ ਵਿਚ ਬਦਲ ਕੇ ਮੰਡੀ ਵਿਚ ਭਾਅ ਤੈਅ ਕਰਦੀ ਹੈ। ਇਥੋਂ ਤੱਕ ਕਿ ਕੁਦਰਤ ਨੂੰ ਵੀ ਭੋਗਣ ਵਾਲੀ ਵਸਤੂ ਵਾਂਗ ਮਾਣਿਆ ਜਾਂਦਾ ਹੈ। ਜਿਨ੍ਹਾਂ ਦੇਸ਼ਾਂ ਵਿਚ ਖੁੱਲ੍ਹੀ ਮੰਡੀ ਵਾਲਾ ਨਵ-ਉਦਾਰਵਾਦੀ ਢਾਂਚਾ ਹੈ, ਉਥੋਂ ਦੇ ਅਧਿਐਨਾਂ ਅਨੁਸਾਰ ਨਾ ਸਿਰਫ਼ ਪ੍ਰਦੂਸ਼ਣ ਖ਼ਤਰਨਾਕ ਹੱਦ ਤੱਕ ਵਧਿਆ ਹੈ, ਬਲਕਿ ਉਥੋਂ ਦੂਜੇ ਖਿੱਤਿਆਂ ਵੱਲ ਪਰਵਾਸ ਹੋਣ ਦੀ ਦਰ ਵੀ ਵਧੀ ਹੈ। ਇਥੇ ਪ੍ਰਸਿੱਧ ਸਾਇੰਸਦਾਨ ਵੰਦਨਾ ਸ਼ਿਵਾ ਦੀ ਇਹ ਟਿੱਪਣੀ ਬਹੁਤ ਅਹਿਮ ਹੈ ਕਿ ਇਸ ਮੰਡੀ ਮੁਖੀ ਵਿਕਾਸ ਮਾਡਲ 'ਚ ਦੱਸੇ ਜਾਂਦੇ ਗਰੀਬ ਲੋਕ ਵਿਕਾਸ ਪੱਖੋਂ ਪਿੱਛੇ ਹੀ ਨਹੀਂ ਰਹੇ, ਬਲਕਿ ਉਨ੍ਹਾਂ ਨੂੰ ਹਰ ਪੱਧਰ 'ਤੇ ਲੁੱਟਿਆ ਤੇ ਨੋਚਿਆ ਗਿਆ ਹੈ। ਇਹ ਲੁੱਟ ਜੰਗਲ ਦੀ ਲੁੱਟ ਵੀ ਹੈ, ਜ਼ਮੀਨ ਦੀ ਵੀ, ਕਿਰਤ ਦੀ ਵੀ ਹੈ, ਇਥੋਂ ਤੱਕ ਕਿ ਵਿਚਾਰਾਂ ਦੀ ਵੀ।

ਔਰਤਾਂ ਖ਼ਿਲਾਫ਼ ਹਿੰਸਾ ਬਾਰੇ ਆਖਰੀ ਅਹਿਮ ਮੁੱਦਾ ਹੈ ਸਭਿਆਚਾਰਕ ਸਾਮਰਾਜਵਾਦ ਜਾਂ ਆਲਮੀਕਰਨ ਦੀ ਸਭਿਆਚਾਰਕ ਸਨਅਤ ਦਾ। ਇਸ ਦਾ ਜਿਹੜਾ ਸਭ ਤੋਂ ਮਾਰੂ ਪ੍ਰਭਾਵ ਵੱਖ ਵੱਖ ਸਮੂਹਾਂ ਜਾਂ ਵਰਗਾਂ 'ਤੇ ਪਿਆ ਹੈ, ਉਸ ਨੇ ਵਿਰੋਧ ਕਰਨ ਦੀਆਂ ਰਵਾਇਤਾਂ ਹੀ ਖ਼ਤਮ ਕਰ ਦਿੱਤੀਆਂ ਹਨ। ਇਹ ਕੋਈ ਖਾਸ ਕਿਸਮ ਦਾ ਗਾਇਨ, ਕਲਾ ਜਾਂ ਨਵੀਆਂ ਸੰਚਾਰ ਪ੍ਰਣਾਲੀਆਂ ਦੁਆਰਾ ਰਾਤੋ-ਰਾਤ ਵਾਪਰੀ ਤਰਾਸਦੀ ਨਹੀਂ, ਸਗੋਂ ਇਸ ਦੀਆਂ ਜੜ੍ਹਾਂ ਸਿੱਖਿਆ ਢਾਂਚੇ, ਕੌਮੀ ਚੇਤੰਨਤਾ ਤੇ ਸੂਝ-ਬੂਝ ਘੜਨ ਦੇ ਢਾਂਚੇ ਅਤੇ ਜਮਹੂਰੀ ਮੁੱਲਾਂ ਵਿਰੁਧ ਭੁਗਤ ਰਹੀਆਂ ਸੱਭਿਆਚਾਰਕ ਇਕਾਈਆਂ ਵਿਚ ਹਨ। ਇਨ੍ਹਾਂ ਢਾਂਚਿਆਂ ਅਤੇ ਅਦਾਰਿਆਂ ਦਾ ਕਾਰ-ਵਿਹਾਰ ਅਤੇ ਕੰਮ-ਤੰਤਰ ਗਿਆਨ, ਕਲਾ, ਸੂਝ-ਬੂਝ ਅਤੇ ਚੇਤੰਨਤਾ ਨੂੰ ਉਤਪਾਦਨ ਦੀ ਕਿਸੇ ਵੀ ਹੋਰ ਵੰਨਗੀ ਵਾਂਗ ਹੀ ਪਰਖਦਾ ਹੈ। ਅੱਜ ਜਦੋਂ ਇਸ ਦਾ ਗਠਜੋੜ ਸਾਫ਼ਟ ਪਾਵਰ, ਅਰਥਾਤ ਨਵੀਂ ਸੰਚਾਰ ਪ੍ਰਣਾਲੀ ਨਾਲ ਹੋ ਚੁੱਕਿਆ ਹੈ ਤਾਂ ਕਈ ਮੰਦਭਾਗੇ ਰੁਝਾਨ ਸਾਹਮਣੇ ਆਏ ਹਨ। ਇਸ ਦਾ ਇਕ ਸਿਰਾ ਇਰਾਕ ਜੰਗ ਦੌਰਾਨ ਦਿਸਦਾ ਹੈ ਜਦੋਂ ਸੀ.ਐਨ.ਐਨ. ਅਤੇ ਬੀ.ਬੀ.ਸੀ. ਤੇਲ ਖਾਤਰ ਲੜੀ ਜਾ ਰਹੀ ਜੰਗ ਨੂੰ ਜਮਹੂਰੀਅਤ ਦੀ ਤੇ ਜਮਹੂਰੀਅਤ ਲਈ ਜੰਗ ਵਿਚ ਬਦਲ ਦਿੰਦੇ ਹਨ। ਔਰਤਾਂ ਦੇ ਮਾਮਲੇ ਵਿਚ ਇਸ ਦੀਆਂ ਪਰਤਾਂ ਹੋਰ ਵੀ ਗੁੰਝਲਦਾਰ ਹਨ। ਤੇਜ਼ੀ ਨਾਲ ਤਰੱਕੀ ਕਰ ਰਹੀ ਇਸ਼ਤਿਹਾਰਾਂ ਦੀ ਸਨਅਤ ਨੇ ਜਿਥੇ ਔਰਤਾਂ ਦੇ ਸਰੀਰ ਅਤੇ ਬੌਧਿਕਤਾ ਨਾਲ ਜੁੜੀਆਂ ਮਿੱਥਾਂ, ਧਾਰਨਾਵਾਂ ਅਤੇ ਵਿਤਕਰਿਆਂ ਨੂੰ ਹੂ-ਬ-ਹੂ ਕਾਇਮ ਰੱਖਿਆ ਹੈ, ਉਥੇ ਮੰਡੀ ਦੀਆਂ ਲੋੜਾਂ ਨਾਲ ਸਬੰਧਤ ਖ਼ਪਤਕਾਰ ਵਤੀਰੇ ਨੂੰ ਔਰਤ ਦੀ ਤਰੱਕੀ ਦਾ ਰਾਹ ਬਣਾ ਧਰਿਆ ਹੈ। ਇਸ ਖ਼ਪਤਕਾਰ ਵਤੀਰੇ ਦੀ ਸੰਰਚਨਾ ਔਰਤ ਸਰੀਰ ਨੂੰ ਤਸ਼ੱਦਦ ਦੀ ਹੱਦ ਤੱਕ ਡਿਜ਼ਾਈਨ ਤੇ ਅਸਾਧਾਰਨ ਹੱਦ ਤੱਕ 'ਖੂਬਸੂਰਤ' ਹੋਣ ਦੀ ਗੈਰਜ਼ਰੂਰੀ ਧਾਰਨਾ ਨਾਲ ਜੁੜੀ ਹੁੰਦੀ ਹੈ। ਇਸ ਦੀਆਂ ਦੋ ਮਿਸਾਲਾਂ ਅਧਖੜ ਉਮਰ ਦੀ ਫਿਲਮੀ ਅਦਾਕਾਰਾ ਬਿਪਾਸ਼ਾ ਬਾਸੂ ਦੀ 'ਫਿੱਟ' ਰਹਿਣ ਦੀ ਯੋਗਤਾ ਅਤੇ ਕਰੀਨਾ ਕਪੂਰ ਦਾ 'ਸਾਈਜ਼ ਜ਼ੀਰੋ' ਰੂਪੀ ਪ੍ਰਾਪੇਗੰਡਾ ਸੀ। ਇਸ ਦੀ ਤੀਜੀ ਉਦਾਹਰਨ ਮਾਂ ਬਣਨ ਤੋਂ ਬਾਅਦ ਐਸ਼ਵਰਿਆ ਰਾਏ ਬਾਰੇ ਸਾਹਮਣੇ ਆਇਆ ਵਿਹਾਰ ਹੈ ਜੋ ਘਟੀਆਪਣ ਦੀ ਹੱਦ ਤੱਕ ਔਰਤ ਨੂੰ ਸਿਰਫ਼ ਸਰੀਰ ਦੇ ਚੌਖਟੇ ਤੱਕ ਸੀਮਿਤ ਕਰ ਦਿੰਦਾ ਹੈ। ਸਰੀਰ ਦਾ ਇਹ ਚੌਖਟਾ ਖਾਣ-ਪੀਣ ਤੋਂ ਲੈ ਕੇ ਸੋਚਣ ਤੱਕ ਲਈ ਮੰਡੀ ਦੇ ਰੇਡੀਮੇਡ ਰੁਝਾਨ ਨੂੰ ਅਪਨਾਉਂਦਾ ਹੈ। ਮੰਡੀ ਸਿੱਧੀ ਸਿੱਧੀ ਪਿੱਤਰ ਮੁਖੀ ਤੱਕਣੀ ਅਤੇ ਮਰਦ ਦੀਆਂ ਸਰੀਰਕ ਲੋੜਾਂ ਦੀ ਇਸ਼ਤਿਹਾਰਬਾਜ਼ੀ ਦੀ ਮੰਡੀ ਹੈ। ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਮਰਦ ਦਾ ਸਰੀਰ ਵੀ ਲੋੜ ਪੈਣ 'ਤੇ ਮੁਨਾਫੇ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਇਹ ਮਨੁੱਖੀ ਤੱਕਣੀ ਨੂੰ ਖਪਤਕਾਰੀ ਤੱਕਣੀ ਵਿਚ ਤਬਦੀਲ ਕਰਨ ਦੀ ਮੰਡੀ ਹੈ, ਜਿਥੇ ਕੋਈ ਕਾਇਦਾ-ਕਾਨੂੰਨ ਨਹੀਂ।

ਇਸ ਸਭਿਆਚਾਰਕ ਮੰਡੀ ਵਿਚ ਸਭ ਤੋਂ ਘੱਟ ਮੁੱਲ ਸੰਵੇਦਨਾ, ਮਮਤਾ, ਕਲਾ ਤੇ ਸੁਹਜ ਦਾ ਹੈ। ਜਿੱਦਾਂ ਆਰਥਿਕ ਤੌਰ 'ਤੇ ਨਵ-ਉਦਾਰਵਾਦੀ, ਆਲਮੀਕਰਨ ਮਨੁੱਖਾਂ ਦੇ ਸਰੀਰਾਂ ਨੂੰ ਨਪੀੜਦਾ ਹੈ, ਉਸੇ ਤਰ੍ਹਾਂ ਸੱਭਿਆਚਾਰਕ ਤੌਰ 'ਤੇ ਇਹ ਮਨੁੱਖਤਾ ਦੀ ਰੂਹ ਚੋਰੀ ਕਰ ਲੈਂਦੇ ਹਨ। ਹੁਣ ਪਿਆਰ ਦਾ ਆਲਮੀਕਰਨ ਹੈ, ਦਰਦਮੰਦੀ ਦਾ ਆਲਮੀਕਰਨ ਹੈ। ਸੋਚਣ ਦਾ, ਥੀਣ ਦਾ, ਜੀਣ ਦਾ ਆਲਮੀਕਰਨ ਹੈ। ਸਭ ਤੋਂ ਵਧ ਕੇ ਇਹ ਮਨੁੱਖ ਹੋਣ ਦੀ ਭਾਵਨਾ ਦਾ ਆਲਮੀਕਰਨ ਹੈ।

# ਪੰਜਾਬੀ ਸਾਹਿਤ ਅਕੈਡਮੀ ਵਲੋਂ 'ਸਾਹਿਤ ਦੀ ਪ੍ਰਕਿਰਤੀ' ਬਾਰੇ ਚਰਚਾ

**ਨਿਊ ਯਾਰਕ (ਬਿਊਰੋ):** 'ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਨੂੰ ਸਮਝਣਾ ਭਾਵੇਂ ਔਖਾ ਹੈ ਪਰ ਜਦੋਂ ਇਸ ਦੀ ਸਮਝ ਪੈ ਜਾਂਦੀ ਹੈ ਤਾਂ ਮਨੁੱਖ ਦੀ ਸੋਚ ਦਾ ਕਾਇਆ ਕਲਪ ਹੋ ਜਾਂਦਾ ਹੈ।' ਇਹ ਵਿਚਾਰ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੀ ਰਿਚਮੰਡ ਹਿਲ ਵਿਚ ਹੋਈ ਮੀਟਿੰਗ ਵਿਚ 'ਸਾਹਿਤ ਦੀ ਪ੍ਰਕਿਰਤੀ' ਬਾਰੇ ਚਰਚਾ ਕਰਦਿਆਂ ਉਭਰ ਕੇ ਸਾਹਮਣੇ ਆਏ।

ਗੱਲਬਾਤ ਅਰੰਭ ਕਰਦਿਆਂ ਉਰਦੂ-ਪੰਜਾਬੀ ਦੇ ਦਾਨਸ਼ਵਰ ਸ਼ਾਇਰ ਮਨਮੋਹਨ ਆਲਮ ਨੇ ਕਿਹਾ ਕਿ ਦੇਖਣ ਵਾਲੀ ਅਹਿਮ ਗੱਲ ਇਹ ਹੁੰਦੀ ਹੈ ਕਿ ਲੇਖਕ ਜਾਂ ਸ਼ਾਇਰ ਕੀ ਕਹਿ ਰਿਹਾ ਹੈ ਅਤੇ ਕਿਵੇਂ ਕਹਿ ਰਿਹਾ ਹੈ। ਜਜ਼ਬਿਆਂ ਦੀ ਸੰਵੇਦਨਾ ਨੂੰ ਆਪਣੇ ਨਿੱਜ ਤੋਂ ਉਪਰ ਉਠ ਕੇ ਪੇਸ਼ ਕਰਨਾ ਲੇਖਕ ਦਾ ਪਰਮ-ਧਰਮ ਹੋਣਾ ਚਾਹੀਦਾ ਹੈ। ਲੇਖਕ ਆਪਣੀ ਲਿਖਤ ਰਾਹੀਂ ਪਾਠਕ ਦੀ ਸਮਝ ਨੂੰ ਵੀ ਤੀਖਣ ਕਰਦਾ ਹੈ। ਕੋਈ ਲੇਖਕ ਲਫਜ਼ਾਂ ਨੂੰ ਕਿਸ ਰੰਗ ਵਿਚ ਪੇਸ਼ ਕਰਦਾ ਹੈ, ਇਹ ਉਸ ਦੀ ਆਪਣੀ ਪ੍ਰਤਿਭਾ 'ਤੇ ਨਿਰਭਰ ਕਰਦਾ ਹੈ ਅਤੇ ਇਹੋ ਹੀ ਉਸ ਨੂੰ ਬਾਕੀ ਦੇ ਲੇਖਕਾਂ ਤੋਂ ਵਖਰਿਆਉਂਦੀ ਹੈ।

ਸੁਰਿੰਦਰ ਸੋਹਲ ਨੇ ਕਾਵਿ-ਭਾਸ਼ਾ ਦੀ ਗੱਲ ਕਰਦਿਆਂ ਕਿਹਾ ਕਿ ਲਫਜ਼ ਤਾਂ ਸਾਰੇ ਉਹੀ ਨੇ, ਸਾਡਾ ਆਲਾ-ਦੁਆਲਾ ਵੀ ਉਹੀ ਹੈ ਪਰ ਆਮ ਬੋਲਚਾਲ ਦੀ ਭਾਸ਼ਾ ਜਦੋਂ ਕਵੀ ਦੀ ਪ੍ਰਤਿਭਾ ਰਾਹੀਂ ਕਾਵਿ-ਭਾਸ਼ਾ ਬਣਦੀ ਹੈ ਤਾਂ ਉਹ ਲਫਜ਼ ਸ਼ਾਇਰੀ ਬਣ ਜਾਂਦੇ ਹਨ। ਸਾਧਾਰਨ ਦਰਖਤ ਕਵਿਤਾ ਵਿਚ ਦੀ ਦੇਖਿਆਂ ਸਾਧਾਰਨ ਦਰਖ਼ਤ ਨਹੀਂ ਰਹਿੰਦਾ, ਉਸ ਦੇ ਖ਼ਾਸ ਅਰਥ ਹੋ ਜਾਂਦੇ ਹਨ, ਜਿਨ੍ਹਾਂ ਦਾ ਜ਼ਿੰਦਗੀ ਨਾਲ ਵੱਖਰੇ ਪਹਿਲੂ ਤੋਂ ਗਹਿਰਾ ਸਰੋਕਾਰ ਪੈਦਾ ਹੋ ਜਾਂਦਾ ਹੈ।

ਪਰਗਟ ਸਿੰਘ ਪੰਜਾਬੀ ਨੇ ਸ਼ਾਇਰੀ ਅਤੇ ਸੰਗੀਤ ਦੇ ਸਬੰਧ ਦੀ ਗੱਲ ਕਰਦਿਆਂ ਸੰਗੀਤ ਨੂੰ ਮਨੁੱਖ ਜਿੰਨਾ ਹੀ ਪੁਰਾਤਨ ਸਾਬਿਤ ਕਰਨ ਲਈ ਇਹ ਮਿੱਥ ਵੀ ਪੇਸ਼ ਕੀਤੀ ਕਿ ਜਦੋਂ ਮਿੱਟੀ ਤੋਂ ਆਦਮੀ ਬਣਾ ਕੇ ਆਤਮਾ ਨੂੰ ਇਸ ਵਿਚ ਪਰਵੇਸ਼ ਕਰਨ ਲਈ ਕਿਹਾ ਤਾਂ ਆਤਮਾ ਇਕਦਮ ਬਾਹਰ ਆ ਗਈ ਕਿ ਅੰਦਰ ਹਨ੍ਹੇਰਾ ਹੀ ਹਨ੍ਹੇਰਾ ਹੈ। ਤਦ ਮਨੁੱਖ ਦੇ ਸਿਰਜਕ ਨੇ ਮਨੁੱਖ ਅੰਦਰ ਸੰਗੀਤ ਦੀ ਲੋਅ ਰੱਖੀ।

ਸੰਗੀਤ ਅਤੇ ਸ਼ਾਇਰੀ ਦੇ ਸ਼ਾਸਤਰ ਨੂੰ ਤਾਰਕਿਕ ਪੱਧਰ 'ਤੇ ਲੈ ਕੇ ਆਉਂਦੇ ਹੋਏ ਮਨਮੋਹਨ ਆਲਮ ਨੇ ਕਿਹਾ ਕਿ ਦਰਿਆ ਦੇ ਕਿਨਾਰੇ ਬੈਠ ਕੇ ਧਿਆਨ ਨਾਲ ਸੁਣਿਆ ਜਾਵੇ ਤਾਂ ਲਹਿਰਾਂ ਦਾ ਸੰਗੀਤ ਮਨ ਨੂੰ ਮੋਹ ਲੈਂਦਾ ਹੈ। ਇੰਵ ਹੀ ਪੰਛੀਆਂ ਦੀ ਚਹਿ-ਚਹਾਟ ਦਾ ਸੰਗੀਤ ਹੈ, ਹਵਾ ਦਾ, ਹਨ੍ਹੇਰੀ ਦਾ ਆਪਣਾ ਸੰਗੀਤ ਹੈ। ਸੂਖਮ ਸੋਚ ਵਾਲਿਆਂ ਨੇ ਇਨ੍ਹਾਂ ਵਿਚੋਂ ਹੀ ਸੁਰਾਂ ਅਤੇ ਪਿੰਗਲ-ਅਰੂਜ਼ ਦੇ ਨੇਮ ਈਜਾਦ ਕੀਤੇ।





(ਖੱਬੇ) ਮੇਸ਼ੀ ਬੰਗੜ ਸੰਜੀਦਾ ਸ਼ਾਇਰੀ ਪੇਸ਼ ਕਰਦੇ ਹੋਏ। (ਸੱਜੇ) ਸ਼ਾਇਰੀ ਦਾ ਅਨੰਦ ਮਾਣਦੇ ਹੋਏ ਸਰੋਤੇ।

ਡਾ. ਪ੍ਰੀਤਮ ਸਿੰਘ ਥਿੰਦ ਨੇ ਸ਼ਾਇਰੀ ਵਿਚ ਰਸਾਂ ਦੇ ਮਹੱਤਵ ਬਾਰੇ ਚਰਚਾ ਕੀਤੀ। ਸੂਰਤ ਸਿੰਘ ਪੱਡਾ ਦਾ ਸਵਾਲ ਸੀ ਕਿ ਹਰਿੰਦਰ ਸਿੰਘ ਮਹਿਬੂਬ ਦੀ ਸ਼ਾਇਰੀ ਦੀ ਸਮਝ ਨਹੀਂ ਆਉਂਦੀ। ਉਸ ਦੀ ਵਾਰਤਕ ਵੀ ਸਮਝਣੀ ਔਖੀ ਹੈ। ਰਾਜਿੰਦਰ ਜਿੰਦ ਨੇ ਸਵਾਲ ਕੀਤਾ ਕਿ ਅਜਿਹੀ ਸ਼ਾਇਰੀ ਦਾ ਲਾਭ ਹੀ ਕੀ ਹੈ ਜੋ ਸਮਝ ਨਾ ਆਉਂਦੀ ਹੋਵੇ। ਇਨ੍ਹਾਂ ਸਵਾਲਾਂ ਦੇ ਹਵਾਲੇ ਨਾਲ ਸੁਰਿੰਦਰ ਸੋਹਲ ਨੇ ਕਿਹਾ ਕਿ ਇਹ ਠੀਕ ਹੈ ਕਿ ਮਹਿਬੂਬ ਦੀ ਸ਼ਾਇਰੀ ਸਮਝਣੀ ਔਖੀ ਹੈ ਕਿਉਂਕਿ ਉਸ ਦੀ ਸੁਰਤ ਦੀ ਉਡਾਰੀ ਏਨੀ ਉਚੀ ਹੈ ਕਿ ਉਥੇ ਪਹੁੰਚਣਾ ਸਹਿਲ ਨਹੀਂ। ਪਰ ਜਦੋਂ ਅਜਿਹੀ ਸ਼ਾਇਰੀ ਦੀ ਸਮਝ ਆ ਜਾਂਦੀ ਹੈ ਤਾਂ ਕਾਇਆ ਕਲਪ ਹੀ ਹੋ ਜਾਂਦਾ ਹੈ। ਮਹਿਬੂਬ ਦੀ ਵਾਰਤਕ ਬਾਰੇ ਉਸ ਨੇ ਕਿਹਾ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਮਹਿਬੂਬ ਹੋਰਾਂ ਦੇ ਹਵਾਲੇ ਆਉਣ ਨਾਲ ਹੁਣ ਮਹਿਬੂਬ ਦੀਆਂ ਲਿਖਤਾਂ ਦੀ ਤੰਦ ਹੱਥ ਆਉਣੀ ਸ਼ੁਰੂ ਹੋ ਗਈ ਹੈ।

ਸੂਰਤ ਸਿੰਘ ਪੱਡਾ ਨੇ ਮਰਹੂਮ ਮਹਿਬੂਬ ਦਾ ਮਹਾਂ ਕਾਵਿ 'ਇਲਾਹੀ ਨਦਰ ਦੇ ਪੈਂਡੇ' ਅਕੈਡਮੀ ਨੂੰ ਭੇਂਟ ਕਰਨ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਦਿਲੀ ਤਮੰਨਾ ਹੈ ਕਿ ਹਰ ਮੀਟਿੰਗ ਵਿਚ ਮਹਾਂ-ਕਾਵਿ ਵਿਚੋਂ ਕੋਈ ਟੋਟਾ ਪੜ੍ਹ ਕੇ ਉਸ ਬਾਰੇ ਵਿਚਾਰ ਕੀਤੀ ਜਾਵੇ।

ਪਰਗਟ ਸਿੰਘ ਪੰਜਾਬੀ ਨੇ ਖੁੱਲ੍ਹੀ ਕਵਿਤਾ ਦਾ ਖੁੱਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਦੇ ਵਿਚਾਰਾਂ ਦੀ ਤਾਈਦ ਕਰਦੇ ਹੋਏ ਜਗੀਰ ਸਿੰਘ ਬੈਂਸ ਨੇ ਕਿਹਾ ਕਿ ਕਵਿਤਾ ਤਾਂ ਛੰਦ-ਬੱਧ ਹੀ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਉਨ੍ਹਾਂ ਨੂੰ ਪ੍ਰੋ. ਮੋਹਨ ਸਿੰਘ ਦੀਆਂ ਢੇਰ ਸਾਰੀਆਂ ਕਵਿਤਾਵਾਂ ਜ਼ਬਾਨੀ ਯਾਦ ਹਨ।

ਇਸ ਮੌਕੇ ਹਾਜ਼ਰ ਸ਼ਾਇਰਾਂ ਮੋਹਣ ਸਿੰਘ ਭੰਮਰਾ, ਜਸਬੀਰ ਸਿੰਘ ਡੁਮੇਲੀ, ਜਸਵੰਤ ਮੋਮੀ, ਮਨਮੋਹਨ ਆਲਮ, ਪ੍ਰੀਤਮ ਸਿੰਘ ਥਿੰਦ, ਸੁਖਦੇਵ ਸੈਂਬੀ, ਰਾਜਿੰਦਰ ਜਿੰਦ, ਪਰਗਟ ਸਿੰਘ ਪੰਜਾਬੀ ਅਤੇ ਉਂਕਾਰ ਸਿੰਘ ਡੁਮੇਲੀ ਨੇ ਆਪਣਾ ਕਲਾਮ ਪੇਸ਼ ਕੀਤਾ। ਬੀ ਜੇ ਸਿੰਘ ਨੇ ਸੁਰਜੀਤ ਪਾਤਰ ਦੀ ਕਵਿਤਾ 'ਘਰਰ ਘਰਰ' ਸਰੋਤਿਆਂ ਨਾਲ ਸਾਂਝੀ ਕੀਤੀ। ਅੰਤ ਵਿਚ ਸ੍ਰੀਮਤੀ ਮਨੋਹਰ ਸਿੰਘ ਮਾਰਕੋ ਨੇ ਮਰਹੂਮ ਮਾਰਕੋ ਦੇ ਦਿਲ ਟੁੰਬਵੇਂ ਸ਼ਿਅਰ ਪੇਸ਼ ਕੀਤੇ। ਜਗੀਰ ਸਿੰਘ ਬੈਂਸ ਨੇ ਮੋਹਨ ਸਿੰਘ ਦੀ ਕਵਿਤਾ 'ਬਸੰਤ' ਵਿਚੋਂ ਕੁਝ ਬੰਦ ਸੁਣਾਏ।

ਸੰਜੀਦਾ ਗਾਇਕ ਮੇਸ਼ੀ ਬੰਗੜ ਨੇ ਨੰਦ ਲਾਲ ਨੂਰਪੁਰੀ ਦਾ 'ਖ਼ਤ ਆਇਆ ਸੋਹਣੇ ਸੱਜਣਾਂ ਦਾ' ਅਤੇ ਉਲਫਤ ਬਾਜਵਾ ਦੀ ਗ਼ਜ਼ਲ 'ਕਿਸੇ ਦਾ ਪਿਆਰ ਠੁਕਰਾ ਕੇ' ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੀ। ਗਾਇਕਾ ਰੇਸ਼ਮਾ ਦੀ ਸਿਹਤਯਾਬੀ ਲਈ ਦੁਆਵਾਂ ਵੀ ਮੰਗੀਆਂ ਗਈਆਂ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ, ਇੰਦਰਪ੍ਰੀਤ ਸਿੰਘ, ਤਜਿੰਦਰ ਕੌਰ, ਸਰਬਜੀਤ ਕੌਰ, ਯਾਸਮੀਨ ਕੌਰ, ਕਰਣਬੀਰ ਸਿੰਘ, ਭੁਪਿੰਦਰ ਸਿੰਘ ਅਟਵਾਲ, ਜੀਤ ਸੋਹੀ (ਸੰਪਾਦਕ ਪਰਦੇਸ ਨਿਊਜ਼) ਸੁਬੇਗ ਸਿੰਘ, ਰਾਜ ਕੁਮਾਰੀ ਅਤੇ ਦਾਨ ਸਿੰਘ ਹਾਜ਼ਰ ਸਨ।

Punjab Times
Ph: 847-359-0746
Visit us on the web:
punjabtimesusa.com

# ਭਾਰਤੀ ਨਿਆਂ ਪ੍ਰਣਾਲੀ 'ਚ ਕੋਈ ਭਰੋਸਾ ਨਹੀਂ: ਰਾਜੋਆਣਾ

**ਪਟਿਆਲਾ:** ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਥਾਣਾ ਸਦਰ ਪਟਿਆਲਾ ਵਿਚ ਦਰਜ ਕੇਸ ਦੇ ਮਾਮਲੇ ਵਿਚ 28 ਮਈ ਨੂੰ ਜੁਡੀਸ਼ੀਅਲ ਮੈਜਿਸਟ੍ਰੇਟ ਦੀਪਿਕਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਮਾਮਲੇ ਨਾਲ ਸਬੰਧਤ ਸੇਵਾਮੁਕਤ ਪੁਲਿਸ ਇੰਸਪੈਕਟਰ ਦਵਿੰਦਰ ਸਿੰਘ ਮੱਲੀ ਦੇ ਬਿਆਨਾਂ 'ਤੇ ਜਿਰ੍ਹਾ ਹੋਈ। ਇਸ ਮਾਮਲੇ ਦੀ ਅਗਲੀ ਸੁਣਵਾਈ 11 ਜੂਨ 'ਤੇ ਪਾਈ ਗਈ।

ਬਲਵੰਤ ਸਿੰਘ ਰਾਜੋਆਣਾ ਨੂੰ ਸਖ਼ਤ ਸੁਰੱਖਿਆ ਬੰਦੋਬਸਤਾਂ ਨਾਲ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਤੋਂ ਬਾਹਰ ਆਉਂਦਿਆਂ ਬਲਵੰਤ ਸਿੰਘ ਰਾਜੋਆਣਾ ਨੇ ਦੋ ਸਫ਼ਿਆਂ ਦਾ ਪੱਤਰ ਜਾਰੀ ਕੀਤਾ। ਉਸ ਨੇ ਮੁੜ ਦੁਹਰਾਇਆ ਕਿ ਉਸ ਦਾ ਭਾਰਤੀ ਨਿਆਂਇਕ ਪ੍ਰਣਾਲੀ ਵਿਚ ਕੋਈ ਭਰੋਸਾ ਨਹੀਂ ਹੈ। ਉਸ ਨੇ ਲਿਖਿਆ ਹੈ ਕਿ ਉਹ ਇਸ ਅਦਾਲਤ ਤੋਂ ਇਨਸਾਫ਼ ਨਹੀਂ ਸਗੋਂ ਹਿੰਦੁਸਤਾਨੀ ਹੁਕਮਰਾਨਾਂ ਤੋਂ ਆਜ਼ਾਦੀ ਦੀ ਮੰਗ ਕਰਦਾ ਹੈ। ਉਨ੍ਹਾਂ 1984 ਵਿਚ ਹੋਏ ਵਾਪਰੇ ਦਾ ਵਿਸਥਾਰ ਨਾਲ ਜ਼ਿਕਰ ਕਰਦਿਆਂ ਕਿਹਾ ਕਿ ਭਾਰਤੀ ਨਿਆਂ ਪ੍ਰਣਾਲੀ ਜਿਹੜਾ ਕਿਸੇ ਅਖ਼ਬਾਰ ਦੀ ਖ਼ਬਰ ਨੂੰ ਜਨਹਿਤ ਪਟੀਸ਼ਨ ਮੰਨ ਕੇ ਕਾਰਵਾਈ ਕਰ ਦਿੰਦਾ ਹੈ, ਉਹ ਦੇਸ਼ ਦੀ ਰਾਜਧਾਨੀ ਵਿਚ ਵੱਡੇ ਪੱਧਰ 'ਤੇ ਹਜ਼ਾਰਾਂ ਸਿੱਖਾਂ ਦੇ ਹੋਏ ਕਤਲੇਆਮ ਤੋਂ ਬਾਅਦ ਵੀ ਕਾਤਲਾਂ ਨਾਲ ਵਫ਼ਾ ਅਤੇ ਆਪਣੇ ਫ਼ਰਜ਼ਾਂ ਨਾਲ ਅੱਜ ਤੱਕ ਧੋਖਾ ਹੀ ਕਰ ਰਿਹਾ ਹੈ।

# 'ਯਮਲਾ ਪਗਲਾ ਦੀਵਾਨਾ-2' 7 ਜੂਨ ਨੂੰ ਰਿਲੀਜ਼ ਹੋਵੇਗੀ

**ਨਿਊ ਯਾਰਕ (ਹਰਲੀਨ ਕੌਰ):** ਆਪਣੇ ਜ਼ਮਾਨੇ ਦਾ ਵੱਡਾ ਫਿਲਮੀ ਹੀਰੋ ਧਰਮਿੰਦਰ ਅਤੇ ਉਸ ਦੇ ਦੋ ਫਿਲਮ ਕਲਾਕਾਰ ਪੁੱਤਰ-ਬਾਬੀ ਦਿਓਲ ਤੇ ਸੰਨੀ ਦਿਓਲ ਆਪਣੀ ਨਵੀਂ ਫਿਲਮ 'ਯਮਲਾ ਪਗਲਾ ਦੀਵਾਨਾ-2' ਦੀ ਪ੍ਰਮੋਸ਼ਨ ਲਈ ਨਿਊ ਯਾਰਕ ਪਹੁੰਚੇ। ਇਹ ਫਿਲਮ ਵਿਸ਼ਵ ਪੱਧਰ 'ਤੇ 7 ਜੂਨ ਨੂੰ ਰਿਲੀਜ਼ ਹੋ ਰਹੀ ਹੈ।

ਇਸ ਫਿਲਮ ਸਬੰਧੀ ਕੀਤੀ ਗਈ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਰਮਿੰਦਰ ਨੇ ਕਿਹਾ ਕਿ ਇਹ ਫਿਲਮ ਉਨ੍ਹਾਂ ਦੀ ਇਕ ਹੋਰ ਯਾਦਗਾਰੀ ਫਿਲਮ ਸਾਬਤ ਹੋਵੇਗੀ। ਇਸ ਪ੍ਰੋਗਰਾਮ ਦੇ ਸੰਯੋਜਕ 'ਸਾਵਨ' ਦੇ ਸਹਿ ਬਾਨੀ ਪਰਮਦੀਪ ਸਿੰਘ ਨੇ ਕਿਹਾ ਕਿ ਫਿਲਮ ਦੀ ਪ੍ਰਮੋਸ਼ਨ ਲਈ ਦਿਓਲ ਫੈਮਿਲੀ ਦੇ ਤਿੰਨਾਂ ਕਲਾਕਾਰਾਂ ਦਾ ਇਥੇ ਪੁੱਜਣਾ ਇਹ ਸਾਬਤ ਕਰਦਾ ਹੈ ਕਿ ਬਾਲੀਵੁੱਡ ਵਿਚ ਅਮਰੀਕਾ ਦੇ ਦਰਸ਼ਕਾਂ ਦੀ ਅਹਿਮੀਅਤ ਕਿੰਨੀ ਵਧ ਰਹੀ ਹੈ ਅਤੇ ਸਾਨੂੰ ਇਸ ਗੱਲ 'ਤੇ ਮਾਣ ਹੈ ਕਿ ਫਿਲਮ 'ਯਮਲਾ ਪਗਲਾ ਦੀਵਾਨਾ-2' ਦਾ ਪ੍ਰੀਮੀਅਰ ਸੰਗੀਤ ਪ੍ਰੋਮੋਟ ਕਰਨ ਲਈ 'ਸਾਵਨ' ਨੂੰ ਚੁਣਿਆ ਗਿਆ ਹੈ।



ਧਰਮਿੰਦਰ ਅਤੇ ਉਸ ਦੇ ਪੁੱਤਰ ਸੰਨੀ ਤੇ ਬਾਬੀ ਦਿਓਲ

ਇਸ ਫਿਲਮ ਵਿਚ ਧਰਮਿੰਦਰ, ਸੰਨੀ ਦਿਓਲ ਅਤੇ ਬਾਬੀ ਦਿਓਲ ਇਕ ਵਾਰ ਫਿਰ ਇਕੱਠੇ ਪੇਸ਼ ਹੋਏ ਹਨ ਅਤੇ ਇਹ ਫਿਲਮ ਕਾਮੇਡੀ, ਐਕਸ਼ਨ ਅਤੇ ਰੁਮਾਂਸ ਦਾ ਮਿਲਗੋਭਾ ਹੈ। ਫਿਲਮ ਦੀ ਕਹਾਣੀ ਦੀ ਸ਼ੁਰੂਆਤ ਸਕਾਟਲੈਂਡ ਵਿਚ ਹੁੰਦੀ ਹੈ ਅਤੇ ਇਹ ਬਨਾਰਸ ਤੋਂ ਹੁੰਦੀ ਹੋਈ ਇੰਗਲੈਂਡ ਜਾ ਪਹੁੰਚਦੀ ਹੈ। ਪਰਮਵੀਰ ਸਿੰਘ ਢਿੱਲੋਂ (ਸੰਨੀ ਦਿਓਲ) ਸਕਾਟਲੈਂਡ ਵਿਚ ਇਕ ਇਮਾਨਦਾਰ ਅਤੇ ਜਿਸਮਾਨੀ ਤੌਰ 'ਤੇ ਤਾਕਤਵਰ ਕਰਜ਼ੇ ਉਗਰਾਹੁਣ ਵਾਲਾ ਏਜੰਟ ਹੈ। ਉਹ ਕਰਜਈ ਨੂੰ ਫੁੱਲ ਭੇਟ ਕਰਕੇ ਮਿਲਦਾ ਹੈ ਅਤੇ ਜੇ ਕਰਜਈ ਆਨਾ ਕਾਨੀ ਕਰੇ ਤਾਂ ਉਸ ਦੇ ਢਾਈ ਕਿੱਲੋ ਦਾ ਹੱਥ ਵੀ ਜੜ ਦਿੰਦਾ ਹੈ। ਇਸ ਦੇ ਉਲਟ ਬਨਾਰਸ ਵਿਚ ਉਸ ਦਾ ਪਿਤਾ ਧਰਮ (ਧਰਮਿੰਦਰ) ਅਤੇ ਭਰਾ ਗਜੋਧਰ (ਬਾਬੀ ਦਿਓਲ) ਲੋਕਾਂ ਨਾਲ ਠੱਗੀ ਲਾਉਣ ਦੇ ਧੰਦੇ ਵਿਚ ਗਲਤਾਨ ਹਨ। ਇਸ ਵਾਰ ਉਨ੍ਹਾਂ ਦਾ ਸ਼ਿਕਾਰ ਇੰਗਲੈਂਡ ਤੋਂ ਆਇਆ ਇਕ ਅਮੀਰ ਨਾਈਟ ਕਲੱਬ ਮਾਲਕ ਯੋਗਰਾਜ ਖੰਨਾ ਬਣਦਾ ਹੈ। ਚਲਾਕੀ ਨਾਲ ਧਰਮ ਆਪਣੇ ਆਪ ਨੂੰ ਕਰੋੜਪਤੀ ਦੱਸਦਿਆਂ ਯੋਗਰਾਜ ਖੰਨਾ ਦੀ ਧੀ ਸੁਮਨ ਦਾ ਰਿਸ਼ਤਾ ਗਜੋਧਰ ਨਾਲ ਕਰਵਾਉਣ ਦੀ ਸਾਜਿਸ਼ ਰਚਦਾ ਹੈ। ਧਰਮ ਅਤੇ ਗਜੋਧਰ ਇੰਗਲੈਂਡ ਜਾ ਪਹੁੰਚਦੇ ਹਨ, ਜਿਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਪਰਮਵੀਰ ਯੋਗਰਾਜ ਦਾ ਨਵਾਂ ਨਾਈਟ ਕਲੱਬ ਮੈਨੇਜਰ ਹੈ ਅਤੇ ਫਿਰ ਸ਼ੁਰੂਆਤ ਹੁੰਦੀ ਹੈ ਪਿਓ-ਪੁੱਤ ਵਲੋਂ ਇਕ ਪਿਛੋਂ ਇਕ ਸਾਜਿਸ਼ਾਂ ਰਚਣ ਦੀ। ਇਸੇ ਦੌਰਾਨ ਇਕ ਖ਼ੂਬਸੂਰਤ ਔਰਤ ਰੀਤ ਕਹਾਣੀ ਵਿਚ ਉਤਰਦੀ ਹੈ ਅਤੇ ਪਰਮਵੀਰ ਨਾਲ ਪਿਆਰ ਕਰਨ ਲੱਗਦੀ ਹੈ ਅਤੇ ਇੰਜ ਕਹਾਣੀ ਅੱਗੇ ਤੁਰਦੀ ਹੈ।




Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



# ਤਿੰਨ ਮਹੀਨੇ ਦਾ ਸਾਥ, ਦੋ ਦਹਾਕਿਆਂ ਦਾ ਸੰਘਰਸ਼

## ਕਹਾਣੀ ਦਾ ਅੰਤ ਜ਼ਰੂਰ ਖੁਸ਼ਨੁਮਾ ਹੋਵੇਗਾ...

***ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਅੱਜਕੱਲ੍ਹ ਕਿਸੇ ਨੂੰ ਨਹੀਂ ਪਛਾਣਦਾ; ਆਪਣੀ ਪਤਨੀ ਨਵਨੀਤ ਕੌਰ ਨੂੰ ਵੀ ਨਹੀਂ, ਜੋ ਦਹਾਕਿਆਂ ਤੋਂ ਉਸ ਦੀ ਰਿਹਾਈ ਲਈ ਯਤਨ ਕਰ ਰਹੀ ਹੈ। ਦੋਵੇਂ ਮਸਾਂ ਤਿੰਨ ਮਹੀਨੇ ਇਕੱਠੇ ਰਹੇ। ਉਨ੍ਹਾਂ ਦਾ ਅਜੇ ਨਵਾਂ ਨਵਾਂ ਵਿਆਹ ਹੋਇਆ ਸੀ ਕਿ ਉਨ੍ਹਾਂ ਦੇ ਘਰ ਛਾਪਾ ਪੈ ਗਿਆ। ਇਸ ਤੋਂ ਬਆਦ ਭੁੱਲਰ ਘਰ ਪੈਰ ਨਹੀਂ ਪਾ ਸਕਿਆ। ਅੰਗਰੇਜ਼ੀ ਦੀ ਸਰਕਰਦਾ ਅਖਬਾਰ 'ਦਿ ਇੰਡੀਅਨ ਐਕਸਪ੍ਰੈਸ' ਵਿਚ ਪ੍ਰੀਤਾ ਚੈਟਰਜੀ ਨੇ ਨਵਨੀਤ ਦੇ ਇਸ ਘੋਲ ਅਤੇ ਔਖੇ ਪੈਂਡਿਆਂ ਬਾਰੇ ਲਿਖਿਆ ਹੈ ਜੋ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਿਚੋਂ ਟੱਬਰ ਦੇ ਹੋਰ ਜੀਆਂ ਦੇ ਨਾਲ ਨਾਲ ਇਨ੍ਹਾਂ ਦੋਹਾਂ ਜੀਆਂ ਦੀ ਬੁਰੀ ਤਰ੍ਹਾਂ ਉਖੜੀ ਜ਼ਿੰਦਗਾਨੀ ਦੀ ਸੂਹ ਮਿਲਦੀ ਹੈ। -ਸੰਪਾਦਕ***

ਉਹ ਉਹਨੂੰ ਪ੍ਰੋਫੈਸਰ ਕਹਿ ਕੇ ਗੱਲ ਕਰਦੀ ਹੈ। 22 ਸਾਲਾਂ ਦੇ ਵਿਆਹੁਤਾ ਜੀਵਨ ਦੌਰਾਨ ਉਹ ਮਹਿਜ਼ ਤਿੰਨ ਮਹੀਨੇ ਇਕੱਠੇ ਰਹੇ। ਇੰਨੇ ਘੱਟ ਸਮੇਂ ਵਿਚ ਕੋਈ ਇਕ-ਦੂਜੇ ਨੂੰ ਚੱਜ ਨਾਲ ਜਾਣ ਵੀ ਨਹੀਂ ਸਕਦਾ। ਇਹ 48 ਸਾਲਾ ਦਲੇਰ ਔਰਤ ਆਪਣੇ ਪ੍ਰੋਫੈਸਰ ਜਿਸ ਦੀ ਮਾਨਸਿਕ ਅਵਸਥਾ ਹਰ ਚੜ੍ਹਦੇ ਦਿਨ ਹੋਰ ਜ਼ਿਆਦਾ ਡੋਲ ਰਹੀ ਹੈ, ਨੂੰ ਬਚਾਉਣ ਲਈ ਅਦਾਲਤਾਂ ਅਤੇ ਸਰਕਾਰਾਂ ਨਾਲ ਆਢਾ ਲਾਈ ਬੈਠੀ ਹੈ। ਇਸ ਔਰਤ ਦੀ ਬੱਸ ਹੁਣ ਇਹੀ ਤਾਂਘ ਤੇ ਇਹੀ ਲੋਚਾ ਹੈ, ਪਰ ਵਕਤ ਸ਼ਾਇਦ, ਫਿਲਹਾਲ ਪੁੱਠਾ ਗਿੜ ਰਿਹਾ ਹੈ!

ਨਵਨੀਤ ਆਖਦੀ ਹੈ-ਦਵਿੰਦਰ ਦੀ 'ਗਲਤੀ' ਸਿਰਫ ਇੰਨੀ ਸੀ ਕਿ ਉਹ ਅਜਿਹਾ ਇੰਜੀਨੀਅਰ ਤੇ ਪ੍ਰੋਫੈਸਰ ਸੀ ਜਿਹੜਾ ਪੰਜਾਬ ਦੇ ਕਾਲੇ ਦਿਨਾਂ ਦੌਰਾਨ ਲਾਪਤਾ ਹੋ ਰਹੇ ਆਪਣੇ ਵਿਦਿਆਰਥੀਆਂ ਬਾਰੇ ਬੜਾ ਫਿਕਰਮੰਦ ਸੀ। ਨਵਨੀਤ ਉਦੋਂ 26 ਵਰ੍ਹਿਆਂ ਦੀ ਸੀ ਜਦੋਂ 1991 ਵਿਚ ਉਸ ਦਾ ਵਿਆਹ ਲੁਧਿਆਣਾ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਮਕੈਨੀਕਲ ਇੰਜੀਨੀਅਰ ਦੇ ਪ੍ਰੋਫੈਸਰ ਦਵਿੰਦਰਪਾਲ ਭੁੱਲਰ ਨਾਲ ਹੋਇਆ। ਉਚੇ ਲੰਮੇ ਕੱਦ ਦਾ ਭੁੱਲਰ ਬਹੁਤ ਸਾਊ ਅਤੇ ਮਿੱਠਬੋਲੜਾ ਨੌਜਵਾਨ ਸੀ। ਨਵਨੀਤ ਉਨ੍ਹਾਂ ਦਿਨਾਂ ਨੂੰ ਚੇਤੇ ਕਰਦੀ ਹੈ, "ਬੜੇ ਮਾੜੇ ਦਿਨ ਸਨ ਉਹ। ਆਏ ਦਿਨ ਸਿੱਖ ਨੌਜਵਾਨਾਂ ਨੂੰ ਖਾਲਿਸਤਾਨੀ ਦਹਿਸ਼ਤਗਰਦੀ ਦੇ ਦੋਸ਼ਾਂ ਹੇਠ ਪੁਲਿਸ ਵੱਲੋਂ ਚੁੱਕ ਲਿਆ ਜਾਂਦਾ ਸੀ। ਪ੍ਰੋਫੈਸਰ ਉਥੋਂ ਨਿਕਲਣਾ ਚਾਹੁੰਦਾ ਸੀ ਅਤੇ ਬਾਹਰ ਨੌਕਰੀ ਤਲਾਸ਼ ਰਿਹਾ ਸੀ। ਉਸ ਵੇਲੇ ਚੰਡੀਗੜ੍ਹ ਤੋਂ ਇਕ ਚੰਗੀ ਕੰਪਨੀ ਨੇ ਉਸ ਨੂੰ ਨੌਕਰੀ ਦੀ ਪੇਸ਼ਕਸ਼ ਵੀ ਕੀਤੀ ਸੀ।" ਨਵਨੀਤ ਖੁਦ ਵੀ ਚਾਹੁੰਦੀ ਸੀ ਕਿ ਉਸ ਦਾ ਪਤੀ ਕਿਸੇ ਨਾ ਕਿਸੇ ਹੀਲੇ-ਵਸੀਲੇ ਲੁਧਿਆਣੇ ਤੋਂ ਬਾਹਰ ਨਿਕਲ ਜਾਵੇ; ਪਰ ਉਨ੍ਹਾਂ ਹੀ ਦਿਨਾਂ ਵਿਚ ਭੁੱਲਰ ਨੂੰ ਉਸ ਵੇਲੇ ਚੰਡੀਗੜ੍ਹ ਦੇ ਐਸ.ਐਸ.ਪੀ. (ਹੁਣ ਪੰਜਾਬ ਪੁਲਿਸ ਮੁਖੀ) ਸੁਮੇਧ ਸਿੰਘ ਸੈਣੀ ਉਤੇ ਹਮਲਾ ਕਰਨ ਦੇ ਕੇਸ ਵਿਚ ਮੁਲਜ਼ਮ ਐਲਾਨ ਦਿੱਤਾ ਗਿਆ। ਨਵਨੀਤ ਮੁਤਾਬਕ, ਸੁਮੇਧ ਸੈਣੀ 'ਤੇ ਹਮਲੇ ਨਾਲ ਭੁੱਲਰ ਦਾ ਕੋਈ ਸਬੰਧ ਨਹੀਂ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਵਾਂਗ ਲਾਪਤਾ ਹੋਏ ਆਪਣੇ ਕਾਲਜ ਦੇ ਸਿੱਖ ਨੌਜਵਾਨਾਂ ਲਈ ਹਮਦਰਦੀ ਰੱਖਦਾ ਸੀ ਜਿਸ ਕਰ ਕੇ ਉਹ ਉਸ ਦਾ ਮੂੰਹ ਬੰਦ ਕਰਨਾ ਚਾਹੁੰਦੇ ਸਨ। ਉਹ ਕਿਉਂਕਿ ਇੰਜੀਨੀਅਰ ਸੀ, ਇਸ ਲਈ ਉਨ੍ਹਾਂ ਉਸ ਉੱਤੇ ਰਿਮੋਟ ਕੰਟਰੋਲ ਵਾਲੇ ਬੰਬਾਂ ਦੀ ਸੈਟਿੰਗ ਕਰਨ ਦਾ ਦੋਸ਼ ਲਾਇਆ।



*ਮੁੜ ਨਾ ਆ ਸਕੇ ਇਹ ਪਲ!*

ਨਵਨੀਤ ਉਹੀ ਗੱਲ ਫਿਰ ਦੁਹਰਾਉਂਦੀ ਹੈ ਜਿਹੜੀ ਉਸ ਨੇ 2011 ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਲ ਕੇ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਵਿਚ ਕੀਤੀ ਸੀ। ਉਸ ਨੇ ਦੱਸਿਆ, "ਪੁਲਿਸ ਨੇ ਸਾਡੇ ਘਰ ਛਾਪਾ ਮਾਰਿਆ। ਪ੍ਰੋਫੈਸਰ ਘਰ ਹੈ ਨਹੀਂ ਸੀ, ਤਾਂ ਪੁਲਿਸ ਉਸ ਦੇ ਪਿਤਾ ਬਲਵੰਤ ਸਿੰਘ, ਮਾਸੜ ਮਨਜੀਤ ਸਿੰਘ ਅਤੇ ਰਿਸ਼ਤੇ ਦੇ ਭਰਾ ਨੂੰ ਚੁੱਕ ਕੇ ਲੈ ਗਈ। ਇਨ੍ਹਾਂ ਤਿੰਨਾਂ ਦੀ ਮੁੜ ਕੇ ਕੋਈ ਉੱਘ-ਸੁੱਘ ਨਹੀਂ ਨਿਕਲੀ। ਸਾਫ ਸੀ ਕਿ ਪੁਲਿਸ ਨੇ ਇਨ੍ਹਾਂ ਤਿੰਨਾਂ ਨੂੰ ਮਾਰ ਮੁਕਾਇਆ ਸੀ। ਇਨ੍ਹਾਂ ਤਿੰਨਾਂ ਨੂੰ ਬਿਨਾਂ ਕਿਸੇ ਐਫ.ਆਈ.ਆਰ. ਅਤੇ ਅਦਾਲਤ ਦੇ ਹੁਕਮਾਂ ਦੇ ਹੀ ਚੁੱਕਿਆ ਗਿਆ ਸੀ।" ਇਹ ਕਹਿੰਦਿਆਂ ਉਸ ਦੇ ਹੰਝੂ ਪਰਲ ਪਰਲ ਵਗ ਤੁਰੇ।

ਬਲਵੰਤ ਸਿੰਘ ਅਤੇ ਮਨਜੀਤ ਸਿੰਘ ਸਰਕਾਰੀ ਮੁਲਾਜ਼ਮ ਸਨ। ਉਦੋਂ ਨਵਨੀਤ ਦੇ ਪਿਤਾ ਨੂੰ ਵੀ ਪੁਲਿਸ ਨੇ ਚੁੱਕ ਲਿਆ ਸੀ, ਪਰ ਡੇਢ ਮਹੀਨੇ ਮਗਰੋਂ ਛੱਡ ਦਿੱਤਾ ਗਿਆ। ਉਹ ਫਿਰ ਤੜਫੀ, "ਪੁਲਿਸ ਨੇ ਮੇਰੇ ਪਿਤਾ 'ਤੇ ਅੰਨ੍ਹਾ ਤਸ਼ੱਦਦ ਕੀਤਾ। ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ ਗਈ। ਉਨ੍ਹਾਂ ਕੋਲੋਂ ਤੁਰਿਆ ਵੀ ਨਹੀਂ ਜਾਂਦਾ ਸੀ। ਗ੍ਰਿਫਤਾਰੀ ਤੋਂ ਮਗਰੋਂ ਜਦੋਂ ਉਹ ਛੁੱਟ ਕੇ ਆਏ ਤਾਂ ਉਹ ਪਹਿਲਾਂ ਵਰਗੇ ਨਹੀਂ ਸਨ।"

ਦਵਿੰਦਰ ਇਸ ਤੋਂ ਮਗਰੋਂ ਤਿੰਨ ਸਾਲ ਰੂਪੋਸ਼ ਰਿਹਾ। ਉਸ ਨੂੰ ਡਰ ਸੀ ਕਿ ਜੇ ਉਹ ਪੁਲਿਸ ਦੇ ਹੱਥ ਆ ਗਿਆ ਤਾਂ ਉਸ ਦੀ ਹੋਣੀ ਵੀ ਉਸ ਦੇ ਪਿਤਾ ਵਾਲੀ ਹੋਵੇਗੀ। ਨਵਨੀਤ ਆਪਣੇ ਆਪ ਨੂੰ ਸੰਭਾਲਦੀ ਫਿਰ ਗੱਲ ਸ਼ੁਰੂ ਕਰਦੀ ਹੈ, "ਇਸ ਸਮੇਂ ਦੌਰਾਨ ਨਾ ਤਾਂ ਅਸੀਂ ਕਦੇ ਮਿਲੇ ਅਤੇ ਨਾ ਹੀ ਸਾਡੀ ਕਦੇ ਕੋਈ ਗੱਲਬਾਤ ਹੋਈ। ਉਸ ਨੇ ਡਰਦਿਆਂ ਕਦੇ ਸਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਉਸ ਨੂੰ ਖਦਸ਼ਾ ਸੀ ਕਿ ਅਜਿਹਾ ਕਰਨ ਦੀ ਸੂਰਤ ਵਿਚ ਪੁਲਿਸ ਉਸ ਨੂੰ ਮਾਰ ਮੁਕਾਏਗੀ। ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਹ ਜ਼ਿੰਦਾ ਹੈ। ਸਾਰਾ ਦਿਨ ਦਿਲ ਧੜਕਦਾ ਰਹਿੰਦਾ ਸੀ ਕਿ ਕਿਤੇ ਮੌਤ ਦੀ ਖਬਰ ਨਾ ਆ ਜਾਵੇ। ਇੱਦਾਂ ਦਾ ਸੀ ਸਾਡਾ ਵਿਛੋੜਾ। ਦੂਜੇ ਬੰਨੇ, ਪੂਰਾ ਪਰਿਵਾਰ ਤਿੰਨ ਜੀਆਂ ਦੇ ਲਾਪਤਾ ਹੋਣ ਦਾ ਸਦਮਾ ਸਹਿ ਰਿਹਾ ਸੀ।"

ਨਵਨੀਤ ਨੂੰ ਇਸੇ ਸਮੇਂ ਦੌਰਾਨ ਆਪਣੇ ਗੁਜ਼ਾਰੇ ਲਈ ਹੋਸਟਲ ਵਾਰਡਨ ਦੀ ਨੌਕਰੀ ਕਰਨੀ ਪਈ। ਇਹ ਪਹਿਲੀ ਵਾਰ ਸੀ ਜਦੋਂ ਉਹ ਰੋਜ਼ੀ-ਰੋਟੀ ਲਈ ਇਉਂ ਘਰੋਂ ਨਿਕਲੀ ਸੀ। ਇਸ ਤੋਂ ਬਾਅਦ 1993 ਵਿਚ ਦਿੱਲੀ 'ਚ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ 'ਤੇ ਹਮਲਾ ਹੋ ਗਿਆ ਜਿਸ ਵਿਚ ਨੌਂ ਬੰਦੇ ਮਾਰੇ ਗਏ ਅਤੇ ਬਿੱਟਾ ਜ਼ਖਮੀ ਹੋ ਗਿਆ। ਇਹ ਬੰਬ ਧਮਾਕਾ ਵੀ ਰਿਮੋਟ ਕੰਟਰੋਲ ਨਾਲ ਕੀਤਾ ਗਿਆ ਸੀ। ਪ੍ਰੋਫੈਸਰ ਦੇ ਇੰਜੀਨੀਅਰ ਹੋਣ ਕਾਰਨ ਇਹ ਧਮਾਕਾ ਵੀ ਉਸ ਦੇ ਸਿਰ ਲਾ ਦਿੱਤਾ ਗਿਆ। ਇਸ ਕੇਸ 'ਚ ਭੁੱਲਰ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਾ ਮਿਲਣ ਦੇ ਬਾਵਜੂਦ ਕਿਹਾ ਗਿਆ ਕਿ ਇਹ ਧਮਾਕਾ ਵੀ 1991 ਵਿਚ ਰਿਮੋਟ ਨਾਲ ਹੋਏ ਬੰਬ ਧਮਾਕੇ ਵਰਗਾ ਸੀ ਜਿਸ ਕਾਰਨ ਇਸ ਧਮਾਕੇ 'ਚ ਵੀ ਪ੍ਰੋਫੈਸਰ ਦਾ ਹੱਥ ਹੈ।

ਦਿੱਲੀ ਦੀ ਹੇਠਲੀ ਅਦਾਲਤ ਨੇ 2001 ਵਿਚ ਦਵਿੰਦਰ ਨੂੰ ਇਸ ਕੇਸ ਵਿਚ ਦੋਸ਼ੀ ਮੰਨਿਆ ਅਤੇ ਮੌਤ ਦੀ ਸਜ਼ਾ ਸੁਣਾਈ। ਸੁਪਰੀਮ ਕੋਰਟ ਨੇ ਇਸ ਕੇਸ 'ਚ ਕੀਤੀ ਗਈ ਅਪੀਲ 'ਤੇ 2002 ਵਿਚ ਟੁੱਟਵਾਂ ਫੈਸਲਾ ਦਿੱਤਾ। ਇਸ ਕੇਸ ਲਈ ਕਾਇਮ ਕੀਤੇ ਤਿੰਨ ਮੈਂਬਰੀ ਬੈਂਚ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਐਮ.ਬੀ.ਸ਼ਾਹ ਨੇ ਉਸ ਨੂੰ ਬਰੀ ਕਰ ਦਿੱਤਾ ਅਤੇ ਦੂਜੇ ਦੋ ਜੱਜਾਂ ਨੇ ਉਸ ਨੂੰ ਦੋਸ਼ੀ ਮੰਨਿਆ। ਮਈ 2011 ਵਿਚ ਰਾਸ਼ਟਰਪਤੀ ਨੇ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ।

1994 ਵਿਚ ਤਿੰਨ ਸਾਲਾਂ ਦੇ ਵਿਛੋੜੇ ਮਗਰੋਂ ਦੋਵੇਂ ਪਤੀ-ਪਤਨੀ ਨੇ ਕੈਨੇਡਾ ਵਿਚ ਇਸ ਆਸ ਨਾਲ ਮਿਲਣ ਦਾ ਪ੍ਰਬੰਧ ਕੀਤਾ ਕਿ ਉਹ ਇਕ ਵਾਰ ਫਿਰ, ਨਵੇਂ ਸਿਰਿਉਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨਗੇ। ਨਵਨੀਤ ਦੱਸਦੀ ਹੈ, "ਮੈਂ ਵੈਨਕੂਵਰ ਪਹੁੰਚ ਗਈ, ਪਰ ਉਹ ਫਰੈਂਕਫਰਟ (ਜਰਮਨੀ) ਵਿਚ ਉਸ ਵੇਲੇ ਫੜਿਆ ਗਿਆ ਜਦੋਂ ਉਸ ਨੇ ਜਹਾਜ਼ ਬਦਲਣਾ ਸੀ। ਉਸ ਕੋਲ ਸਹੀ ਦਸਤਾਵੇਜ਼ ਨਹੀਂ ਸਨ। ਮੈਨੂੰ ਲੱਗਿਆ, ਜਿਵੇਂ ਮੇਰੇ ਉੱਤੇ ਫਿਰ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮੈਂ ਆਪਣੇ ਪਤੀ ਨੂੰ ਮਿਲਣ ਹੀ ਵਾਲੀ ਸੀ ਕਿ ਹੋਣੀ ਇਕ ਵਾਰੀ ਫਿਰ ਉਸ ਨੂੰ ਮੈਥੋਂ ਦੂਰ ਲੈ ਗਈ।"...ਤੇ 1995 ਵਿਚ ਦਵਿੰਦਰਪਾਲ ਨੂੰ ਜਰਮਨੀ ਤੋਂ ਭਾਰਤ ਵਾਪਸ ਭੇਜ ਦਿੱਤਾ ਗਿਆ।

ਅਗਲੇ ਛੇ ਸਾਲਾਂ ਦੌਰਾਨ ਜਿੱਥੇ ਦਵਿੰਦਰਪਾਲ ਭੁੱਲਰ ਵੱਖ-ਵੱਖ ਅਦਾਲਤਾਂ ਵਿਚ ਆਪਣੇ ਖਿਲਾਫ ਪਾਏ ਕੇਸਾਂ ਦਾ ਸਾਹਮਣਾ ਕਰਦਾ ਰਿਹਾ, ਉੱਥੇ ਨਵਨੀਤ ਨੇ ਕੈਨੇਡਾ ਵਿਚ ਐਨ ਮੁੱਢ ਤੋਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਉਸ ਨੇ ਦੱਸਿਆ, "ਮੈਂ ਆਪਣੇ ਮਾਪਿਆਂ ਨੂੰ ਵੀ ਕੈਨੇਡਾ ਬੁਲਾ ਲਿਆ ਅਤੇ ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕਰਨ ਲਈ ਲੰਬੀ ਉਡੀਕ ਕੀਤੀ। ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ। ਉੱਥੇ ਨਰਸਿੰਗ ਦਾ ਕੋਰਸ ਕੀਤਾ ਅਤੇ ਪ੍ਰੋਫੈਸਰ ਨੂੰ ਜੇਲ੍ਹ ਵਿਚ ਮਿਲਣ ਲਈ ਭਾਰਤ ਆਉਣ ਖਾਤਰ ਪੈਸਿਆਂ ਦਾ ਪ੍ਰਬੰਧ ਕਰਨ ਲਈ ਦੂਹਰੀ ਸ਼ਿਫਟ ਵਿਚ ਕੰਮ ਕੀਤਾ। ਦਿੱਲੀ ਜਾਣ ਲਈ 2100 ਡਾਲਰ ਲਗਦੇ ਸਨ, ਪਰ ਪ੍ਰੋਫੈਸਰ ਨੂੰ ਦੇਖਣ ਲਈ ਸਭ ਕਰਨਾ ਹੀ ਸੀ।" ਇਸੇ ਦੌਰਾਨ ਦਵਿੰਦਰਪਾਲ ਦੀ ਮਾਂ ਵੀ ਆਪਣੇ ਛੋਟੇ ਪੁੱਤਰ ਨਾਲ ਅਮਰੀਕਾ ਪਹੁੰਚ ਗਈ।

***ਨਵਨੀਤ ਦੀ ਜ਼ਿੰਦਗੀ ਦਾ ਉਹ ਵੇਲਾ ਲੰਘ ਚੁੱਕਾ ਹੈ ਜਿਸ ਨੂੰ 'ਸੁਹਾਵਣਾ ਸਮਾਂ' ਕਿਹਾ ਜਾ ਸਕਦਾ ਹੋਵੇ; ਜਦੋਂ ਉਹ ਦੋਵੇਂ ਆਪਣਾ ਘਰ ਵਸਾਉਂਦੇ, ਉਨ੍ਹਾਂ ਦੇ ਬੱਚੇ ਹੁੰਦੇ, ਪਰ ਉਸ ਦਾ ਕਹਿਣਾ ਹੈ, "ਮੈਂ ਪ੍ਰੋਫੈਸਰ ਖ਼ਾਤਰ ਬਹੁਤ ਲੰਬੀ ਲੜਾਈ ਲੜੀ ਹੈ ਅਤੇ ਮੈਨੂੰ ਆਸ ਹੈ ਕਿ ਜ਼ਿੰਦਗੀ ਸਾਨੂੰ ਆਪਣਾ ਬੁਢਾਪਾ ਇਕੱਠਿਆਂ ਕੱਟਣ ਦਾ ਮੌਕਾ ਜ਼ਰੂਰ ਦੇਵੇਗੀ। ਇੱਦਾਂ ਫ਼ਿਲਮਾਂ ਵਿਚ ਹੀ ਵਾਪਰਦਾ ਹੈ, ਪਰ ਮੈਨੂੰ ਲੱਗਦਾ ਹੈ ਕਿ ਸਾਡੀ ਜ਼ਿੰਦਗੀ ਦੀ ਕਹਾਣੀ ਦਾ ਅੰਤ ਜ਼ਰੂਰ ਖੁਸ਼ਨੁਮਾ ਹੋਵੇਗਾ।"***

ਇਸ ਸਮੇਂ ਦੌਰਾਨ ਨਵਨੀਤ ਦੇ ਮਾਪਿਆਂ ਨੇ ਦਵਿੰਦਰਪਾਲ ਭੁੱਲਰ ਦੇ ਕੇਸ ਦਾ ਖਹਿੜਾ ਛੱਡ ਕੇ ਉਸ ਨੂੰ ਨਵੇਂ ਸਿਰਿਉਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਜ਼ੋਰ ਪਾਇਆ, ਪਰ ਉਹ ਨਾ ਮੰਨੀ। ਉਹ ਅੱਖਾਂ ਪੂੰਝਦੀ ਦੱਸਦੀ ਹੈ, "ਪ੍ਰੋਫੈਸਰ ਦੇ ਟੱਬਰ ਨੇ ਵੀ ਤਾਂ ਦੁੱਖ ਹੰਢਾਏ ਸਨ, ਪਰ ਅਜਿਹੇ ਕੇਸਾਂ ਵਿਚ ਸਭ ਤੋਂ ਵੱਧ ਪੀੜਾ ਨਾਲ ਦੇ ਸਾਥੀ ਨੂੰ ਹੀ ਸਹਿਣੀ ਪੈਂਦੀ ਹੈ। ਮੇਰੀ ਮਾਂ ਠੀਕ ਨਹੀਂ। ਹੁਣ ਉਹਦਾ ਦਿਲ ਦਾ ਅਪਰੇਸ਼ਨ ਹੋਣਾ ਹੈ। ਮੇਰੇ ਪੇਕਿਆਂ ਵਾਲੇ ਫਿਰ ਜ਼ੋਰ ਪਾ ਰਹੇ ਹਨ ਕਿ ਮੈਂ ਕੈਨੇਡਾ ਪੁੱਜ ਜਾਵਾਂ।"

ਦਿੱਲੀ ਦੇ ਗੇੜਿਆਂ ਅਤੇ ਕੰਮ ਤੋਂ ਲੰਮੀਆਂ ਛੁੱਟੀਆਂ ਕਾਰਨ ਨਵਨੀਤ ਦੀ ਪੱਕੀ ਨੌਕਰੀ ਛੁੱਟ ਗਈ। ਉਂਜ ਜਦੋਂ ਵੀ ਉਹ ਕੈਨੇਡਾ ਹੁੰਦੀ ਹੈ ਤਾਂ ਹਸਪਤਾਲ ਵਿਚ ਸ਼ਿਫਟਾਂ ਵਿਚ ਕੰਮ ਮਿਲ ਜਾਂਦਾ ਹੈ। ਭੁੱਲਰ ਦੀ ਗ੍ਰਿਫਤਾਰੀ ਤੋਂ ਬਾਅਦ ਪਹਿਲੀ ਵਾਰ ਨਵਨੀਤ ਉਸ ਨੂੰ 2001 ਵਿਚ ਤਿਹਾੜ ਜੇਲ੍ਹ ਵਿਚ ਮਿਲ ਸਕੀ। ਉਦੋਂ ਭੁੱਲਰ ਨੂੰ ਇਸ ਕੇਸ ਵਿਚ ਛੇਤੀ ਰਿਹਾਈ ਦੀ ਉਮੀਦ ਹੈ। ਉਹ ਭਰੋਸੇ ਨਾਲ ਆਖਦਾ ਸੀ ਕਿ ਇਸ ਕੇਸ ਵਿਚ ਉਸ ਦੇ ਖਿਲਾਫ ਕੋਈ ਗਵਾਹੀ ਨਹੀਂ ਹੈ ਅਤੇ ਪੁਲਿਸ ਨੇ ਤਸ਼ੱਦਦ ਕਰ ਕੇ ਉਸ ਕੋਲੋਂ ਜਬਰੀ ਇਕਬਾਲੀਆ ਬਿਆਨਾਂ 'ਤੇ ਦਸਤਖਤ ਕਰਵਾਏ ਹਨ। ਪ੍ਰੋਫੈਸਰ ਜੇਲ੍ਹ ਵਿਚ ਬੰਦ ਕੈਦੀਆਂ ਕੋਲ ਕੱਪੜੇ ਵੀ ਨਾ ਹੋਣ ਬਾਰੇ ਗੱਲਾਂ ਕਰਦਾ। ਨਵਨੀਤ ਤੇ ਪ੍ਰੋਫੈਸਰ ਵਿਚਕਾਰ ਨੋਕ-ਝੋਕ ਵੀ ਹੁੰਦੀ। ਨਵਨੀਤ ਰਤਾ ਕੁ ਮੁਸਕਰਾ ਕੇ ਦੱਸਦੀ ਹੈ,

*(ਬਾਕੀ ਸਫਾ 19 'ਤੇ)*



*ਬਿਖੜਾ ਪੈਂਡਾ: ਦਵਿੰਦਰਪਾਲ ਸਿੰਘ*



*ਲੰਮੇਰਾ ਪੈਂਡਾ: ਨਵਨੀਤ ਕੌਰ*

# ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ (ਓਹਾਇਓ)

# ਤੀਜਾ ਪੰਜਾਬੀ ਖੇਡ ਮੇਲਾ

## ਅਤੇ ਗੀਤ ਸੰਗੀਤ ਦਾ ਮੇਲਾ

ਕਬੱਡੀ ਅੰਡਰ 18
ਕਬੱਡੀ ਅੰਡਰ 21
ਕਬੱਡੀ ਓਪਨ
ਵਾਲੀਬਾਲ
ਬੱਚਿਆਂ ਦੀਆਂ ਦੌੜਾਂ
ਅਤੇ ਖੇਡਾਂ
ਬੀਬੀਆਂ ਲਈ ਦੌੜਾਂ

## ਸਨਿਚਰਵਾਰ, 22 ਜੂਨ 2013

### ਸਵੇਰੇ 8:30 ਵਜੇ ਤੋਂ ਸ਼ਾਮ 8 ਵਜੇ ਤੱਕ

**Longwood Park**
1566 E. Aurora Rd, Macedonia, OH 44056

ਫਰੀ ਐਂਟਰੀ, ਫਰੀ ਖਾਣਾ
ਗਾਉਣ-ਵਜਾਉਣ ਦਾ ਮੁਫਤ ਸ਼ੋਅ

ਪੰਜਾਬੀ ਮੁਟਿਆਰ ਤੇ ਪੰਜਾਬੀ ਗੱਭਰੂ ਸੁੰਦਰਤਾ ਮੁਕਾਬਲੇ
ਓ ਐਸ ਯੂ ਭੰਗੜਾ ਟੀਮ ਅਤੇ ਗਿੱਧਾ

ਸੁਪਰ ਸਟਾਰ ਬਲਜੀਤ ਮਾਲਵਾ
ਆਏ ਮੇਲੀਆਂ ਦਾ ਮਨੋਰੰਜਨ ਕਰੇਗਾ


ਬਲਜੀਤ ਮਾਲਵਾ



Platinum Sponsors: Mohan Singh Dhaliwal (Mona Phalwan), Karnail Singh Sarpanch, Dr. Satnam Singh Sandhu, Kanwaljit Singh Janda, Parmjit Singh Dhillon, Aman Dhesi

For more information, please contact:
Harjit S. Dhillon (216) 244-5727 (All info)
Mohinder S. Bhela (216) 280-4201 (All info)
Amarjit S. Kang (330) 988-3501 (Volleyball)
Palwinder S. Sohal (216) 375-8463 (Volleyball)
Iqbal S. Boparai (330) 754-9396 (Kabaddi)

We appreciate all the love and support from all the cleveland and surrounding communities.

**Punjab Sports Club, Cleveland, OH**

# ਸਿਨੇਮਾ, ਸਾਹਿਤ ਅਤੇ ਸੰਘਰਸ਼ ਦਾ ਸੁਮੇਲ

## ਬਲਰਾਜ ਸਾਹਨੀ ਦੀ ਜਨਮ ਸ਼ਤਾਬਦੀ

ਕਲਾ ਪਰਿਕਰਮਾ

*ਸਾਲ 2013 ਬਲਰਾਜ ਸਾਹਨੀ ਦੀ ਜਨਮ ਸ਼ਤਾਬਦੀ ਦਾ ਸਾਲ ਹੈ। ਬਲਰਾਜ ਜਿਸ ਦਾ ਪਹਿਲਾ ਨਾਂ ਯੁਧਿਸ਼ਟਰ ਸੀ, ਦਾ ਜਨਮ ਪਹਿਲੀ ਮਈ 1913 ਨੂੰ ਹੋਇਆ ਸੀ। ਵੱਖ ਵੱਖ ਥਾਂਈਂ ਵੱਖ ਵੱਖ ਸੰਸਥਾਵਾਂ ਵੱਲੋਂ ਉਨ੍ਹਾਂ ਦੀ ਯਾਦ ਵਿਚ ਸਮਾਗਮ ਹੋ ਰਹੇ ਹਨ। 'ਪੰਜਾਬ ਟਾਈਮਜ਼' ਵੀ ਇਸ ਪੰਜਾਬੀ ਸਪੂਤ ਨੂੰ ਇਸ ਲਿਖਤ ਰਾਹੀਂ ਯਾਦ ਕਰ ਰਿਹਾ ਹੈ। ਆਉਂਦੇ ਅੰਕਾਂ ਵਿਚ ਅਸੀਂ ਉਨ੍ਹਾਂ ਦੀਆਂ ਕੁਝ ਖਾਸ ਲਿਖਤਾਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਾਂਗੇ। ਉਨ੍ਹਾਂ ਦੀਆਂ ਇਨ੍ਹਾਂ ਪੰਜਾਬੀ ਲਿਖਤਾਂ ਉਤੇ ਪੰਜਾਬੀਅਤ ਦਾ ਰੰਗ ਬਹੁਤ ਗੂੜ੍ਹਾ ਚੜ੍ਹਿਆ ਦਿਸਦਾ ਹੈ। ਅਸਲ ਵਿਚ ਬਲਰਾਜ ਅਜਿਹਾ ਕਾਮਾ ਮਨੁੱਖ ਸੀ ਜਿਸ ਵਿਚ ਮਾਨਵੀ ਗੁਣ ਕੁੱਟ ਕੁੱਟ ਕੇ ਭਰੇ ਹੋਏ ਸਨ। ਇਨ੍ਹਾਂ ਗੁਣਾਂ ਕਰ ਕੇ ਹੀ ਉਹ ਯਾਦਗਾਰੀ ਫਿਲਮਾਂ ਬਣਾ ਸਕਿਆ ਅਤੇ ਯਾਦਗਾਰੀ ਲਿਖਤਾਂ ਲਿਖ ਸਕਿਆ। -ਸੰਪਾਦਕ*



ਬਲਰਾਜ ਸਾਹਨੀ ਦੀ ਪਹਿਲੀ ਪਸੰਦ ਅਦਾਕਾਰੀ ਸੀ ਅਤੇ ਬਾਅਦ ਵਿਚ ਉਸ ਨੇ ਫਿਲਮਾਂ ਤੇ ਸਟੇਜ ਉਤੇ ਮਿਸਾਲੀ ਕਿਰਦਾਰ ਨਿਭਾਅ ਕੇ ਇਹ ਸਾਬਤ ਵੀ ਕੀਤਾ। ਇਸ ਕਣਦਾਰ ਅਦਾਕਾਰ ਨੇ ਸਾਹਿਤ, ਸਿਨੇਮਾ ਅਤੇ ਸੰਘਰਸ਼ ਦਾ ਅਜਿਹਾ ਸੁਮੇਲ ਬਿਠਾਇਆ ਕਿ ਉਹਦੇ ਵਰਗਾ ਕੋਈ ਹੋਰ ਬੰਦਾ ਹਿੰਦੀ ਫਿਲਮੀ ਦੁਨੀਆਂ ਵਿਚ ਨਜ਼ਰ ਨਹੀਂ ਆਉਂਦਾ।

ਹੁਣ ਜਦੋਂ ਉਸ ਦਾ ਜਨਮ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ ਤਾਂ ਉਸ ਦੀ ਅਦਾਕਾਰੀ ਅਤੇ ਉਸ ਦੇ ਹੋਰ ਗੁਣਾਂ ਨੂੰ ਧਿਆਣਾ ਹੀ ਉਸ ਨੂੰ ਸੱਚੇ ਦਿਲੋਂ ਯਾਦ ਕਰਨ ਵਾਂਗ ਹੈ। ਬਲਰਾਜ ਚੰਗੇ ਕਾਰੋਬਾਰੀ ਖੱਤਰੀਆਂ ਦੇ ਘਰ ਜੰਮਿਆ, ਪਰ ਉਸ ਦਾ ਦਿਲ-ਦਿਮਾਗ ਅਜਿਹੇ ਕਿਸੇ ਕਾਰੋਬਾਰ ਲਈ ਨਹੀਂ ਸਨ। ਉਹ ਰਾਵਲਪਿੰਡੀ ਜਿਸ ਨੂੰ ਆਪਣੀ ਲਿਖਤਾਂ ਵਿਚ ਉਹ ਪਿੰਡੀ ਕਰ ਕੇ ਯਾਦ ਕਰਦਾ ਹੈ, ਤੋਂ ਲਾਹੌਰ ਪੜ੍ਹਨ ਪੁੱਜਾ। ਅੰਗਰੇਜ਼ੀ ਸਾਹਿਤ ਦੀ ਮਾਸਟਰਜ਼ ਡਿਗਰੀ ਫੁੰਡੀ ਅਤੇ ਫਿਰ ਵਾਪਸ ਰਾਵਲਪਿੰਡੀ ਪੁੱਜ ਗਿਆ, ਆਪਣਾ ਪਿਤਰੀ ਕਾਰੋਬਾਰ ਸਾਂਭਣ। ਇਸ ਅਸਲ ਵਿਚ ਉਸ ਦੇ ਘਰ ਵਾਲਿਆਂ ਦਾ ਜ਼ੋਰ ਸੀ ਕਿ ਉਹ ਕਾਰੋਬਾਰ ਵਿਚ ਹੱਥ ਵਟਾਏ। ਖੈਰ! ਛੇਤੀ ਹੀ ਉਸ ਦਾ ਦਮਯੰਤੀ ਵਿਆਹ ਹੋ ਗਿਆ। ਮੌਤ ਵੱਲੋਂ ਖੋਹ ਲਏ ਜਾਣ ਦੇ ਬਾਵਜੂਦ ਦਮਯੰਤੀ ਸਦਾ ਹੀ ਉਸ ਦੇ ਅੰਗ ਸੰਗ ਰਹੀ। ਉਹਦੀਆਂ ਗੱਲਾਂ ਅਤੇ ਲਿਖਤਾਂ ਵਿਚ ਦਮਯੰਤੀ ਬਹੁਤ ਅਛੋਪਲੇ ਜਿਹੇ ਆਣ ਬੈਠਦੀ ਹੈ।

ਫਿਰ ਕਾਰੋਬਾਰ ਤੋਂ ਅੱਕੇ ਬਲਰਾਜ ਨੇ ਇਕ ਦਿਨ ਰਾਵਲਪਿੰਡੀ ਛੱਡ ਦਿੱਤੀ। ਇਸ ਵਾਰ ਉਸ ਦਾ ਟਿਕਾਣਾ ਰਬਿੰਦਰ ਨਾਥ ਟੈਗੋਰ ਦੀ ਸ਼ਾਤੀਨਿਕੇਤਨ ਵਿਖੇ ਸਥਿਤ ਸਥਿਤ ਵਿਸ਼ਵ ਭਾਰਤੀ ਯੂਨੀਵਰਸਿਟੀ ਬਣੀ। ਬਲਰਾਜ ਅਤੇ ਦਮਯੰਤੀ ਉਥੇ ਪੜ੍ਹਾਉਣ ਲੱਗ ਪਏ। ਇਥੇ ਹੀ ਉਸ ਦੇ ਆਪਣੀ ਮਾਂ ਬੋਲੀ ਪੰਜਾਬੀ ਲਈ ਪਿਆਰ ਨੇ ਉਛਾਲਾ ਮਾਰਿਆ। ਅਸਲ ਵਿਚ ਟੈਗੋਰ ਨੇ ਉਸ ਨੂੰ ਮਾਂ ਬੋਲੀ ਦੀ ਤਾਕਤ ਬਾਰੇ ਗੱਲ ਸਮਝਾਈ ਹੀ ਇੰਨੇ ਜ਼ੋਰਦਾਰ ਢੰਗ ਨਾਲ, ਕਿ ਫਿਰ ਸਾਰੀ ਉਮਰ ਬਲਰਾਜ ਆਪਣੀ ਮਾਂ ਬੋਲੀ ਦੀ ਗੋਦੀ ਵਿਚੋਂ ਬਾਹਰ ਨਹੀਂ ਆਇਆ। ਟੈਗੋਰ ਦੀ ਇਕ ਵਾਰ ਆਖੀ ਗੱਲ 'ਤੇ ਚੱਲਦਿਆਂ ਉਸ ਨੇ ਮਾਂ ਬੋਲੀ ਨਾਲ ਜਿਸ ਤਰ੍ਹਾਂ ਅੰਤ ਤੱਕ ਨਿਭਾਈ, ਉਸ ਤਰ੍ਹਾਂ ਦੀ ਮਿਸਾਲ ਵਿਰਲੀ-ਟਾਵੀਂ ਹੀ ਲੱਭਦੀ ਹੈ। ਉਸ ਦਾ ਲਿਖਿਆ 'ਮੇਰਾ ਪਾਕਿਸਤਾਨੀ ਸਫਰਨਾਮਾ' ਜਿਸ ਨੇ ਇਕ ਵਾਰ ਪੜ੍ਹ ਲਿਆ, ਉਹ ਨਾ ਬਲਰਾਜ ਸਾਹਨੀ ਅਤੇ ਨਾ ਹੀ ਇਸ ਸਫਰਨਾਮੇ ਨੂੰ ਭੁੱਲ ਸਕਦਾ ਹੈ। 'ਮੇਰਾ ਰੂਸੀ ਸਫਰਨਾਮਾ' ਵਿਚ ਉਸ ਦੇ ਵਿਚਾਰਾਂ ਦੀ ਉਡਾਣ ਦੇਖਿਆਂ ਹੀ ਬਣਦੀ ਹੈ। ਉਸ ਦੀਆਂ ਵਾਰਤਕ ਪੁਸਤਕਾਂ ਜਿਨ੍ਹਾਂ ਵਿਚ 'ਮੇਰੀ ਗੈਰ ਜਜ਼ਬਾਤੀ ਡਾਇਰੀ', 'ਕਾਮੇ, 'ਮੇਰੀ ਫਿਲਮੀ ਆਤਮਕਥਾ' ਆਦਿ ਸ਼ਾਮਲ ਹਨ, ਦਾ ਰੰਗ ਵੀ ਇੱਦਾਂ ਦਾ ਹੀ ਹੈ। ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ ਜੋ ਛੋਟੇ ਨਾਂ 'ਇਪਟਾ' ਕਰ ਕੇ ਵੱਧ ਮਸ਼ਹੂਰ ਹੋਈ, ਵਿਚ ਉਸ ਦਾ ਯੋਗਦਾਨ ਮਿਸਾਲੀ ਸੀ।

ਬਲਰਾਜ ਦਾ ਫਿਲਮੀ ਕਰੀਅਰ 1946 ਵਿਚ 'ਇਨਸਾਫ' ਨਾਲ ਆਰੰਭ ਹੋਇਆ। ਉਸੇ ਸਾਲ 'ਧਰਤੀ ਕੇ ਲਾਲ', 'ਦੂਰ ਚਲੇਂ' ਅਤੇ ਕੁਝ ਹੋਰ ਫਿਲਮਾਂ ਵੀ ਆਈਆਂ। ਫਿਲਮ 'ਧਰਤੀ ਕੇ ਲਾਲ' ਕੇ.ਏ. ਅੱਬਾਸ ਨੇ ਬਣਾਈ ਸੀ। ਇਸ ਤੋਂ ਬਾਅਦ 1953 ਵਿਚ ਜਦੋਂ 'ਦੋ ਬੀਘਾ ਜ਼ਮੀਨ' ਫਿਲਮ ਆਈ ਤਾਂ ਬਲਰਾਜ ਦੀ ਅਦਾਕਾਰੀ ਦੀ ਗੁੱਡੀ ਅਸਮਾਨੀਂ ਜਾ ਚੜ੍ਹੀ। ਇਸ ਫਿਲਮ ਦੇ ਡਾਇਰੈਕਟਰ ਬਿਮਲ ਰੌਇ ਸਨ ਅਤੇ ਇਸ ਨੇ ਕਾਨ ਫਿਲਮ ਮੇਲੇ ਵਿਚ ਕੌਮਾਂਤਰੀ ਇਨਾਮ ਹਾਸਲ ਕੀਤਾ। ਉਸ ਨੇ ਕਈ ਯਾਦਗਾਰੀ ਫਿਲਮਾਂ ਵਿਚ ਕੰਮ ਕਰ ਕੇ ਫਿਲਮੀ ਦੁਨੀਆਂ ਵਿਚ ਆਪਣੀ ਪੱਕੀ ਥਾਂ ਬਣਾ ਲਈ ਜਿਸ ਤਰ੍ਹਾਂ ਕਿਤਾਬਾਂ ਲਿਖ ਕੇ ਸਾਹਿਤ ਦੇ ਖੇਤਰ ਅਤੇ ਨਾਟਕ ਖੇਡ ਕੇ ਸਟੇਜ ਦੇ ਖੇਤਰ ਵਿਚ ਥਾਂ ਬਣਾਈ ਸੀ।

ਹਿੰਦੀ ਦੇ ਮਸ਼ਹੂਰ ਲੇਖਕ ਭੀਸ਼ਮ ਸਾਹਨੀ ਉਨ੍ਹਾਂ ਦੇ ਛੋਟੇ ਭਰਾ ਸਨ ਜਿਨ੍ਹਾਂ ਦਾ ਵੰਡ ਬਾਰੇ ਲਿਖਿਆ ਨਾਵਲ 'ਤਮਸ' ਜ਼ਿੰਦਗੀ ਦੀਆਂ ਬਹੁਤ ਡੂੰਘੀਆਂ ਪਰਤਾਂ ਫਰੋਲਦਾ ਹੈ। ਉਨ੍ਹਾਂ ਦਾ ਬੇਟਾ ਪ੍ਰੀਕਸ਼ਿਤ ਸਾਹਨੀ ਖੁਦ ਅੱਛਾ ਅਦਾਕਾਰ ਹੈ। ਉਨ੍ਹਾਂ ਦੀ ਦੂਜੀ ਪਤਨੀ ਸੰਤੋਸ਼ ਸਾਹਨੀ ਨੇ ਬੱਚਿਆਂ ਲਈ ਬੜੀਆਂ ਯਾਦਗਾਰੀ ਪੁਸਤਕਾਂ ਦੀ ਰਚਨਾ ਕੀਤੀ। ਉਹਦੀਆਂ ਦੋ ਧੀਆਂ ਸਨ-ਸਨੋਬਰ ਅਤੇ ਸ਼ਬਨਮ। ਚੜ੍ਹਦੀ ਬਰੇਸੇ ਸ਼ਬਨਮ ਦੀ ਮੌਤ ਨੇ ਬਲਰਾਜ ਉਤੇ ਬਹੁਤ ਜ਼ਿਆਦਾ ਅਸਰ ਪਾਇਆ। ਇਸੇ ਗਮ ਨਾਲ ਘੁਲਦਿਆਂ 13 ਅਪਰੈਲ 1973 ਨੂੰ ਉਸ ਨੂੰ ਦਿਲ ਦਾ ਦੌਰਾ ਪਿਆ ਅਤੇ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ।

***-ਪੰਜਾਬ ਟਾਈਮਜ਼ ਫੀਚਰਜ਼***



*ਮਹਿੰਦਰ ਸਿੰਘ ਰੰਧਾਵਾ ਅਤੇ ਪ੍ਰੋ. ਮੋਹਨ ਸਿੰਘ ਨਾਲ ਬਲਰਾਜ ਸਾਹਨੀ।*



## ਮਈ ਦਿਵਸ ਬਨਾਮ ਬਲਰਾਜ ਸਾਹਨੀ

*ਪਹਿਲੀ ਮਈ ਮਜ਼ਦੂਰ ਦਿਵਸ ਦੇ ਦਿਨ ਜਿਹੜਾ ਬਲਰਾਜ ਸਾਹਨੀ ਦਾ ਜਨਮ ਦਿਨ ਵੀ ਹੈ, ਬਹਿਰੂਪ ਆਰਟਸ ਗਰੁੱਪ ਨੇ ਨਵੀਂ ਦਿੱਲੀ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਉਨ੍ਹਾਂ ਦੀ ਜ਼ਿੰਦਗੀ ਅਤੇ ਸੰਘਰਸ਼ 'ਤੇ ਆਧਾਰਤ ਨਾਟਕ ਪੇਸ਼ ਕੀਤਾ। 'ਏ ਟ੍ਰੀਬਿਊਟ ਟੂ ਹਿਜ਼ ਬਰਥ ਸੈਂਟੇਨਰੀ' ਤਹਿਤ ਇਹ ਨਾਟਕ ਸ਼ਾਹਿਦ ਅਨਵਰ ਨੇ ਪੇਸ਼ ਕੀਤਾ। ਇਸ ਦੇ ਨਾਲ ਹੀ 'ਦੋ ਬੀਘਾ ਜ਼ਮੀਨ' ਦਿਖਾਈ ਗਈ। ਇਸ ਫਿਲਮ ਵਿਚ ਲੀਡ ਰੋਲ ਬਲਰਾਜ ਸਾਹਨੀ ਅਤੇ ਨਿਰੂਪਾ ਰਾਏ ਦਾ ਹੈ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 8 ਜੂਨ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-67



*ਕਲਾਕਾਰ ਹਥ ਲੈ ਕੇ ਪੈਨਸਿਲ ਖਾਕਾ ਪਿਆ ਬਣਾਵੇ,*
*ਰੰਗ ਭਰਕੇ ਤਸਵੀਰ ਬਣਾਊ 'ਆਰਟ' ਦੇ ਬਲਿਹਾਰੇ!*
*ਨਾਲ ਕੈਮਰੇ ਦੂਜੇ ਨੇ ਆ ਫੋਟੋ ਪਲਾਂ 'ਚ ਲਾਹੀ,*
*ਹਸਤ-ਕਲਾ ਤੇ ਕਲਾ-ਮਸ਼ੀਨੀ ਦੋਹਾਂ ਦੀ ਵਡਿਆਈ!*

## ਕੈਪਸ਼ਨ ਮੁਕਾਬਲਾ-65



ਇਹ ਹੈ ਸਾਡਾ ਵਿਰਸਾ ਪੁਰਾਣਾ।
ਮਿੱਟੀ ਦੀਆਂ ਕੰਧਾਂ,
ਕੱਖ-ਕਾਨਿਆਂ ਦੀਆਂ ਛੱਤਾਂ,
ਹੁੰਦਾ ਸੀ ਕਦੀ ਮਹਿਲਾਂ ਜਿਹਾ ਇਹੀ ਠਿਕਾਣਾ।
ਭੁੱਲੇ ਨਾ ਵਿਰਸਾ ਜੋ ਮਨੁੱਖ ਪੁਰਾਣਾ,
ਉਹੀ ਹੁੰਦਾ ਸਮਝਦਾਰ ਤੇ ਸਿਆਣਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਢਾਰੇ ਵਿਚੋਂ ਬਾਹਰ ਨੂੰ ਆਉਂਦੇ
ਮਰਦ ਅਤੇ ਇਕ ਨਾਰੀ
ਮਰਦ ਰਵਾਇਤੀ ਪਹਿਨੇ ਵਸਤਰ
ਨਾਰੀ ਫੈਸ਼ਨ ਮਾਰੀ!
***-ਫਕੀਰ ਚੰਦ, ਸੈਂਪਲਾ***

ਝੁੱਗੀਆਂ ਛੱਪਰ ਹੁੰਦੇ ਸੀ ਕਈ
ਮਹਿਲਾਂ ਤੋਂ ਵੀ ਪਿਆਰੇ,
ਰੁੱਖੀ ਸੁੱਕੀ ਖਾ ਕੇ ਲੋਕੀ
ਖੁਸ਼ ਰਹਿੰਦੇ ਸੀ ਸਾਰੇ।
ਲਾਲਟੈਣ ਦੇ ਚਾਨਣ ਦੇ ਵਿਚ
ਫੋਟੋ ਬਣੀ ਪਿਆਰੀ,
ਛੱਪਰ ਦੇ ਵਿਚ ਪੈਂਟ ਕਮੀਜ਼ ਦੀ
ਗੱਲ ਹੈ ਜ਼ਰਾ ਨਿਆਰੀ।
ਵੱਡਿਆਂ ਵੱਡਿਆਂ ਮਹਿਲਾਂ ਨੇ ਹੁਣ
ਜੀਵਨ ਨਰਕ ਬਣਾਇਆ,
ਭੁੱਲਣਾ ਨਹੀਂ 'ਸੁਰਜੀਤ' ਸਮਾਂ ਜੋ
ਝੁੱਗੀਆਂ ਵਿਚ ਬਿਤਾਇਆ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਆਖ ਕੇ ਕੱਚੇ ਛੱਡ ਦਿੱਤੇ ਸੀ,
ਹੁਣ ਹੇਜ ਜਿਹਾ ਆਉਂਦਾ ਏ।
ਰੌਸ਼ਨੀਆਂ ਦਾ ਜਾਦੂ ਟੂਣਾ,
ਲਾਲਟੈਣਾਂ ਯਾਦ ਕਰਾਉਂਦਾ ਏ
ਬੱਸ ਬੀਤੇ ਦੀ ਨਕਲ ਬਣਾ ਕੇ
ਬੰਦਾ ਮਨ ਪ੍ਰਚਾਉਂਦਾ ਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

## ਕੈਪਸ਼ਨ ਮੁਕਾਬਲਾ-64



ਨਾ ਰਹੇ ਤ੍ਰਿੰਜਣ, ਨਾ ਉਹ ਕੁੜੀਆਂ,
ਫੋਟੋ ਖਿੱਚਾਵਣ ਖਾਤਰ ਜੋ ਜੁੜੀਆਂ।
ਨਾ ਰਹੇ ਚੰਦਨ ਦੇ ਚਰਖੇ,
ਨਾ ਰਹੀਆਂ ਸੋਨੇ ਦੀਆਂ ਮੇਖਾਂ।
ਮਾਹੀ ਕਿੱਥੋਂ ਯਾਦ ਆਵੇਗਾ,
ਬਿਨ ਚਰਖੇ ਤੋਂ ਕਿਸ ਵੱਲ ਵੇਖਾਂ।
ਕੁੜੀਆਂ ਦਾ ਤ੍ਰਿੰਜਣ ਪੱਤਣਾਂ ਦਾ ਪਾਣੀ,
ਪਰਤੇ ਕਦੇ ਨਾ, ਮੁੜ ਨਾ ਜੁੜੀ ਢਾਣੀ।
ਇਹ ਤਾਂ ਸੱਚ ਜ਼ਿੰਦਗੀ ਦਾ ਕੌੜਾ,
ਕਿਸੇ ਨੂੰ ਬਹੁਤਾ ਕਿਸੇ ਨੂੰ ਥੋੜ੍ਹਾ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਫ਼ਰੀਦਕੋਟ ਅਗਵਾ ਕਾਂਡ ਦੇ ਦੋਸ਼ੀ ਨਿਸ਼ਾਨ ਨੂੰ ਉਮਰ ਕੈਦ



**ਫ਼ਰੀਦਕੋਟ:** ਸਥਾਨਕ ਸੈਸ਼ਨ ਜੱਜ ਅਰਚਨਾਪੁਰੀ ਨੇ ਬਹੁਚਰਚਿਤ ਫ਼ਰੀਦਕੋਟ ਅਗਵਾ ਕਾਂਡ ਦੇ ਮੁੱਖ ਦੋਸ਼ੀ ਨਿਸ਼ਾਨ ਸਿੰਘ ਨੂੰ ਉਮਰ ਭਰ ਲਈ ਕੈਦ ਦੀ ਸਜ਼ਾ ਸੁਣਾਈ ਹੈ। ਨਿਸ਼ਾਨ ਸਿੰਘ ਖ਼ਿਲਾਫ਼ ਜਬਰ ਜਨਾਹ ਦੇ ਦੋ ਮਾਮਲੇ ਦਰਜ ਸਨ। ਇਸ ਲਈ ਉਸ ਨੂੰ ਦੋਹਾਂ ਕੇਸਾਂ ਵਿਚ ਵੱਖ-ਵੱਖ ਤੌਰ 'ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਿਸ਼ਾਨ ਸਿੰਘ ਨੂੰ ਅਦਾਲਤ ਨੇ 24 ਹਜ਼ਾਰ ਰੁਪਏ ਜੁਰਮਾਨਾ ਭਰਨ ਦਾ ਵੀ ਹੁਕਮ ਸੁਣਾਇਆ ਹੈ।

ਅਦਾਲਤ ਦੇ ਫੈਸਲੇ ਮੁਤਾਬਕ ਨਿਸ਼ਾਨ ਸਿੰਘ ਨੂੰ ਪੂਰੀ ਜ਼ਿੰਦਗੀ ਜੇਲ੍ਹ ਵਿਚ ਰਹਿਣਾ ਪਵੇਗਾ। ਅਦਾਲਤ ਨੇ ਇਸ ਮਾਮਲੇ ਵਿਚ ਨਿਸ਼ਾਨ ਸਿੰਘ ਦੀ ਮਾਂ ਨਵਜੋਤ ਕੌਰ, ਅਕਾਲੀ ਆਗੂ ਡਿੰਪੀ ਸਮਰਾ, ਰਾਜਵਿੰਦਰ ਸਿੰਘ ਘਾਲੀ, ਤੂਫ਼ਾਨ ਸਿੰਘ, ਵਰਿੰਦਰ ਕੁਮਾਰ, ਹਰਸਿਮਰਨ ਸਿੰਘ, ਬਿਕਰਮਜੀਤ ਸਿੰਘ, ਪੰਕਜ ਗੌਤਮ ਤੇ ਪ੍ਰਦੀਪ ਕੁਮਾਰ ਨੂੰ ਇਰਾਦਾ ਕਤਲ ਤੇ ਸਾਜ਼ਿਸ਼ ਰਚਣ ਦੇ ਦੋਸ਼ ਵਿਚ 7-7 ਸਾਲ ਦੀ ਕੈਦ ਤੇ 15-15 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ।

ਅਦਾਲਤ ਨੇ ਇਸ ਮਾਮਲੇ ਵਿਚ ਰਾਹੁਲ ਸ਼ਰਮਾ, ਅਮਨਪ੍ਰੀਤ ਸਿੰਘ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਸੰਨੀ, ਸਾਹਿਲ ਸ਼ਰਮਾ, ਗੁਰਦੀਪ ਸਿੰਘ, ਅਮਨ ਕੁਮਾਰ, ਕੁਲਵਿੰਦਰ ਕੌਰ ਤੇ ਨਿਸ਼ੂ ਚੋਪੜਾ ਨੂੰ ਸਬੂਤ ਤੇ ਗਵਾਹੀਆਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਦੱਸਣਯੋਗ ਹੈ ਕਿ 24 ਸਤੰਬਰ, 2012 ਨੂੰ ਦਿਨ ਦਿਹਾੜੇ ਨਿਸ਼ਾਨ ਸਿੰਘ ਨੇ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਫ਼ਰੀਦਕੋਟ ਦੀ ਡੋਗਰ ਬਸਤੀ ਵਿਚੋਂ ਇਕ ਨਾਬਾਲਗ਼ ਲੜਕੀ ਨੂੰ ਅਗਵਾ ਕਰ ਲਿਆ ਸੀ। ਜਦੋਂ ਪੀੜਤ ਲੜਕੀ ਦੇ ਮਾਪਿਆਂ ਨੇ ਆਪਣੀ ਲੜਕੀ ਨੂੰ ਬਚਾਉਣਾ ਚਾਹਿਆ ਤਾਂ ਉਨ੍ਹਾਂ ਨੇ ਪੀੜਤ ਲੜਕੀ ਦੀ ਮਾਂ ਸੀਮਾ ਸੱਚਦੇਵਾ ਤੇ ਪਿਤਾ ਅਸ਼ਵਨੀ ਸੱਚਦੇਵਾ ਉਪਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਦੇ ਗੰਭੀਰ ਸੱਟਾਂ ਮਾਰੀਆਂ ਸਨ।

ਇਸ ਮਾਮਲੇ ਵਿਚ ਸ਼ਹਿਰ ਦੇ ਲੋਕਾਂ ਨੇ ਗੁੰਡਾਗਰਦੀ ਵਿਰੁੱਧ ਸਾਂਝੀ ਐਕਸ਼ਨ ਕਮੇਟੀ ਬਣਾਈ ਸੀ ਤੇ ਫ਼ਰੀਦਕੋਟ ਸ਼ਹਿਰ ਵਿਚ ਤਕਰੀਬਨ 60 ਦਿਨ ਤਕ ਲਗਾਤਾਰ ਧਰਨੇ ਮੁਜ਼ਾਹਰੇ ਹੁੰਦੇ ਰਹੇ ਜਿਸ ਸਦਕਾ ਪੁਲਿਸ ਨੂੰ ਇਸ ਕਾਂਡ ਵਿਚ 20 ਮੁਲਜ਼ਮ ਗ੍ਰਿਫ਼ਤਾਰ ਕਰਨੇ ਪਏ। ਪੁਲਿਸ ਨੇ ਨਿਸ਼ਾਨ ਸਿੰਘ ਨੂੰ ਗੋਆ ਤੋਂ ਗ੍ਰਿਫ਼ਤਾਰ ਕੀਤਾ ਸੀ।

# ਐਨ.ਆਰ.ਆਈ. ਥਾਣਿਆਂ 'ਚ ਧੜਾਧੜ ਸ਼ਿਕਾਇਤਾਂ

**ਅੰਮ੍ਰਿਤਸਰ:** ਐਨ.ਆਰ.ਆਈ. ਥਾਣਿਆਂ ਵਿਚ ਧੜਾਧੜ ਸ਼ਿਕਾਇਤਾਂ ਆ ਰਹੀਆਂ ਹਨ। ਇਨ੍ਹਾਂ ਥਾਣਿਆਂ ਵਿਚ ਕੇਸਾਂ ਨੂੰ ਜਲਦ ਤੋਂ ਜਲਦ ਨਿਬੇੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਤੋਂ ਪਰਵਾਸੀ ਪੰਜਾਬੀਆਂ ਨੂੰ ਰਾਹਤ ਮਿਲੀ ਹੈ। ਪੁਲਿਸ ਵਿਭਾਗ ਨੇ ਗੁਰੂ ਨਗਰੀ ਵਿਚ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਨਿਬੇੜਨ ਲਈ ਐਨਆਰਆਈ ਥਾਣਾ ਬਣਾ ਦਿੱਤਾ ਹੈ। 22 ਅਪਰੈਲ ਤੋਂ ਸ਼ੁਰੂ ਹੋਏ ਇਸ ਥਾਣੇ ਵਿਚ ਹੁਣ ਤੱਕ ਪਰਵਾਸੀ ਭਾਰਤੀਆਂ ਵੱਲੋਂ ਆਪਣੀਆਂ 23 ਦਰਖਾਸਤਾਂ ਦਰਜ ਕਰਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ 12 ਦਾ ਨਿਬੇੜਾ ਕਰ ਦਿੱਤਾ ਗਿਆ ਹੈ ਜਦੋਂਕਿ ਬਾਕੀ ਦਰਖਾਸਤਾਂ ਦੀ ਜਾਂਚ ਚੱਲ ਰਹੀ ਹੈ।

ਐਨ.ਆਰ.ਆਈ. ਥਾਣਾ ਅੰਮ੍ਰਿਤਸਰ ਦੇ ਐਸ.ਐਚ.ਓ. ਅੰਮ੍ਰਿਤ ਸਰੂਪ ਨੇ ਦੱਸਿਆ ਕਿ ਉਨ੍ਹਾਂ ਨੂੰ ਪਰਵਾਸੀ ਭਾਰਤੀਆਂ ਦੀਆਂ ਦਰਖਾਸਤਾਂ ਈ-ਮੇਲ ਰਾਹੀਂ, ਨਿੱਜੀ ਤੌਰ 'ਤੇ ਜਾਂ ਪੁਲਿਸ ਅਧਿਕਾਰੀਆਂ ਵੱਲੋਂ ਭੇਜੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਂਦਾ ਹੈ ਤੇ ਕੇਸ ਦੀ ਪੜਤਾਲ ਕਰਨ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਇਸ ਥਾਣੇ ਵਿਚ ਸ਼ਿਕਾਇਤਕਰਤਾ ਵਾਸਤੇ ਵਧੀਆ ਉਡੀਕਘਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਪਰਵਾਸੀ ਪੰਜਾਬਣ ਇੰਦਰਜੀਤ ਕੌਰ ਜੋ ਇੰਗਲੈਂਡ ਦੀ ਵਸਨੀਕ ਹੈ, ਐਨਆਰਆਈ ਥਾਣਾ ਵਿਚ ਆਪਣੀ ਜਾਇਦਾਦ ਦੇ ਮਾਮਲੇ ਦੀ ਸ਼ਿਕਾਇਤ ਕਰਾਉਣ ਆਈ ਹੋਈ ਸੀ। ਇਸ ਗੱਲ 'ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਇਸ ਥਾਣੇ ਵਿਚ ਆ ਕੇ ਕੋਈ ਝਿਜਕ ਜਾਂ ਡਰ ਮਹਿਸੂਸ ਨਹੀਂ ਹੋ ਰਿਹਾ, ਸਗੋਂ ਇਸ ਥਾਣੇ ਦੇ ਪੁਲਿਸ ਸਟਾਫ ਵੱਲੋਂ ਜੋ ਵਿਵਹਾਰ ਕੀਤਾ ਜਾ ਰਿਹਾ ਹੈ, ਉਸ ਤੋਂ ਉਹ ਬਹੁਤ ਪ੍ਰਭਾਵਤ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਣ ਲਈ ਸੂਬੇ ਵਿਚ ਅੱਠ ਐਨਆਰਆਈ ਥਾਣੇ ਖੋਲ੍ਹੇ ਗਏ ਹਨ ਤਾਂ ਜੋ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਬੇੜਾ ਜਲਦੀ ਕੀਤਾ ਜਾ ਸਕੇ। ਇਸੇ ਤਰ੍ਹਾਂ ਪਰਵਾਸੀ ਭਾਰਤੀਆਂ ਲਈ ਐਨਆਰਆਈ ਕਮਿਸ਼ਨ ਦੀ ਸਥਾਪਨਾ ਪਹਿਲਾਂ ਹੀ ਕਰ ਦਿੱਤੀ ਗਈ ਹੈ ਜਿਸ ਦਾ ਚੇਅਰਮੈਨ ਹਾਈਕੋਰਟ ਦੇ ਸੇਵਾਮੁਕਤ ਜੱਜ ਨੂੰ ਲਾਇਆ ਗਿਆ ਹੈ। ਇਸ ਤੋਂ ਬਿਨਾਂ ਆਈ.ਜੀ. ਪੱਧਰ ਦੇ ਇਕ ਅਧਿਕਾਰੀ ਨੂੰ ਇਸ ਕਮਿਸ਼ਨ ਕੋਲ ਪਰਵਾਸੀ ਭਾਰਤੀਆਂ ਦੀਆਂ ਪੁਲਿਸ ਸਬੰਧੀ ਸ਼ਿਕਾਇਤਾਂ ਦੇ ਹੱਲ ਲਈ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।

## ਸਾਈਕਲ ਉਤੇ ਪੰਜ ਤਖ਼ਤਾਂ ਦੀ ਯਾਤਰਾ

**ਅੰਮ੍ਰਿਤਸਰ:** 60 ਵਰ੍ਹਿਆਂ ਨੂੰ ਪਾਰ ਕਰ ਚੁੱਕੇ ਪਰਮਜੀਤ ਸਿੰਘ ਦੀ ਇਹ ਹਿੰਮਤ ਤੇ ਦਲੇਰੀ ਹੀ ਹੈ ਕਿ ਇਸ ਉਮਰ ਵਿਚ ਉਹ ਆਪਣੇ ਸਾਈਕਲ 'ਤੇ ਸਿੱਖ ਧਰਮ ਨਾਲ ਸਬੰਧਤ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਪਰਤਿਆ ਹੈ। ਇਸ ਯਾਤਰਾ ਦੌਰਾਨ ਉਹ ਜਿਥੋਂ-ਜਿਥੋਂ ਵੀ ਸਾਈਕਲ 'ਤੇ ਲੰਘਿਆ, ਉਸ ਨੇ ਗੁਰੂ ਸਾਹਿਬਾਨ ਦੇ ਮਾਨਵਤਾ ਲਈ ਦਿੱਤੇ ਸੰਦੇਸ਼ ਨੂੰ ਪ੍ਰਚਾਰਿਆ।

ਉਸ ਦੀ ਯਾਤਰਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਕੰਮਲ ਹੋਈ ਹੈ ਤੇ ਉਹ ਆਪਣੇ ਘਰ ਪਰਤਿਆ। ਇਹ ਯਾਤਰਾ ਉਸ ਨੇ ਦੋ ਮਹੀਨਿਆਂ ਵਿਚ ਪੂਰੀ ਕੀਤੀ ਤੇ ਉਹ ਯਾਤਰਾ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਖ਼ਤ ਸ੍ਰੀ ਪਟਨਾ ਸਾਹਿਬ ਬਿਹਾਰ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਰਾਸ਼ਟਰ ਵਿਚ ਨਤਮਸਤਕ ਹੋਇਆ। ਕਿੱਤੇ ਵਜੋਂ ਤਰਖਾਣ ਪਰਮਜੀਤ ਸਿੰਘ ਨੇ ਕਿਹਾ ਕਿ ਬੜੇ ਚਿਰ ਤੋਂ ਉਸ ਦੀ ਇਹ ਇੱਛਾ ਸੀ ਕਿ ਉਹ ਸਾਈਕਲ ਉਤੇ ਪੰਜ ਤਖ਼ਤ ਸਾਹਿਬ ਦੀ ਯਾਤਰਾ ਕਰੇ। ਉਸ ਨੇ ਦੱਸਿਆ ਉਹ ਬਹੁਤ ਖੁਸ਼ ਹੈ ਕਿ ਆਪਣੇ ਮੰਤਵ ਵਿਚ ਸਫਲ ਹੋਇਆ ਹੈ। ਉਸ ਨੇ ਕਿਹਾ ਕਿ ਉਸ ਨੇ 23 ਮਾਰਚ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ ਸੀ ਤੇ ਰੋਜ਼ਾਨਾ ਸਾਰਾ-ਸਾਰਾ ਦਿਨ ਸਾਈਕਲ 'ਤੇ ਸਫਰ ਜਾਰੀ ਰੱਖਦਾ ਸੀ ਤਾਂ ਜੋ ਆਪਣਾ ਮੰਤਵ ਪੂਰਾ ਕਰ ਸਕੇ। ਉਨ੍ਹਾਂ ਨੇ ਦੱਸਿਆ ਕਿ ਉਸ ਨੇ ਇਸ ਯਾਤਰਾ ਦੌਰਾਨ ਸਾਈਕਲ 'ਤੇ 15 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ।

# ਭਾਰਤੀ ਔਰਤਾਂ ਖਿਲਾਫ ਹਿੰਸਾ ਤੋਂ ਅਮਨੈਸਟੀ ਇੰਟਰਨੈਸ਼ਨਲ ਖਫਾ

**ਲੰਡਨ:** ਅਮਨੈਸਟੀ ਇੰਟਰਨੈਸ਼ਨਲ ਨੇ ਔਰਤਾਂ ਖ਼ਿਲਾਫ਼ ਹਿੰਸਾ ਨਾ ਰੋਕ ਸਕਣ 'ਤੇ ਭਾਰਤ ਦੀ ਤਿੱਖੀ ਆਲੋਚਨਾ ਕੀਤੀ ਹੈ। ਸੰਸਥਾ ਨੇ ਕਿਹਾ ਹੈ ਕਿ ਦਿੱਲੀ ਸਮੂਹਿਕ ਜਬਰ ਜਨਾਹ ਦੀ ਘਟਨਾ ਇਸ ਗੱਲ ਦੀ ਸਬੂਤ ਹੈ ਕਿ ਭਾਰਤ ਵਿਚ ਔਰਤਾਂ ਦੀ ਹਾਲਤ ਇਨ੍ਹਾਂ ਦਿਨੀਂ ਬਦਤਰ ਹੈ। ਸੰਸਥਾ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਹੈ ਕਿ ਦਿੱਲੀ ਵਿਚ ਇਕ ਵਿਦਿਆਰਥਣ ਦੀ ਜਬਰ ਜਨਾਹ ਮਗਰੋਂ ਹੋਈ ਮੌਤ ਤੋਂ ਸਾਫ਼ ਹੈ ਕਿ ਭਾਰਤ ਵਿਚ ਪ੍ਰਸ਼ਾਸਨ ਔਰਤਾਂ ਤੇ ਲੜਕੀਆਂ ਖ਼ਿਲਾਫ਼ ਹਿੰਸਾ ਨੂੰ ਠੱਲ੍ਹਣ ਵਿਚ ਨਾਕਾਮ ਰਿਹਾ ਹੈ।

ਇਸ ਰਿਪੋਰਟ ਵਿਚ ਸਾਰੀ ਦੁਨੀਆ ਵਿਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦਾ ਜ਼ਿਕਰ ਹੈ। ਔਰਤਾਂ ਖ਼ਿਲਾਫ਼ ਹਿੰਸਾ ਦੇ ਮਾਮਲੇ ਵਿਚ ਰਿਪੋਰਟ ਅੰਦਰ ਭਾਰਤ ਦੇ ਨਾਲ-ਨਾਲ ਅਫ਼ਗਾਨਿਸਤਾਨ ਤੇ ਪਾਕਿਸਤਾਨ ਦਾ ਵੀ ਜ਼ਿਕਰ ਹੈ। ਰਿਪੋਰਟ ਵਿਚ ਪਿਛਲੇ ਸਾਲ ਸਤੰਬਰ ਦੌਰਾਨ ਹਮਲੇ ਵਿਚ ਫੱਟੜ ਹੋਈ ਸਕੂਲੀ ਵਿਦਿਆਰਥਣ ਮਲਾਲਾ ਦਾ ਵੀ ਖਾਸ ਜ਼ਿਕਰ ਹੈ। ਸੰਸਥਾ ਮੁਤਾਬਕ ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਬਹੁਤ ਸਾਰੀਆਂ ਔਰਤਾਂ ਤੇ ਕੁੜੀਆਂ ਨੂੰ ਜਨਤਕ ਤੌਰ 'ਤੇ ਘੁੰਮਣ ਫਿਰਨ 'ਤੇ ਰੋਕ ਹੈ।

ਕਈ ਵਾਰ ਤਾਂ ਇਸਲਾਮਿਕ ਕਾਨੂੰਨਾਂ ਦਾ ਹਵਾਲਾ ਦੇ ਕੇ ਔਰਤਾਂ ਨੂੰ ਤਾਲਿਬਾਨ ਨੇ ਕਤਲ ਵੀ ਕਰ ਦਿੱਤਾ ਹੈ। ਰਿਪੋਰਟ ਵਿਚ ਭਾਰਤ ਅੰਦਰ ਸਜ਼ਾ-ਏ-ਮੌਤ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਕ ਸਾਲ ਦੌਰਾਨ ਅਦਾਲਤਾਂ ਨੇ 78 ਲੋਕਾਂ ਨੂੰ ਸਜ਼ਾ-ਏ-ਮੌਤ ਸੁਣਾਈ। ਇਸ ਤਰ੍ਹਾਂ ਭਾਰਤ ਵਿਚ ਸਜ਼ਾ-ਏ-ਮੌਤ ਪਾਉਣ ਵਾਲਿਆਂ ਦੀ ਗਿਣਤੀ 400 ਨੂੰ ਟੱਪ ਗਈ ਹੈ।

ਸੰਸਥਾ ਮੁਤਾਬਕ ਸਾਲ 2012 ਵਿਚ ਵੱਖ-ਵੱਖ ਸਰਕਾਰਾਂ ਨੇ ਆਪਣੇ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਦੀ ਥਾਂ ਆਪਣੀਆਂ ਸਰਹੱਦਾਂ ਦੀ ਸੁਰੱਖਿਆ ਵੱਲ ਵੱਧ ਧਿਆਨ ਦਿੱਤਾ। ਇਸ ਸਾਲ ਲੱਖਾਂ ਲੋਕਾਂ ਨੇ ਦੂਜੇ ਮੁਲਕਾਂ ਵਿਚ ਸ਼ਰਨ ਮੰਗੀ ਹੈ। ਸਰਕਾਰਾਂ ਨੇ ਸ਼ਰਨਾਰਥੀਆਂ ਨੂੰ ਸ਼ਰਨ ਤਾਂ ਕੀ ਦੇਣੀ ਸੀ ਸਗੋਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਵੀ ਕੁਚਲ ਦਿੱਤਾ।

# ਸਾਊਦੀ ਅਰਬ ਤੋਂ ਭਾਰਤੀਆਂ ਨੂੰ ਨਹੀਂ ਕੱਢਿਆ ਜਾਵੇਗਾ

**ਰਿਆਧ:** ਸਾਊਦੀ ਅਰਬ ਵਿਚ ਕਈ ਸਾਲਾਂ ਤੋਂ ਰਹਿ ਰਹੇ ਲੋਕਾਂ ਲਈ ਨਿਤਾਕਤ ਕਾਨੂੰਨ ਨੂੰ ਵਾਪਸੀ ਦਾ ਮੌਕਾ ਦੱਸਦੇ ਹੋਏ ਭਾਰਤ ਨੇ ਕਿਹਾ ਹੈ ਕਿ ਆਮ ਧਾਰਨਾ ਵਿਰੁੱਧ ਪਿਛਲੇ ਕੁਝ ਮਹੀਨਿਆਂ ਵਿਚ ਸਾਊਦੀ ਅਰਬ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਹੈ। ਸਾਊਦੀ ਅਰਬ ਵਿਚ ਭਾਰਤੀ ਦੂਤ ਘਰ ਵਿਚ ਮੰਤਰੀ ਤੇ ਮਿਸ਼ਨ ਉਪ ਮੁਖੀ ਸਿਬੀ ਜਾਰਜ ਨੇ ਕਿਹਾ ਕਿ ਲੋਕਾਂ ਨੂੰ ਕੱਢਿਆ ਨਹੀਂ ਜਾ ਰਿਹਾ।

ਸਾਊਦੀ ਅਰਬ ਆਏ ਭਾਰਤੀਆਂ ਦੀ ਗਿਣਤੀ ਵਧੀ ਹੈ। ਉਨ੍ਹਾਂ ਨੇ ਕਿਹਾ ਕਿ ਨਿਤਾਕਤ ਪ੍ਰੋਗਰਾਮ ਤੇ ਤਿੰਨ ਜੁਲਾਈ ਤੱਕ ਦਿੱਤੀ ਗਈ ਤਿੰਨ ਮਹੀਨਿਆਂ ਦੀ ਛੋਟ ਦਾ ਸਮਾਂ ਉਨ੍ਹਾਂ ਲੋਕਾਂ ਲਈ ਇਕ ਮੌਕਾ ਹੈ ਜੋ ਸਾਊਦੀ ਅਰਬ ਵਿਚ ਲੋੜ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ ਤੇ 1997 ਤੋਂ ਭਾਰਤ ਨਹੀਂ ਗਏ। ਜਾਰਜ ਨੇ ਕਿਹਾ ਕਿ ਲੋੜ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਰੇਕ ਭਾਰਤੀ ਨੂੰ ਆਪਣੀ ਕਾਨੂੰਨੀ ਹਾਲਤ ਠੀਕ ਕਰਨੀ ਹੋਵੇਗੀ, ਨਵੀਂ ਨੌਕਰੀ ਲੱਭਣ ਜਾਂ ਭਾਰਤ ਵਾਪਸ ਜਾਣ ਤੇ ਬਿਨ੍ਹਾਂ ਕਿਸੇ ਸਜ਼ਾ ਦੇ ਵਾਪਸ ਮੁੜਨ ਦਾ ਮੌਕਾ ਦਿੱਤਾ ਗਿਆ ਹੈ। ਨਿਤਾਕਤ ਕਾਨੂੰਨ ਤਹਿਤ ਵਿਦੇਸ਼ੀ ਕਾਮਿਆਂ ਨੂੰ ਨਿਯਮਤ ਕਰਨ ਦਾ ਪ੍ਰਸਤਾਵ ਤੇ ਇਸ ਦੇ ਅਧੀਨ ਸਥਾਨਕ ਕੰਪਨੀਆਂ ਲਈ ਹਰੇਕ 10 ਵਿਦੇਸ਼ੀ ਕਾਮਿਆਂ 'ਤੇ ਇਕ ਸਾਊਦੀ ਨਾਗਰਿਕ ਨੂੰ ਨੌਕਰੀ 'ਤੇ ਰੱਖਣਾ ਜ਼ਰੂਰੀ ਹੈ।

## ਕੈਂਸਰ ਦਾ ਦਸ ਮਿੰਟ ਵਿਚ ਪਤਾ ਲਾਏਗਾ ਨਵਾਂ ਯੰਤਰ

**ਲੰਡਨ:** ਬਰਤਾਨੀਆ ਦੇ ਵਿਗਿਆਨੀ ਨੇ ਬੇਹੱਦ ਸਸਤਾ ਹੱਥ ਯੰਤਰ ਬਣਾਉਣ ਦਾ ਦਾਅਵਾ ਕੀਤਾ ਹੈ ਜੋ ਸਿਰਫ 10 ਮਿੰਟ ਵਿਚ ਟੀਬੀ, ਮਲੇਰੀਆ, ਐਚਆਈਵੀ ਇਨਫੈਕਸ਼ਨ ਜਾਂ ਕੈਂਸਰ ਦਾ ਪਤਾ ਲਾ ਲਏਗਾ। 500 ਪੌਂਡ ਮੁੱਲ ਦੀ ਕਿਊ-ਪੀਓਸੀ ਮਸ਼ੀਨ ਨਮੂਨਾਂ ਦਾ ਸੂਖਮ ਵਿਸ਼ਲੇਸ਼ਣ ਕਰ ਸਕਦੀ ਹੈ ਤੇ ਬਿਮਾਰੀ ਦੀ ਜੈਨੇਟਿਕ ਛਾਪ ਬਾਰੇ ਦੱਸ ਸਕਦੀ ਹੈ। ਮਸ਼ੀਨ ਬਿਹਤਰ ਦਿਸ਼ਾ ਦੀਆਂ ਦਵਾਈਆਂ ਬਾਰੇ ਵੀ ਸਲਾਹ ਦੇਵੇਗੀ। ਈਸਟ ਸੁਸੈਕਸ ਦੇ ਓਕਫੀਲਡ ਖੇਤਰ ਵਿਚ ਆਪਣੇ ਗੈਰੇਜ ਨੂੰ ਚੁਕਵੀਂ ਲੈਬਾਰਟਰੀ ਵਜੋਂ ਵਰਤਦਿਆਂ 37 ਸਾਲਾ ਜੋਨਾਥਨ ਓ'ਹੈਲੋਰਨ ਨੇ ਇਹ ਮਸ਼ੀਨ ਤਿਆਰ ਕੀਤੀ ਹੈ। ਇਹ ਡੀਐਨਏ ਦਾ ਉੱਕਾ ਹੀ ਨਜ਼ਰ ਨਾ ਆ ਸਕਣ ਵਾਲਾ ਸੈਂਪਲ ਲੈ ਕੇ ਉਸ ਦੀਆਂ ਕਾਪੀਆਂ ਤਿਆਰ ਕਰੇਗੀ ਤੇ ਫਿਰ ਰੋਗ ਦਾ ਸਹੀ ਤਰ੍ਹਾਂ ਪਤਾ ਕਰੇਗੀ ਕਿ ਸਰੀਰ ਵਿਚ ਕੈਂਸਰ ਸੈੱਲ ਹਨ ਜਾਂ ਨਹੀਂ। 'ਡੇਲੀ ਐਕਸਪ੍ਰੈਸ' ਦੀ ਰਿਪੋਰਟ ਅਨੁਸਾਰ ਇਸ ਯੰਤਰ ਦੀ ਕਲੀਨਿਕਲ ਪੱਧਰ 'ਤੇ ਜ਼ੋਰਦਾਰ ਪਰਖ ਚੱਲ ਰਹੀ ਹੈ ਤੇ ਅਗਲੇ ਸਾਲ ਨੈਸ਼ਨਲ ਹੈਲਥ ਸਰਵਿਸ 'ਚ ਇਸ ਦੀ ਵਰਤੋਂ ਸ਼ੁਰੂ ਹੋ ਸਕਦੀ ਹੈ।

# ਅਮਰੀਕੀ ਫ਼ੌਜਾਂ ਮਗਰੋਂ ਅਫ਼ਗਾਨ ਸੰਕਟ ਵਧੇਗਾ

**ਨਿਊਯਾਰਕ:** ਜਦੋਂ 2014 ਵਿਚ ਅਮਰੀਕੀ ਫੌਜਾਂ ਅਫ਼ਗਾਨਿਸਤਾਨ ਵਿਚੋਂ ਨਿਕਲਣਗੀਆਂ ਤਾਂ ਇਸ ਖਿੱਤੇ ਵਿਚ ਮੌਜੂਦਾ ਸੰਕਟ ਹੋਰ ਡੂੰਘਾ ਹੋ ਸਕਦਾ ਹੈ ਤੇ ਇਥੇ ਘੜਮੱਸ ਮੱਚ ਸਕਦਾ ਹੈ। ਇਸ ਦਾ ਮੁੱਖ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਅਲ-ਕਾਇਦਾ ਦੇ ਸਾਰੇ ਸਿਖਰਲੇ ਕਮਾਂਡਰਾਂ ਦੀ ਥਾਂ ਹੁਣ ਪਾਕਿਸਤਾਨੀ ਜੇਹਾਦੀਆਂ ਨੇ ਲੈ ਲਈ ਹੈ ਤੇ ਉਨ੍ਹਾਂ ਦੇ ਅਫ਼ਗਾਨ ਬਾਗ਼ੀਆਂ ਨਾਲ ਨਜ਼ਦੀਕੀ ਸਬੰਧ ਅਫ਼ਗਾਨਿਸਤਾਨ ਦੀ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੇ ਹਨ।

ਨਿਊਯਾਰਕ ਟਾਈਮਜ਼ ਵਿਚ ਪ੍ਰਕਾਸ਼ਤ ਰਿਪੋਰਟ ਅਨੁਸਾਰ ਅਮਰੀਕਾ ਦੀ 12 ਸਾਲਾਂ ਦੀ ਲੰਮੀ ਜੰਗ ਦੌਰਾਨ ਪਾਕਿਸਤਾਨ ਵਿਚ ਡਰੋਨ ਹਮਲਿਆਂ ਲਈ ਅਮਰੀਕੀ ਰਣਨੀਤੀ ਦਾ ਮੁੱਖ ਕੇਂਦਰੀ ਬਿੰਦੂ ਅਫ਼ਗਾਨਿਸਤਾਨ ਦੀ ਥਾਂ ਪਾਕਿਸਤਾਨ ਰਿਹਾ ਹੈ। ਡਰੋਨ ਹਮਲਿਆਂ ਲਈ ਅਮਰੀਕਾ ਨੇ ਕਈ ਅਰਬ ਡਾਲਰ ਦੀ ਵੱਡੀ ਰਾਸ਼ੀ ਖਰਚੀ ਹੈ। ਅਖ਼ਬਾਰ ਵਿਚ ਪ੍ਰਕਾਸ਼ਤ ਹੋਈ ਰਿਪੋਰਟ ਅਨੁਸਾਰ ਅਫ਼ਗਾਨਿਸਤਾਨ ਨਾਲ ਲੱਗਦੇ ਪਾਕਿਸਤਾਨ ਦੇ ਸਰਹੱਦੀ ਕਬਾਇਲੀ ਖੇਤਰ ਵਿਚ ਲੁਕੇ ਅਲ-ਕਾਇਦਾ ਦੇ ਸਿਖਰਲੇ ਕਮਾਂਡਰਾਂ ਨੂੰ ਮਾਰਨ ਲਈ ਅਮਰੀਕਾ ਨੇ 360 ਡਰੋਨ ਹਮਲੇ ਕੀਤੇ ਹਨ। ਇਨ੍ਹਾਂ ਕਮਾਂਡਰਾਂ ਦੀ ਥਾਂ ਹੁਣ ਪਾਕਿਸਤਾਨੀ ਜੇਹਾਦੀਆਂ ਨੇ ਕਮਾਂਡ ਸੰਭਾਲ ਲਈ ਹੈ ਤੇ ਇਨ੍ਹਾਂ ਦੇ ਅਫ਼ਗਾਨ ਬਾਗ਼ੀਆਂ ਨਾਲ ਸਬੰਧਾਂ ਕਰਕੇ



ਅਫ਼ਗਾਨਿਸਤਾਨ ਦੇ ਲਈ ਨਵਾਂ ਖਤਰਾ ਪੈਦਾ ਹੋਣ ਦਾ ਡਰ ਹੈ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਅਮਰੀਕਾ ਦੇ ਦਬਾਅ ਥੱਲੇ ਪਾਕਿਸਤਾਨ ਨੇ ਕੁਝ ਜੇਹਾਦੀਆਂ ਨੂੰ ਫੜਾਉਣ ਲਈ ਅਮਰੀਕਾ ਦੀ ਸਹਾਇਤਾ ਕੀਤੀ ਹੈ ਪਰ ਇਸ ਦੇ ਨਾਲ ਹੀ ਉਸ ਨੇ ਪੂਰੀ ਤਰ੍ਹਾਂ ਲਸ਼ਕਰ-ਏ-ਤੋਇਬਾ, ਅਫ਼ਗਾਨ ਤਾਲਿਬਾਨ ਵਰਗੀਆਂ ਅੱਤਵਾਦੀ ਜਥੇਬੰਦੀਆਂ ਨੂੰ ਸਰਪ੍ਰਸਤੀ ਦਿੱਤੀ ਹੈ ਜੋ ਭਾਰਤ ਤੇ ਪਾਕਿਸਤਾਨ ਵਿਚ ਉਨ੍ਹਾਂ ਦੇ ਹਿੱਤਾਂ ਦੇ ਮੁਤਾਬਕ ਹਨ। ਅਖ਼ਬਾਰ ਨੇ ਪਾਕਿਸਤਾਨ ਰੱਖਿਆ ਮਾਹਰ ਹਸਨ ਅਸਕਰੀ ਰਿਜ਼ਵੀ ਦੇ ਹਵਾਲੇ ਨਾਲ ਕਿਹਾ ਹੈ ਕਿ ਜਦੋਂ 2014 ਵਿਚ ਅਮਰੀਕੀ ਫੌਜਾਂ ਚੱਲ ਜਾਣਗੀਆਂ ਤੇ ਡਰੋਨ ਹਮਲੇ ਵੀ ਖਤਮ ਹੋ ਜਾਣਗੇ, ਫਿਰ ਪਾਕਿਸਤਾਨ ਫੌਜ ਇਕੱਲੇ ਤੌਰ 'ਤੇ ਕਬਾਇਲੀ ਖਿੱਤੇ ਵਿਚ ਜੇਹਾਦੀਆਂ ਨਾਲ ਨਹੀਂ ਨਿਪਟ ਸਕਦੀ। ਇਸ ਕਰਕੇ ਇਸ ਖਿੱਤੇ ਦੀ ਸਥਿਤੀ ਬਦ ਤੋਂ ਬਦਤਰ ਬਣ ਸਕਦੀ ਹੈ।

## ਬਰਤਾਨਵੀ ਸੈਨਿਕ ਦਾ ਸ਼ਰ੍ਹੇਆਮ ਸਿਰ ਕਲਮ

**ਲੰਡਨ:** ਇਸਲਾਮਕ ਨਾਅਰੇ ਲਾਉਂਦਿਆਂ ਦੋ ਵਿਅਕਤੀਆਂ ਨੇ ਦੱਖਣੀ ਲੰਡਨ ਵਿਚ ਇਕ ਸੈਨਿਕ ਦਾ ਸਿਰ ਕਲਮ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਹਮਲਾਵਰਾਂ ਵਿਚੋਂ ਇਕ ਬਰਤਾਨੀਆ ਦਾ ਜੰਮਪਲ ਨਾਇਜੀਰੀਆਈ ਮੂਲ ਦਾ ਹੈ ਤੇ ਦੂਸਰੇ ਨੂੰ ਵੀ ਹਾਲੇ ਨਾਇਜੀਰੀਆਈ ਮੂਲ ਦਾ ਹੀ ਸਮਝਿਆ ਜਾ ਰਿਹਾ ਹੈ। ਇਸ ਸਾਰੀ ਕਾਰਵਾਈ ਦੌਰਾਨ ਇਕ 48 ਸਾਲਾ ਔਰਤ ਨੇ ਇਕ ਹਮਲਾਵਰ ਨੂੰ ਗੱਲੀਂ ਲਾ ਕੇ ਸਾਰਾ ਕੁਝ ਹੋਣੋਂ ਰੋਕਣ ਦੇ ਬਹੁਤ ਯਤਨ ਕੀਤੇ।

ਹੱਤਿਆ ਤੋਂ ਫੌਰੀ ਮਗਰੋਂ ਇਕ ਰਾਹਗੀਰ ਵੱਲੋਂ ਬਣਾਈ ਗਈ ਕਲਿੱਪ ਵਿਚ ਇਕ ਵਿਅਕਤੀ ਖ਼ੂਨ ਨਾਲ ਭਰੇ ਹੱਥਾਂ ਨਾਲ ਮੀਟ ਕੱਟਣ ਵਾਲਾ ਟੋਕਾ ਤੇ ਇਕ ਚਾਕੂ ਲਹਿਰਾ ਕੇ ਜ਼ੋਰ-ਜ਼ੋਰ ਦੀ ਕਹਿ ਰਿਹਾ ਸੀ ਕਿ ਉਹ ਅੱਲ੍ਹਾ ਦੀ ਲੜਾਈ ਜਾਰੀ ਰੱਖਣ ਲਈ ਅੱਲ੍ਹਾ ਦੀ ਸਹੁੰ ਖਾਂਦੇ ਹਨ। ਇਨ੍ਹਾਂ ਵਿਚੋਂ ਇਕ ਵਿਅਕਤੀ ਨੇ ਕਿਹਾ ਕਿ ਉਨ੍ਹਾਂ ਨੇ ਇਹ ਹਮਲਾ ਤਾਂ ਕਰਕੇ ਕੀਤਾ ਹੈ ਕਿਉਂਕਿ ਹਰ ਰੋਜ਼ ਮੁਸਲਮਾਨ ਮਰ ਰਹੇ ਹਨ।

ਇਸ ਨੇ ਉਨ ਦੀ ਜੈਕੇਟ ਤੇ ਜੀਨਜ਼ ਪਾਈ ਹੋਈ ਸੀ ਤੇ ਉਸ ਦਾ ਬੋਲਣ ਦਾ ਲਹਿਜ਼ਾ ਬਰਤਾਨਵੀ ਸੀ। ਬਰਤਾਨੀਆ ਦੇ ਆਈ.ਟੀ.ਵੀ ਨਿਊਜ਼ ਚੈਨਲ 'ਤੇ ਦਿਖਾਈ ਗਈ ਫੁਟੇਜ ਮੁਤਾਬਕ ਇਹ ਵਿਅਕਤੀ ਚੀਕ ਰਿਹਾ ਸੀ ਕਿ ਇਹ ਬਰਤਾਨਵੀ ਸੈਨਿਕ ਅੱਖ ਦੇ ਬਦਲੇ ਅੱਖ ਤੇ ਦੰਦ ਦੇ ਬਦਲੇ ਦੰਦ ਦੀ ਭਾਵਨਾ ਤਹਿਤ ਮਾਰਿਆ ਗਿਆ ਹੈ। ਜੁਲਾਈ 2005 ਵਿਚ ਆਤਮਘਾਤੀਆਂ ਵੱਲੋਂ ਇਥੋਂ ਦੇ ਆਵਾਜਾਈ ਪ੍ਰਬੰਧ ਨੂੰ ਖਤੋਰ ਵਿਚ ਲਿਆਉਣ ਦੇ ਯਤਨ ਮਗਰੋਂ ਲੰਡਨ ਵਿਚ ਅਜਿਹੇ ਹਮਲੇ ਦੀ ਇਹ ਪਹਿਲੀ ਘਟਨਾ ਹੈ। ਪੁਲਿਸ ਨੇ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਦੌਰਾਨ ਦੋ ਮਸ਼ਕੂਕਾਂ 'ਤੇ ਗੋਲੀਆਂ ਚਲਾਈਆਂ ਤੇ ਮਗਰੋਂ ਇਨ੍ਹਾਂ ਜ਼ਖ਼ਮੀਆਂ ਨੂੰ ਕਾਬੂ ਕਰ ਲਿਆ ਗਿਆ। ਮਗਰੋਂ ਭਾਵੇਂ ਇਨ੍ਹਾਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਪਰ ਜਾਂਚ ਨਾਲ ਜੁੜੇ ਸੂਤਰਾਂ ਮੁਤਾਬਕ ਇਨ੍ਹਾਂ ਦਾ ਸੰਭਾਵੀ ਤੌਰ 'ਤੇ ਸਬੰਧ ਨਾਇਜੀਰੀਆ ਨਾਲ ਹੋ ਸਕਦਾ ਹੈ।

ਸੁਰਤ ਤੇ ਸੰਗੀਤ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

# ਗੌਣਾਂ ਦੇ ਨਾਇਕ, ਲੋਕਾਈ ਵਿਚੋਂ ਉਠੇ ਸੂਰਮੇ

ਮੇਰੇ ਬਚਪਨ ਵਿਚ ਜਾਂ ਉਹਤੋਂ ਥੋੜ੍ਹਾ ਪਹਿਲਾਂ ਮਾਲਵੇ ਦੇ ਪਿੰਡਾਂ ਵਿਚ ਸਮਾਜਕ-ਆਰਥਕ ਹਾਲਤ ਕਰਕੇ ਅਨੇਕ ਅਜਿਹੇ ਸੂਰਮੇ ਹੋਏ, ਜੋ ਹਾਕਮਾਂ ਦੀ ਨਜ਼ਰ ਵਿਚ ਭਾਵੇਂ ਬਾਗ਼ੀ ਜਾਂ ਡਾਕੂ ਹੁੰਦੇ, ਪਰ ਆਮ ਲੋਕ ਉਨ੍ਹਾਂ ਨੂੰ ਮਦਦਗਾਰ, ਰਖਵਾਲੇ ਤੇ ਸਖੀ-ਦਾਤੇ ਸਮਝਦੇ। ਇਸੇ ਕਰਕੇ ਕਵੀਸ਼ਰ ਉਨ੍ਹਾਂ ਦੇ ਕਿੱਸੇ ਲਿਖਦੇ ਤੇ ਗਮੰਤਰੀ ਉਨ੍ਹਾਂ ਦਾ ਜਸ ਗਾਉਂਦੇ। ਜਿਉਣਾ ਮੌੜ, ਸੁੱਚਾ ਸਿੰਘ ਸਮਾਂਹ ਵਾਲਾ, ਗਾਜੀਆਣੇ ਦਾ ਕੂੰਢਾ, ਛੈਨਾਂ ਵਾਲਾ ਦਰਬਾਰਾ, ਗੰਗਾ ਦਾ ਬਖਤੌਰਾ, ਸਾਡੇ ਪਿੰਡ ਦਾ ਲਾਲ ਸਿੰਘ ਤੇ ਅਨੇਕ ਹੋਰ ਨਾਂ ਇਸ ਲੜੀ ਵਿਚ ਆ ਜਾਂਦੇ ਹਨ। ਅਜਿਹੇ ਸਭ ਲੋਕ ਕਿਸੇ ਨਿਜੀ ਕਾਰਨ ਕਰਕੇ ਘਰੋਂ ਭਜਦੇ ਤੇ ਹਥਿਆਰ ਚੁਕਦੇ, ਪਰ ਆਪਣੇ ਦੁਸ਼ਮਣ ਤੋਂ ਬਿਨਾਂ ਕਿਸੇ ਨੂੰ ਭੋਰਾ ਵੀ ਦੁੱਖ ਨਹੀਂ ਸਨ ਦਿੰਦੇ। ਉਹ ਪੇਂਡੂਆਂ ਦਾ ਲਹੂ ਚੂਸਣ ਵਾਲੇ ਸੂਦਖੋਰਾਂ ਦੀਆਂ ਵਹੀਆਂ ਫੂਕਦੇ ਤੇ ਉਨ੍ਹਾਂ ਤੋਂ ਮੁੜਵਾਏ ਪੈਸੇ ਨਾਲ ਗਰੀਬਾਂ ਦੀਆਂ ਧੀਆਂ ਦੇ ਵਿਆਹ ਕਰਵਾਉਂਦੇ ਤੇ ਹੋਰ ਲੋੜਵੰਦਾਂ ਦੀ ਮਦਦ ਕਰਦੇ। ਹੱਥ ਆਏ ਪੈਸਿਆਂ ਨਾਲ ਪਾਠ ਕਰਵਾ ਦਿੰਦੇ ਤੇ ਗਰੀਬ-ਗੁਰਬੇ ਵਾਸਤੇ ਗੁੜ ਵਾਲੇ ਚੌਲਾਂ ਦੇ ਕੜਾਹੇ ਕਢਵਾ ਦਿੰਦੇ! ਬਚਪਨ 'ਚ ਅਸੀਂ ਅਕਸਰ ਹੀ ਆਪਣੇ ਵੱਡਿਆਂ ਨੂੰ ਇਨ੍ਹਾਂ ਸੂਰਮਿਆਂ ਦੀਆਂ ਵਡਿਆਈਆਂ ਕਰਦਿਆਂ ਸੁਣਦੇ ਸਾਂ।

ਬਜ਼ੁਰਗ ਦੱਸਿਆ ਕਰਦੇ ਕਿ ਸਾਡੇ ਪਿੰਡ ਵਾਲਾ ਲਾਲ ਸਿੰਘ ਡਾਕੂ ਆਮ ਹੀ ਪਿੰਡ ਦੇ ਖੇਤਾਂ ਵਿਚ ਆ ਜਾਂਦਾ ਤੇ ਕਪਾਹ ਚੁਗਦੀਆਂ ਬੀਬੀਆਂ ਨੂੰ ਆਦਰ ਨਾਲ ਚਾਚੀ, ਤਾਈ, ਭੈਣ, ਭਾਬੀ ਆਖ ਕੇ ਉਨ੍ਹਾਂ ਤੋਂ ਰੋਟੀ-ਪਾਣੀ ਛਕਦਾ ਤੇ ਕਹਿੰਦਾ, "ਅਨੀਂਦਰਾ ਹਾਂ। ਫਸਲ ਵਿਚ ਟਾਹਲੀ ਦੀ ਛਾਂਵੇਂ ਪੈ ਕੇ ਅੱਖ ਲਾ ਲਵਾਂ। ਨਿਗ੍ਹਾ ਰੱਖਿਓ। ਜੇ ਕੋਈ ਓਪਰਾ ਬੰਦਾ ਦੂਰੋਂ ਆਉਂਦਾ ਦਿੱਸੇ, ਝੱਟ ਜਗਾ ਦਿਉ।" ਇਕ ਕਵੀਸ਼ਰ ਨੇ ਉਹਦਾ ਚਿਠਾ ਲਿਖਿਆ। ਦਲੇਰ ਉਹ ਬੜਾ ਸੀ। ਕਹਿੰਦੇ, ਇਕ ਦਿਨ ਪਿੰਡ ਦੀ ਇਕ ਝਿੜੀ ਵਿਚ ਪੁਲਿਸ ਨੇ ਘੇਰਾ ਪਾ ਲਿਆ। ਅੱਗੇ ਘੋੜੀ ਉਤੇ ਤੁਰਲੇ ਵਾਲਾ ਠਾਣੇਦਾਰ ਤੇ ਪਿਛੇ ਸਿਪਾਹੀ। ਝਾੜਾਂ ਉਹਲਿਉਂ ਦੇਖ ਰਹੇ ਲਾਲ ਸਿੰਘ ਨੇ ਮਾਰ ਵਿਚ ਆਏ ਠਾਣੇਦਾਰ ਦੇ ਮੱਥੇ ਵੱਲ ਗੋਲੀ ਚਲਾਈ। ਗੋਲੀ ਪਗ ਦੇ ਕੁੱਲੇ ਵਿਚੋਂ ਲੰਘ ਜਾਣ ਕਰਕੇ ਉਹ ਬਚ ਤਾਂ ਗਿਆ, ਪਰ ਘੋੜੀ ਅਚਾਨਕ ਹੋਏ ਖੜਕੇ ਤੋਂ ਤ੍ਰਭਕ ਕੇ ਹਿਣਕਦੀ ਹੋਈ ਭੱਜ ਤੁਰੀ। ਮਗਰੇ ਸਿਪਾਹੀ ਭੱਜ ਪਏ।

ਮਾਰਿਆ ਵੀ ਲਾਲ ਸਿੰਘ ਦਲੇਰੀ ਕਾਰਨ ਹੀ ਗਿਆ। ਅੱਗੇ ਅੱਗੇ ਪੁਲਿਸ, ਪਿਛੇ ਪਿਛੇ ਲਲਕਾਰੇ ਮਾਰਦਾ ਲਾਲ ਸਿੰਘ, "ਭਜਦੇ ਕਿਧਰ ਓਂ, ਰੁਕੋ ਤਾਂ ਸਹੀ, ਭਾੜੇ ਦੇ ਲੜਾਕਿਓ! ਦਿਖਾਵਾਂ ਥੋਨੂੰ ਦੋ ਦੋ ਹੱਥ!" ਇਉਂ ਹੀ ਅੱਗੇ-ਪਿਛੇ ਪਿੰਡੋਂ ਆ ਵੜੇ। ਡਰਦੇ ਪੁਲਸੀਆਂ ਨੇ ਇਕ ਨੰਬਰਦਾਰ ਦੀ ਬੈਠਕ ਵਿਚ ਲੁਕ ਕੇ ਸਾਹ ਲਿਆ। ਪਰ, ਮੇਰੇ ਬਾਪੂ ਜੀ ਦਸਦੇ ਸਨ, ਉਹਦਾ ਥਹੁ-ਪਤਾ ਜਾਣਨ ਵਾਸਤੇ ਪੁਲਿਸ ਦੀ ਰੋਜ਼ ਰੋਜ਼ ਦੀ ਪੁੱਛ-ਦੱਸ, ਹੱਥ-ਦੱਬ ਅਤੇ ਖਿਚ-ਧੂਹ ਤੋਂ ਤੰਗ ਆਏ ਸ਼ਰੀਕਾਂ ਵਿਚੋਂ ਕਿਸੇ ਦੀ ਗੱਦਾਰੀ ਕਾਰਨ ਉਹ ਮਾਰਿਆ ਗਿਆ। ਇਹ ਘਟਨਾ ਅਜੇ ਸੱਜਰੀ ਹੋਣ ਕਰਕੇ ਮੇਰੇ ਬਚਪਨ ਵਿਚ ਪਿੰਡ ਦੀ ਚਰਚਾ ਦਾ ਆਮ ਵਿਸ਼ਾ ਸੀ। ਸਾਡੇ ਪਿੰਡ ਨੂੰ ਉਦੋਂ ਲੋਕ ਲਾਲ ਸਿੰਘ ਵਾਲੀ ਪਿੱਥੋ ਕਹਿਣ ਲੱਗ ਪਏ ਸਨ।

ਛੈਨਾਂ ਵਾਲੇ ਦਰਬਾਰੇ ਦਾ ਇਕ ਬੜਾ ਦਿਲਚਸਪ ਕਿੱਸਾ ਮੈਂ ਬਚਪਨ ਵਿਚ ਸੁਣਿਆ ਸੀ। ਸੁਣ ਕੇ ਦਰਬਾਰਾ ਡਾਕੂ ਦੀ ਥਾਂ ਭਲਾ ਬੰਦਾ ਲਗਦਾ ਤੇ ਮਾਈ ਉਤੇ ਹਾਸਾ ਆ ਜਾਂਦਾ। ਡੁਬਦੇ ਸੂਰਜ ਨਾਲ ਇਕ ਮਾਈ ਨੂੰ ਸਿਰ ਉਤੇ ਗਠੜੀ ਚੁੱਕੀ ਕਾਹਲੀ ਕਾਹਲੀ ਜਾਂਦੀ ਦੇਖ ਇਕ ਰਾਹੀ ਬੋਲਿਆ, "ਮਾਈ ਆਰਾਮ ਨਾਲ ਹੌਲੀ ਤੁਰ, ਆਬਦੀ ਬੁੱਢੀ ਉਮਰ ਦੇਖ, ਏਨੀ ਕੀ ਆਫ਼ਤ ਆਈ ਐ!" ਲੋਕ ਸਿਰੇ ਦੇ ਭੋਲੇ ਹੁੰਦੇ ਸਨ। ਉਹ ਬੋਲੀ, "ਵੇ ਭਾਈ, ਸੁਣਿਐ, ਇਨ੍ਹਾਂ ਝਿੜੀਆਂ ਵਿਚ ਡੁੱਬੜਾ ਛੈਨਾਂ ਵਾਲਾ ਦਰਬਾਰਾ ਰਹਿੰਦਾ ਐ। ਧੀ ਦੇ ਵਿਆਹ ਦੀ ਟੂਮ-ਟਾਕੀ ਲੈ ਕੇ ਮੰਡੀਓਂ ਤੁਰਦੀ ਨੂੰ ਕੁਵੇਲਾ ਹੋ ਗਿਆ।" ਰਾਹੀ ਨੇ ਡਰੀ ਹੋਈ ਆਵਾਜ਼ ਵਿਚ ਕਿਹਾ, "ਐਥੇ ਰਹਿੰਦੈ ਦਰਬਾਰਾ? ਲਿਆ ਮਾਈ ਗਠੜੀ ਦਾ ਭਾਰ ਮੈਨੂੰ ਫੜਾ, ਇਥੋਂ ਨਿਕਲ ਚੱਲੀਏ!"

ਮਾਈ ਦੀ ਗਠੜੀ ਚੁੱਕ ਕੇ ਅੱਗੇ ਅੱਗੇ ਰਾਹੀ, ਪਿਛੇ ਪਿਛੇ ਮਾਈ। ਜਦੋਂ ਮਾਈ ਦੇ ਪਿੰਡ ਦੀ ਜੂਹ ਆ ਗਈ, ਰਾਹੀ ਗਠੜੀ ਫੜਾ ਕੇ ਬੋਲਿਆ, "ਲੈ ਬੇਬੇ, ਸੁੱਖੀਂ-ਸਾਂਦੀਂ ਤੇਰਾ ਪਿੰਡ ਆ ਗਿਆ। ਧੀ ਦੇ ਵਿਆਹ ਦਾ ਟੂਮ-ਟੱਲਾ ਲੈ ਕੇ ਖੁਸ਼ੀ-ਖੁਸ਼ੀ ਘਰ ਜਾ। ਐਹ ਪੈਸੇ ਵਿਆਹ ਵਾਲੇ ਦਿਨ ਕੁੜੀ ਨੂੰ ਮੇਰਾ ਸ਼ਗਨ ਪਾ ਦੇਈਂ। ਨਾਲੇ ਕਮਲੀਏ ਐਵੇਂ ਨਾ ਲੋਕਾਂ ਨੂੰ ਗਾਲਾਂ ਦਿੰਦੀ ਰਿਹਾ ਕਰ, ਮੈਂ ਹੀ ਛੈਨਾਂ ਵਾਲਾ ਦਰਬਾਰਾ ਹਾਂ!" ਗਮੰਤਰੀ ਭਲਾ ਅਜਿਹੇ ਭਲੇ ਬੰਦਿਆਂ ਦੀ ਉਸਤਤ ਕਿਉਂ ਨਾ ਗਾਉਣ! ਤੇ ਸਾਡਾ ਬਾਲ-ਮਨ ਭਲਾ ਅਜਿਹੇ ਲੋਕਾਂ ਨੂੰ ਡਾਕੂ-ਲੁਟੇਰੇ ਕਿਵੇਂ ਮੰਨਦਾ!

ਗੰਗਾ ਵਾਲੇ ਬਖਤੌਰੇ ਦੇ ਸਹੁਰੀਂ ਕਿਸੇ ਨੇ ਭਾਨੀ ਜਾ ਮਾਰੀ, ਅਖੇ ਮੁੰਡਾ ਵੈਲੀ ਹੈ। ਉਹਦੀ ਮੰਗੇਤਰ ਭਾਗਭਰੀ ਦੇ ਮਾਪਿਆਂ ਨੇ ਉਹ ਕਿਤੇ ਹੋਰ ਮੰਗ ਦਿੱਤੀ। ਕਹਿੰਦੇ, ਭਾਗਭਰੀ ਨੇ ਅਣਦੇਖੇ ਬਖਤੌਰੇ ਨੂੰ ਆਪ ਸੁਨੇਹਾ ਭੇਜਿਆ ਕਿ ਮੈਂ ਤਾਂ ਮੰਗਣੇ ਵਾਲੇ ਦਿਨ ਤੋਂ ਤੇਰੀ ਹਾਂ, ਆ ਕੇ ਲੈ ਜਾ। ਬਖਤੌਰੇ ਨੂੰ ਤਾਂ ਵੱਟ ਚੜ੍ਹਿਆ ਹੀ, ਮਾਂ ਵੀ ਪਿੱਛੇ ਨਾ ਰਹੀ। ਕਹਿੰਦੀ, ਜਾਹ ਪੁੱਤ ਬਖਤੌਰਿਆ, ਕੁਛ ਕਰ, ਮੈਨੂੰ ਮੇਰੀ ਨੂੰਹ ਰਾਣੀ ਲਿਆ ਕੇ ਦੇਹ। ਇਸ ਮੌਕੇ ਦੀ ਬੜੀ ਆਮ ਬੋਲੀ ਹੈ, ਲੰਡੇ ਉਠ ਨੂੰ ਥਾਪੀਆਂ ਦੇਵੇ, ਮਾਂ ਬਖਤੌਰੇ ਦੀ! ਬਖਤੌਰਾ ਪਿੰਡਾਂ ਦੀਆਂ ਔਰਤਾਂ ਦੇ ਖੂਹਾਂ ਤੋਂ ਪਾਣੀ ਭਰਨ ਦੇ ਵੇਲੇ ਗਿਆ ਤੇ ਸਹੁਰੇ ਪਿੰਡ ਦੇ ਖੂਹ ਕੋਲ ਬੋਤਾ ਜਾ ਬਹਾਇਆ। ਉਹਨੂੰ ਭਾਗਭਰੀ ਦੀ ਕੋਈ ਪਛਾਣ ਨਹੀਂ ਸੀ ਤੇ ਭਾਗਭਰੀ ਨੂੰ ਉਹਦੀ ਕੋਈ ਪਛਾਣ ਨਹੀਂ ਸੀ। ਭਾਗਭਰੀ ਆਪ ਹੀ ਲੱਖਣ ਲਾ ਕੇ ਆਈ ਤੇ ਪੁੱਛਿਆ, "ਕੌਣ ਹੈਂ ਤੂੰ ਬੋਤੇ ਵਾਲਿਆ? ਤੇ ਇਥੇ ਕੀਹਨੂੰ ਉਡੀਕਦਾ ਐਂ?" ਉਹਦੇ ਮੂੰਹੋਂ "ਮੈਂ ਗੰਗਾ ਵਾਲਾ ਬਖਤੌਰਾ, ਆਬਦੀ ਭਾਗਭਰੀ ਨੂੰ ਲੈਣ ਆਇਆਂ" ਨਿਕਲਣ ਦੀ ਦੇਰ ਸੀ, ਭਾਗਭਰੀ ਪਲਾਕੀ ਮਾਰ ਕੇ ਬੋਤੇ ਉਤੇ ਚੜ੍ਹ ਬੈਠੀ। ਇਹਤੋਂ ਪਹਿਲਾਂ ਕਿ ਕੋਈ ਕੁਛ ਸਮਝਦਾ, ਬਖਤੌਰਾ ਭਾਗਭਰੀ ਨੂੰ ਲੈ ਕੇ ਔਹ ਗਿਆ, ਔਹ ਗਿਆ! ਇਹ ਕਿੱਸਾ ਸੁਣ ਕੇ ਬਖਤੌਰਾ ਸਾਨੂੰ ਰਾਂਝਾ ਲਗਦਾ ਤੇ ਭਾਗਭਰੀ ਹੀਰ!

ਇਸ ਕਹਾਣੀ ਨਾਲ ਇਕ ਹੋਰ ਬੜੀ ਦਿਲਚਸਪ ਕਹਾਣੀ ਜੁੜੀ ਹੋਈ ਹੈ। ਬਖਤੌਰੇ ਨੇ ਉਸ ਸਮੇਂ ਦੇ ਪੰਜਾਬ ਦਾ ਪ੍ਰਸਿਧ ਨੇਤਰਹੀਣ ਵਕੀਲ ਚੰਦਾ ਸਿੰਘ ਕੀਤਾ। ਉਹਨੇ ਜੱਜ ਨੂੰ ਵਾਰਦਾਤ ਵਾਲੀ ਥਾਂ ਦਾ ਮੁਆਇਨਾ ਕਰਨ ਵਾਸਤੇ ਕਿਹਾ। ਮੌਕੇ ਉਤੇ ਪਹੁੰਚ ਕੇ ਉਹਨੇ ਆਖਿਆ, ਮੈਨੂੰ ਉਹ ਥਾਂ ਦੱਸੋ, ਜਿਥੋਂ ਬਖਤੌਰੇ ਨੇ ਭਾਗਭਰੀ ਨੂੰ ਜ਼ਬਰਦਸਤੀ ਚੁੱਕਿਆ ਕਿਹਾ ਜਾਂਦਾ ਹੈ। ਉਹਨੇ ਭੁੰਜੇ ਬੈਠ ਕੇ ਇਧਰ-ਉਧਰ ਕਾਫੀ ਥਾਂ ਹੱਥਾਂ ਨਾਲ ਟੋਹੀ ਤੇ ਖੜ੍ਹਾ ਹੋ ਕੇ ਕਿਹਾ, ਜੱਜ ਸਾਹਿਬ, ਭਾਗਭਰੀ ਚੱਕੀ ਨਹੀਂ ਗਈ, ਮਰਜ਼ੀ ਨਾਲ ਗਈ ਹੈ। ਜੱਜ ਵਿਅੰਗ ਨਾਲ ਬੋਲਿਆ, ਚੰਦਾ ਸਿਆਂ, ਧਰਤੀ ਨੇ ਤੇਰੇ ਹੱਥਾਂ ਨੂੰ ਕੁਛ ਦੱਸ ਦਿੱਤਾ? ਚੰਦਾ ਸਿੰਘ ਕਹਿੰਦਾ, ਜੱਜ ਸਾਹਿਬ, ਜੇ ਉਹ ਧੱਕੇ ਨਾਲ ਚੁੱਕੀ ਹੁੰਦੀ, ਉਹਦੇ ਸਿਰ ਤੋਂ ਪਾਣੀ ਦਾ ਤੌੜਾ ਡਿੱਗ ਕੇ ਟੁਟਦਾ ਤੇ ਲੋਕਾਂ ਦੇ ਲੰਘਣ ਨਾਲ ਬਣੀਆਂ ਉਹਦੀਆਂ ਅਨੇਕ ਠੀਕਰੀਆਂ ਇਥੇ ਖਿੰਡੀਆਂ ਪਈਆਂ ਹੁੰਦੀਆਂ। ਮਤਲਬ ਇਹ ਕਿ ਭਾਗਭਰੀ ਨੇ ਤੌੜਾ ਸਿਰ ਤੋਂ ਲਾਹ ਕੇ ਰੱਖਿਆ ਤੇ ਮਰਜ਼ੀ ਨਾਲ ਬਖਤੌਰੇ ਦੇ ਉਠ 'ਤੇ ਜਾ ਬੈਠੀ। ਤੇ ਜੱਜ ਨੇ ਬਖਤੌਰਾ ਬਰੀ ਕਰ ਕੇ ਭਾਗਭਰੀ ਉਹਨੂੰ ਸੌਂਪ ਦਿੱਤੀ।

ਸੁੱਚਾ ਸਿੰਘ ਸਮਾਉਂ ਬਾਰੇ ਮੈਂ ਬਚਪਨ ਤੋਂ ਇਹ ਤਾਂ ਸੁਣਿਆ ਸੀ ਕਿ ਨਿਜੀ ਕਾਰਨਾਂ ਕਰਕੇ ਡਾਕੂ ਬਣਦਿਆਂ ਉਹਨੇ ਪੁੰਨ-ਧਰਮ ਦੇ ਅਨੇਕ ਕੰਮ ਕੀਤੇ ਤੇ ਲੋਕਾਂ ਦੇ ਦਿਲ ਵਿਚ ਵਸ ਗਿਆ। ਅੰਤ ਨੂੰ ਪਿੰਡ ਗਹਿਰੀ ਭਾਗੀ ਦੇ ਕਤਲਾਂ ਕਾਰਨ ਉਹਨੂੰ ਉਦੋਂ ਦੇ ਕਾਨੂੰਨ ਅਨੁਸਾਰ ਉਸੇ ਪਿੰਡ ਵਿਚ ਆਲੇ-ਦੁਆਲੇ ਦੇ ਲੋਕਾਂ ਦੀ ਭੀੜ ਸਾਹਮਣੇ ਫਾਹੇ ਲਾਇਆ ਗਿਆ। ਪਰ ਪ੍ਰੋ. ਕਰਮ ਸਿੰਘ ਨੇ ਫਾਹੇ ਦੇ ਚਸ਼ਮਦੀਦਾਂ ਤੋਂ ਮਿਲੀ ਸਿੱਧੀ ਜਾਣਕਾਰੀ ਦੀ ਇਕ ਬੜੀ ਹੀ ਅਨੋਖੀ ਘਟਨਾ ਲਿਖੀ ਹੈ।

ਕਹਿੰਦੇ, ਮੌਤ ਦੇ ਤਖਤੇ ਉਤੇ ਖੜ੍ਹੇ ਸੁੱਚਾ ਸਿੰਘ ਨੇ ਗਲ ਵਿਚ ਫਾਹੀ ਪੈਣ ਤੋਂ ਪਹਿਲਾਂ ਕਿਹਾ, ਜਨਾਬ, ਮੈਨੂੰ ਇਕ ਕਲੀ ਹੀਰ ਦੀ ਲਾ ਲੈਣ ਦਿਓ! ਆਗਿਆ ਮਿਲੀ ਤੋਂ ਉਹਨੇ ਖੱਬਾ ਹੱਥ ਕੰਨ ਉਤੇ ਰੱਖਿਆ, ਸੱਜੀ ਬਾਂਹ ਹਵਾ ਵਿਚ ਉਲਾਰੀ, ਆਪਣੀ ਮੌਤ ਦੇ ਬੂਹੇ ਉਤੇ ਖਲੋਤਿਆਂ ਰਾਂਝੇ ਦੀ ਮੌਤ ਨੂੰ ਸਿਮਰਿਆ ਅਤੇ ਉਸ ਵੇਲੇ ਦੀ ਕਲੀ ਲਾਈ ਜਦੋਂ ਰਾਂਝੇ ਨੂੰ ਭਾਲਦੀ ਥੱਕੀ-ਟੁੱਟੀ ਹੀਰ ਇਕ ਜੰਡ ਹੇਠ ਬੈਠ ਜਾਂਦੀ ਹੈ ਤੇ ਜੰਡ ਦਾ ਬਿਰਛ ਉਹਨੂੰ ਰਾਂਝੇ ਦੇ ਚਲਾਣੇ ਦੀ ਖ਼ਬਰ ਦਿੰਦਾ ਹੈ। ਪ੍ਰੋਫੈਸਰ ਸਾਹਿਬ ਨੇ ਪੂਰੀ ਲੰਮੀ ਕਲੀ ਦਿੱਤੀ ਹੈ, ਪਰ ਇਥੇ ਉਸ ਦਾ ਅੱਗਾ ਹੀ ਕਾਫੀ ਹੈ,

ਤੇਰਾ ਰਾਂਝਾ ਹੀਰੇ ਨੀਂ ਵਿਚ
ਡੁੱਬ ਕੇ ਮਰ ਗਿਆ,
ਉਹਦੀਆਂ ਵੰਝਲੀਆਂ ਰਕਾਨੇ
ਜਾਂਦੀਆਂ ਸਨ ਤਰੀਆਂ।
ਨਾ ਉਹ ਵੰਝਲੀਆਂ ਕਿਸੇ ਕਿਨਾਰੇ ਲੱਗੀਆਂ,
ਨਾ ਉਹ ਵੰਝਲੀਆਂ ਕਿਨ੍ਹਾਂ ਮਲਾਹਾਂ ਫੜੀਆਂ।
ਮੈਂ ਜੰਡੋਰਾ ਝੁਕ ਕੇ ਨੀਵਾਂ ਹੋ ਗਿਆ,
ਨਾ ਉਹ ਮੇਰੀਆਂ ਪਲੂਮਣਾਂ ਵਿਚ ਅੜੀਆਂ।
ਕਬਰ ਜਨਾਜ਼ਾ ਠੰਡਾ ਹੋ ਗਿਆ ਚਾਕ ਦਾ,
ਉਤੇ ਮਿੰਨ੍ਹੀਆਂ ਮਿੰਨ੍ਹੀਆਂ
ਪਾ ਗਿਆ ਪ੍ਰਭੂ ਕਣੀਆਂ।
ਭਾੜ ਬੋਲਾ ਰੋ ਕੇ ਨੀ ਚੁੱਪ ਕਰ ਗਿਆ,
ਕਾਣ ਲਾਹ ਗੀਆਂ ਨੀ ਇੰਦਰ ਦੀਆਂ ਪਰੀਆਂ।

ਕਵੀਸ਼ਰਾਂ ਤੇ ਗਮੰਤਰੀਆਂ ਦੇ ਮੂੰਹੋਂ ਬਚਪਨ ਵਿਚ ਸੁਣੇ ਅਜਿਹੇ ਸੂਰਮਿਆਂ ਦੇ ਕਿੱਸੇ ਇਕ ਅਜਿਹਾ ਸੋਮਾ ਸਨ ਜਿਸ ਨੇ ਅੱਗੇ ਚੱਲ ਕੇ ਕਵਿਤਾ ਲਿਖਣ ਦੀ ਸੋਝੀ ਤਾਂ ਦਿੱਤੀ ਹੀ, ਨਾਲ ਹੀ ਕਹਾਣੀ ਲਿਖਣ ਦਾ ਰਾਹ ਵੀ ਦਿਖਾਇਆ।

# ਓਕਲਾਹੋਮਾ ਦੇ ਜਾਣੇ-ਪਛਾਣੇ ਆਦਿਵਾਸੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜਦੋਂ ਕੋਈ ਜਾਣਿਆ-ਪਛਾਣਿਆ ਨਾਂ-ਥਾਂ ਕਿਸੇ ਕਰੋਪੀ ਦੀ ਲਪੇਟ ਵਿਚ ਆਉਂਦਾ ਹੈ ਤਾਂ ਹਰ ਕਿਸੇ ਨੂੰ ਦੁੱਖ ਹੁੰਦਾ ਹੈ। 20 ਮਈ ਨੂੰ ਅਣਮੰਗੇ ਤੇ ਅਣਕਿਆਸੇ ਝੱਖੜ ਨੇ ਅਮਰੀਕੀ ਸਟੇਟ ਓਕਲਾਹੋਮਾ ਦੀ ਰਾਜਧਾਨੀ ਦੇ ਨੇੜਲੇ ਕਸਬੇ ਮੂਰ ਵਿਚ ਪਲਾਂ-ਛਿਣਾਂ ਵਿਚ ਉਥੋਂ ਦੇ ਹਸਪਤਾਲ ਤੇ ਮੁਢਲੇ ਸਕੂਲ ਤਹਿਸ-ਨਹਿਸ ਕੀਤੇ ਤਾਂ ਮੈਨੂੰ ਉਥੋਂ ਦੇ ਆਦਿਵਾਸੀਆਂ ਨਾਲ 1980 ਵਿਚ ਬਿਤਾਏ ਪਲ ਚੇਤੇ ਆ ਗਏ। ਮੈਨੂੰ ਅਮਰੀਕੀ ਸਰਕਾਰ ਨੇ ਤਿੰਨ ਹਫਤਿਆਂ ਦੇ ਸਰਕਾਰੀ ਦੌਰੇ ਉਤੇ ਸੱਦਿਆ ਸੀ। ਮੈਂ ਕਿੱਥੇ ਜਾਣਾ ਤੇ ਕੀ ਵੇਖਣਾ ਹੈ, ਉਸ ਲਈ ਹਵਾਈ ਟਿਕਟਾਂ ਤੇ ਰਿਹਾਇਸ਼ ਦਾ ਪ੍ਰਬੰਧ ਸਰਕਾਰ ਨੇ ਕਰਨਾ ਸੀ। ਉਸ ਤੋਂ ਸੱਤ ਸਾਲ ਪਹਿਲਾਂ 1973 ਵਿਚ ਮੈਨੂੰ ਇਸੇ ਤਰ੍ਹਾਂ ਦਾ ਮੌਕਾ ਅੰਡੇਮਾਨ ਤੇ ਨਿਕੋਬਾਰ ਦੇ ਆਦਿਵਾਸੀਆਂ ਨੂੰ ਵੇਖਣ ਤੇ ਜਾਣਨ ਦਾ ਮਿਲ ਚੁੱਕਾ ਸੀ। ਮੈਂ ਅਮਰੀਕਨ ਆਦਿਵਾਸੀਆਂ ਨੂੰ ਮਿਲਣ ਦੀ ਇੱਛਾ ਜਤਾਈ ਤਾਂ ਮਿਜ਼ੋਰੀ ਤੋਂ ਤੁਲਸਾ ਤੱਕ ਦੀ ਹਵਾਈ ਉਡਾਣ ਅਤੇ ਤੁਲਸਾ ਤੋਂ ਓਕਲਾਹੋਮਾ ਦੀ ਕਾਰ ਸਵਾਰੀ ਦਾ ਪ੍ਰਬੰਧ ਹੋ ਗਿਆ।

ਅਮਰੀਕਾ ਦੇ ਇਸ ਰਾਜ ਵਿਚ ਚਿਰੋਕੀ ਕੌਮ ਦੇ ਆਦਿਵਾਸੀਆਂ ਦਾ ਬੋਲ ਬਾਲਾ ਹੈ। ਉਨ੍ਹਾਂ ਦੇ ਮੁਖੀ ਨੇ ਮੈਨੂੰ ਆਪਣੇ ਪਤਵੰਤਿਆਂ ਨਾਲ ਬਹਿ ਕੇ ਖਾਣਾ ਖਾਣ ਲਈ ਸੱਦਿਆ। ਜਾਣ-ਪਛਾਣ ਤੋਂ ਪਿੱਛੋਂ ਖਾਣਾ ਲੱਗਣ ਦੀ ਦੇਰ ਸੀ ਕਿ ਮੁਖੀ ਨੇ ਸੰਖੇਪ ਜਿਹੀ ਅਰਦਾਸ ਕੀਤੀ, ਜਿਸ ਦੇ ਅਰਥ ਕੁਝ ਇਸ ਤਰ੍ਹਾਂ ਸਨ,

ਕੱਦਾ ਦਾਤਾ ਏਕ ਹੈ,
ਸਭ ਕੋ ਦੇਵਣ ਹਾਰ।
ਦੇਂਦਿਆਂ ਤੋਟ ਨਾ ਆਵਈ,
ਅਤੁਟ ਭਰੇ ਭੰਡਾਰ।
ਜਿਸ ਦਾ ਦਿੱਤਾ ਖਾਵਣਾ,
ਤਿਸ ਕਹੀਏ ਸ਼ਾਬਾਸ਼।

ਮੈਨੂੰ ਘੜੀ ਦੀ ਘੜੀ ਜਾਪਿਆ ਕਿ ਮੈਂ ਆਪਣੇ ਪੰਜਾਬ ਵਿਚ ਆਪਣੇ ਵਡੇਰਿਆਂ ਦੀ ਸੰਗਤ ਮਾਣ ਰਿਹਾ ਹਾਂ। ਅਗਲੇ ਦਿਨ ਉਨ੍ਹਾਂ ਨੇ ਮੈਨੂੰ ਹੈਲੀਕਾਪਟਰ ਵਿਚ ਬਿਠਾ ਕੇ ਉਹ ਜੰਗਲ ਦਿਖਾਇਆ ਜਿਸ ਦੇ ਉਹ ਮਾਲਕ ਸਨ। ਬਰਤਾਨਵੀ ਬਸਤੀਵਾਦੀਆਂ ਨੇ ਉਨ੍ਹਾਂ ਨੂੰ ਨਿਊ ਯਾਰਕ, ਸੈਲਸਬਰੀ, ਜਾਰਜੀਆ, ਅਲਬਾਮਾ ਤੇ ਟੈਨੇਸੀ ਵਾਦੀ ਦੀ ਉਪਜਾਊ ਧਰਤੀ ਵਿਚੋਂ ਪੁੱਟ ਕੇ ਇਸ ਜੰਗਲ ਵਿਚ ਲਿਆ ਵਸਾਇਆ ਸੀ ਜਿਸ ਨੂੰ ਹਰ ਆਏ ਦਿਨ ਅੱਗ, ਝੱਖੜ ਦਾ ਸ਼ਿਕਾਰ ਹੋਣਾ ਪੈਂਦਾ ਸੀ।



ਆਦਿਵਾਸੀ ਚਿਰੋਕੀ

ਉਨ੍ਹਾਂ ਨੂੰ ਮਿਲ ਕੇ ਮੈਨੂੰ ਅੰਡੇਮਾਨ ਦੇ ਜੱਦੀ ਆਦਿਵਾਸੀ ਚੇਤੇ ਆ ਗਏ। ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਵੱਖ ਵੱਖ ਟਾਪੂਆਂ ਤੋਂ ਪੁੱਟ ਕੇ ਸਟਰੇਟ ਨਾਂ ਦੇ ਟਾਪੂ ਵਿਚ ਇਕੱਠੇ ਕਰ ਦਿੱਤਾ ਗਿਆ ਸੀ। ਉਨ੍ਹਾਂ ਵਾਸਤੇ ਪੱਕੇ ਕਮਰੇ ਬਣਾਏ ਗਏ ਸਨ ਪਰ ਉਹ ਇਨ੍ਹਾਂ ਵਿਚ ਨਹੀਂ ਸਨ ਰਹਿੰਦੇ। ਉਨ੍ਹਾਂ ਨੇ ਆਪਣੇ ਲਈ ਉਸੇ ਤਰ੍ਹਾਂ ਦੀਆਂ ਝੌਂਪੜੀਆਂ ਬਣਾ ਰੱਖੀਆਂ ਸਨ, ਜਿਹੋ ਜਿਹੀਆਂ ਉਹ ਪਿੱਛੇ ਛੱਡ ਕੇ ਆਏ ਸਨ।

20 ਮਈ ਵਾਲੇ ਤੂਫਾਨ ਵਿਚ ਸਕੂਲ ਤੇ ਹਸਪਤਾਲ ਹੀ ਢਹਿ ਢੇਰੀ ਨਹੀਂ ਸਨ ਹੋਏ ਚਾਰ ਦਰਜਨ ਤੋਂ ਵੱਧ ਜਾਨਾਂ ਵੀ ਗਈਆਂ ਸਨ। ਤਿੰਨ ਸੌ ਕਿਲੋਮੀਟਰ ਪ੍ਰਤੀ ਘੰਟਾ ਦੀ ਗਤੀ ਵਾਲੇ ਝੱਖੜ ਨੇ ਅਨੇਕਾਂ ਬੱਚੇ, ਬੁੱਢਿਆਂ ਤੇ ਔਰਤਾਂ ਨੂੰ ਆਪਣੀ ਲਪੇਟ ਵਿਚ ਲੈ ਕੇ ਅਗਲੇ ਜਹਾਨ ਤੋਰ ਛੱਡਿਆ ਸੀ। ਦੋ ਕੁ ਸਾਲ ਪਹਿਲਾਂ ਇਥੋਂ ਢਾਈ ਸੌ ਕਿਲੋਮੀਟਰ ਦੀ ਦੂਰੀ ਉਤੇ ਜੌਪਲਿਨ ਨਾਂ ਦੇ ਸ਼ਹਿਰ ਵਿਚ ਇਸ ਤੋਂ ਦੁਗਣੀ ਤਬਾਹੀ ਹੋਈ ਪਰ ਉਦੋਂ ਮੇਰੇ ਅੰਦਰਲੇ ਨੂੰ ਏਨਾ ਦੁੱਖ ਨਹੀਂ ਸੀ ਹੋਇਆ ਜਿੰਨਾ ਐਤਕੀਂ ਹੋਇਆ। ਹੁਣ ਵਾਲੇ ਝੱਖੜ ਨੇ ਮੇਰੀਆਂ ਅੱਖਾਂ ਸਾਹਮਣੇ ਉਨ੍ਹਾਂ ਦੀ ਮਾਸੂਮੀਅਤ ਤੇ ਭੋਲੇ-ਭਾਲੇ ਅਤੇ ਜਾਣੇ-ਪਛਾਣੇ ਨਕਸ਼ੇ ਖਿੱਚ ਦਿੱਤੇ ਹਨ।

ਉਨ੍ਹਾਂ ਦੀ ਲਾਇਬਰੇਰੀ ਵਿਚ ਜਾ ਕੇ ਮੈਂ ਉਨ੍ਹਾਂ ਬਾਰੇ ਜੋ ਕੁਝ ਪੜ੍ਹਿਆ ਸੀ, ਉਹ ਅਤਿਅੰਤ ਦਿਲ ਕੰਬਾਊ ਸੀ। ਆਪਣੇ ਆਪ ਨੂੰ ਸਭਿਆ ਕਹਿਣ ਵਾਲੇ ਬਸਤੀਵਾਦੀਆਂ ਨੇ ਉਨ੍ਹਾਂ ਨੂੰ ਜੰਗਲਾਂ ਵਿਚ ਧੱਕਣ ਤੋਂ ਪਹਿਲਾਂ ਇੱਕ ਦੂਜੇ ਦੇ ਦੁਸ਼ਮਣ ਬਣਾ ਕੇ ਉਨ੍ਹਾਂ ਨਾਲ ਹਰ ਤਰ੍ਹਾਂ ਦੇ ਜ਼ੁਲਮ ਕੀਤੇ ਸਨ। ਬਲਾਤਕਾਰ ਤੇ ਮਾਰ ਕੁਟਾਈ ਸਮੇਤ। ਉਨ੍ਹਾਂ ਨੇ ਹੌਸਲਾ ਨਹੀਂ ਸੀ ਹਾਰਿਆ। ਆਪਣੇ ਪੈਰ ਜਮਾਏ। ਸਿਹਤ ਅਤੇ ਵਿਦਿਆ ਦੇ ਮੰਦਰ ਉਸਾਰੇ। ਆਪਣੇ ਰਹਿਣ ਸਹਿਣ ਤੇ ਸਭਿਆਚਾਰ ਨੂੰ ਚੇਤੇ ਰੱਖਣ ਵਾਸਤੇ ਅਜਾਇਬ ਘਰ ਬਣਾਇਆ ਜਿਸ ਵਿਚ ਵਾਹੀ ਖੇਤੀ ਦੇ ਸੰਦ ਅਤੇ ਚੌਂਕੇ ਚੁਲ੍ਹੇ ਨਾਲ ਸਬੰਧਤ ਵਸਤਾਂ ਸੰਭਾਲ ਕੇ ਰੱਖੀਆਂ। ਉਨ੍ਹਾਂ ਦੇ ਭੋਲੇਪਨ ਤੇ ਈਮਾਨਦਾਰੀ ਦਾ ਇਹ ਹਾਲ ਹੈ ਕਿ ਜੇ ਅੱਜ ਵੀ ਕੋਈ ਲਾਵਾਰਸ ਮਰਦਾ ਹੈ ਤਾਂ ਉਸ ਦਾ ਤਖਤਪੋਸ਼, ਰਜਾਈਆਂ, ਮੰਜੀ, ਪਘੂੰੜੀ, ਖੁਰਪਾ, ਦਾਤੀ ਇੱਕ ਇੱਕ ਕਰਕੇ ਨੀਲਾਮ ਕੀਤੇ ਜਾਂਦੇ ਹਨ ਤੇ ਇਨ੍ਹਾਂ ਤੋਂ ਹੋਣ ਵਾਲੀ ਆਮਦਨ ਸਾਂਝੇ ਖਾਤੇ ਵਿਚ ਵਿਕਾਸ ਕਾਰਜਾਂ ਲਈ ਰੱਖੀ ਜਾਂਦੀ ਹੈ। ਇੱਕ ਭੋਲੇ ਭਾਲੇ ਬੰਦੇ ਦੀ ਲਿਖੀ ਹੋਈ ਚਿੱਠੀ ਤਾਂ ਮੈਨੂੰ ਕਦੀ ਵੀ ਨਹੀਂ ਭੁਲਣੀ।

'ਹੁਣ! ਮੈਂ ਆਈ-ਨੋ-ਲੀ ਹਾਂ। ਕੰਮ ਤੋਂ ਵਿਹਲ ਨਹੀਂ ਸੀ ਮਿਲੀ। ਹੁਣ ਅਸੀਂ ਗਿਰਦੀ (ਕੋਈ ਲਾਵਾਰਸ) ਦੀਆਂ ਸਾਰੀਆਂ ਚੀਜ਼ਾਂ ਵੇਚ ਦਿੱਤੀਆਂ ਹਨ। ਅਠਾਈ ਡਾਲਰ ਬਣੇ ਸਨ। ਮੈਂ ਤੀਹ ਡਾਲਰ ਸਹਾਇਤਾ ਫੰਡ ਵਿਚ ਪਾ ਦਿੱਤੇ ਹਨ। ਮੈਂ ਦੋ ਡਾਲਰਾਂ ਬਦਲੇ ਉਸ ਦੀ ਹੈਟ ਰੱਖ ਲਈ ਹੈ। ਹੁਣ ਮੈਂ ਆਈ-ਨੋ-ਲੀ ਖੁਦ ਵੀ ਢਿੱਲਾ ਹਾਂ। ਕਮਜ਼ੋਰੀ ਬਹੁਤ ਹੈ ਪਰ ਜ਼ਿੰਦਾ ਹਾਂ। ਨੀ-ਲੋ-ਸੀ ਕਾਫੀ ਬੀਮਾਰ ਹੈ। ਸੁ-ਲੇਅ ਤੁਰ ਗਿਆ ਹੈ। ਤਸੋਵਾ ਰਾਜ਼ੀ ਹੈ। ਮੇਰੀ ਇਥੋਂ ਹੀ ਸਲਾਮ ਕਬੂਲ ਕਰੋ। ਬੱਸ! ਥੱਕ ਗਿਆ ਹਾਂ। ਤੁਸੀਂ ਚਿੱਠੀ ਉਡੀਕਦੇ ਹੋਵੋਗੇ। ਹਾਜ਼ਰ ਹੈ। ਕਬੂਲ ਕਰੋ। ਹੁਣ ਮੈਂ ਬੰਦ ਕਰਦਾ ਹਾਂ। ਹੁਣ ਮੇਰਾ ਸਲਾਮ।'

ਇਹ ਚਿੱਠੀ ਸੌ ਡੇਢ ਸੌ ਸਾਲ ਪੁਰਾਣੀ ਹੋਵੇਗੀ। ਉਦੋਂ ਵਾਲੇ ਤੀਹ ਡਾਲਰ ਅੱਜ ਹਜ਼ਾਰਾਂ ਲੱਖਾਂ ਦੇ ਬਰਾਬਰ ਹੋਣਗੇ। ਖੂਬੀ ਇਹ ਕਿ ਉਸਨੇ ਹਰ ਨਿੱਕੇ ਵੱਡੇ ਵਾਕ ਦੇ ਅਰੰਭ ਵਿਚ 'ਹੁਣ' ਸ਼ਬਦ ਲਿਖਿਆ ਹੋਇਆ ਸੀ। ਹੋ ਸਕਦਾ ਹੈ ਉਸ ਦਾ ਤਕੀਆ ਕਲਾਮ ਹੋਵੇ ਜਾਂ ਉਸ ਦੇ ਕਬੀਲੇ ਦਾ ਰਿਵਾਜ।

ਇਕ ਹੋਰ ਚਿੱਠੀ ਵਿਚ ਕਿਸੇ ਬੁੱਢੀ ਦੇ ਮਰਨ ਤੋਂ ਪਿੱਛੋਂ ਮਿਲੀਆਂ ਵਸਤਾਂ ਦਾ ਵੇਰਵਾ ਸੀ। ਕਾਲਾ ਕੋਟ, ਨੀਲੇ ਕਪੜੇ ਦਾ ਟੁਕੜਾ, ਪੇਟੀ ਵਾਲੀ ਵਰਦੀ, ਡੱਚ ਅੰਗੀਠੀ, ਇੱਕ ਹੋਰ ਡੱਚ ਅੰਗੀਠੀ, ਪਿੱਤਲ ਦਾ ਜਿੰਦਰਾ, ਘੋੜੇ ਵਾਲਾ ਹੱਲ, ਕੁਹਾੜਾ, ਖੁਰਪੀ, ਦਾਤੀ। ਦਾਤੀ ਬਾਰੇ ਲਿਖਿਆ ਸੀ ਕਿ ਇਹ ਕਿਸੇ ਹੋਰ ਦੀ ਸੀ ਤੇ ਇਸ ਦਾ ਮੁੱਲ ਨਹੀਂ ਸੀ ਪਾਇਆ ਗਿਆ।

20 ਮਈ ਦੇ ਝੱਖੜ ਵਿਚ ਮਰਨ ਵਾਲੇ ਅਜਿਹੇ ਈਮਾਨਦਾਰ ਲੋਕਾਂ ਦੀ ਔਲਾਦ ਸਨ। ਉਹ ਲੋਕ ਜਿਨ੍ਹਾਂ ਨੇ ਮੈਨੂੰ ਖਾਣਾ ਖਵਾਉਂਦੇ ਸਮੇਂ ਅਰਦਾਸ ਕੀਤੀ ਸੀ। ਮੈਨੂੰ ਉਸ ਕੁਦਰਤ ਉਤੇ ਗੁੱਸਾ ਹੈ ਜਿਹੜੀ ਅਜਿਹੇ ਮਾਸੂਮਾਂ ਨੂੰ ਆਪਣੀ ਕਰੋਪੀ ਦਾ ਸ਼ਿਕਾਰ ਬਣਾਉਂਦੀ ਹੈ। ਰੱਬ ਉਤੇ ਵੀ।

**ਅੰਤਿਕਾ:** (ਕਰੋਪੀ ਤੇ ਕਵੀ)

ਸਾਹਿਲ ਪੇ ਕਿਤਨੇ ਲੋਗ
ਮੇਰੇ ਸਾਥ ਸਾਥ ਥੇ,
ਤੂਫਾਂ ਕੀ ਜ਼ੱਦ ਮੇਂ ਆਇਆ
ਤੋ ਤਿਨਕਾ ਨਹੀਂ ਮਿਲਾ।
-ਬਸ਼ੀਰ ਬਦਰ
ਕੁੱਛ ਤੋ ਅਪਨੀ ਕਸ਼ਤੀਆਂ ਭੀ
ਖਸਤਾ ਹਾਲਤ ਥੀਂ ਮਗਰ,
ਕੁੱਛ ਬਲਾ ਕਾ ਜ਼ੋਰ ਭੀ
ਦਰਿਆ ਕੀ ਤੁਗਿਆਨੀ ਮੇਂ ਥਾ।
-ਜ਼ਫਰ ਸਿੱਦੀਕੀ
ਖੁਦਾ ਮੇਂ ਨਾਖੁਦਾ ਮੇਂ ਕੁੱਛ
ਮੁਝੇ ਸ਼ਿਰਕਤ ਸੀ ਲਗਤੀ ਹੈ
ਜਹਾਂ ਡੂਬੀ ਮੇਰੀ ਕਸ਼ਤੀ
ਵਹਾਂ ਮੌਜੂਦ ਥੇ ਦੋਨੋਂ।
-ਅਗਿਆਤ
ਬਣ ਮਸੀਹੇ ਜ਼ਿੰਦਗੀ ਦੇ
ਆਏ ਸਨ ਜੋ ਧਰਤ 'ਤੇ,
ਜ਼ਹਿਰ ਘੋਲਣ ਆਪ ਖੂਹੀਂ
ਉਠ ਕੇ ਦੇਖੋ ਭਲਾ।
-ਲਖਵਿੰਦਰ ਜੌਹਲ
ਇੱਕ ਤੇਰੀ ਖ਼ੈਰ ਮਨਾਂਦੇ ਹਾਂ
ਪਰਦੇਸੀਂ ਵਸਦੇ ਦਿਲਦਾਰਾ,
ਹੁਣ ਕੋਲ ਅਸਾਂ ਮਸਕੀਨਾਂ ਦੇ
ਇੱਕ ਨੇਕ ਦੁਆ ਬਿਨ ਕੁਝ ਵੀ ਨਹੀਂ।
-ਅਮਰੀਕ ਸਿੰਘ ਪੂਨੀ

# ਅਬ ਕੀ ਬਾਰ ਬਖਸਿ ਬੰਦੇ ਕਉ...

ਕਈ ਸਾਲਾਂ ਤੋਂ ਮੈਂ ਜਪੁਜੀ ਸਾਹਿਬ ਬਾਰੇ ਪੁਸਤਕ ਲਿਖ ਰਿਹਾ ਸਾਂ। ਇਸ ਨੂੰ ਛਪਾਉਣ ਲਈ ਇਸ ਸਾਲ ਫ਼ਰਵਰੀ ਵਿਚ ਪੰਜਾਬ ਗਿਆ। ਪ੍ਰਕਾਸ਼ਕ ਰਾਹੀਂ ਦਿਤੀਆਂ ਕਾਪੀਆਂ ਨੂੰ ਜਦੋਂ ਮੈਂ ਚੰਡੀਗੜ੍ਹੋਂ ਵੈਨ ਵਿਚ ਰੱਖ ਕੇ ਪਟਿਆਲੇ ਲਿਆ ਰਿਹਾ ਸਾਂ ਤਾਂ ਰਾਹ ਵਿਚ ਗੁਰਮੁਖ ਦਿੱਖ ਵਾਲਾ ਡਰਾਈਵਰ ਕਹਿਣ ਲੱਗਾ, "ਤੁਸੀਂ ਮੈਨੂੰ ਸੌ ਰੁਪਏ ਘੱਟ ਦੇ ਦੇਣਾ।" ਅਚਨਚੇਤ ਉਸ ਦੀ ਇਹ ਪੇਸ਼ਕਸ਼ ਸੁਣ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

ਕੇ ਮੈਂ ਪੁੱਛਿਆ, "ਕਿਉਂ, ਇਸ ਲਈ ਕਿ ਧਰਮ ਦਾ ਕੰਮ ਕਰਨ ਜਾ ਰਿਹਾ ਐਂ?" ਉਹ ਬੋਲਿਆ, "ਨਹੀਂ ਜੀ। ਉਥੇ ਅਰਬਨ ਐਸਟੇਟ ਵਿਚ ਮੇਰੀ ਮਾਸੀ ਰਹਿੰਦੀ ਹੈ। ਤੁਹਾਡੇ ਪੱਜ ਉਨ੍ਹਾਂ ਨੂੰ ਵੀ ਮਿਲ ਆਵਾਂਗਾ। ਉਚੇਚਾ ਜਾਵਾਂਗਾ ਤਾਂ ਪੰਜ ਸੌ ਦਾ ਤੇਲ ਲਗੇਗਾ।"

ਵੈਨ ਮੇਰੇ ਘਰ ਅੱਗੇ ਲਾਉਂਦਿਆਂ ਹੀ ਉਹ ਪਿੱਛੇ ਵਲ ਟਿੱਭ ਗਿਆ। ਮੈਂ ਬੰਡਲ ਲਾਹ ਕੇ ਅੰਦਰ ਰਖੇ ਹੀ ਸਨ ਕਿ ਆ ਪਰਤਿਆ। ਕਹਿਣ ਲੱਗਾ, "ਮੇਰੀ ਮਾਸੀ ਦਾ ਘਰ ਪਿਛਲੀ ਗਲੀ ਵਿਚ ਹੀ ਹੈ, ਮੈਂ ਸੋਚਿਆ ਦੇਖ ਆਵਾਂ ਘਰੇ ਵੀ ਹਨ।" ਉਸ ਨਾਲ ਉਸ ਦੀ ਮਾਸੀ ਦਾ ਲੜਕਾ ਇਕ ਗਭਰੂ ਵੀ ਸੀ। ਨਾਲ ਆਏ ਨੌਜਵਾਨ ਨੇ ਅਗੇ ਵਧ ਕੇ ਸਤਿਕਾਰ ਨਾਲ ਮੇਰੇ ਗੋਡੀਂ ਹੱਥ ਲਾਏ। ਮੈਂ ਪੁਛਿਆ, "ਹੁਣ ਕਿਵੇਂ ਐਂ ਗੁਰਿੰਦਰ?" ਉਸ ਨੇ ਸਤਿਕਾਰ ਭਾਵ ਨਾਲ ਉਤਰ ਦਿਤਾ, "ਅੰਕਲ ਜੀ, ਤੁਹਾਡੀ ਕਿਰਪਾ ਨਾਲ ਹਾਲ ਤੀਕਰ ਵੀ ਠੀਕ ਠਾਕ ਹਾਂ।" ਗੁਰਿੰਦਰ ਦੇ ਚਿਹਰੇ 'ਤੇ ਸ਼ੁਕਰਾਨੇ ਦੇ ਭਾਵ ਪੜ੍ਹ ਕੇ ਵੈਨ ਵਾਲੇ ਨੇ ਅਚੰਭੇ ਨਾਲ ਉਸ ਵਲ ਤੱਕਿਆ ਜਿਵੇਂ ਪੁੱਛ ਰਿਹਾ ਹੋਵੇ, "ਤੂੰ ਜਾਣਦਾ ਐਂ ਇਹਨੂੰ?" ਤੇ ਫਿਰ ਜਿਵੇਂ ਮਸੇਰੇ ਦੀਆਂ ਅੱਖਾਂ ਵਿਚੋਂ ਉਸ ਨੂੰ ਜਵਾਬ ਮਿਲਿਆ ਹੋਵੇ, "ਮੈਥੋਂ ਕੀ ਪੁੱਛਦੈਂ? ਜਾਹ ਆਪਣੀ ਮਾਸੀ ਕੋਲੋਂ ਪੁੱਛ।"

ਮੈਨੂੰ ਪਤਾ ਨਹੀਂ ਜੇ ਡਰਾਈਵਰ ਗੁਰਿੰਦਰ ਦੀ ਮਾਂ ਤੋਂ ਇਸ ਬਾਰੇ ਕੁਝ ਪੁੱਛਦਾ ਤਾਂ ਉਹ ਉਸ ਨੂੰ ਕੁਝ ਦੱਸਦੀ। ਪਰ ਮੈਂ ਇਸ ਨਾਲ ਜੁੜੀ ਸੱਚੀ ਘਟਨਾ ਦੱਸ ਰਿਹਾਂ ਤਾਂ ਜੋ ਇਕ ਨਵੇਂ ਸਮਾਜਕ ਕਹਿਰ ਬਾਰੇ ਜਾਣਕਾਰੀ ਸਾਂਝੀ ਹੋ ਸਕੇ। ਇਸ 'ਚ ਕੇਵਲ ਪਾਤਰਾਂ ਦੇ ਨਾਂ-ਪਤੇ ਹੀ ਬਦਲੇ ਹਨ।

ਨਵੰਬਰ 2007 ਦੀ ਇਕ ਸ਼ਾਮ ਪੰਜਾਹ ਕੁ ਸਾਲ ਦੀ ਇਕ ਮਹਿਲਾ ਮੇਰੀ ਕਲੀਨਿਕ ਵਿਚ ਆਈ ਤੇ ਕਹਿਣ ਲੱਗੀ, "ਮੈਂ ਤੁਹਾਨੂੰ ਮਿਲਣਾ ਚਾਹੁੰਦੀ ਹਾਂ, ਹੁਣ ਟਾਈਮ ਹੈ ਤੁਹਾਡੇ ਕੋਲ?" ਮੈਂ ਕਿਹਾ "ਹਾਂ ਦਸੋ।" ਕਹਿਣ ਲੱਗੀ, "ਮੈਂ ਨੇੜੇ ਹੀ ਰਹਿੰਦੀ ਹਾਂ ਤੇ ਇਕਲਿਆਂ ਮਿਲਣ ਲਈ ਬਾਹਰ ਗਲੀ ਵਿਚ ਕਈ ਗੇੜੇ ਮਾਰ ਗਈ ਹਾਂ। ਮੈਂ ਆਪਣੇ ਲੜਕੇ ਬਾਰੇ ਗੱਲ ਕਰਨੀ ਸੀ।" ਬੀਬੀ ਦੇ ਚਿਹਰੇ 'ਤੇ ਸੰਕੋਚ ਤੇ ਗੰਭੀਰਤਾ ਦੇ ਮਿਲੇ-ਜੁਲੇ ਭਾਵ ਸਨ। ਉਸ ਨੂੰ ਇਕਾਂਤ ਦਾ ਅਹਿਸਾਸ ਦੁਆਉਣ ਲਈ ਬੂਹੇ ਦੇ ਪਰਦੇ ਤਾਣ ਦਿਤੇ ਤੇ ਅਗਾਂਹ ਵੱਲ ਝੁਕ ਕੇ ਬੈਠ ਗਿਆ। ਬਿਨਾ ਕੋਈ ਲੰਮੀ ਭੂਮਿਕਾ ਬੰਨ੍ਹੇ ਉਹ ਬੋਲੀ, "ਮੇਰਾ 26 ਸਾਲਾਂ ਦਾ ਇਕਲੌਤਾ ਲੜਕਾ ਹੈ। ਹਰ ਵੇਲੇ ਕਹਿੰਦਾ ਰਹਿੰਦਾ ਹੈ ਮੈਂ ਮਰ ਜਾਣਾ ਹੈ। ਰਾਤ ਬਰਾਤ ਘਰੋਂ ਨਿਕਲ ਜਾਂਦਾ ਹੈ। ਅਸੀਂ ਲੱਭ ਕੇ ਵਾਪਸ ਲਿਆਉਂਦੇ ਹਾਂ। ਸਾਨੂੰ ਡਰ ਹੈ ਕਿ ਕਿਤੇ ਸਾਡੇ ਘਰ ਦਾ ਦੀਵਾ ਨਾ ਬੁਝ ਜਾਵੇ।" ਕਹਿੰਦੀ ਉਹ ਸਿਸਕੀਆਂ ਭਰਨ ਲੱਗੀ।

ਮੈਂ ਉਸ ਨੂੰ ਪੀਣ ਲਈ ਪਾਣੀ ਦਿਤਾ। ਸ਼ਾਂਤ ਹੋ ਕੇ ਉਹ ਬੋਲੀ, "ਸਾਡੇ ਕੋਲ ਰੱਬ ਦਾ ਦਿਤਾ ਸਭ ਕੁਝ ਹੈ। ਕਿਸੇ ਚੀਜ਼ ਦੀ ਕਮੀ ਨਹੀਂ। ਫਿਰ ਵੀ ਪਤਾ ਨਹੀਂ ਉਸ ਨੂੰ ਕੀ ਦੁਖ ਹੈ ਜੋ ਉਹ ਜੀਵਨ ਤੋਂ ਨਿਰਾਸ਼ ਹੈ। ਅਸੀਂ ਉਸ ਨੂੰ ਡਾਕਟਰਾਂ, ਹਕੀਮਾਂ ਕੋਲ ਦਿਖਾਇਆ ਹੈ, ਘਰ ਵਿਚ ਸਮਝਾਇਆ ਹੈ, ਇਸ ਦੇ ਮਿੱਤਰਾਂ-ਦੋਸਤਾਂ ਤੇ ਅਧਿਆਪਕਾਂ ਤੋਂ ਵੀ ਅਖਵਾਇਆ ਹੈ। ਟੇਵੇ ਲਵਾਏ ਹਨ। ਕਿਤੋਂ ਕੋਈ ਸੁਧਾਰ ਨਹੀਂ ਹੋਇਆ। ਦੋ ਮਹੀਨੇ ਪਹਿਲਾਂ ਬਾਬੇ ਵਡਭਾਗ ਸਿੰਘ ਦੇ ਡੇਰੇ ਵੀ ਹਫ਼ਤਾ ਲਾ ਆਏ ਹਾਂ। ਪਰ ਕੋਈ ਫਰਕ ਨਹੀਂ ਪਿਆ। ਸਗੋਂ ਉਥੋਂ ਆਉਣ ਤੋਂ ਤੀਜੇ ਹੀ ਦਿਨ ਸੌਣ ਵੇਲੇ ਡਿਪ੍ਰੈਸ਼ਨ ਨਾਲ ਘਰੋਂ ਨਿਕਲ ਗਿਆ। ਵਕਤ ਸਿਰ ਪਤਾ ਲੱਗ ਜਾਣ ਕਰਕੇ ਰਾਤ ਨੂੰ ਦਸ ਵਜੇ ਭਾਖੜਾ ਨਹਿਰ ਵਲ ਜਾਂਦੇ ਨੂੰ ਮੋੜ ਕੇ ਲਿਆਏ। ਥੋੜੀ ਦੇਰ ਹੋ ਜਾਂਦੀ ਤਾਂ ਉਸ ਦਿਨ ਅਸੀਂ ਨਿਪੁੱਤੇ ਹੋ ਜਾਣਾ ਸੀ।" ਬੀਬੀ ਦੀਆਂ ਅੱਖਾਂ ਵਿਚੋਂ ਫਿਰ ਹੰਝੂ ਵਹਿਣ ਲਗੇ।

ਥੋੜੀ ਦੇਰ ਬਾਦ ਉਹ ਤਰਲਾ ਪਾ ਕੇ ਬੋਲੀ, "ਮੇਰੀ ਦਰਾਣੀ ਨੇ ਤੁਹਾਡੀ ਦੱਸ ਪਾਈ ਹੈ। ਕਹਿੰਦੀ ਸੀ, ਹੋਮਿਓਪੈਥੀ ਵਿਚ ਵੀ ਇਸ ਤਰ੍ਹਾਂ ਦੇ ਇਲਾਜ ਹੁੰਦੇ ਹਨ। ਤੁਹਾਡੇ ਕੋਲ ਹੈ ਕੋਈ ਦਵਾਈ ਜੋ ਉਸ ਦੀ ਮਰਜ਼ ਠੀਕ ਕਰ ਸਕੇ?

ਬੀਬੀ ਦੇ ਪ੍ਰਸ਼ਨ ਨੇ ਮੈਨੂੰ ਸੋਚੀਂ ਪਾ ਦਿਤਾ। ਮੈਂ ਉਸ ਨੂੰ ਕਿਵੇਂ ਸਮਝਾਉਂਦਾ ਕਿ ਹੋਮਿਓਪੈਥੀ ਵਿਚ ਮਰਜ਼ ਦੀ ਨਹੀਂ ਮਰੀਜ਼ ਦੀ ਦਵਾਈ ਹੁੰਦੀ ਹੈ। ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਮੇਰੇ ਮਿੱਤਰ ਡਾ. ਸਤਨਾਮ ਸਿੰਘ ਸੰਧੂ ਨੇ ਆਪਣੇ 'ਪੰਜਾਬ ਹੈਰੀਟੇਜ਼' ਨਾਮਕ ਆਨਲਾਈਨ ਰਸਾਲੇ ਦਾ 'ਸੂਈਸਾਈਡ' ਵਿਸ਼ੇ 'ਤੇ ਵਿਸ਼ੇਸ਼ ਅੰਕ ਕੱਢਣਾ ਸੀ। ਉਨ੍ਹਾਂ ਨੇ ਮੈਨੂੰ ਆਤਮ-ਹੱਤਿਆ ਸਿਰਲੇਖ ਨਾਲ ਇਕ ਅਰਟੀਕਲ ਲਿਖਣ ਲਈ ਕਿਹਾ। ਹੌਸਲਾ ਦੇਣ ਲਈ ਉਨ੍ਹਾਂ ਮੈਨੂੰ ਰਸਾਲੇ ਦੇ ਸਲਾਹਕਾਰੀ ਬੋਰਡ ਦਾ ਮੈਂਬਰ ਵੀ ਬਣਾ ਲਿਆ। ਉਨ੍ਹਾਂ ਦੀ ਗੱਲ ਰੱਖਣ ਲਈ ਮੈਂ ਲੇਖ ਸ਼ੁਰੂ ਤਾਂ ਕਰ ਦਿਤਾ ਪਰ ਪੂਰਾ ਨਾ ਕਰ ਸਕਿਆ ਕਿਉਂਕਿ ਹਵਾ ਵਿਚ ਤਲਵਾਰਾਂ ਮਾਰਨ ਨਾਲ ਕਿਸੇ ਦਾ ਵੀ ਭਲਾ ਨਹੀਂ ਸੀ ਹੋਣਾ। ਹੋਮਿਓਪੈਥੀ ਕੋਲ ਫਿਲਾਸਫੀ ਦਾ ਇਕ ਧਨਾਢ ਵਿਰਸਾ ਜ਼ਰੂਰ ਹੈ ਪਰ ਇਹ ਇਕ ਅਮਲੀ ਸਾਇੰਸ ਹੈ ਜੋ ਕੇਸ ਮੁਤਾਬਕ ਨਿਪਟਾਰਾ ਕਰਦੀ ਹੈ। ਮੇਰੇ ਕੋਲ ਹਾਲੇ ਆਤਮ-ਹੱਤਿਆ ਦਾ ਕੋਈ ਕੇਸ ਨਹੀਂ ਸੀ ਆਇਆ ਇਸ ਲਈ ਮੈਂ ਲਿਖਣ ਤੋਂ ਅਸਮਰਥ ਸਾਂ। ਲਿਹਾਜ਼ਾ ਪ੍ਰੋਫੈਸਰ ਸਾਹਿਬ ਨੇ ਨਾਰਾਜ਼ਗੀ ਨਾਲ ਮੇਰਾ ਨਾਂ ਬੋਰਡ ਵਿਚੋਂ ਕੱਢ ਦਿਤਾ ਸੀ। ਮੈਂ ਖ਼ੁਦ ਨੂੰ ਉਨ੍ਹਾਂ ਦਾ ਗੁਨਾਹਗਾਰ ਸਮਝਦਾ ਹਾਂ। ਜੇ ਉਨ੍ਹਾਂ ਆਪਣਾ ਅਨ-ਲਾਈਨ ਮੈਗ਼ਜ਼ੀਨ ਬੰਦ ਨਾ ਕਰ ਦਿਤਾ ਹੁੰਦਾ ਤਾਂ ਮੇਰਾ ਇਹ ਆਰਟੀਕਲ ਉਥੇ ਛਪਦਾ।

ਖੈਰ, ਮੈਂ ਬੀਬੀ ਨੂੰ ਕਿਹਾ ਕਿ ਆਪਣੇ ਮੁੰਡੇ ਬਾਰੇ ਕੁਝ ਹੋਰ ਦੱਸੇ। ਉਹ ਉਤਸ਼ਾਹ ਨਾਲ ਬੋਲੀ, "ਬੱਸ ਜੀ, ਉਂਜ ਸਾਡਾ ਗੁਰੀ ਸਿਆਣਾ ਬਹੁਤ ਐ। ਕੋਈ ਗੁੱਸਾ ਨਹੀਂ ਉਸ ਵਿਚ, ਕੋਈ ਉਚਾ ਨਹੀਂ ਬੋਲਦਾ। ਪਰ ਕਿਸੇ ਚੀਜ਼ ਵਿਚ ਕੋਈ ਰੁਚੀ ਨਹੀਂ ਰੱਖਦਾ। ਕਿਸੇ ਦੋਸਤ-ਮਿੱਤਰ ਨੂੰ ਮਿਲਣ ਨਹੀਂ ਜਾਂਦਾ। ਵਧੇਰੇ ਸਮਾਂ ਆਪਣੇ ਕਮਰੇ ਵਿਚ ਹੀ ਰਹਿੰਦਾ ਹੈ। ਬੀ-ਕਾਮ ਕੀਤੀ ਹੋਈ ਹੈ। ਉਸ ਦੇ ਡੈਡੀ ਨੌਕਰੀ ਲਵਾ ਕੇ ਦੇ ਰਹੇ ਹਨ ਪਰ ਹਾਂ ਹੀ ਨਹੀਂ ਕਰਦਾ। ਕਹਿੰਦਾ ਹੈ, ਮੈਂ ਨੌਕਰੀ ਕੀ ਕਰਨੀ ਹੈ। ਰਿਸ਼ਤੇਦਾਰਾਂ ਨੇ ਕਿਹਾ ਵਿਆਹ ਕਰਨ ਨਾਲ ਠੀਕ ਹੋ ਜਾਵੇਗਾ। ਅਸੀਂ ਜੋਰ ਪਾ ਕੇ ਸਾਲ ਪਹਿਲਾਂ ਸ਼ਾਦੀ ਵੀ ਕਰ ਦਿਤੀ। ਸੁੰਦਰ ਵਹੁਟੀ ਹੈ, ਇਕ ਬੱਚੀ ਵੀ ਹੋ ਗਈ ਹੈ, ਪਰ ਉਸ ਦੇ ਸੁਭਾਅ ਵਿਚ ਕੋਈ ਤਬਦੀਲੀ ਨਹੀਂ ਆਈ। ਆਪਣੀ ਪਤਨੀ ਨੂੰ ਵੀ ਕਹਿੰਦਾ ਰਹਿੰਦਾ ਹੈ ਕਿ ਮਰ ਜਾਣਾ ਐ। ਸੁਣ ਕੇ ਉਸ ਦਾ ਵੀ ਦਿਲ ਪ੍ਰੇਸ਼ਾਨ ਹੁੰਦਾ ਹੈ।" ਇੰਨਾ ਦੱਸ ਕੇ ਉਸ ਨੇ ਸੱਖਣੀਆਂ ਅੱਖਾਂ ਨਾਲ ਮੇਰੇ ਵਲ ਤਕਿਆ।

ਮੈਂ ਮਹਿਸੂਸ ਕਰ ਰਿਹਾ ਸਾਂ ਕਿ ਆਤਮ-ਹੱਤਿਆ ਇਕ ਸਮਾਜਕ ਸਮੱਸਿਆ ਹੋਣ ਤੋਂ ਵੀ ਵੱਧ ਇਕ ਵਿਅਕਤੀਗਤ ਸਮੱਸਿਆ ਹੈ। ਦੁਰਖ਼ਾਈਮ, ਫ਼ਰਾਇਡ ਤੇ ਕਾਰਲ ਮਾਰਕਸ ਜਿਹੇ ਪੱਛਮੀ ਵਿਦਵਾਨਾਂ ਨੇ ਇਸ ਦਾ ਕਾਰਨ ਮਨੁੱਖੀ ਮਨ ਦੀਆਂ ਅੰਤਰੀਵ ਪਰਤਾਂ ਵਿਚ ਛੁਪੀ ਜੀਵਨ-ਪਲਾਇਨ ਦੀ ਰੁਚੀ ਦਸਿਆ ਹੈ। ਫ਼ਰਾਇਡ ਇਸ ਨੂੰ 'ਡੈਥ ਇੰਸਟਿਕਟ' ਦਾ ਨਾਂ ਦਿੰਦਾ ਹੈ। ਕਾਰਲ ਮਾਰਕਸ ਇਸ ਦਾ ਕਾਰਨ ਸ਼ਰਮਾਏਦਾਰੀ ਸਮਾਜ ਮੰਨਦਾ ਹੈ ਜੋ ਮਨੁਖ ਨੂੰ ਉਤਪਾਦਨ ਪ੍ਰਕ੍ਰਿਆ ਨਾਲੋਂ ਵਿਜੋਗ ਕੇ ਉਸ ਦਾ ਕਾਰਜਸ਼ੀਲ ਜੀਵਨ ਖੋਹ ਲੈਂਦਾ ਹੈ ਤੇ ਉਸ ਨੂੰ ਅਰੁਚੀ ਤੇ ਨਿਰਾਸ਼ਾ ਦੀ ਦਲਦਲ ਵਿਚ ਧੱਕ ਦਿੰਦਾ ਹੈ। ਪਰ ਇਹ ਤਾਂ ਗੱਲਾਂ ਹਨ, ਇਲਾਜ ਨਹੀਂ।

ਮੈਂ ਬੀਬੀ ਤੋਂ ਪੁੱਛਿਆ, "ਕਿੰਨੀ ਦੇਰ ਤੋਂ ਐਂ ਤੇਰੇ ਮੁੰਡੇ ਨੂੰ ਇਹ ਤਕਲੀਫ਼?"

ਉਹ ਬੋਲੀ, "ਤਿੰਨ ਕੁ ਸਾਲ ਤੋਂ।"

"ਕੀ ਹੋਇਆ ਸੀ ਉਸ ਵੇਲੇ?" ਮੈਂ ਪੁਛਿਆ।

"ਹੋਇਆ ਕੁਝ ਵੀ ਨਹੀਂ, ਬੱਸ ਸਹਿਜੇ ਹੀ।" ਉਸ ਨੇ ਸੋਚ ਕੇ ਦਸਿਆ।

ਇਹ ਸੁਣ ਕੇ ਮੈਂ ਕਿਹਾ, "ਮੈਂ ਤੇਰੇ ਪੁੱਤਰ ਨੂੰ ਮਿਲਣਾ ਚਾਹਾਂਗਾ, ਉਸ ਦੀ ਵਹੁਟੀ ਨੂੰ ਵੀ। ਦੋਹਾਂ ਨੂੰ ਅਲੱਗ ਅਲੱਗ।" ਅਗਲੇ ਦਿਨ ਆਉਣ ਦਾ ਵਾਅਦਾ ਕਰ ਕੇ ਉਹ ਚਲੀ ਗਈ।

ਬੀਬੀ ਦੇ ਜਾਣ ਤੋਂ ਬਾਦ ਉਸ ਰਾਤ ਮੈਂ ਆਤਮਹੱਤਿਆ ਸਬੰਧੀ ਅਧਿਐਨ ਕੀਤਾ। ਕੋਈ ਢਾਈ ਸੌ ਦੇ ਕਰੀਬ ਦਵਾਈਆਂ ਮਾਨਸਿਕ ਨਿਰਾਸ਼ਾ ਲਈ ਦਰਜ਼ ਸਨ ਤੇ 70 ਦੇ ਲਗਭਗ ਸੂਈਸਾਈਡ ਦੀਆਂ। ਅਲਾਮਤਾਂ ਦੇ ਵੇਰਵੇ ਤੋਂ ਬਿਨਾ ਇਨ੍ਹਾਂ ਵਿਚੋਂ ਇਕ ਦਵਾਈ ਚੁਣਨਾ ਅਸੰਭਵ ਸੀ। ਅਗਲੀ ਸ਼ਾਮ ਬੀਬੀ ਨੂੰਹ-ਪੁੱਤਰ ਦੋਹਾਂ ਨੂੰ ਲੈ ਕੇ ਆਈ। ਮੈਂ ਤਿੰਨਾਂ ਨੂੰ ਇਕ ਇਕ ਕਰ ਕੇ ਸੱਦਿਆ ਤੇ ਪੜਤਾਲ ਕੀਤੀ।

ਸਭ ਤੋਂ ਪਹਿਲਾਂ ਮੈਂ ਬੀਮਾਰ ਸਦਿਆ। ਉਹ ਬੜੀ ਮੁਸ਼ਕਲ ਨਾਲ ਖੁਲ੍ਹਿਆ। ਮੇਰੇ ਪੁੱਛੇ ਸਵਾਲਾਂ ਦੇ ਜਵਾਬ ਵਿਚ ਉਸ ਨੇ ਕਬੂਲ ਕੀਤਾ ਕਿ ਉਸ ਦੇ ਮਨ ਵਿਚ ਆਤਮਘਾਤੀ ਵਿਚਾਰ ਹਰ ਵੇਲੇ ਮੌਜੂਦ ਰਹਿੰਦੇ ਸਨ ਪਰ ਇਨ੍ਹਾਂ ਦਾ ਤੇਜ ਹੜ੍ਹ ਮਹੀਨੇ ਵਿਚ ਇਕ ਅੱਧ ਵਾਰ ਹੀ ਉਠਦਾ ਸੀ। ਆਮ ਦਿਨਾਂ ਵਿਚ ਉਹ ਆਪਣੇ ਅੰਦਰ ਦੀ ਉਦਾਸੀ ਵਿਚ ਡੁੱਬਿਆ ਰਹਿੰਦਾ ਸੀ। ਉਸ ਅੰਦਰ ਪੁਰਾਣੀਆਂ ਯਾਦਾਂ ਦੀ ਇਕ ਲੜੀ ਚਲਦੀ ਰਹਿੰਦੀ ਸੀ ਜਿਨ੍ਹਾਂ ਵਿਚੋਂ ਪਛਤਾਵਾ ਤੇ ਆਤਮ ਗਿਲਾਨੀ ਦੀਆਂ ਤਰੰਗਾਂ ਉਠਦੀਆਂ ਰਹਿੰਦੀਆਂ ਸਨ। ਇਨ੍ਹਾਂ ਦੇ ਚਲਦਿਆ ਉਸ ਨੂੰ ਕੁਝ ਚੰਗਾ ਨਹੀਂ ਸੀ ਲਗਦਾ। ਫਿਰ ਜਦੋਂ ਉਪਰਾਮਤਾ ਦਾ ਉਬਾਲ ਹੌਲੀ ਹੌਲੀ ਵਧ ਜਾਂਦਾ ਸੀ ਤਾਂ ਉਹ ਜੀਵਨ ਲੀਲਾ ਖਤਮ ਕਰਨਾ ਹੀ ਠੀਕ ਸਮਝਦਾ। ਉਸ ਨੇ ਮੰਨਿਆ ਕਿ ਉਸ ਦੇ ਦਿਲ ਨੂੰ ਇਕ ਡੂੰਘੀ ਚੋਟ ਲਗੀ ਸੀ ਪਰ ਇਸ ਦਾ ਕੋਈ ਵੇਰਵਾ ਨਹੀਂ ਦਿਤਾ। ਇਹ ਪੁੱਛਣ ਤੇ ਕਿ ਉਹ ਆਤਮ-ਹਤਿਆ ਕਿਸ ਢੰਗ ਨਾਲ ਕਰਨਾ ਪਸੰਦ ਕਰਦਾ ਸੀ ਉਸ ਨੇ ਕਿਹਾ ਨਹਿਰ ਵਿਚ ਛਾਲ ਮਾਰ ਕੇ। ਤੰਦਰੁਸਤੀ ਦੀ ਉਮੀਦ ਬਾਰੇ ਦੱਸਦਿਆ ਉਸ ਨੇ ਕਿਹਾ ਕਿ ਉਹ ਜਿਥੇ ਸੀ ਉਥੋਂ ਬਾਹਰ ਆਉਣ ਦਾ ਕੋਈ ਰਸਤਾ ਨਹੀਂ ਸੀ। ਲੜਕੇ ਨੇ ਗਲ ਵਿਚ ਤਾਵੀਜ਼ ਤੇ ਉਂਗਲਾਂ ਵਿਚ ਨਗਾਂ ਵਾਲੇ ਛੱਲੇ ਪਾਏ ਹੋਏ ਸਨ।

ਫਿਰ ਮੈਂ ਉਸ ਦੀ ਪਤਨੀ ਨੂੰ ਸੱਦ ਕੇ ਕੁਝ ਸਵਾਲ ਕੀਤੇ। ਉਸ ਨੇ ਆਪਣੇ ਪਤੀ ਬਾਰੇ ਦੱਸਿਆ, "ਮੈਂ ਜਦੋਂ ਤੋਂ ਇਨ੍ਹਾਂ ਨੂੰ ਵੇਖਿਆ ਹੈ ਇਹ ਡਿਪਰੈਸਡ ਹੀ ਰਹਿੰਦੇ ਹਨ। ਉਂਜ ਇਹ ਠੀਕ ਠਾਕ ਹਨ, ਬੋਲਦੇ ਵੀ ਹਨ ਪਰ ਇਨ੍ਹਾਂ ਨੂੰ ਆਪ ਕਿਸੇ ਚੀਜ਼ ਦੀ ਦਿਲੀ ਚਾਹਨਾ ਨਹੀਂ ਹੁੰਦੀ। ਮੈਂ ਇਨ੍ਹਾਂ ਨੂੰ ਕਿਸੇ ਮਾੜੀ ਥਾਂ ਜਾਂਦੇ ਨਹੀਂ ਵੇਖਿਆ ਤੇ ਕੋਈ ਮਾੜੀ ਚੀਜ਼ ਖਾਂਦੇ ਪੀਂਦੇ ਨਹੀਂ ਵੇਖਿਆ। ਕਦੇ ਬਹੁਤਾ ਗੁੱਸਾ ਵੀ ਨਹੀਂ ਕਰਦੇ ਪਰ ਚਿੜਚਿੜੇ ਜ਼ਰੂਰ ਰਹਿੰਦੇ ਹਨ। ਪਤਾ ਲੱਗਾ ਐ ਜਿਸ ਲੜਕੀ ਨਾਲ ਇਨ੍ਹਾਂ ਨੂੰ ਪਿਆਰ ਸੀ, ਉਸ ਦੇ ਮਾਪੇ ਉਸ ਦੀ ਸ਼ਾਦੀ ਕਿਤੇ ਹੋਰ ਕਰਨਾ ਚਾਹੁੰਦੇ ਸਨ। ਕੁੜੀ ਨਹਿਰ ਵਿਚ ਛਾਲ ਮਾਰ ਕੇ ਮਰ ਗਈ। ਸ਼ਾਇਦ ਉਸੇ ਦਾ ਸਦਮਾ ਦਿਲ ਨੂੰ ਲਾਈ ਬੈਠੇ ਹੋਣ। ਮੇਰੀ ਇਹ ਗੱਲ ਇਨ੍ਹਾਂ ਨਾਲ ਨਾ ਕਰਨਾ।" ਮੈਂ ਕਿਹਾ, "ਤੈਨੂੰ ਕਿਵੇਂ ਪਤਾ ਐ ਇਸ ਦੇ ਦਿਲ ਨੂੰ ਇਹ ਸਦਮਾ ਲੱਗਾ ਐ?" ਕਹਿਣ ਲੱਗੀ, "ਅੰਕਲ ਜੀ, ਇਹ ਗੱਲ ਤਾਂ ਇਨ੍ਹਾਂ ਸਭ ਨੂੰ ਵੀ ਪਤਾ ਐ ਪਰ ਇਹ ਸ਼ਰਮ ਦੇ ਮਾਰੇ ਜ਼ਿਕਰ ਨਹੀਂ ਕਰਦੇ ਕਿਉਂਕਿ ਲੜਕੀ ਇਨ੍ਹਾਂ ਦੀ ਨੇੜੇ ਦੀ ਰਿਸ਼ਤੇਦਾਰੀ ਵਿਚੋਂ ਸੀ। ਉਂਜ ਇਸ ਬਾਰੇ ਕੁਝ ਚਿੱਠੀਆਂ ਵੀ ਲੱਗੀਆਂ ਹਨ ਮੇਰੇ ਹੱਥ। ਇਨ੍ਹਾਂ ਦੀ ਆਈ ਵਿਚ ਫਸ ਮੈਂ ਗਈ ਆਂ। ਮੈਨੂੰ ਤਾਂ ਆਪਣੇ ਭਵਿੱਖ ਦੀ ਚਿੰਤਾ ਖਾਈ ਜਾਂਦੀ ਹੈ।" ਗੱਲ ਸਮਾਪਤ ਕਰਨ ਦੇ ਪੱਜ ਮੈਂ ਕਿਹਾ, "ਤੂੰ ਚਿੰਤਾ ਨਾ ਕਰ, ਤੇਰੇ ਭਵਿੱਖ ਨੂੰ ਕੁਝ ਨਹੀਂ ਹੋਣ ਲੱਗਾ।" ਉਹ ਪਤਾ ਨਹੀਂ ਕੀ ਸਮਝੀ, ਉਸ ਦੇ ਚਿਹਰੇ ਤੇ ਸ਼ਰਮੀਲੀ ਜਿਹੀ ਮੁਸਕਾਨ ਫਿਰ ਗਈ।

ਉਸ ਤੋਂ ਬਾਦ ਮੈਂ ਉਸ ਦੀ ਸੱਸ ਨੂੰ ਸਦਿਆ ਤੇ ਪੁਛਿਆ, "ਤੁਹਾਨੂੰ ਯਾਦ ਹੈ ਕਿਹੜੀ ਤਾਰੀਖ ਨੂੰ ਲਿਆਏ ਸੀ ਤੁਸੀਂ ਗੁਰਿੰਦਰ ਨੂੰ ਨਹਿਰ ਤੋਂ ਮੋੜ ਕੇ?" ਉਸ ਨੇ ਹਿਸਾਬ ਲਾ ਕੇ ਦੋ ਕੁ ਮਹੀਨੇ ਪਹਿਲਾਂ ਦੀ ਕੋਈ ਮਿਤੀ ਦੱਸੀ। ਮੈਂ ਕੰਪਿਊਟਰ ਨਾਲ ਚੈਕ ਕਰ ਕੇ ਵੇਖਿਆ ਉਸ ਰਾਤ ਪੂਰਨਮਾਸ਼ੀ ਸੀ। ਮੈਂ ਉਸ ਤੋਂ ਗੁਰਿੰਦਰ ਦਾ ਜਨਮ ਵੇਰਵਾ ਲਿਆ ਤੇ ਦੂਜੇ ਕਮਰੇ ਵਿਚ ਬੈਠਨ ਲਈ ਕਿਹਾ। ਦਵਾਈ ਤਿਆਰ ਕਰਨ ਲਈ ਵੀਹ ਕੁ ਮਿੰਟ ਦਾ ਸਮਾਂ ਲਗਣਾ ਸੀ।

ਦਵਾਈ ਲਭਣ ਲਈ ਜਿਨ੍ਹਾਂ ਅਲਾਮਤਾਂ ਦੀ ਮੈਂ ਮਦਦ ਲਈ, ਉਹ ਸਨ-ਪਿਆਰ ਵਿਚ ਪਾਗ਼ਲ ਹੋਣਾ, ਦਿਲ-ਟੁਟਣ ਕਾਰਨ ਮਾਨਸਿਕ ਰੋਗ਼ ਲਗਣਾ, ਉਦਾਸੀ, ਆਤਮਘਾਤੀ ਰੁਝਾਨ, ਪਾਣੀ ਵਿਚ ਡੁੱਬ ਕੇ ਆਤਮਘਾਤ ਕਰਨ ਦੀ ਇੱਛਾ, ਤੇ ਪੂਰਨਮਾਸ਼ੀ ਵਾਲੇ ਦਿਨ ਰੋਗ ਦਾ ਤੀਬਰ ਹੋਣਾ। ਇਨ੍ਹਾਂ ਨਿਸ਼ਾਨੀਆਂ ਦੇ ਆਧਾਰ 'ਤੇ ਉਸ ਲਈ 'ਅ' ਤੇ 'ਕ' ਅੱਖਰਾਂ ਨਾਲ ਸ਼ੁਰੂ ਹੋਣ ਵਾਲੀ ਇਕ ਦਵਾਈ ਉਭਰ ਕੇ ਸਾਹਮਣੇ ਆਈ ਜਿਸ ਦੀ ਪੋਟੈਂਸੀ ਅੱਖਾਂ ਵਿਚ ਪਾਉਣ ਵਾਲੇ ਸੁਰਮੇ ਤੋਂ ਬਣਦੀ ਹੈ। ਇਹ ਲੰਮੇ ਸਮੇਂ ਤੀਕਰ ਡੂੰਘਾਈ ਨਾਲ ਅਸਰ ਕਰਨ ਵਾਲੀ ਦਵਾਈ ਸੀ, ਇਸ ਲਈ ਇਸ ਦੀ ਇਕ ਖ਼ੁਰਾਕ ਮੈਂ ਗੁਰਿੰਦਰ ਦੇ ਮੂੰਹ ਵਿਚ ਝਾੜ ਕੇ ਉਨ੍ਹਾਂ ਨੂੰ ਰੁਖ਼ਸਤ ਕੀਤਾ।

ਜਾਣ ਵੇਲੇ ਉਸ ਦੀ ਮਾਂ ਨੇ ਪੁਛਿਆ, "ਹੁਣ ਫੇਰ ਕਦੋਂ ਆਈਏ ਜੀ?"

"ਜਦੋਂ ਇਹ ਫਿਰ ਮਰਨ ਦਾ ਨਾਂ ਲਵੇ, ਉਦੋਂ।"

ਤੇ ਉਹ ਫਿਰ ਕਦੇ ਨਹੀਂ ਆਏ। ਉਹ ਦਿਨ ਤੇ ਅੱਜ, ਗੁਰਿੰਦਰ ਨੇ ਇਕ ਵਾਰੀ ਵੀ ਮਰਨ ਦਾ ਨਾਂ ਨਹੀਂ ਲਿਆ। ਉਸ ਨਾਲ ਇਕ ਵਾਰ ਗੱਲ ਹੋਈ ਤਾਂ ਬੋਲਿਆ, "ਅੰਕਲ ਜੀ, ਇਨਸਾਨ ਤੋਂ ਗਲਤੀਆਂ ਹੋ ਜਾਂਦੀਆਂ ਹਨ। ਮੈਂ ਹੁਣ ਉਨ੍ਹਾਂ ਗੱਲਾਂ 'ਤੇ ਮਿੱਟੀ ਪਾ ਦਿੱਤੀ ਹੈ।" ਉਸ ਦੀ ਮਾਂ ਹੁਣ ਹਮੇਸ਼ਾ ਖੁਸ਼ ਰਹਿੰਦੀ ਹੈ। ਉਹ ਮੈਨੂੰ ਅਕਸਰ ਸ਼ੁਕਰਗੁਜ਼ਾਰ ਹੋ ਕੇ ਦਸਦੀ ਹੈ ਕਿ ਉਸ ਇਕ ਖ਼ੁਰਾਕ ਨੇ ਉਸ ਦਾ ਘਰ ਖ਼ੁਸ਼ੀ ਨਾਲ ਭਰ ਦਿਤਾ ਹੈ। ਉਸ ਦਾ ਲੜਕਾ ਆਪਣੇ ਕੰਮ ਵਿਚ ਰੁਚੀ ਲੈਣ ਲੱਗ ਪਿਆ ਹੈ। ਉਹ ਨੌਕਰੀ ਲੱਗ ਗਿਆ। ਉਸ ਦੇ ਇਕ ਬੇਟਾ ਵੀ ਹੋ ਗਿਆ ਹੈ। ਅਰਬਨ ਐਸਟੇਟ ਵਿਚ ਬੀਵੀ ਬਚਿਆਂ ਨਾਲ ਸੈਰ ਕਰਦਾ ਉਹ ਆਮ ਹੀ ਮਿਲ ਜਾਂਦਾ ਹੈ।

ਗੁਰਿੰਦਰ ਦੀ ਬੀਮਾਰੀ ਅਤੇ ਹੋਮਿਓਪੈਥਿਕ ਰੈਪਰਟਰੀ ਅਨੁਸਾਰ ਲੱਭੀ ਉਸ ਦੀ ਦਵਾਈ, ਦੋਹਾਂ ਵਿਚ ਕੁਝ ਸਾਂਝੀਆਂ ਗੱਲਾਂ ਦੀ ਝਲਕ ਮਿਲਦੀ ਸੀ। ਇਹੀ ਸਹੀ ਇਲਾਜ ਦੀ ਕਸੌਟੀ ਸੀ।

ਇਸ ਕੇਸ ਦਾ ਇਕ ਦੂਜਾ ਪਾਸਾ ਵੀ ਹੈ। ਕਹਿੰਦੇ ਹਨ, ਚੰਦਰਮਾ ਮਨ ਅਤੇ ਖ਼ੂਬਸੂਰਤੀ ਦੇ ਸਬੰਧ ਦਾ ਪ੍ਰਤੀਕ ਹੈ। ਅੰਦਰੂਨੀ ਖਿੱਚ ਦੇ ਇਸ ਪ੍ਰਗਟਾਵੇ ਨੂੰ ਮੋਹ, ਮਮਤਾ ਜਾਂ ਪਿਆਰ ਵੀ ਕਹਿੰਦੇ ਹਨ। ਇਹੀ ਚੰਦਰਮਾ ਦਿਲ, ਖ਼ੂਨ, ਜਲ ਤੇ ਮਾਂ ਦਾ ਪ੍ਰੀਤੀਨਿਧੀ ਵੀ ਮੰਨਿਆ ਜਾਂਦਾ ਹੈ। ਪੂਰਨਮਾਸ਼ੀ ਵਾਲੇ ਦਿਨ ਚੰਦਰਮਾ ਪੂਰੇ ਜਲੌਅ ਵਿਚ ਹੁੰਦਾ ਹੈ। ਪੂਰਨਮਾਸ਼ੀ ਵਾਲੀ ਰਾਤ ਨੂੰ ਹੀ ਇਸ ਦੇ ਪਾਣੀ ਉਤੇ ਖਿਚਾਅ ਕਾਰਨ ਸਮੁੰਦਰ ਵਿਚ ਜਵਾਰਭਾਟਾ ਆਉਂਦਾ ਹੈ। ਇਸ ਰਾਤ ਨੂੰ ਹੀ ਪ੍ਰੇਮ ਕਰਨ ਵਾਲਿਆਂ ਨੂੰ ਦੀਵਾਨਗੀ ਦੇ ਦੌਰੇ ਪੈਂਦੇ ਹਨ ਤੇ ਮਿਰਗੀ ਵਾਲਿਆਂ ਨੂੰ ਮਿਰਗੀ ਉਠਦੀ ਹੈ। ਹੱਥ-ਰੇਖਾ ਗਿਆਨੀ ਜਾਤਕ ਦੀ ਹਥੇਲੀ ਵਿਚ ਦਿਮਾਗ਼ ਦੀ ਰੇਖਾ ਚੰਦਰਮਾ ਦੇ ਮੌਂਡ ਵਲ ਜਾਂਦੀ ਵੇਖ ਕੇ ਉਸ ਦੇ ਆਤਮਘਾਤ ਕਰਨ ਦੀ ਪੇਸ਼ੀਨਗੋਈ ਕਰਦੇ ਹਨ। ਜੋਤਿਸ ਵਾਲੇ ਚੰਦਰਮਾ ਨੂੰ ਮਨ ਤੇ ਜਲ ਦਾ ਸਵਾਮੀ ਮੰਨਦੇ ਹਨ। ਜਿਨ੍ਹਾਂ ਦਾ ਚੰਦਰਮਾ ਲਗਨ ਦਾ ਮਾਲਕ ਹੋ ਕੇ ਅਠੱਵੇ ਘਰ ਵਿਚ ਬੈਠਾ ਹੋਵੇ ਉਹ ਉਨ੍ਹਾਂ ਦੀ ਮੌਤ ਡੁਬ ਕੇ ਜਾਂ ਆਤਮਘਾਤ ਰਾਹੀਂ ਤੇ ਜਾਂ ਪਾਗ਼ਲਪਨ ਨਾਲ ਹੋਣੀ ਨਿਸ਼ਚਿਤ ਦਸਦੇ ਹਨ। ਮੈਨੂੰ ਗੁਰਿੰਦਰ ਦਾ ਕੇਸ ਵੀ ਕੁਝ ਇੰਦਾਂ ਦਾ ਹੀ ਲੱਗਾ।

ਇਸ ਕੇਸ ਤੋਂ ਆਖ਼ਰ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਆਤਮਘਾਤ ਦੇ ਪਸਰਦੇ ਸਮਾਜਕ ਕੋਹੜ ਦਾ ਹੱਲ ਵਿਅਕਤੀਗਤ ਪੱਧਰ 'ਤੇ ਕੀਤੇ ਇਲਾਜ ਰਾਹੀਂ ਹੀ ਸੰਭਵ ਹੋ ਸਕਦਾ ਹੈ।

## ਮੇਰੇ ਦਿਲ ਦੀ ਗੱਲ

ਗੁਰਬਤਾਂ ਦੀ ਫਾਹੀ ਕੇਰਾਂ ਗਲੇ ਵਿਚੋਂ ਲਾਹੁਣ ਲਈ,
ਟੱਪ ਆਇਆ ਬਾਡਰਾਂ ਦੀ ਕੰਡਿਆਲੀ ਤਾਰ ਨੂੰ।
ਸਾਰਾ ਪਰਿਵਾਰ 'ਕੱਠਾ ਖੁਸ਼ ਰਹੇ ਮੇਰਾ ਸਦਾ,
ਤਾਹੀਂ ਹੋ ਕੇ 'ਕੱਲਾ ਛੱਡ ਆਇਆ ਪਰਿਵਾਰ ਨੂੰ।
ਜ਼ਿੰਦਗੀ 'ਚ ਦੁੱਖ ਝੱਲੇ ਖੁਸ਼ੀ ਵੰਡੀ ਸਾਰਿਆਂ ਨੂੰ,
ਸੀਨੇ ਲੱਗੀ ਝੱਲ ਬੈਠਾਂ ਵਿਛੋੜੇ ਦੀ ਕਟਾਰ ਨੂੰ।
ਗਮਾਂ ਦੇ ਸਮੁੰਦਰਾਂ 'ਚ ਖਾਂਦੇ ਅਰਮਾਨ ਗੋਤੇ,
ਚਾਵਾਂ ਵਾਲੇ ਟੁੱਟੇ ਖੰਭ ਤਰਸਦੇ ਉਡਾਰ ਨੂੰ।
ਦੁੱਖਾਂ ਵਾਲਾ ਚਰਖਾ ਗਲੋਟੇ ਲਾਹੁੰਦੇ ਹੌਕਿਆਂ ਦੇ,
ਜ਼ਿੰਦ ਹੋਈ ਪੂਣੀ ਬੱਗੀ ਜਿਵੇਂ ਰੋਗ ਬਿਮਾਰ ਨੂੰ।
ਭਾਈਆਂ ਲਈ ਉਸਾਰ'ਤੀ ਕੋਠੀ ਤਿੰਨ ਮੰਜ਼ਿਲੀ,
ਆਪੇ ਖੁਹਾਇਆ ਅੰਦਰ ਜਾਣ ਦੇ ਅਧਿਕਾਰ ਨੂੰ।
ਘਰ ਦੀ ਜ਼ਮੀਨ ਵਿਚੋਂ ਡੋਲ ਵਾਂਗ ਮਾਂਜਿਆ ਸੀ,
ਅੰਮਾ ਜਾਏ ਭੁੱਲ ਗਏ ਨੇ ਵੀਰਾਂ ਦੇ ਪਿਆਰ ਨੂੰ।
ਮਨ ਵਿਚ ਸਾਂਭੀ ਬੈਠਾਂ ਯਾਦ ਮਿੱਟੀ-ਵਤਨਾਂ ਦੀ,
ਆਪਣਿਆਂ ਤੋਂ ਮਿਲੇ ਦੁੱਖ 'ਮੇਜਰ ਕੁਲਾਰ' ਨੂੰ।

*-ਮੇਜਰ ਕੁਲਾਰ ਬੋਪਾਰਾਏ ਕਲਾਂ*

## ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ

**ਰਾਗ ਸੂਹੀ ਮਹਲਾ ਪਹਿਲਾ ਕੁਚਜੀ**
**(ਭਾਗ 2)**

ਮੰਦਰ ਮਿਟੀ ਸੰਦੜੇ
ਪਥਰ ਕੀਤੇ ਰਾਸਿ ਜੀਉ॥
ਹਉ ਏਨੀ ਟੋਲੀ ਭੁਲੀਆਸੁ
ਤਿਸੁ ਕੰਤ ਨ ਬੈਠੀ ਪਾਸਿ ਜੀਉ॥
ਅੰਬਰਿ ਕੂੰਜਾ ਕੁਰਲੀਆ
ਬਗ ਬਹਿਠੇ ਆਇ ਜਿਉ॥
ਸਾ ਧਨ ਚਲੀ ਸਹੁਰੈ ਕਿਆ
ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ
ਭੁਲੀ ਵਾਟੜੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ
ਦੁਖਾ ਕੂੰ ਧਰੀਆਸੁ ਜੀਉ॥
ਤੁਧੁ ਗੁਣ ਮੈ ਸਭਿ ਅਵਗਣਾ
ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ
ਮੈ ਡੋਹਾਗਣਿ ਕਾਈ ਰਾਤਿ ਜੀਉ॥

ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਸ਼ਬਦ ਦਾ ਸਿਰਲੇਖ ਹੈ ਕੁਚਜੀ। ਅੱਜ ਅਸੀਂ ਇਸ ਸ਼ਬਦ ਦੇ ਦੂਜੇ ਭਾਗ ਦੀ ਵਿਚਾਰ ਨਾਲ ਜੁੜਾਂਗੇ। (ਪਹਿਲਾ ਭਾਗ ਪਿਛਲੇ ਅੰਕ ਵਿਚ ਛਪ ਚੁੱਕਿਆ ਹੈ) ਮੰਦਰ ਮਿਟੀ ਸੰਦੜੇ, ਭਾਵ ਹੇ ਸਖੀਏ! ਮੈਂ ਅਭਾਗਣ ਨੇ ਤਾਂ ਮਿੱਟੀ ਅਤੇ ਪੱਥਰਾਂ ਦੇ ਬਣੇ ਹੋਏ ਖੂਬਸੂਰਤ ਘਰਾਂ ਨੂੰ ਹੀ ਆਪਣੀ ਰਾਸ ਪੂੰਜੀ ਬਣਾ ਲਿਆ ਅਤੇ ਇਨ੍ਹਾਂ ਦੁਨਿਆਵੀ ਪਦਾਰਥਾਂ ਵਿਚ ਹੀ ਐਸੀ ਭੁੱਲ ਬੈਠੀ ਕਿ ਉਸ ਪਦਾਰਥ ਦੇਣ ਵਾਲੇ ਕੰਤ, ਭਾਵ ਪ੍ਰਭੂ ਪਤੀ ਦੇ ਕੋਲ ਬੈਠ ਹੀ ਨਾ ਸਕੀ; ਮੈਂ ਅਭਾਗਣ ਦੁਨਿਆਵੀ ਪਦਾਰਥਾਂ ਵਿਚ ਹੀ ਫਸੀ ਰਹੀ।

ਅੰਬਰਿ ਕੂੰਜਾ ਕੁਰਲੀਆ
ਬਗ ਬਹਿਠੇ ਆਇ ਜਿਉ॥
ਸਾ ਧਨ ਚਲੀ ਸਹੁਰੈ ਕਿਆ
ਮੁਹੁ ਦੇਸੀ ਅਗੈ ਜਾਇ ਜੀਉ॥

ਅੰਬਰਿ ਕੂੰਜਾ ਕੁਰਲੀਆ, ਭਾਵ ਹੇ ਸਖੀਏ! ਆਕਾਸ਼ ਵਿਚ ਉਡਦੀਆਂ ਤੇ ਕੁਰਲ ਕੁਰਲ ਕਰਦੀਆਂ ਚਿੱਟੀਆਂ ਕੂੰਜਾਂ ਪ੍ਰਭੂ ਨਾਲ ਮਿਲਾਪ ਦਾ ਸ਼ੁਭ ਸੰਕੇਤ ਸਨ, ਉਹ ਹੁਣ ਕਿਤੇ ਦੂਰ-ਦੁਰਾਡੇ ਚਲੀਆਂ ਗਈਆਂ ਹਨ ਅਤੇ ਬਗ ਬਹਿਠੇ ਆਇ ਜੀਉ, ਉਨ੍ਹਾਂ ਕੂੰਜਾਂ ਦੇ ਦੂਰ ਟੁਰ ਜਾਣ 'ਤੇ ਹੁਣ ਪਖੰਡੀ ਬਗਲੇ ਕੋਲ ਆਣ ਬੈਠੇ ਹਨ। ਸਾ ਧਨ ਚਲੀ ਸਹੁਰੈ, ਭਾਵ ਹੁਣ ਜਦ ਜੀਵ ਰੂਪੀ ਇਸਤਰੀ ਸਹੁਰੇ ਪਰਲੋਕ ਵਿਚ ਜਾਵੇਗੀ ਤਾਂ ਪਖੰਡ ਅਤੇ ਵਿਕਾਰਾਂ ਨਾਲ ਭਰਿਆ ਕਿਹੜਾ ਮੂੰਹ ਲੈ ਕੇ ਪ੍ਰਭੂ ਪਤੀ ਦੇ ਕੋਲ ਜਾਵੇਗੀ?

ਸੁਤੀ ਸੁਤੀ ਝਾਲੁ ਥੀਆ
ਭੁਲੀ ਵਾਟੜੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ
ਦੁਖਾ ਕੂੰ ਧਰੀਆਸੁ ਜੀਉ॥

ਹੁਣ ਗੁਰਦੇਵ ਪਿਤਾ ਉਪਦੇਸ਼ ਕਰਦੇ ਹਨ, ਸੁਤੀ ਸੁਤੀ ਝਾਲੁ ਥੀਆ, ਭਾਵ ਹੇ ਮੇਰੇ ਪ੍ਰਭ ਜੀਉ! ਇਸ ਜੀਵ ਰੂਪੀ ਇਸਤਰੀ ਨੂੰ ਤਾਂ ਗ਼ਫ਼ਲਤ ਦੀ ਨੀਂਦ ਵਿਚ ਸੁੱਤੀ ਨੂੰ ਹੀ ਦਿਨ ਚੜ੍ਹ ਆਇਆ ਹੈ, ਮੋਹ ਮਾਇਆ ਦੇ ਭਰਮ ਭੁਲੇਖੇ ਵਿਚ ਹੀ

## ਗੁਰਬਾਣੀ ਗਿਆਨ

ਜੀਵਨ ਗੁਜ਼ਰ ਗਿਆ ਅਤੇ ਬੁਢਾਪਾ ਸਿਰ ਉਤੇ ਆ ਗਿਆ ਹੈ। ਭੁਲੀ ਵਾਟੜੀਆਸੁ ਜੀਉ, ਭਾਵ ਹੇ ਮੇਰੇ ਪ੍ਰਭ ਜੀਉ! ਮੈਂ ਅਭਾਗਣ ਤਾਂ ਜੀਵਨ ਦੇ ਸਹੀ ਰਸਤੇ ਤੋਂ ਹੀ ਭਟਕ ਗਈ ਹਾਂ। ਤੈ ਸਹ ਨਾਲਹੁ ਮੁਤੀਅਸੁ, ਭਾਵ ਮੈਂ ਸਹ (ਪਤੀ) ਨਾਲੋਂ ਵਿਛੜ ਕੇ, ਦੁਖਾ ਕੂੰ ਧਰੀਆਸੁ ਜੀਉ, ਭਾਵ ਹੁਣ ਮੈਂ ਆਪਣੇ ਜੀਵਨ ਲਈ ਦੁੱਖ ਹੀ ਦੁੱਖ ਸਹੇੜ ਲਏ ਹਨ।

ਤੁਧੁ ਗੁਣ ਮੈ ਸਭਿ ਅਵਗਣਾ
ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ
ਮੈ ਡੋਹਾਗਣਿ ਕਾਈ ਰਾਤਿ ਜੀਉ॥

ਹੇ ਮੇਰੇ ਮਿਹਰਬਾਨ ਪ੍ਰਭ ਜੀਉ! ਤੂੰ ਬੇਅੰਤ ਗੁਣਾਂ ਦਾ ਮਾਲਕ ਹੈਂ, ਪਰ ਪ੍ਰਭ ਜੀਉ! ਮੈਂ ਅਭਾਗਣ ਦੇ ਅੰਦਰ ਤਾਂ ਔਗੁਣ ਹੀ ਔਗੁਣ ਭਰੇ ਪਏ ਹਨ। ਫਿਰ ਵੀ ਹੇ ਮੇਰੇ ਪ੍ਰਭ ਜੀਉ! ਇਕ ਨਾਨਕ ਕੀ ਅਰਦਾਸਿ ਜੀਉ, ਭਾਵ ਇਸ ਨਾਨਕ ਦੀ ਤੇਰੇ ਦਰ 'ਤੇ ਅਰਦਾਸ ਬੇਨਤੀ ਹੈ ਕਿ ਸਭਿ ਰਾਤੀ ਸੋਹਾਗਣੀ, ਭਾਵ ਵਡਭਾਗੀਆਂ ਜੀਵ ਰੂਪੀ ਇਸਤਰੀਆਂ ਤਾਂ ਸਦਾ ਹੀ ਤੇਰੇ ਨਾਮ ਰੰਗ ਵਿਚ ਰੰਗੀਆਂ ਪਈਆਂ ਹਨ, ਮੈ ਡੋਹਾਗਣਿ ਕਾਈ ਰਾਤਿ ਜੀਉ, ਮੈਨੂੰ ਕੁਚਜੀ ਨੂੰ ਭੀ ਆਪਣੀ ਮਿਹਰ ਭਰੀ ਕੋਈ ਇਕ ਰਾਤ ਦੀ ਬਖਸ਼ਿਸ਼ ਕਰ ਤੇ ਆਪਣੇ ਨਾਲ ਜੋੜ ਲੈ।

ਆਓ, ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪੁਲਿਸ ਨਾਲ ਖੇਡੀ ਲੁਕਣ-ਮੀਚੀ

*ਪੰਜਾਬ ਦੇ ਸ਼ਾਨਾਂਮੱਤੇ ਇਤਿਹਾਸ ਵਿਚ 1972 ਵਾਲੇ ਮੋਗਾ ਘੋਲ ਦਾ ਬੜਾ ਮਹੱਤਵ ਰਿਹਾ ਹੈ। ਇਹ ਅਸਲ ਵਿਚ ਜੁਝਾਰੂਆਂ ਦੀ ਪੁਲਿਸ ਅਤੇ ਪ੍ਰਸ਼ਾਸਨ ਨਾਲ ਸਿੱਧੀ ਟੱਕਰ ਸੀ। ਮੋਗੇ ਦੇ ਸਿਨਮੇ ਦੀਆਂ ਟਿਕਟਾਂ ਤੋਂ ਸ਼ੁਰੂ ਹੋਏ ਸੰਘਰਸ਼ ਦੇ ਹਾਲ ਇਸ ਘੋਲ ਵਿਚ ਅਹਿਮ ਰੋਲ ਨਿਭਾਉਣ ਵਾਲੇ ਵਿਦਿਆਰਥੀ ਆਗੂ ਬਿੱਕਰ ਕੰਮੇਆਣਾ ਦੇ ਪੰਜਾਬ ਟਾਈਮਜ਼ ਦੇ ਪੰਨਿਆਂ 'ਤੇ ਛਪੇ ਲੇਖਾਂ ਵਿਚ ਪੜ੍ਹ ਚੁਕੇ ਹਨ। ਫਿਰ ਜਦੋਂ ਇਸ ਘੋਲ ਦੀ ਅਗਵਾਈ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਮਾਨ ਹੇਠ ਆ ਗਈ ਤਾਂ ਘੋਲ ਦਾ ਰੰਗ ਹੀ ਬਦਲ ਗਿਆ। ਬਿੱਕਰ ਕੰਮੇਆਣਾ ਨੇ ਉਸ ਦੌਰ ਦੇ ਸੰਘਰਸ਼ ਦੀ ਬਾਤ ਪਾਈ ਹੈ ਆਪਣੇ ਇਸ ਲੇਖ ਵਿਚ। -ਸੰਪਾਦਕ*

ਇਤਿਹਾਸਕ ਮੋਗਾ ਘੋਲ ਤੋਂ ਬਾਅਦ ਅਗਲੇ ਸਾਲ ਹੀ ਬ੍ਰਿਜਿੰਦਰਾ ਕਾਲਜ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਆਰ. ਜੀ. ਬਾਜਪਾਈ ਨੂੰ ਬਦਲਣ ਲਈ ਪੀ. ਐਸ. ਯੂ. ਦੀ ਅਗਵਾਈ ਹੇਠ ਲਗਭਗ ਪੰਜ ਮਹੀਨੇ ਲੰਬਾ ਜੇਤੂ ਸੰਘਰਸ਼ ਕੀਤਾ। ਪ੍ਰਿੰ. ਬਾਜਪਾਈ, ਆਪਣੇ ਖੁਦ ਹੀ ਘੜੇ ਸਿਧਾਂਤਾਂ ਤੇ ਅਸੂਲਾਂ ਉਤੇ ਅੜੇ ਰਹਿਣ ਦੀ ਜਿਦ ਕਾਰਨ ਬਹੁਤੀ ਵਾਰ ਵਿਦਿਆਰਥੀਆਂ ਦਾ ਤਿੱਖਾ ਵਿਰੋਧ ਮੁੱਲ ਲੈ ਲੈਂਦੇ ਸਨ ਤੇ ਉਨ੍ਹਾਂ ਨੂੰ ਬਦਲਣ ਲਈ ਲੜਿਆ ਗਿਆ ਸੰਘਰਸ਼ ਵੀ ਮੈਨੂੰ ਤੇ ਮੇਰੇ ਸਾਥੀਆਂ ਨੂੰ ਕਾਲਜ 'ਚ ਦਾਖਲ ਨਾ ਕਰਨ ਦੇ ਤੁਗਲਕੀ ਫੈਸਲੇ ਵਿਚੋਂ ਹੀ



**ਬਿੱਕਰ ਐਸ਼ੀ ਕੰਮੇਆਣਾ**
**ਫੋਨ: 805-727-0516**

ਉਪਜਿਆ ਸੀ। ਸੋ ਬਾਕੀ ਗੱਲਾਂ ਛੱਡ ਕੇ ਆਉ ਹੁਣ ਪੁਲਿਸ ਨਾਲ ਖੇਡੀ ਲੁਕਣ-ਮੀਚੀ ਦੀ ਬਾਤ ਪਾਈਏ।

ਪੀ. ਐਸ. ਯੂ. ਦੇ ਸਾਥੀ, ਪੜ੍ਹਾਈ ਦੇ ਨਾਲ-ਨਾਲ, ਜਥੇਬੰਦੀ ਨੂੰ ਰਾਜਨੀਤਕ, ਆਰਥਿਕ ਅਤੇ ਜਥੇਬੰਦਕ ਰੂਪ ਵਿਚ ਹੋਰ ਵੀ ਮਜ਼ਬੂਤ ਕਰਨ ਲਈ ਦਿਨ-ਰਾਤ ਜੁਟ ਗਏ। ਪ੍ਰਿੰ. ਬਾਜਪਾਈ ਨੂੰ ਬਦਲਣ ਲਈ ਦਿੱਤਾ ਗਿਆ ਇਕ ਮਹੀਨੇ ਦਾ ਸਮਾਂ ਪੂਰਾ ਹੋ ਗਿਆ। ਸਮਝੌਤਾ-ਸਮਾਂ ਪੂਰਾ ਹੋਣ ਤੋਂ ਅਗਲੇ ਦਿਨ ਕਾਲਜ ਵਿਚ ਵਿਦਿਆਰਥੀਆਂ ਦੀ ਭਰਵੀਂ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਇਹ ਸੋਚ ਕੇ ਕਿ ਬਾਅਦ ਵਿਚ ਸ਼ਾਇਦ ਛੇਤੀ ਪਿੰਡ ਨਾ ਜਾਇਆ ਜਾਵੇ, ਸਾਥੀਆਂ ਨੂੰ ਦੱਸ ਕੇ ਮੈਂ ਸਾਈਕਲ 'ਤੇ ਪਿੰਡ ਕੰਮੇਆਣਾ ਨੂੰ ਚੱਲ ਪਿਆ। ਬਾਅਦ ਵਿਚ ਪਤਾ ਲੱਗਾ ਕਿ ਪੁਲਿਸ ਨੇ ਸਾਡੇ ਅਗਲੇ ਦਿਨ ਦੇ ਸੰਘਰਸ਼ ਛੇੜਨ ਲਈ ਕਾਲਜ ਦੇ ਨੋਟਿਸ ਬੋਰਡ 'ਤੇ ਲਿਖਤੀ ਸੂਚਨਾ ਦੀ ਸੂਹ ਮਿਲਦਿਆਂ ਹੀ ਸਾਡਾ ਸ਼ਿਕੰਜਾ ਕੱਸਣ ਦਾ ਫੈਸਲਾ ਕਰ ਲਿਆ ਸੀ।

ਸਿੱਧੇ ਰਾਹ ਜਾਣ ਦੀ ਥਾਂ ਬਦਲਵੇਂ ਰਾਹੀਂ ਮੈਂ ਫਰੀਦਕੋਟ ਤੋਂ ਕੰਮੇਆਣਾ ਜਾਣ ਵਾਲੀ ਸੜਕ ਜਾ ਚੜ੍ਹਿਆ। ਦੋ ਮੋਟਰ ਸਾਈਕਲਾਂ ਤੇ ਚਾਰ ਪੁਲਿਸ ਕਰਮਚਾਰੀ ਸਾਡੇ ਪਿੰਡ ਵੱਲੋਂ ਆ ਰਹੇ ਸਨ। ਉਹ ਮੇਰੀ ਸੂਹ ਲਾਉਣ ਲਈ ਹੀ ਭੇਜੇ ਗਏ ਸਨ ਕਿਉਂਕਿ ਉਨ੍ਹਾਂ ਦੇ ਫਰੀਦਕੋਟ ਵੱਲ ਜਾਣ ਤੋਂ ਥੋੜੀ ਦੇਰ ਬਾਅਦ ਹੀ ਡੀ. ਐਸ. ਪੀ. ਉਤਮ ਸਿੰਘ ਦੀ ਅਗਵਾਈ ਵਿਚ ਤਿੰਨ ਜੀਪਾਂ 'ਤੇ ਸਵਾਰ ਪੁਲਿਸ-ਕਾਫਲੇ ਨੇ ਮੈਨੂੰ ਆ ਘੇਰਿਆ। ਫਰੀਦਕੋਟ ਤੋਂ ਇਕ ਕਿਲੋਮੀਟਰ ਕੰਮੇਆਣੇ ਵਾਲੇ ਪਾਸੇ ਨੂੰ ਇਹ ਥਾਂ, ਜਿੱਥੇ ਮੈਨੂੰ ਰੋਕਿਆ ਗਿਆ, ਇਕ ਪੁਰਾਣਾ ਥੇਹ ਹੈ। ਇਸ ਥੇਹ ਤੋਂ ਕੰਮੇਆਣੇ ਵਾਲੇ ਪਾਸੇ ਨੂੰ, ਜਿੱਥੇ ਅੱਜ ਕੱਲ ਸਰਬੰਸਦਾਨੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਕਿਰਤੀ ਵਰਗ ਨੇ ਦਸ਼ਮੇਸ਼ ਨਗਰ ਵਸਾ ਲਿਆ ਹੈ, ਉਸ ਸਮੇਂ ਰੇਤਲੀ ਜਮੀਨ ਸੀ। ਇਸ ਦੇ ਨਾਲ ਹੀ ਮਜ੍ਹਬੀ-ਸਿੱਖਾਂ ਦੀਆਂ ਟਿੱਬੀਆਂ ਦੇ ਨਾਂ ਨਾਲ ਜਾਣੀ ਜਾਂਦੀ, ਰਾਜਸਥਾਨ ਦੇ ਮਾਰੂਥਲ ਵਾਲੇ ਇਲਾਕੇ ਵਰਗੀ, ਵੱਡੇ-ਵੱਡੇ ਰੇਤਲੇ ਟਿੱਬਿਆਂ ਵਾਲੀ ਜਮੀਨ ਸੀ। ਸੜਕ ਦੇ ਨਾਲ ਤਿੰਨ-ਚਾਰ ਕਿੱਲੇ ਜਮੀਨ ਦੀ, ਫਸਲ ਆਦਿ ਬੀਜਦੇ ਹੋਣ ਕਾਰਨ, ਉਪਰਲੀ ਤਹਿ ਕਰੜੀ ਸੀ। ਮੈਨੂੰ ਰੁਕਣ ਦਾ ਇਸ਼ਾਰਾ ਕਰਦੇ-ਕਰਦੇ, ਪੁਲਿਸ ਵਾਲਿਆਂ ਦੀਆਂ ਜੀਪਾਂ ਰੋਕਦਿਆਂ-ਰੋਕਦਿਆਂ ਵੀ ਅੱਗੇ ਜਾ ਕੇ ਰੁਕੀਆਂ। ਮੈਂ ਸਾਈਕਲ ਸਿੱਟ ਕੇ, ਮਜ੍ਹਬੀ-ਸਿੱਖਾਂ ਦੀਆਂ ਟਿੱਬੀਆਂ ਵਾਲੇ ਪਾਸੇ ਨੂੰ ਕਿਸੇ ਜੰਗਲੀ-ਚੀਤੇ ਵਾਂਗ ਹਵਾ ਨਾਲ ਗੱਲਾਂ ਕਰਦਾ ਭੱਜਿਆ ਅਤੇ ਵਿਹੰਦਿਆਂ-ਵਿਹੰਦਿਆਂ ਹੀ ਪੁਲਿਸ ਵਾਲਿਆਂ ਤੋਂ ਕਾਫੀ ਵਿੱਥ ਪਾ ਗਿਆ। ਮੈਨੂੰ ਘੇਰਾ ਪਾਉਣ ਲਈ ਇਕ ਜੀਪ ਤਾਂ ਕੰਮੇਆਣੇ ਪਿੰਡ ਨੂੰ ਚਲੀ ਗਈ ਅਤੇ ਇਕ ਜੀਪ, ਪਿੱਛੇ ਮੁੜਦੀ ਹੋਈ, ਮਚਾਕੀ ਕਲਾਂ ਨੂੰ ਜਾਂਦੀ ਸੜਕ ਰਾਹੀਂ ਵੱਡੀਆਂ-ਨਹਿਰਾਂ ਵਾਲੇ ਪਾਸੇ ਨੂੰ ਚਲੀ ਗਈ ਅਤੇ ਤੀਜੀ ਜੀਪ ਪਹੀ ਰਾਹੀਂ ਆਸਿਆਂ ਪਾਸਿਆਂ ਦੀ ਮੈਨੂੰ ਕਾਬੂ ਕਰਨ ਲਈ ਪੁਲਿਸ-ਕਰਮਚਾਰੀਆਂ ਨੂੰ ਉਤਾਰਦੀ ਰਹੀ। ਮੈਂ ਬਹੁਤ ਵਾਰ ਸ਼ੌਕ ਨਾਲ ਹੀ ਚਿੱਕੜਾਂ ਵਿਚਦੀ ਰੇਤਲੇ ਟਿੱਬਿਆਂ ਉਤੋਂ ਦੀ ਅਤੇ ਕਦੇ ਸੜਕਾਂ ਦੇ ਨਾਲ-ਨਾਲ ਵੀਹ-ਵੀਹ ਮੀਲ ਦੌੜ ਆਉਂਦਾ ਸਾਂ। ਸੋ ਅੱਜ ਦੀ ਦੌੜ ਵਿਚ ਮੈਂ ਤਾਂ ਅਜੇ ਵਾਰਮ-ਅੱਪ ਵੀ ਨਹੀਂ ਸੀ ਹੋਇਆ ਜਦੋਂ ਕਿ ਮੇਰੇ ਪਿੱਛੇ ਦੌੜਦੇ ਹੋਏ ਆ ਰਹੇ 'ਸਰਕਾਰੀ-ਅਥਲੀਟ' ਹੰਭ ਕੇ ਖੜ੍ਹ ਗਏ ਸਨ। ਉਨ੍ਹਾਂ ਦਾ ਘਰਕਦਿਆਂ ਦਾ ਸਾਹ ਨਾਲ ਸਾਹ ਨਹੀਂ ਸੀ ਰੱਲ ਰਿਹਾ। ਮੈਂ ਭੱਜਦਾ ਆਪਣੇ ਖੇਤ ਪਹੁੰਚ ਗਿਆ। ਦਿਨ ਛਿਪਣ ਵਾਲਾ ਹੀ ਸੀ। ਇਹ ਸੋਚ ਕੇ ਕਿ ਮੈਨੂੰ ਚਾਰ ਚੁਫੇਰਿਓਂ ਘੇਰਾ ਪੈਣ ਵਾਲਾ ਹੈ, ਮੈਂ ਕਿਸੇ ਚੰਗੀ ਲੁਕਣ ਵਾਲੀ ਥਾਂ ਲੱਭਣ ਲਈ ਨਜ਼ਰ ਮਾਰੀ ਤਾਂ ਮੈਨੂੰ ਇੱਕ ਗਵਾਰੇ ਦੀ ਮੰਡਲੀ ਨਜ਼ਰ ਆਈ। ਮੈਂ ਤੇਜ਼ੀ ਨਾਲ ਨਰਮੇ ਦੇ ਖੇਤ ਲੰਘਦਾ ਮੰਡਲੀ ਕੋਲ ਪਹੁੰਚ ਗਿਆ। ਮੇਰੇ ਪਕੜੇ ਜਾਣ ਦੀ ਸੂਰਤ ਵਿਚ ਸਾਡੇ ਪਿੰਡ ਦੇ ਖੇਤਾਂ ਵਿਚ ਕੰਮ ਕਰਦੇ ਲੋਕ ਇਕੱਠੇ ਹੋ ਕੇ ਛਡਾਉਣ ਸਬੰਧੀ ਵਿਚਾਰਾਂ ਕਰਨ ਲੱਗੇ। ਮੈਂ ਖਾਲੇ ਦੇ ਨਾਲ-ਨਾਲ ਘਾਹ ਉਤੋਂ ਦੀ ਤੁਰਦਾ ਮੰਡਲੀ ਕੋਲ ਪਹੁੰਚਿਆ ਤਾਂ ਕਿ ਪੈੜਾਂ ਦਾ ਪਤਾ ਨਾ ਲੱਗੇ। ਮੈਂ ਮੰਡਲੀ ਦੀਆਂ ਜੰਮੀਆਂ ਪਈਆਂ ਪਾਲਾਂ ਵਿਚੋਂ ਇੱਕ ਪਾਲ ਨੂੰ ਆਪਣੇ ਪੂਰੇ ਬਾਹੂ-ਬਲ ਨਾਲ ਚੁੱਕਿਆ ਅਤੇ ਦੂਜੇ ਹੀ ਪਲ ਗਵਾਰੇ ਦੀ ਲਟੈਣ ਵਰਗੀ ਪਾਲ ਮੇਰੇ ਚੁੱਕਣ ਵਾਲੇ ਪਾਸਿਓਂ ਮੇਰੀਆਂ ਬਾਹਵਾਂ ਤੇ ਬਾਲਾ ਕੱਢਣ ਦੀ ਪੁਜੀਸ਼ਨ ਤੱਕ ਤਿਰਛੀ ਖੜ੍ਹੀ ਹੋ ਗਈ। ਮੈਂ ਥੱਲੇ ਨਜ਼ਰ ਮਾਰੀ ਕਿ ਕੋਈ ਖਤਰਨਾਕ ਚੀਜ਼ ਨਾ ਹੋਵੇ। ਚੁਫੇਰੇ ਨਜ਼ਰ ਮਾਰੀ ਤਾਂ ਪੁਲਿਸ ਵੀ ਅਜੇ ਨੇੜੇ ਨਹੀਂ ਸੀ ਆਈ। ਮੈਂ ਆਪਣੇ ਆਪ ਨੂੰ ਗਵਾਰੇ ਦੀ ਪਾਲ ਨਾਲ ਢਕਦਿਆਂ ਇੰਜ ਪੈ ਗਿਆ ਜਿਵੇਂ ਮੈਂ ਵੀ ਗਵਾਰੇ ਦੀ ਮੰਡਲੀ ਦਾ ਹੀ ਇੱਕ ਹਿੱਸਾ ਹੋਵਾਂ। ਥੋੜੇ ਸਮੇਂ ਬਾਅਦ ਹਰਲ-ਹਰਲ ਕਰਦੀ ਪੁਲਿਸ ਆ ਪਹੁੰਚੀ। ਉਨ੍ਹਾਂ ਨੇ ਆਸਿਓਂ-ਪਾਸਿਓਂ, ਪੁੱਛ-ਦੱਸ ਕੀਤੀ ਪਰ ਸਭ ਪਾਸਿਓਂ ਇਕੋ ਹੀ ਜਵਾਬ ਮਿਲਿਆ ਕਿ ਉਨ੍ਹਾਂ ਨੇ ਮੈਨੂੰ ਨਹੀਂ ਵੇਖਿਆ। ਭਾਲਦੇ, ਪੁੱਛਦੇ-ਪਛਾਉਂਦੇ ਦਨਦਨਾਉਂਦੇ ਅਖੀਰ ਪੁਲਿਸ ਗਵਾਰੇ ਦੀ ਮੰਡਲੀ ਕੋਲ ਆ ਪਹੁੰਚੀ। ਅੱਠ-ਦਸ ਪੁਲਿਸ ਵਾਲੇ ਛਾਲਾਂ ਮਾਰ ਕੇ, ਮੰਡਲੀ ਦੇ ਉਪਰ ਚੜ੍ਹ ਗਏ ਅਤੇ ਦੋ ਪਾਲਾਂ ਵਿਚ ਬੰਦੂਕਾਂ ਦੀਆਂ ਸੰਗੀਨਾਂ ਖੋਭ-ਖੋਭ ਕੇ ਵੇਖਣ ਲੱਗੇ। ਦੋ ਕੁ ਮਿੰਟ ਬਾਅਦ ਉਹ ਮੰਡਲੀ ਤੋਂ ਥੱਲੇ ਛਾਲ ਮਾਰ ਕੇ, ਡੀ. ਐਸ. ਪੀ. ਉਤਮ ਸਿੰਘ ਕੋਲ ਆ ਕੇ ਕਹਿਣ ਲੱਗੇ, "ਸਾਹਿਬ ਏਥੇ ਕੋਈ ਨਹੀਂ ਹੈ।" ਡੀ. ਐਸ. ਪੀ. ਕਹਿਣ ਲੱਗਾ, "ਦਿਨ ਛਿਪ ਚੱਲਿਆ ਹੈ। ਥੋੜੀ ਦੇਰ ਬਾਅਦ ਕਾਫੀ ਹਨੇਰਾ ਹੋ ਜਾਵੇਗਾ। ਹੋ ਸਕਦਾ ਹੈ ਬਿੱਕਰ ਸਿੰਘ ਵੱਡੀਆਂ-ਨਹਿਰਾਂ ਵਾਲੇ ਪਾਸੇ, ਰੱਤੀ-ਰੇੜੀ ਪਿੰਡ ਵੱਲ ਵਗਦੇ ਸੇਮ ਨਾਲੇ ਦੇ ਝੱਲਾਂ ਵਿਚ ਜਾ ਲੁੱਕਿਆ ਹੋਵੇ, ਸੋ ਚਲੋ ਇਸ ਦੇ ਘਰਦਿਆਂ ਨੂੰ ਪਕੜੋ।" ਹੁਕਮ ਮਿਲਣ ਦੀ ਦੇਰ ਸੀ, ਬੂਟ ਖੜਕਾਉਂਦੇ ਦਗੜ-ਦਗੜ ਕਰਦੇ ਸਾਡੇ ਟਿਊਬਵੈਲ ਵਾਲੇ ਖੇਤ ਨੂੰ ਭੱਜ ਤੁਰੇ।

ਖੇਤਾਂ ਵਿਚਲਿਆਂ ਨੇ ਤਾਂ ਇਕੱਠੇ ਹੋਣਾ ਹੀ ਸੀ, ਹੁਣ ਤੱਕ ਪਿੰਡੋ ਅੱਧਿਓਂ ਵੱਧ ਕੰਮੇਆਣਾ ਉਥੇ ਇਕੱਤਰ ਹੋ ਗਿਆ ਸੀ। ਪਿੱਛੋਂ ਪਤਾ ਲੱਗਾ ਕਿ ਪੁਲਿਸ ਮੇਰੇ ਬਾਪ ਸ. ਬਚਿੱਤਰ ਸਿੰਘ ਰੋਮਾਣਾ ਨੂੰ ਨਾਲ ਲਿਜਾਣ ਲਈ ਗ੍ਰਿਫਤਾਰ ਕਰਨ ਲੱਗੀ। ਸ. ਟੀਂਡਾ ਸਿੰਘ ਰੋਮਾਣਾ ਦੀ ਔਲਾਦ, ਰੋਮਾਣਾ ਖਾਨਦਾਨ ਨੇ, ਮੈਥੋਂ ਪਹਿਲਾਂ ਥਾਣੇ ਦਾ ਮੂੰਹ ਨਹੀਂ ਸੀ ਵੇਖਿਆ ਕਿ ਇਹ ਕਿਹੋ ਜਿਹਾ ਹੁੰਦਾ ਹੈ ਅਤੇ ਜਿੱਥੇ ਤੱਕ ਸ. ਬਚਿੱਤਰ ਸਿੰਘ ਰੋਮਾਣਾ ਦਾ ਸਬੰਧ ਹੈ, ਉਹ ਤਾਂ ਕਦੇ ਸੁਪਨੇ ਵਿਚ ਵੀ ਥਾਣੇ ਨਹੀਂ ਗਏ ਹੋਣੇ। ਬਾਅਦ ਵਿਚ ਲੋਕਾਂ ਦੱਸਿਆ ਕਿ ਪਿੰਡ ਦੇ ਲੋਕਾਂ ਨੇ ਡੀ. ਐਸ. ਪੀ. ਉਤਮ ਸਿੰਘ ਨੂੰ ਇਹ ਕਹਿ ਕੇ ਨਿਰਉਤਰ ਕੀਤਾ ਕਿ ਜੇ ਉਹ ਤਿੰਨ ਜੀਪਾਂ 'ਤੇ ਸਵਾਰ 30 ਹਥਿਆਰਬੰਦ ਪੁਲਿਸ ਮੁਲਾਜ਼ਮਾਂ ਦੇ ਹੱਥ 'ਤੇ ਹੱਥ ਮਾਰ ਕੇ ਭੱਜੇ ਬਿੱਕਰ ਸਿੰਘ ਨੂੰ ਨਹੀਂ ਫੜ੍ਹ ਸਕੇ ਤਾਂ ਸ. ਬਚਿੱਤਰ ਸਿੰਘ ਕੋਲ ਕਿਹੜਾ ਹੈਲੀਕਾਪਟਰ ਹੈ, ਜਿਸ ਰਾਹੀਂ ਭਾਲ ਕੇ ਉਹ ਉਸ ਨੂੰ ਤੁਹਾਡੇ ਹਵਾਲੇ ਕਰ ਸਕੇ। ਪਿੰਡ ਦੇ ਸਰਪੰਚ ਦੇ ਇਹ ਕਹਿਣ 'ਤੇ ਕਿ ਜੇ ਬਿੱਕਰ ਸਿੰਘ ਪਿੰਡ ਆਇਆ ਤਾਂ ਉਹ ਉਸ ਨੂੰ ਸਮਝਾ-ਬੁਝਾ ਕੇ ਪੇਸ਼ ਕਰਵਾ ਦੇਣਗੇ। ਡੀ. ਐਸ. ਪੀ. ਨੇ ਕਿਹਾ ਕਿ ਚੱਲੋ ਕਿਸੇ ਨੂੰ ਨਾਲ ਲਿਜਾਣ ਦੀ ਲੋੜ ਨਹੀਂ। ਇਹ ਹੁਕਮ ਸੁਣਨ ਦੀ ਦੇਰ ਸੀ ਕਿ ਉਸ ਦਿਨ ਲੁਕਣ-ਮੀਚੀ ਖੇਡਣ ਆਏ ਪੁਲਿਸ ਮੁਲਾਜ਼ਮ ਖਾਲੀ ਹੱਥ ਧੂੜਾਂ ਪੱਟਦੀਆਂ ਜੀਪਾਂ ਵਿਚ ਵਾਪਿਸ ਫਰੀਦਕੋਟ ਨੂੰ ਚੱਲ ਪਏ।

ਮੈਂ ਮੰਡਲੀ ਦੇ ਤਾਅ ਨਾਲ ਅੱਕਲਕਾਣ ਹੋਇਆ ਗਵਾਰੇ ਦੀ ਕੰਡ ਪਿੰਡੇ ਤੋਂ ਝਾੜਦਿਆਂ ਬਾਹਰ ਆਇਆ, ਅੰਗੜਾਈਆਂ ਭੰਨ ਰਿਹਾ ਸਾਂ। ਮਚਾਕੀ ਵਾਲੇ ਵੱਡੇ ਰਾਹ ਊਠ ਨਾਲ ਹਲ ਵਾਹ ਕੇ ਇਕ ਸੱਜਣ ਪਿੰਡ ਨੂੰ ਆ ਰਿਹਾ ਸੀ। ਮੈਨੂੰ ਵੇਖ ਕੇ ਊਠ ਤੋਂ ਉਤਰ ਕੇ ਉਹ ਰਾਹ ਵਿਚ ਖੜ੍ਹ ਗਿਆ। ਉਸ ਨੂੰ ਵੀ ਉਸ ਘਟਨਾ ਦਾ ਪਤਾ ਲੱਗ ਗਿਆ ਸੀ। ਕੱਦ-ਕਾਠ ਪੱਖੋਂ ਉਸ ਦਾ ਮੇਰੇ ਨਾਲੋਂ ਉਨੀ ਵੀਹ ਦਾ ਹੀ ਫਰਕ ਹੋਣੈ, ਮੈਂ ਉਸ ਤੋਂ ਚਾਦਰਾ, ਕੁੜਤਾ ਅਤੇ ਪੱਗ ਲੈ ਕੇ ਉਸ ਨੂੰ ਆਪਣੇ ਕੱਪੜੇ ਪਾਉਣ ਲਈ ਦੇ ਦਿੱਤੇ। ਉਸ ਮੈਨੂੰ ਕਿਹਾ ਕਿ ਉਹ ਊਠ 'ਤੇ ਮੈਨੂੰ ਜਿੱਥੇ ਵੀ ਮੈਂ ਜਾਣਾ ਚਾਹੁੰਦਾ ਹਾਂ, ਛੱਡ ਆਉਂਦਾ ਹੈ। ਮੈਂ ਕਿਹਾ, "ਸ਼ੁਕਰੀਆਂ ਬਾਈ ਜੀ। ਮੈਂ ਦਵਾ-ਦਵ ਚਾਦਰਾ ਬੰਨ ਕੇ ਕੁੜਤਾ ਪਾਇਆ ਅਤੇ ਸਿਰ 'ਤੇ ਹਰੀ ਅੰਗੂਰੀ ਪੱਗ ਦਾ ਮੰਡਾਸਾ ਮਾਰ ਕੇ ਅਜੇ ਤੁਰਨ ਹੀ ਲੱਗਿਆ ਸਾਂ ਕਿ ਉਸ ਊਠ ਵਾਲੇ ਬਾਈ ਨੇ ਮੈਨੂੰ ਟਕੂਆ ਫੜਾਉਂਦਿਆਂ ਕਿਹਾ ਕਿ ਮੈਂ ਇਸ ਨੂੰ ਲੈ ਜਾਵਾਂ ਕਿਉਂਕਿ ਰਾਤ ਨੂੰ ਖਾਲੀ ਹੱਥ ਤੁਰਨਾ ਖਤਰੇ ਤੋਂ ਖਾਲੀ ਨਹੀਂ।

ਮੈਂ ਮੋਢੇ 'ਤੇ ਟਕੂਆ ਰੱਖ ਦਿਨ ਛਿਪਾ ਦੇ ਘੁਸ-ਮੁਸੇ ਜਿਹੇ 'ਚ ਸੇਮ ਨਾਲੇ ਵੱਲ ਨੂੰ ਇੰਜ ਚੱਲ ਪਿਆ ਜਿਵੇਂ ਕੋਈ ਕਿਸਾਨ ਖੇਤ ਨੂੰ ਗੇੜਾ ਮਾਰਨ ਚੱਲਿਆ ਹੋਵੇ। ਤੇਜ਼-ਤੇਜ਼ ਤੁਰਦਾ ਮੈਂ ਸੇਮ ਨਾਲੇ ਦੀ ਪਟੜੀ ਜਾ ਚੜ੍ਹਿਆ ਅਤੇ ਵੱਡੀਆਂ ਨਹਿਰਾਂ ਦੇ ਸੇਮ ਨਾਲੇ ਦੇ ਨਹਿਰਾਂ ਹੇਠ ਦੀ ਬਣੇ ਸਾਈਫਨ ਕੋਲ ਵੱਡੀਆਂ ਜੋੜੀਆਂ ਨਹਿਰਾਂ ਦੇ ਪੁੱਲਾਂ ਨੂੰ ਤੁਰ ਪਿਆ। ਸੇਮ ਨਾਲੇ ਤੋਂ ਮਚਾਕੀ ਕਲਾਂ ਵਾਲੇ ਪਾਸੇ ਦੀ ਕੰਮੇਆਣੇ ਦੀ ਉਪਜਾਊ ਭੂਮੀ ਨੂੰ ਵੱਡੀਆਂ ਨਹਿਰਾਂ ਤੋਂ ਵਾਪਿਸ ਸੇਮ ਨਾਲੇ ਵਾਲੇ ਪਾਸੇ ਨੂੰ ਮਜਬ੍ਹੀ ਸਿੱਖ ਔਰਤ ਦੀ ਜਾਤ ਦੇ ਨਾਂ ਨਾਲ ਸੱਦਦੇ ਹਨ। ਨਹਿਰਾਂ ਤੋਂ ਪਾਰ ਕਟੋਰੀਆ ਅਤੇ ਗਿੱਲਾਂ ਦੇ ਛਪੜੇ ਦਾ ਇਲਾਕਾ ਹੈ ਜੋ ਬਹੁਤ ਉਪਜਾਊ ਹੈ। ਸੇਮ ਨਾਲੇ ਦੀਆਂ ਪਟੜੀਆਂ 'ਤੇ ਉਗਿਆ ਸਰਕੰਡਾ, ਪਾਣੀ ਵਿਚ ਉਗੀ ਦੱਬ ਅਤੇ ਸਾਂ-ਸਾਂ ਕਰਦੀ ਰਾਤ ਦਾ ਗੂੜ੍ਹਾ ਹੁੰਦਾ ਜਾਂਦਾ ਹਨੇਰਾ ਇਹ ਇਲਾਕਾ ਪਾਰ ਕਰਨ ਵਿਚ ਮੇਰਾ ਮਦਦਗਾਰ ਸਾਬਤ ਹੋ ਰਿਹਾ ਸੀ। ਕਾਲੀ-ਬੋਲੀ ਰਾਤ ਦਾ ਗੂੜ੍ਹਾ ਹਨੇਰਾ ਚਮਗਿੱਦੜਾਂ, ਉਲੂਆਂ, ਚੋਰਾਂ, ਯਾਰਾਂ, ਆਸ਼ਕਾਂ ਅਤੇ ਪੁਲਿਸ ਨਾਲ ਲੁਕਣ-ਮੀਚੀ ਖੇਡਣ ਵਾਲੇ ਮੇਰੇ ਵਰਗਿਆਂ ਲਈ ਕੁਦਰਤ ਵਲੋਂ ਬਖਸ਼ਿਆ ਵਰਦਾਨ ਹੁੰਦਾ ਹੈ। ਪੂਰੀ ਚੌਕਸੀ ਨਾਲ ਵਗਦਾ ਮੈਂ ਪੁਲਾਂ ਦੇ ਨੇੜੇ ਪਹੁੰਚ ਕੇ ਰੁਕ ਗਿਆ ਅਤੇ ਮੈਂ ਹਰ ਪੱਖੋ ਤਸੱਲੀ ਕਰਕੇ ਕਿ ਰਸਤਾ ਸਾਫ ਹੈ ਭਾਵ ਪੁਲਾਂ ਉਤੇ ਪੁਲਿਸ ਨਾਕਾਬੰਦੀ ਨਹੀਂ ਤਾਂ ਮੈਂ ਬੁਲੰਦ ਹੌਂਸਲੇ ਨਾਲ ਜੋੜੀਆਂ ਨਹਿਰਾਂ ਦੇ ਜੋੜੇ-ਪੁਲਾਂ ਉਪਰ ਜਾ ਚੜ੍ਹਿਆ। ਦੋ ਪਲ ਲਈ ਖੜ੍ਹ ਕੇ ਮੈਂ ਚਾਰ-ਚੁਫੇਰੇ ਨਜ਼ਰ ਘੁੰਮਾ ਕੇ ਵੇਖਿਆ। ਫਰੀਦਕੋਟ ਮਚਾਕੀ ਕਲਾਂ ਨੂੰ ਆਉਂਦੀ ਸੜਕ 'ਤੇ ਨਹਿਰਾਂ ਦੀਆਂ ਪਟੜੀਆਂ ਸੁੰਨ ਵਰਤਾ ਰਹੀਆਂ ਸਨ। ਮੈਂ ਹਵਾ ਦੇ ਬੁੱਲੇ ਵਾਂਗ, ਜੋੜੀਆਂ-ਨਹਿਰਾਂ ਦੇ ਖੁਲਾਂ ਨੂੰ ਪਾਰ ਕਰਦਾ ਪੂਰੇ ਹੌਂਸਲੇ ਨਾਲ ਖੇਤਾਂ ਵਿਚ ਦੀ ਜਲਾਲੇਆਣਾ ਪਿੰਡ ਨੂੰ ਚੱਲ ਪਿਆ। ਰਾਤ ਦੇ ਦਸ ਕੁ ਵਜੇ ਹੋਣਗੇ, ਗਲੀਆਂ 'ਚ ਕਮਲਿਆਂ ਵਾਂਗ ਕੁੱਤਿਆਂ ਨੂੰ ਕੁੱਟਦਾ ਪਹਿਲਾਂ ਹੀ ਜਾਣਦੇ-ਪਛਾਣਦੇ ਕੁਲਵੰਤ ਜਲਾਲੇਆਣੇ ਦੇ ਬਾਰ ਅੱਗੇ ਜਾ ਖੜ੍ਹਾ। ਬਾਰ ਖੜਕਾ ਕੇ ਅਵਾਜ਼ ਮਾਰੀ ਤਾਂ ਕੁਲਵੰਤ ਸਿੰਘ ਨੇ ਮੇਰਾ ਬੋਲ ਸਿਆਣ ਕੇ ਬਾਰ ਖੋਲ੍ਹ ਦਿੱਤਾ। ਅੰਦਰ ਜਾ ਕੇ ਮੈਂ ਉਸ ਨੂੰ ਸਾਰੀ ਗੱਲ ਦੱਸੀ ਤਾਂ ਇਹ ਸੋਚ ਕੇ ਕਿ ਪੁਲਿਸ ਇਸ ਘਰ ਵੀ ਆ ਸਕਦੀ ਹੈ, ਅਸੀਂ ਹੋਰ ਕਿਸੇ ਘਰ ਚਲੇ ਗਏ ਜਿਸ ਬਾਰੇ ਮੈਨੂੰ ਨਹੀਂ ਪਤਾ ਸੀ ਕਿ ਇਹ ਕਿਸ ਦਾ ਘਰ ਸੀ। ਮੈਂ ਇਸ਼ਨਾਨ ਕੀਤਾ, ਖਾਧਾ-ਪੀਤਾ ਅਤੇ ਅਗਲੇ ਦਿਨ ਦੇ ਪ੍ਰੋਗਰਾਮ ਸਬੰਧੀ ਵਿਚਾਰ-ਵਟਾਂਦਰਾ ਕਰਕੇ ਅਸੀਂ ਸੌਂ ਗਏ।

ਸਵੇਰੇ ਉਠ ਕੇ ਤਿਆਰ ਹੋਏ, ਖਾਧਾ ਪੀਤਾ ਅਤੇ ਮੈਂ ਆਪਣਾ ਭੇਸ ਪੂਰੀ ਤਰ੍ਹਾਂ ਵਟਾ ਲਿਆ। ਫੈਸਲਾ ਹੋਇਆ ਕਿ ਮੈਂ ਤੇ ਕੁਲਵੰਤ ਕੋਟਕਪੂਰਾ ਰੋਡ ਦੇ ਸੰਧਵਾਂ ਤੋਂ ਫਰੀਦਕੋਟ ਵੱਲ ਨੂੰ ਪੈਂਦੇ ਗੁਰਦੁਆਰਾ ਸਾਹਿਬ ਦੇ ਅੱਡੇ ਤੋਂ ਵੱਖਰੇ-ਵੱਖਰੇ ਜਾ ਕੇ ਬੱਸ ਰਾਹੀਂ ਫਰੀਦਕੋਟ ਪਹੁੰਚ ਕੇ ਹਰਿੰਦਰਾ ਨਗਰ ਕੋਲ ਉਤਰ ਕੇ ਕੱਸੀ ਟੱਪਦੇ ਕਾਲਜ ਕੈਂਪਸ ਵਿਚ ਦਾਖਲ ਹੋ ਜਾਵਾਂਗੇ। ਮੈਥੋਂ ਪਹਿਲਾਂ ਪਹੁੰਚੇ

## ਪਿੱਛਲ- ਝਾਤ

ਕੁਲਵੰਤ ਜਲਾਲੇਆਣਾ ਨੂੰ ਕਿਸੇ ਹੋਰ ਪਾਸਿਓਂ ਆਇਆ ਮੇਜਰ ਬਰਾੜ ਵੀ ਮਿਲ ਗਿਆ ਅਤੇ ਉਹ ਦੋਵੇਂ ਮੇਰੇ ਮੂਹਰੇ-ਮੂਹਰੇ ਬਲਵੀਰ ਹਾਈ ਸਕੂਲ ਅਤੇ ਬ੍ਰਿਜਿੰਦਰਾ ਕਾਲਜ ਫਰੀਦਕੋਟ ਦੇ ਹਰਿੰਦਰਾ ਨਗਰ ਵਾਲੇ ਪਾਸੇ ਵਗਦੀ ਕੱਸੀ ਦੀ ਪਟੜੀ 'ਤੇ ਜਾ ਰਹੇ ਸਨ। ਅਚਾਨਕ ਮੇਜਰ ਨੇ ਪਿਛੇ ਮੁੜ ਕੇ ਵੇਖਦਿਆਂ ਕੁਲਵੰਤ ਨੂੰ ਕਿਹਾ, "ਔਹ ਕੌਣ ਆਪਣੇ ਮਗਰ ਲੱਗਿਆ ਆਉਂਦਾ ਹੈ?" "ਬਿੱਕਰ ਸਿੰਘ", ਕੁਲਵੰਤ ਹੱਸਦਿਆਂ ਕਹਿਣ ਲੱਗਿਆ ਅਤੇ ਉਹ ਦੋਵੇਂ ਮੈਨੂੰ ਨਾਲ ਰਲਾਉਣ ਲਈ ਖੜ੍ਹ ਗਏ ਤੇ ਅਗਲੇ ਹੀ ਪਲ ਮੈਂ ਉਨ੍ਹਾਂ ਦੇ ਕੋਲ ਪਹੁੰਚ ਗਿਆ।

"ਪਤੰਦਰਾ, ਕੱਲ੍ਹ ਤਾਂ ਮਸਾਂ ਪੁਲਿਸ ਨੂੰ ਚੋਰ-ਭਕਾਈ ਦੇ ਕੇ ਬਚਿਐਂ, ਤੇ ਅੱਜ ਫੇਰ ਵਹੀਆਂ ਦੇ ਗੜ੍ਹ 'ਚ ਆ ਖੜ੍ਹਾ ਐ!" ਮੇਜਰ ਮੈਨੂੰ ਝਿੜਕਦਿਆਂ ਕਹਿਣ ਲੱਗਿਆ ਜਿਸ ਨੂੰ ਕੁਲਵੰਤ ਤੋਂ ਕੱਲ੍ਹ ਵਾਲੀ ਘਟਨਾ ਦਾ ਪਤਾ ਲੱਗ ਗਿਆ ਸੀ। "ਜੇ ਫਰੀਦਕੋਟ ਸ਼ਹਿਰ ਪੁਲਿਸ ਦਾ ਗੜ੍ਹ ਹੈ ਤਾਂ ਬ੍ਰਿਜਿੰਦਰਾ ਕਾਲਜ ਕੈਂਪਸ ਵੀ ਮਹਾਰਾਜਾ ਰਣਜੀਤ ਸਿੰਘ ਵਾਲੇ ਲਾਹੌਰ ਦੇ ਕਿਲੇ ਤੋਂ ਘੱਟ ਨਹੀਂ," ਮੈਂ ਮੇਜਰ ਸਿੰਘ ਬਰਾੜ ਨੂੰ ਵਿਦਿਆਰਥੀ ਤਾਕਤ ਦਾ ਅਹਿਸਾਸ ਕਰਾਉਂਦਿਆਂ ਬੋਲਿਆ। ਗੱਲਾਂਬਾਤਾਂ ਮਾਰਦੇ ਅਸੀਂ ਕਾਲਜ ਪਹੁੰਚ ਗਏ। ਮੂੰਹੋਂ-ਮੂੰਹ ਵਿਦਿਆਰਥੀਆਂ ਨੂੰ ਬੀਤੇ ਦਿਨ ਮੇਰੇ ਵੱਲੋਂ ਪੁਲਿਸ ਨਾਲ ਖੇਡੀ ਗਈ ਲੁਕਣ-ਮੀਚੀ ਦੀ ਜਾਣਕਾਰੀ ਮਿਲ ਗਈ ਸੀ। ਮੈਂ ਮੇਜਰ ਹੁਰਾਂ ਨੂੰ ਇਹ ਕਹਿ ਕੇ ਕਿ ਜਦੋਂ ਵਿਦਿਆਰਥੀ ਇਕੱਤਰ ਹੋ ਜਾਣ ਤਾਂ ਉਹ ਮੈਨੂੰ ਬੁਲਾ ਲੈਣ, ਹੋਸਟਲ ਵੱਲ ਚਲਿਆ ਗਿਆ। ਥੋੜ੍ਹੇ ਸਮੇਂ ਬਾਅਦ ਸੁਨੇਹਾ ਮਿਲਣ 'ਤੇ ਮੈਂ ਆਪਣੇ ਅਸਲੀ ਰੂਪ ਵਿਚ ਨਾਹਰੇ ਮਾਰਦਾ ਕਾਲਜ ਦੀ ਗੁਰੂ ਨਾਨਕ ਪਾਰਕ ਦੀ ਇਤਿਹਾਸ-ਸਿਰਜਣੀ ਸਟੇਜ 'ਤੇ ਆ ਚੜ੍ਹਿਆ। ਵਿਦਿਆਰਥੀ ਮੈਨੂੰ ਵੇਖ-ਵੇਖ ਹੈਰਾਨ ਹੋ ਰਹੇ ਸਨ ਕਿ ਬੀਤੇ ਦਿਨ ਜਿਸ ਵਿਦਿਆਰਥੀ ਨੂੰ ਗ੍ਰਿਫਤਾਰ ਕਰਨ ਲਈ ਫਰੀਦਕੋਟ ਪੁਲਿਸ ਦੀ ਇਕ ਹਥਿਆਰਬੰਦ ਟੁਕੜੀ ਜੀਪਾਂ ਰਾਹੀਂ ਪਿੱਛਾ ਕਰਦੀ ਜਾਂ ਹਰ ਹੀਲਾ ਵਰਤਦੀ ਖਾਲੀ ਹੱਥ ਵਾਪਿਸ ਆ ਗਈ ਸੀ, ਉਹ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸਟੇਜ 'ਤੇ ਇੰਜ ਖੜ੍ਹਾ ਹੈ ਜਿਵੇਂ ਪਿਛਲੇ ਦਿਨ ਦੀ ਪੁਲਿਸ ਨਾਲ ਲੁਕਣ-ਮੀਚੀ ਵਾਲੀ ਘਟਨਾ ਕਿਸੇ ਹੋਰ ਨਾਲ ਹੀ ਵਾਪਰੀ ਹੋਵੇ।

ਰੈਲੀ ਖ਼ਤਮ ਹੋ ਗਈ। ਪੁਲਿਸ ਮੈਨੂੰ ਗ੍ਰਿਫਤਾਰ ਕਰਨ ਲਈ ਕਾਲਜ ਦੇ ਬਾਹਰ ਉਡੀਕ ਰਹੀ ਸੀ। ਕਾਲਜ ਦੇ ਇੱਕ ਪਾਸੇ ਵਿਦਿਆਰਥੀਆਂ ਲਈ ਰੇਲਵੇ ਸਟੇਸ਼ਨ ਹੈ ਜੋ ਲੰਬੇ ਸੰਘਰਸ਼ ਤੋਂ ਬਾਅਦ ਹੋਂਦ ਵਿਚ ਆਇਆ ਸੀ। ਪੁਲਿਸ ਨੂੰ ਚਕਮਾ ਦੇ ਕੇ ਵੱਡੀ ਗਿਣਤੀ ਵਿਚ ਮੁੰਡੇ-ਕੁੜੀਆਂ ਝੁਰਮਟ ਦੇ ਰੂਪ ਵਿਚ ਮੈਨੂੰ ਟਰੇਨ 'ਤੇ ਚੜ੍ਹਾ ਆਏ ਜੋ ਠੀਕ ਉਸੇ ਵਕਤ ਆ ਕੇ ਰੁਕੀ ਸੀ। ਮੈਂ ਜੈਤੋ ਨੂੰ ਚੱਲ ਪਿਆ, ਜੋ ਉਸ ਸਮੇਂ ਸਾਡੀ ਵੱਡੀ ਲੁਕਣਗਾਹ ਹੁੰਦੀ ਸੀ।

## ਕਾਵਿ-ਜਗਤ

### ਇਕ ਕਿਰਣ ਗਵਾਚੀ

ਦੂਰ ਨੀਝ ਲਾ ਕੇ ਮੈਂ ਤੱਕਾਂ
ਇੱਕ ਕਿਰਨ ਗਵਾਚੀ ਮੈਂ ਲੱਭਾਂ।
ਆਪਣੇ ਤੋਂ ਆਪਾ ਵਿਛੜਨ ਦਾ
ਬਿਰਹਾ ਕੀ ਹੋਵੇ ਮੈਂ ਚੱਖਾਂ।

ਮੰਨ ਬਣਿਆ ਸਮਿਆਂ ਦਾ ਖੋਜੀ
ਜ਼ਿੰਦਗੀ ਦੇ ਅਰਥ ਦੀ ਹੋਈ ਸੋਝੀ
ਸੁੱਧ ਵਿਚ ਬੁੱਧ ਜਦ ਆ ਬੈਠੀ
ਰੋਸ਼ਨ ਹੋ ਗਏ ਦੀਵੇ ਲੱਖਾਂ।

ਰਾਹਾਂ 'ਚ ਉਡਦੀ ਧੂੜ ਪਈ
ਆਵੇ ਜਾਵੇ ਜ਼ਰੂਰ ਕੋਈ
ਮੇਲ ਜੁਦਾਈਆਂ ਦੇ ਪਲ ਸਾਰੇ
ਸਾਂਭ ਸਾਂਭ ਕੇ ਮੈਂ ਰੱਖਾਂ।

ਰੰਗ ਕੱਚਾ ਹੈ ਜਾਂ ਪੱਕਾ ਹੈ
ਜ਼ਿੰਦਗੀ ਦਾ ਹਰ ਰੰਗ ਸੱਚਾ ਹੈ।
ਕੁਝ ਧੁੰਦਲੇ ਜਹੇ ਪਰਛਾਵੇਂ ਨੇ
ਬਸ ਇੱਕ ਪਰਛਾਵਾਂ ਮੈਂ ਲੱਭਾਂ।

ਸਗਨਾਂ ਦੇ ਵਿਚ ਮਿਲੇ ਸੀ ਤਾਰੇ
ਉਮਰ ਹੰਢਾਈ ਗਿਣ ਗਿਣ ਸਾਰੇ।
ਕਿੰਝ ਦਾ ਸ਼ਗਨ ਪਾਇਆ ਵੇ ਬਾਬੁਲ
ਜਿਸ ਤੋਂ ਜਿੰਦ ਛੁਡਾ ਨਾ ਸੱਕਾਂ।

*-ਦਿਲਜੋਧ ਸਿੰਘ*

---

### ਕੌਮੀ ਸ਼ਹੀਦ

ਕੀ ਲੋੜ ਭੁੱਖ ਹੜਤਾਲਾਂ ਕਰਨ ਦੀ?
ਕੀ ਲੋੜ ਅਣਿਆਈ ਮੌਤੇ ਮਰਨ ਦੀ?
ਕੀ ਲੋੜ ਤੱਤੀਆਂ 'ਤੇ ਸੜਨ ਦੀ?
ਕੀ ਲੋੜ ਨੀਂਹਾਂ ਵਿਚ ਖੜ੍ਹਨ ਦੀ?
ਕੀ ਲੋੜ ਰਾਵੀ ਝਨਾਵਾਂ ਹੜ੍ਹਨ ਦੀ?
ਕੀ ਲੋੜ ਸੂਲੀ ਫਾਂਸੀ ਚੜ੍ਹਨ ਦੀ?
ਕੀ ਲੋੜ ਤੋਪਾਂ ਮੂਹਰੇ ਖੜ੍ਹਨ ਦੀ?
ਕੀ ਲੋੜ ਮੁਹਾਜ 'ਤੇ ਲੜਨ ਦੀ?
ਕੀ ਲੋੜ ਇਨਕਲਾਬੀ ਘੜਨ ਦੀ?
ਕੀ ਲੋੜ ਫੌਜੀ ਸ਼ਾਸ਼ਤਰ ਪੜ੍ਹਨ ਦੀ?
ਮੈਂ ਦਾਰੂ ਪੀਆਂਗਾ, ਸ਼ਰਾਬੀ ਹੋਵਾਂਗਾ
ਦੁਸ਼ਮਣ ਦੇ ਘਰ ਜਾਵਾਂਗਾ
ਤੇ ਬਣਾਂਗਾ ਕੌਮੀ ਸ਼ਹੀਦ।

*-ਚਰਨਜੀਤ ਸਿੰਘ ਪੰਨੂ*

---

### ਝੀਲ

ਸੁਣ ਪਾਣੀ ਦੀਏ ਝੀਲੇ ਨੀ,
ਕੁਝ ਗੱਲਾਂ ਕਰਨੀਆਂ ਚਾਹਵਾਂ।
ਕੁਝ ਆਪ ਬੀਤੀ ਸੁਣਾਵਾਂ,
ਕੁਝ ਤੇਰੀ ਸੁਣਨੀ ਚਾਹਵਾਂ।
ਤੇਰਾ ਚਾਅ ਦਿਸਦਾ ਏ ਮੈਨੂੰ
ਵਿਚ ਚਾਂਦੀ ਰੰਗੀਆਂ ਲਹਿਰਾਂ।
ਕੀ ਬੋਲੇ ਤੇਰਾ ਪਾਣੀ,
ਇਹ ਭੇਦ ਕਦੀ ਨਾ ਪਾਵਾਂ।
ਕਾਦਰ ਦੇ ਸੁੰਦਰ ਕ੍ਰਿਸ਼ਮੇ
ਉਤੋਂ ਮੈਂ ਵਾਰੀ ਜਾਵਾਂ।
ਹੈ ਰੂਪ ਤੇਰਾ ਮਨਮੋਹਣਾ
ਇਹ ਕਹਿੰਦੇ ਕੰਢੇ-ਰਾਹਵਾਂ।
ਤੇਰਾ ਪਾਣੀ ਦਾਤ ਖੁਦਾ ਦੀ
ਇਹ ਗੱਲ ਸਭ ਨੂੰ ਸਮਝਾਵਾਂ।

*-ਸਿਮਰਨ ਕੌਰ, ਮੈਰੀਲੈਂਡ*

---

### ਪੰਜਾਬ ਟਾਈਮਜ਼

ਪੰਜਾਬੀ ਪੇਪਰਾਂ ਵਿਚੋਂ ਪੰਜਾਬ ਟਾਈਮਜ਼ ਨੇ
ਜੋ ਆਪਣਾ ਥਾਂ ਬਣਾਇਆ ਏ।
ਲੱਖ ਡੀਂਗਾਂ ਭਾਵੇਂ ਪਏ ਮਾਰਨ,
ਐਰੇ-ਗੈਰੇ ਦੇ ਹਿੱਸੇ ਨਾ ਆਇਆ ਏ।
ਬੇਬਾਕ ਤੇ ਬੇਲਾਗ ਕਹਾਉਣ ਦੇ ਲਈ
ਬੜਾ ਕੁਝ ਪਿੰਡੇ 'ਤੇ ਹੰਢਾਇਆ ਏ।
ਤਾਹੀਓਂ ਤਾਂ ਸਭਨਾਂ ਪੇਪਰਾਂ 'ਚੋਂ
ਨੰਬਰ ਇਕ ਪੇਪਰ ਕਹਾਇਆ ਏ।

*-ਪਲਵਿੰਦਰ ਸਿੰਘ ਗੋਰਾਇਆ*
*ਨਿਊ ਵਾਰਕ, ਕੈਲੀਫੋਰਨੀਆ।*

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਉਨੀਵੀਂ

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ। ਫਿਰ ਉਸ ਦੇ ਫੜੇ ਜਾਣ ਦੀ ਖਬਰ ਆ ਗਈ।...ਹੁਣ ਅੱਗੇ ਪੜ੍ਹੋ...*



*1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।*

ਅਮਰੀਕਾ ਨੇ ਭਾਵੇਂ ਆਫੀਆ ਦੀ ਗ੍ਰਿਫਤਾਰੀ ਬਾਰੇ ਕੁਝ ਨਹੀਂ ਦੱਸਿਆ ਸੀ, ਫਿਰ ਵੀ ਇਹ ਗੱਲ ਪਾਕਿਸਤਾਨ ਪਹੁੰਚ ਗਈ। ਇੰਨਾ ਹੀ ਨਹੀਂ, ਇਹ ਵੀ ਕਿ ਅਮਰੀਕਨਾਂ ਨੇ ਉਸ ਦੇ ਗੋਲੀ ਮਾਰੀ ਹੈ ਜਿਸ ਨਾਲ ਉਹ ਸਖਤ ਜ਼ਖ਼ਮੀ ਹੋ ਗਈ। ਲੋਕਾਂ ਦਾ ਸੋਚਣਾ ਸੀ ਕਿ ਉਸ ਨੂੰ ਜਾਨੋਂ ਮਾਰਨ ਲਈ ਹੀ ਉਸ ਦੇ ਗੋਲੀ ਮਾਰੀ ਗਈ ਹੋਊ, ਪਰ ਉਹ ਸਬੱਬੀਂ ਬਚ ਰਹੀ। ਉਂਜ ਇਸ ਬਾਰੇ ਅਮਰੀਕੀ ਫੌਜ ਦੇ ਅਫਸਰਾਂ ਦਾ ਕੁਝ ਹੋਰ ਕਹਿਣਾ ਸੀ। ਉਨ੍ਹਾਂ ਮੁਤਾਬਕ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕੋਈ ਅਤਿਵਾਦੀ ਔਰਤ ਫੜੀ ਗਈ ਹੈ ਤਾਂ ਉਹ ਉਸ ਦੀ ਪੁਛ-ਗਿੱਛ ਕਰਨ ਲਈ ਉਸ ਕਮਰੇ 'ਚ ਪਹੁੰਚੇ ਜਿਥੇ ਉਹ ਬੰਦ ਸੀ। ਅੰਦਰ ਸਾਹਮਣੇ ਕੁਝ ਅਫਗਾਨ ਪੁਲਿਸ ਵਾਲੇ ਬੈਠੇ ਸਨ। ਸਾਰਿਆਂ ਤੋਂ ਪਿੱਛੇ ਆਫੀਆ ਪਰਦੇ ਉਹਲੇ ਬੈਠੀ ਸੀ। ਉਹ ਬਹਿ ਕੇ ਅਫਗਾਨ ਪੁਲਿਸ ਵਾਲਿਆਂ ਨਾਲ ਗੱਲਬਾਤ ਕਰਨ ਹੀ ਲੱਗੇ ਸਨ ਕਿ ਆਫੀਆ ਨੇ ਪਰਦੇ ਪਿੱਛਿਓਂ ਆਉਂਦਿਆਂ ਇੱਕ ਅਮਰੀਕੀ ਅਫਸਰ ਦੀ ਐਮ. 4 ਗੰਨ ਚੁੱਕ ਲਈ ਅਤੇ ਉਨ੍ਹਾਂ 'ਤੇ ਗੋਲੀਆਂ ਚਲਾਉਣ ਲੱਗੀ। ਆਪਣੇ ਬਚਾਅ ਲਈ ਅਮਰੀਕਨ ਅਫਸਰ ਨੇ ਗੋਲੀ ਚਲਾਈ ਜੋ ਆਫੀਆ ਦੇ ਪੇਟ 'ਚ ਲੱਗੀ। ਫਿਰ ਉਹ ਉਸ ਨੂੰ ਜ਼ਖ਼ਮੀ ਹੋਈ ਨੂੰ ਸਟਰੈਚਰ 'ਤੇ ਪਾ ਕੇ ਆਪਣੇ ਬੇਸ ਲੈ ਗਏ। ਇਸ ਘਟਨਾ ਬਾਰੇ ਆਫੀਆ ਨੇ ਅੱਗੇ ਚੱਲ ਕੇ ਕੋਰਟ ਨੂੰ ਕੁਝ ਹੋਰ ਦੱਸਿਆ। ਖੈਰ! ਆਫੀਆ ਦੇ ਗੋਲੀ ਲੱਗਣ ਦੀ ਗੱਲ ਸੁਣ ਕੇ ਪਾਕਿਸਤਾਨ ਦੇ ਲੋਕ ਭੜਕ ਉਠੇ। ਹਿਊਮਨ ਰਾਈਟਸ ਵਾਲੇ ਅਤੇ ਹੋਰ ਕਈ ਗਰੁੱਪ ਅੱਗੇ ਆ ਗਏ ਸਨ। ਪਾਕਿਸਤਾਨ ਵਿਚ ਮਾਹੌਲ ਬਹੁਤ ਗਰਮਾ ਗਿਆ। ਆਫੀਆ ਸਦੀਕੀ ਦਾ ਨਾਂ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਜਲਸੇ ਜਲੂਸਾਂ ਦਾ ਹਰ ਪਾਸੇ ਹੜ੍ਹ ਆ ਗਿਆ। ਮੁਜ਼ਾਹਰੇ ਹੁੰਦੇ ਤਾਂ ਲੋਕਾਂ ਦੇ ਹੱਥਾਂ 'ਚ ਸਲੋਗਨ ਚੁੱਕੇ ਹੁੰਦੇ। ਕਿਸੇ 'ਤੇ ਲਿਖਿਆ ਹੁੰਦਾ- 'ਡਾਕਟਰ ਸਦੀਕੀ ਨੂੰ ਰਿਹਾ ਕਰੋ।' ਕਿਸੇ 'ਤੇ ਲਿਖਿਆ ਹੁੰਦਾ-'ਇਸਲਾਮ ਦੀ ਧੀ ਆਫੀਆ ਸਦੀਕੀ'। ਦਿਨਾਂ 'ਚ ਹੀ ਆਫੀਆ ਦਾ ਨਾਂ, ਕੌਮ ਦਾ ਮਾਣ ਬਣ ਗਿਆ। ਇੱਧਰ ਜਲਸੇ ਜਲੂਸ ਜ਼ੋਰਾਂ 'ਤੇ ਸਨ, ਤੇ ਉਧਰ ਅਮਰੀਕਾ ਵਾਲੇ ਆਫੀਆ ਨੂੰ ਨਿਊ ਯਾਰਕ ਲਿਜਾ ਚੁੱਕੇ ਸਨ। ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਦੁਆਰਾ ਪ੍ਰੈਸ ਕਾਨਫਰੰਸ ਬੁਲਾ ਕੇ ਇਹ ਦੱਸ ਦਿੱਤਾ ਗਿਆ ਕਿ ਐਫ. ਬੀ. ਆਈ. ਵੱਲੋਂ ਸਭ ਤੋਂ ਵੱਧ ਖਤਰਨਾਕ ਅਤਿਵਾਦੀ ਕਰਾਰ ਦਿੱਤੀ ਆਫੀਆ ਫੜੀ ਜਾ ਚੁੱਕੀ ਹੈ।



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਆਫੀਆ ਨੂੰ ਨਿਊ ਯਾਰਕ ਦੇ ਉਸੇ ਮੈਟਰੋਪਾਲੇਟਿਨ ਡਿਟੈਨਸ਼ਨ ਸੈਂਟਰ ਵਿਚ ਬੰਦ ਕੀਤਾ ਗਿਆ ਜਿਥੇ ਕਦੇ 1993 ਦੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੀ ਪਾਰਕਿੰਗ ਵਿਚ ਧਮਾਕਾ ਕਰਨ ਵਾਲੇ ਰਮਜ਼ੀ ਯੂਸਫ ਜਾਂ ਉਜ਼ੇਰ ਪਰਾਚਾ ਨੂੰ ਰੱਖਿਆ ਗਿਆ ਸੀ। ਉਸ ਦੇ ਹੋਰ ਬਹੁਤ ਸਾਰੇ ਸਾਥੀ ਜੋ ਇਸ ਵੇਲੇ ਜੇਲ੍ਹਾਂ 'ਚ ਆਪਣੀ ਸਜ਼ਾ ਭੁਗਤ ਰਹੇ ਸਨ, ਇਸੇ ਸੈਂਟਰ ਵਿਚੋਂ ਲੰਘ ਕੇ ਗਏ ਸਨ। ਪੰਜ ਅਗਸਤ 2008 ਨੂੰ, ਸਵੇਰੇ ਦਸ ਵਜੇ ਆਫੀਆ ਨੂੰ ਪਹਿਲੀ ਵਾਰ ਕੋਰਟ 'ਚ ਪੇਸ਼ ਕੀਤਾ ਗਿਆ। ਕੋਰਟ ਕੰਪਲੈਕਸ ਖਚਾ ਖਚ ਭਰਿਆ ਹੋਇਆ ਸੀ। ਪ੍ਰੈਸ ਸਮੇਤ ਬਹੁਤੇ ਲੋਕ ਇਹ ਵੇਖਣ ਲਈ ਉਤਾਵਲੇ ਸਨ ਕਿ ਅਤਿਵਾਦ ਦੀ ਦੁਨੀਆਂ ਦੀ ਸਭ ਤੋਂ ਖਤਰਨਾਕ ਔਰਤ ਵੇਖਣ ਨੂੰ ਲੱਗਦੀ ਕਿਹੋ ਜਿਹੀ ਹੈ? ਥੋੜ੍ਹੀ ਦੇਰ ਪਿੱਛੋਂ ਪੁਲਿਸ ਨੇ ਪੈਂਤੀ ਕੁ ਵਰ੍ਹਿਆਂ ਦੀ ਛੋਟੀ ਜਿਹੀ ਤੇ ਭੋਲੀ ਭਾਲੀ ਦਿਸਦੀ ਔਰਤ ਨੂੰ ਲਿਆ ਕੇ ਕੋਰਟ 'ਚ ਖੜ੍ਹਾ ਕੀਤਾ ਤਾਂ ਸਭ ਹੈਰਾਨ ਰਹਿ ਗਏ। ਉਸ ਨੇ ਹਲਕੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਸਿਰ 'ਤੇ ਨਾਭੀ ਰੰਗ ਦਾ ਸਕਾਰਫ ਸੀ। ਵੇਖਣ ਨੂੰ ਉਹ ਬਹੁਤ ਕਮਜ਼ੋਰ ਲੱਗਦੀ ਸੀ। ਸ਼ਾਇਦ ਉਹ ਅਜੇ ਤੱਕ ਗੋਲੀ ਲੱਗੇ ਜ਼ਖ਼ਮ ਕਾਰਨ ਪੂਰੀ ਤਰ੍ਹਾਂ ਠੀਕ ਨਹੀਂ ਹੋਈ ਸੀ।

ਜੱਜ ਨੇ ਉਸ ਨੂੰ ਪੁੱਛਿਆ ਕਿ ਤੂੰ ਆਪਣਾ ਦੋਸ਼ ਕਬੂਲ ਕਰਦੀ ਹੈਂ, ਤਾਂ ਉਸ ਨੇ ਨਾਂਹ ਵਿਚ ਸਿਰ ਮਾਰਿਆ। ਪ੍ਰੈਸ ਦੇ ਲੋਕਾਂ ਨਾਲ ਖਚਾ ਖਚ ਭਰੀ ਕੋਰਟ ਵਿਚ ਚੁੱਪ ਛਾਈ ਹੋਈ ਸੀ। ਸਭ ਨੂੰ ਲੱਗ ਰਿਹਾ ਸੀ ਕਿ ਇਹ ਕੇਸ ਅਤਿਵਾਦ ਖਿਲਾਫ ਚੱਲ ਰਹੀ ਗੁਪਤ ਲੜਾਈ ਦਾ ਸਭ ਤੋਂ ਔਖਾ ਕੇਸ ਹੋਵੇਗਾ। ਆਮ ਲੋਕਾਂ ਦੇ ਤਾਂ ਇਹ ਗੱਲ ਵੀ ਮੰਨਣ 'ਚ ਨਹੀਂ ਆ ਰਹੀ ਸੀ ਕਿ ਆਫੀਆ ਨੂੰ ਵਾਕਿਆ ਹੀ ਗਜ਼ਨੀ ਸ਼ਹਿਰ ਵਿਚ ਫੜਿਆ ਗਿਆ ਹੋਵੇਗਾ। ਉਹ ਸੋਚ ਰਹੇ ਸਨ ਕਿ ਪਿਛਲੇ ਪੰਜ ਸਾਲਾਂ ਤੋਂ ਗੁਪਤ ਜੇਲ੍ਹ 'ਚ ਰੱਖੀ ਆਫੀਆ ਨੂੰ ਸਿਰਫ ਡਰਾਮਾ ਰਚਣ ਲਈ ਗਜ਼ਨੀ ਦੇ ਬਾਜ਼ਾਰ ਵਿਚ ਲਿਆ ਕੇ ਛੱਡ ਦਿੱਤਾ ਗਿਆ ਹੋਵੇਗਾ ਤੇ ਨਾਲ ਹੀ ਫੜ ਲਿਆ ਗਿਆ ਹੋਵੇਗਾ। ਕਈਆਂ ਨੂੰ ਤਾਂ ਇਹ ਵੀ ਲੱਗਿਆ ਕਿ ਇਹ ਕੁੜੀ ਅਤਿਵਾਦੀ ਹੋ ਹੀ ਨਹੀਂ ਸਕਦੀ। ਖੈਰ! ਅਮਰੀਕਾ ਦੀ ਸਿਵਲ ਰਾਈਟਸ ਯੂਨੀਅਨ ਨੂੰ ਲੱਗਿਆ ਕਿ ਅਜਿਹਾ ਕੇਸ ਆ ਚੁੱਕਾ ਹੈ ਜਿਸ ਨੂੰ ਉਹ ਚਿਰਾਂ ਤੋਂ ਉਡੀਕ ਰਹੇ ਸਨ; ਕਿਉਂਕਿ ਉਹ ਕਈ ਸਾਲਾਂ 'ਤੋਂ ਸਰਕਾਰ 'ਤੇ ਦੋਸ਼ ਲਾ ਰਹੇ ਸਨ ਕਿ ਉਹ ਅਤਿਵਾਦ ਖਿਲਾਫ ਲੜਾਈ ਦਾ ਬਹਾਨਾ ਵਰਤ ਕੇ ਬਹੁਤ ਸਾਰੇ ਲੋਕਾਂ ਨੂੰ ਲੰਬੇ ਚਿਰ ਤੋਂ ਗੁਪਤ ਜੇਲ੍ਹਾਂ ਵਿਚ ਬੰਦ ਕਰੀ ਬੈਠੀ ਹੈ ਤੇ ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਹੁਣ ਉਨ੍ਹਾਂ ਦੀ ਸੋਚਣੀ ਸੀ ਕਿ ਇਸ ਕੇਸ ਰਾਹੀਂ ਉਹ ਇਸ ਸੱਚਾਈ ਨੂੰ ਸਾਹਮਣੇ ਲੈ ਆਉਣਗੇ।

ਆਫੀਆ ਨੂੰ ਸਿਵਲ ਰਾਈਟਸ ਯੂਨੀਅਨ ਵੱਲੋਂ ਫਿੰਕ ਨਾਂ ਦੀ ਉਚ ਕੋਟੀ ਦੀ ਵਕੀਲ ਦਿੱਤੀ ਗਈ। ਉਸ ਦਿਨ ਥੋੜ੍ਹੀ ਬਹੁਤ ਕਾਰਵਾਈ ਕਰਦਿਆਂ ਜੱਜ ਨੇ ਕੋਰਟ ਬਰਖਾਸਤ ਕਰ ਦਿੱਤੀ। ਮਾਰਸ਼ਲ ਆਫੀਆ ਨੂੰ ਵਾਪਸ ਜੇਲ੍ਹ ਵੱਲ ਲੈ ਗਏ। ਅਗਲੇ ਦਿਨ ਆਫੀਆ ਦੇ ਪਰਿਵਾਰ ਦੀ ਵਕੀਲ ਸ਼ਾਰਪ ਵੀ ਉਥੇ ਪਹੁੰਚ ਗਈ। ਫਿੰਕ ਅਤੇ ਸ਼ਾਰਪ ਨੇ ਤਕਰੀਬਨ ਤਿੰਨ ਘੰਟੇ ਜੇਲ੍ਹ 'ਚ ਆਫੀਆ ਨਾਲ ਲੰਬੀ ਗੱਲਬਾਤ ਕੀਤੀ। ਬਾਹਰ ਆ ਕੇ ਸ਼ਾਰਪ ਨੇ ਐਲਾਨ ਕੀਤਾ ਕਿ ਆਫੀਆ ਮੁਤਾਬਕ ਉਸ ਨੂੰ ਪਿਛਲੇ ਕਿੰਨੇ ਹੀ ਸਾਲਾਂ ਤੋਂ ਅਫਗਾਨਿਸਤਾਨ ਦੇ ਬਗਰਾਮ ਏਅਰਫੋਰਸ ਬੇਸ ਦੇ ਕਿਸੇ ਗੁਪਤ ਸੈਲ 'ਚ ਕੈਦ ਰੱਖਿਆ ਗਿਆ ਸੀ। ਇਸ ਦੇ ਉਲਟ ਅਮਰੀਕਨ ਸਰਕਾਰ ਇਹ ਨਹੀਂ ਸੀ ਮੰਨਦੀ ਕਿ ਉਹ ਪਹਿਲਾਂ ਤੋਂ ਐਫ.ਬੀ.ਆਈ. ਜਾਂ ਸੀ.ਆਈ.ਏ. ਦੀ ਹਿਰਾਸਤ ਵਿਚ ਸੀ, ਪਰ ਉਹ ਇਹ ਕਹਿ ਰਹੀ ਸੀ ਕਿ ਇਹ ਬਹੁਤ ਹੀ ਖਤਰਨਾਕ ਅਤਿਵਾਦੀ ਹੈ। ਸਰਕਾਰ ਮੁਤਾਬਕ ਸਭ ਤੋਂ ਵੱਡਾ ਸਬੂਤ ਉਸ ਕੋਲੋਂ ਫੜੇ ਗਏ ਉਹ ਕਾਗਜ਼ ਪੱਤਰ ਸਨ ਜੋ ਉਸ ਦੀ ਗ੍ਰਿਫਤਾਰੀ ਵੇਲੇ ਥਾਣੇਦਾਰ ਗਨੀ ਖਾਂ ਨੇ ਬਰਾਮਦ ਕੀਤੇ ਸਨ। ਆਫੀਆ ਦੀ ਵਕੀਲ ਦਾ ਕਹਿਣਾ ਸੀ ਕਿ ਇਹ ਸਾਰੇ ਪੇਪਰ ਝੂਠੇ ਹਨ ਅਤੇ ਗੌਰਮਿੰਟ ਵੱਲੋਂ ਪਲਾਂਟ ਕੀਤੇ ਗਏ ਹਨ। ਉਂਜ, ਇਨ੍ਹਾਂ 'ਚ ਕਾਫੀ ਪੇਪਰ ਆਫੀਆ ਦੀ ਆਪਣੀ ਹੱਥ ਲਿਖਤ ਸੀ ਜੋ ਉਸ ਨੂੰ ਸ਼ੱਕ ਦੇ ਘੇਰੇ 'ਚ ਲਿਆ ਰਹੀ ਸੀ।

ਪਿੱਛੇ ਪਾਕਿਸਤਾਨ 'ਚ ਇਹੀ ਗੱਲ ਉਸ ਦੇ ਮਾਮੇ ਫਾਰੂਕੀ ਨੇ ਸੁਣੀ ਤਾਂ ਉਸ ਨੂੰ ਕੋਈ ਸ਼ੱਕ ਨਾ ਰਿਹਾ। ਉਸ ਨੂੰ ਯਾਦ ਆਇਆ ਕਿ ਛੇ ਮਹੀਨੇ ਪਹਿਲਾਂ ਜਦੋਂ ਆਫੀਆ ਉਸ ਦੇ ਘਰ ਆਈ ਸੀ ਤਾਂ ਇਹੀ ਕਾਲਾ ਬੈਗ ਉਸ ਦੇ ਕੋਲ ਸੀ ਜਿਸ ਨੂੰ ਉਹ ਹੱਥ ਨਹੀਂ ਲਾਉਣ ਦੇ ਰਹੀ ਸੀ ਅਤੇ ਬੜਾ ਸੰਭਾਲ ਸੰਭਾਲ ਕੇ ਰੱਖ ਰਹੀ ਸੀ। ਅਮਜਦ ਅਤੇ ਉਸ ਦੇ ਘਰਦਿਆਂ ਨੇ ਉਸ ਦੀ ਗ੍ਰਿਫਤਾਰੀ ਦੀ ਗੱਲ ਸੁਣੀ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਹ ਜਾਣਨ ਦੀ ਕਾਹਲੀ ਹੋਈ ਕਿ ਉਸ ਕੋਲ ਬੱਚੇ ਸਨ ਕਿ ਨਹੀਂ? ਖੈਰ! ਬੱਚੇ ਉਸ ਕੋਲ ਨਹੀਂ ਸਨ, ਪਰ ਜਦੋਂ ਅਮਜਦ ਨੇ ਉਹ ਵੀਡੀਓ ਵੇਖੀ ਜੋ ਆਫੀਆ ਦੀ ਗ੍ਰਿਫਤਾਰੀ ਤੋਂ ਅਗਲੇ ਦਿਨ ਪੁਲਿਸ ਵੱਲੋਂ ਬਣਾਈ ਗਈ ਸੀ ਤਾਂ ਉਸ ਨੇ ਆਫੀਆ ਨਾਲ ਫੜੇ ਗਏ ਮੁੰਡੇ ਨੂੰ ਪਛਾਣ ਲਿਆ। ਇਹ ਉਸ ਦਾ ਆਪਣਾ ਪੁੱਤਰ ਅਹਿਮਦ ਸੀ। ਆਫੀਆ ਆਪਣੇ ਪੁੱਤ ਦੀ ਸ਼ਨਾਖਤ ਲੁਕਾ ਕੇ ਰੱਖਣੀ ਚਾਹੁੰਦੀ ਸੀ। ਉਸ ਨੇ ਆਪਣੀ ਤਫਤੀਸ਼ ਕਰਨ ਵਾਲਿਆਂ ਨੂੰ ਇਹੀ ਕਿਹਾ ਕਿ ਉਹ ਮੁੰਡਾ ਕੋਈ ਯਤੀਮ ਸੀ, ਇਸੇ ਲਈ ਉਸ ਨੇ ਉਸ ਨੂੰ ਆਪਣੇ ਕੋਲ ਰੱਖਿਆ ਹੋਇਆ ਸੀ ਕਿਉਂਕਿ ਉਸ ਦਾ ਆਪਣਾ ਕੋਈ ਨਹੀਂ ਸੀ। ਦੂਜਾ ਨਾਲ ਰੱਖਣ ਦਾ ਇੱਕ ਕਾਰਨ ਉਸ ਨੇ ਇਹ ਵੀ ਦੱਸਿਆ ਕਿ ਔਰਤ ਹੋਣ ਕਾਰਨ ਉਹ ਇਕੱਲੀ ਸਫਰ ਨਹੀਂ ਕਰ ਸਕਦੀ, ਇਸੇ ਲਈ ਉਹ ਮੁੰਡੇ ਨੂੰ ਨਾਲ ਰੱਖਦੀ ਸੀ, ਪਰ ਜਦੋਂ ਐਫ.ਬੀ.ਆਈ. ਨੇ ਉਸ ਮੁੰਡੇ ਦਾ ਡੀ.ਐਨ.ਏ. ਕਰਾਇਆ ਤਾਂ ਸਾਫ ਹੋ ਗਿਆ ਕਿ ਉਹ ਆਫੀਆ ਦਾ ਆਪਣਾ ਪੁੱਤਰ ਹੈ।

ਇਸ ਗੱਲ ਦਾ ਖੁਲਾਸਾ ਹੋਣ ਪਿੱਛੋਂ ਆਫੀਆ ਬਹੁਤ ਉਦਾਸ ਹੋ ਗਈ ਅਤੇ ਉਸ ਨੇ ਬੋਲਣਾ ਬੰਦ ਕਰ ਦਿੱਤਾ। ਉਸ ਨੂੰ ਆਪਣੇ ਮੁੰਡੇ ਦੀ ਜ਼ਿੰਦਗੀ ਬਾਰੇ ਫਿਕਰ ਹੋਇਆ। ਉਹ ਸੋਚਣ ਲੱਗੀ ਕਿ ਐਫ.ਬੀ.ਆਈ. ਉਸ ਦੇ ਮੁੰਡੇ ਨੂੰ ਮਾਰ ਸਕਦੀ ਹੈ ਜਾਂ ਲੰਬੇ ਸਮੇਂ ਤੱਕ ਆਪਣੀ ਹਿਰਾਸਤ 'ਚ ਰੱਖ ਸਕਦੀ ਹੈ, ਸਿਰਫ ਉਸ ਦੇ ਖਿਲਾਫ ਵਰਤਣ ਲਈ। ਕਿਉਂਕਿ ਅਮਰੀਕੀ ਕਾਨੂੰਨ ਮੁਤਾਬਕ ਬਾਰਾਂ ਸਾਲਾਂ ਦਾ ਬੱਚਾ ਆਪਣੇ ਮਾਂ ਪਿਉ ਦੇ ਹੱਕ 'ਚ ਜਾਂ ਉਲਟ ਗਵਾਹੀ ਦੇਣ ਦੇ ਕਾਬਲ ਸਮਝਿਆ ਜਾਂਦਾ ਹੈ। ਆਫੀਆ ਬਿਲਕੁਲ ਹੀ ਚੁੱਪ ਹੋ ਗਈ। ਉਸ ਨੇ ਆਪਣੇ ਵਕੀਲਾਂ ਨਾਲ ਵੀ ਬੋਲਣਾ ਛੱਡ ਦਿੱਤਾ। ਈਮੇਲ ਵਗੈਰਾ ਭੇਜਣੀਆਂ ਬੰਦ ਕਰ ਦਿੱਤੀਆਂ। ਪੁੱਤ ਦੇ ਦੁੱਖ 'ਚ ਉਹ ਸਾਰਾ ਦਿਨ ਇਕੱਲੀ ਬੈਠੀ ਰੋਂਦੀ ਰਹਿੰਦੀ। ਸਹੀ ਢੰਗ ਨਾਲ ਖਾਣਾ ਵੀ ਛੱਡ ਗਈ।

ਉਧਰ ਪਾਕਿਸਤਾਨ ਵਿਚ ਜਨਤਾ ਬੜੀ ਹਮਦਰਦੀ ਨਾਲ ਆਫੀਆ ਦੀ ਕਹਾਣੀ ਸੁਣ ਰਹੀ ਸੀ। ਸਾਰਿਆਂ ਨੂੰ ਉਸ ਨਾਲ ਹੱਦੋਂ ਵੱਧ ਹਮਦਰਦੀ ਸੀ। ਪਾਕਿਸਤਾਨ ਦੇ ਟੀ.ਵੀ. ਚੈਨਲ, ਜੀਓ ਟੀ.ਵੀ. ਨੇ ਖਾਸ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਸੀ ਜਿਸ ਦਾ ਨਾਂ ਸੀ 'ਏ ਹਿਊਮਨ ਰਾਈਟਸ ਟਰੈਜ਼ਿਡੀ, ਆਫੀਆ ਸਦੀਕੀ'। ਪਾਕਿਸਤਾਨੀ ਹਕੂਮਤ 'ਚ ਉਸ ਵੇਲੇ ਹਾਲਾਤ ਠੀਕ ਨਹੀਂ ਸਨ। ਮੁਸ਼ਰਫ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਨਵੀਂ ਚੋਣ ਹੋ ਰਹੀ ਸੀ। ਲੋਕਾਂ ਦੀ ਨਬਜ਼ ਪਛਾਣਦਿਆਂ ਨੈਸ਼ਨਲ ਅਸੈਂਬਲੀ ਨੇ ਆਫੀਆ ਸਦੀਕੀ ਦੇ ਹੱਕ ਵਿਚ ਮਤਾ ਪਾਸ ਕਰਦਿਆਂ ਆਫੀਆ ਦੀ ਮਦਦ ਲਈ ਡੈਲੀਗੇਸ਼ਨ ਅਮਰੀਕਾ ਭੇਜਣ ਦਾ ਫੈਸਲਾ ਕਰ ਦਿੱਤਾ। ਉਧਰ ਅਮਰੀਕਾ ਨੇ ਇਸ ਵੇਲੇ ਡਰੋਨ ਹਮਲੇ ਵਧਾ ਦਿੱਤੇ ਸਨ। ਇਨ੍ਹਾਂ ਵਿਚ ਚੋਟੀ ਦੇ ਅਲ-ਕਾਇਦਾ ਮੈਂਬਰ ਮਾਰੇ ਜਾ ਰਹੇ ਸਨ।



*ਬਰੁੱਕਲਿਨ (ਨਿਊ ਯਾਰਕ) ਦਾ ਮੈਟਰੋਪਾਲੇਟਿਨ ਡਿਟੈਨਸ਼ਨ ਸੈਂਟਰ। ਆਫੀਆ (ਇਨਸੈਟ) ਨੂੰ ਗ੍ਰਿਫਤਾਰੀ ਤੋਂ ਬਾਅਦ ਇਸ ਸੈਂਟਰ ਵਿਚ ਲਿਆਂਦਾ ਗਿਆ ਸੀ।*

ਸਮਝਣ ਵਾਲੇ ਸਮਝਦੇ ਸਨ ਕਿ ਇਹ ਇਸ ਕਰ ਕੇ ਹੋ ਰਿਹਾ ਹੈ, ਕਿਉਂਕਿ ਆਫੀਆ ਕੋਲੋਂ ਫੜੀ ਗਈ ਥੰਬ ਡਰਾਈਵ ਵਿਚੋਂ ਬਹੁਤ ਸਾਰੇ ਅਲ-ਕਾਇਦਾ ਮੈਂਬਰਾਂ ਦੇ ਠਿਕਾਣਿਆਂ ਦਾ ਪਤਾ ਲੱਗਿਆ ਹੋਵੇਗਾ। ਹੋਰ ਕੁਝ ਤਾਂ ਪਾਕਿਸਤਾਨੀ ਸਰਕਾਰ ਨਾ ਕਰ ਸਕੀ, ਪਰ ਆਫੀਆ ਦਾ ਮੁੰਡਾ ਉਸ ਦੀ ਭੈਣ ਦੇ ਹਵਾਲੇ ਕਰਵਾਉਣ ਦਾ ਕੰਮ ਜ਼ਰੂਰ ਕਰਵਾ ਦਿੱਤਾ।

ਉਧਰ ਆਫੀਆ ਦਾ ਵਰਤਾਅ ਅਜੇ ਵੀ ਖਾਮੋਸ਼ ਅਤੇ ਜ਼ਿੱਦੀ ਸੀ। ਉਸ ਨੇ ਆਪਣੀ ਅਰੇਨਮੈਂਟ 'ਤੇ ਕੋਰਟ 'ਚ ਜਾਣ ਤੋਂ ਜੁਆਬ ਦੇ ਦਿੱਤਾ। ਉਸ ਨੇ ਕਿਸੇ ਨਾਲ ਵੀ ਮੁਲਾਕਾਤ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਉਸ ਨੇ ਵਕੀਲਾਂ ਨੂੰ ਮਿਲਣ ਤੋਂ ਮਨ੍ਹਾ ਕਰ ਦਿੱਤਾ ਤਾਂ ਫਿੰਕ ਵਰਗੀ ਮਸ਼ਹੂਰ ਵਕੀਲ ਨੇ ਵੀ ਬੇਵਸ ਜਿਹਾ ਮਹਿਸੂਸ ਕੀਤਾ। ਇਸ ਤਰ੍ਹਾਂ ਆਫੀਆ ਨੇ ਆਪਣੀਆਂ ਕਈ ਕੋਰਟ ਸੁਣਵਾਈਆਂ ਵੀ ਲੰਘਾ ਦਿੱਤੀਆਂ। ਇਹ ਵੇਖਦਿਆਂ ਉਸ ਦੀ ਵਕੀਲ ਨੇ ਕੋਰਟ ਨੂੰ ਬੇਨਤੀ ਕੀਤੀ ਕਿ ਆਫੀਆ ਦਿਮਾਗੀ ਤੌਰ 'ਤੇ ਸਹੀ ਨਹੀਂ ਜਾਪਦੀ। ਇਸ ਕਰ ਕੇ ਉਸ ਦਾ ਮੁਆਇਨਾ ਕਰਵਾ ਕੇ ਇਲਾਜ ਕਰਵਾਇਆ ਜਾਵੇ। ਜੱਜ ਨੇ ਇਸ ਬੇਨਤੀ ਨੂੰ ਮੰਨਦਿਆਂ ਆਫੀਆ ਨੂੰ ਫੈਡਰਲ ਮੈਡੀਕਲ ਸੈਂਟਰ ਕਾਰਸਵੈਲ (ਟੈਕਸਸ) ਭੇਜਣ ਦਾ ਹੁਕਮ ਕਰ ਦਿੱਤਾ। ਉਥੇ ਪਹੁੰਚ ਕੇ ਆਫੀਆ ਨੇ ਮਾਨਸਿਕ ਤੌਰ 'ਤੇ ਕਾਫੀ ਰਾਹਤ ਮਹਿਸੂਸ ਕੀਤੀ। ਦਸੰਬਰ ਮਹੀਨੇ ਜਦੋਂ ਪਾਕਿਸਤਾਨੀ ਸਰਕਾਰ ਦਾ ਖਾਸ ਵਫਦ ਉਸ ਨੂੰ ਮਿਲਣ ਆਇਆ ਤਾਂ ਆਫੀਆ ਉਸ ਵੇਲੇ ਇਸੇ ਮੈਡੀਕਲ ਸੈਂਟਰ ਵਿਚ ਸੀ। ਉਸ ਨੇ ਬੜੇ ਚੰਗੇ ਢੰਗ ਨਾਲ ਇਸ ਵਫਦ ਨਾਲ ਮੁਲਾਕਾਤ ਕੀਤੀ। ਵਫਦ ਨੇ ਪਾਕਿਸਤਾਨ ਸਰਕਾਰ ਵੱਲੋਂ ਉਸ ਨੂੰ ਕਨੂੰਨੀ ਮਦਦ ਦਾ ਭਰੋਸਾ ਦਿਵਾਇਆ। ਇਸ ਦੇ ਛੇਤੀ ਪਿੱਛੋਂ ਪਾਕਿਸਤਾਨੀ ਸਰਕਾਰ ਨੇ ਆਫੀਆ ਦੇ ਕਾਨੂੰਨੀ ਖਰਚਿਆਂ ਲਈ ਤਕਰੀਬਨ ਦੋ ਮਿਲੀਅਨ ਡਾਲਰ ਦੀ ਮਦਦ ਦਾ ਪ੍ਰਬੰਧ ਕਰ ਦਿੱਤਾ। ਉਦੋਂ ਹੀ ਅਮਰੀਕਾ ਸਰਕਾਰ ਨੇ ਫੈਸਲਾ ਕੀਤਾ ਕਿ ਉਹ ਆਫੀਆ 'ਤੇ ਅਤਿਵਾਦ ਦਾ ਮੁਕੱਦਮਾ ਨਹੀਂ ਚਲਾਏਗੀ, ਸਗੋਂ ਉਸ 'ਤੇ ਉਸ ਜੁਰਮ ਬਦਲੇ ਮੁਕੱਦਮਾ ਚਲਾਇਆ ਜਾਵੇਗਾ ਜੋ ਉਸ ਨੇ ਅਮਰੀਕੀ ਫੌਜੀਆਂ 'ਤੇ ਗੋਲੀ ਚਲਾਉਣ ਦਾ ਕੀਤਾ। ਇਸੇ ਵੇਲੇ ਆਫੀਆ ਦੇ ਡਾਕਟਰਾਂ ਨੇ ਆਪਣੀ ਰਿਪੋਰਟ 'ਚ ਲਿਖ ਦਿੱਤਾ ਕਿ ਉਹ ਮਾਨਸਿਕ ਤੌਰ 'ਤੇ ਬਿਮਾਰ ਹੈ। ਉਸ ਦੀ ਵਕੀਲ ਫਿੰਕ ਨੇ ਇਸ ਦਾ ਫਾਇਦਾ ਉਠਾਉਂਦਿਆਂ ਗੌਰਮਿੰਟ 'ਤੇ ਇਲਜ਼ਾਮ ਲਾਇਆ ਕਿ ਐਫ.ਬੀ.ਆਈ. ਦੇ ਤਸੀਹਿਆਂ ਕਾਰਨ ਹੀ ਆਫੀਆ ਦੀ ਇਹ ਹਾਲਤ ਹੋਈ ਹੈ, ਪਰ ਆਫੀਆ ਨੇ ਉਸ ਨਾਲ ਬੋਲਣਾ ਬੰਦ ਕਰ ਦਿੱਤਾ। ਸਿਰਫ ਉਸੇ ਨਾਲ ਹੀ ਨਹੀਂ, ਸਗੋਂ ਆਫੀਆ ਹਰ ਉਸ ਸ਼ਖਸ ਤੋਂ ਦੂਰ ਰਹਿਣ ਲੱਗੀ ਜਿਸ ਬਾਰੇ ਉਸ ਨੂੰ ਲੱਗਦਾ ਸੀ ਕਿ ਇਹ ਯਹੂਦੀ ਹੈ, ਜਾਂ ਯਹੂਦੀਆਂ ਦੇ ਸੰਪਰਕ 'ਚ ਹੈ। ਉਸ ਦੀਆਂ ਅਜਿਹੀਆਂ ਹਰਕਤਾਂ, ਉਸ ਦੇ ਵਕੀਲਾਂ ਅਤੇ ਉਸ ਦੇ ਆਪਣਿਆਂ ਨੂੰ ਵੀ ਪਰੇਸ਼ਾਨ ਕਰ ਰਹੀਆਂ ਸਨ। ਉਂਜ ਇਸ ਵੇਲੇ ਆਫੀਆ ਬੜੇ ਚੰਗੇ ਰੌਂਅ ਵਿਚ ਸੀ। ਇੱਕ ਤਾਂ ਪਾਕਿਸਤਾਨੀ ਸਰਕਾਰ ਉਸ ਦੀ ਮਦਦ ਕਰ ਰਹੀ ਸੀ, ਪਰ ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਡਾਕਟਰ ਨੇ ਲਿਖ ਦਿੱਤਾ ਸੀ

ਕਿ ਆਫੀਆ ਸਦੀਵੀ ਮਾਨਸਿਕ ਬਿਮਾਰੀ ਕਾਰਨ ਮੁਕੱਦਮੇ ਦਾ ਸਾਹਮਣਾ ਨਹੀਂ ਕਰ ਸਕਦੀ। ਉਸ ਨੂੰ ਜਾਪਦਾ ਸੀ ਕਿ ਸ਼ਾਇਦ ਮਾਨਸਿਕ ਬਿਮਾਰੀ ਦੀ ਵਜ੍ਹਾ ਕਰ ਕੇ ਉਸ ਨੂੰ ਰਿਹਾਅ ਕਰ ਦਿੱਤਾ ਜਾਵੇ, ਪਰ ਆਫੀਆ ਦੀ ਇਹ ਖੁਸ਼ੀ ਉਦੋਂ ਉਡ ਪੁੱਡ ਗਈ ਜਦੋਂ ਉਸ ਨੂੰ ਪਤਾ ਲੱਗਿਆ ਕਿ ਡਾਕਟਰਾਂ ਦੀ ਇੱਕ ਹੋਰ ਟੀਮ ਉਸ ਦਾ ਮੁਆਇਨਾ ਕਰਨ ਆ ਪਹੁੰਚੀ ਹੈ।

ਇਸੇ ਦੌਰਾਨ ਉਸ ਨੇ ਅਮਰੀਕਾ ਸਰਕਾਰ ਦੇ ਨਾਂ ਲੰਬਾ ਪੱਤਰ ਲਿਖਿਆ। ਇਸ ਵਿਚ ਉਸ ਨੇ ਆਪਣੇ ਢੰਗ ਨਾਲ ਇਹ ਨੁਕਤਾ ਰੱਖਣ ਦੀ ਕੋਸ਼ਿਸ਼ ਕੀਤੀ ਕਿ ਉਸ ਕੋਲ ਬਹੁਤ ਸਾਰੇ ਗੁਪਤ ਭੇਤ ਹਨ ਜੋ ਅਮਰੀਕਾ ਸਰਕਾਰ ਦੇ ਕੰਮ ਆ ਸਕਦੇ ਹਨ। ਉਹ ਸੋਚ ਰਹੀ ਸੀ ਕਿ ਸ਼ਾਇਦ ਇਹ ਭੇਤ ਜਾਣਨ ਬਦਲੇ ਹੀ ਸਰਕਾਰ ਉਸ ਨੂੰ ਰਿਹਾਅ ਕਰਨਾ ਮੰਨ ਜਾਵੇ। ਜੇਲ੍ਹ ਵਾਰਡਨ ਨੂੰ ਇਹ ਚਿੱਠੀ ਦਿੰਦਿਆਂ ਉਸ ਨੇ ਆਗਾਹ ਕੀਤਾ ਕਿ ਇਸ ਚਿੱਠੀ ਨੂੰ ਪ੍ਰੈਜ਼ੀਡੈਂਟ ਓਬਾਮਾ ਤੱਕ ਪਹੁੰਚਾ ਦਿੱਤਾ ਜਾਵੇ, ਪਰ ਆਫੀਆ ਨੂੰ ਫਿਰ ਨਿਰਾਸ਼ਾ ਹੱਥ ਲੱਗੀ। ਉਸ ਦੀ ਇਸ ਚਿੱਠੀ ਵੱਲ ਕਿਸੇ ਨੇ ਵੀ ਧਿਆਨ ਨਾ ਦਿੱਤਾ, ਸਗੋਂ ਉਸ ਨੂੰ ਵੱਡਾ ਧੱਕਾ ਉਦੋਂ ਲੱਗਿਆ ਜਦੋਂ ਡਾਕਟਰਾਂ ਦੀ ਨਵੀਂ ਟੀਮ ਨੇ ਆਪਣੀ ਰਿਪੋਰਟ 'ਚ ਲਿਖ ਦਿੱਤਾ ਕਿ ਉਹ ਬਿਲਕੁਲ ਠੀਕ ਹੈ ਅਤੇ ਆਪਣੇ ਕੇਸ ਦਾ ਸਾਹਮਣਾ ਸਹੀ ਢੰਗ ਨਾਲ ਕਰ ਸਕਦੀ ਹੈ। ਇਸ ਨਵੀਂ ਮੈਡੀਕਲ ਰਿਪੋਰਟ ਮਿਲਣ ਪਿੱਛੋਂ ਸਰਕਾਰ ਉਸ ਨੂੰ ਵਾਪਸ ਨਿਊ ਯਾਰਕ ਲੈ ਆਈ ਤੇ ਕੇਸ ਫਿਰ ਤੋਂ ਸ਼ੁਰੂ ਕਰ ਦਿੱਤਾ। ਜੱਜ ਨੇ ਉਸ ਦਾ ਵਕੀਲ ਬਦਲਦਿਆਂ ਕੇਸ ਦੀ ਤਾਰੀਖ ਰੱਖ ਦਿੱਤੀ। ਉਸ ਦੀ ਨਵੀਂ ਵਕੀਲ ਡਾਨ ਕਾਰਡੀ ਸੀ ਅਤੇ ਕੇਸ ਦੀ ਤਾਰੀਖ 7 ਜੂਨ 2009 ਸੀ।

ਉਸ ਦਿਨ ਜੱਜ ਬਰਮਨ ਨੇ ਕਾਰਵਾਈ ਸ਼ੁਰੂ ਕਰਦਿਆਂ ਆਫੀਆ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਮਾਰਸ਼ਲਾਂ ਨੇ ਆਫੀਆ ਨੂੰ ਲਿਆ ਕੇ ਕੋਰਟ 'ਚ ਖੜ੍ਹੀ ਕਰ ਦਿੱਤਾ। ਜ਼ਰੂਰੀ ਕਾਰਵਾਈ ਕਰਦਿਆਂ ਜੱਜ ਨੇ ਉਸ ਨੂੰ ਉਸ ਦੀ ਵਕੀਲ ਕੋਲ ਬੈਠਣ ਦੀ ਇਜਾਜ਼ਤ ਦੇ ਦਿੱਤੀ। ਵਕੀਲ ਆਪਣਾ ਕੰਮ ਕਰਨ ਲੱਗੀ, ਪਰ ਜਾਪਦਾ ਸੀ ਕਿ ਆਫੀਆ ਨੂੰ ਆਪਣੀ ਵਕੀਲ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਚੱਲਦੀ ਕਾਰਵਾਈ 'ਚ ਉਠ ਖੜ੍ਹੀ ਹੋਈ ਅਤੇ ਉਚੀ ਬੋਲੀ, "ਮੈਂ ਕੁਝ ਕਹਿਣਾ ਚਾਹੁੰਦੀ ਹਾਂ।"

"ਆਫੀਆ ਤੈਨੂੰ ਬੋਲਣ ਦਾ ਵਕਤ ਮਿਲੂਗਾ ਪਰ ਅਜੇ ਤੂੰ ਬੈਠ।" ਜੱਜ ਨੇ ਹੁਕਮ ਸੁਣਾਇਆ, ਪਰ ਆਫੀਆ ਉਸ ਦੀ ਗੱਲ ਮੰਨਣ ਦੀ ਬਜਾਇ ਫਿਰ ਬੋਲੀ, "ਮੈਂ ਜੋ ਕੁਝ ਕੀਤਾ ਐ, ਉਹ ਦੁਨੀਆਂ 'ਚ ਅਮਨ ਕਾਇਮ ਕਰਨ ਲਈ ਕੀਤਾ...।"

ਉਸ ਦੇ ਬੋਲਣ ਨਾਲ ਕੋਰਟ ਦੇ ਕੰਮ 'ਚ ਰੁਕਾਵਟ ਪੈ ਗਈ। ਜੱਜ ਨੇ ਔਖ ਜਿਹੀ ਮੰਨਦਿਆਂ ਆਫੀਆ ਵੱਲ ਵੇਖਿਆ, ਪਰ ਆਫੀਆ ਨੇ ਆਪਣੀ ਗੱਲ ਜਾਰੀ ਰੱਖੀ, "ਮੈਂ ਤਾਂ ਤਾਲਿਬਾਨ ਅਤੇ ਅਮਰੀਕਾ ਵਿਚਾਲੇ ਸਮਝੌਤਾ ਕਰਵਾਉਣਾ ਚਾਹੁੰਦੀ ਆਂ। ਤੁਸੀਂ ਮੇਰੀ ਗੱਲ ਕਿਉਂ ਨ੍ਹੀਂ ਸੁਣਦੇ।"

"ਆਫੀਆ, ਤੂੰ ਪਲੀਜ਼ ਬੈਠ ਜਾ।" ਜੱਜ ਨੇ ਸਖਤ ਲਹਿਜੇ 'ਚ ਇਹ ਲਫਜ਼ ਕਹੇ ਤਾਂ ਆਫੀਆ ਬੈਠ ਗਈ। ਉਸ ਨੇ ਮੇਜ਼ 'ਤੇ ਸਿਰ ਰੱਖ ਲਿਆ ਤੇ ਅੱਖਾਂ ਮੀਚ ਲਈਆਂ। ਉਸ ਦੀ ਇਹ ਹਾਲਤ ਵੇਖ ਕੇ ਉਸ ਦੀ ਵਕੀਲ ਜੱਜ ਤੋਂ ਇਜਾਜ਼ਤ ਲੈਂਦਿਆਂ ਬੋਲੀ, "ਤੁਸੀਂ ਆਫੀਆ ਦੀ ਹਾਲਤ ਵੇਖ ਕੇ ਖੁਦ ਅੰਦਾਜ਼ਾ ਲਾ ਸਕਦੇ ਓਂ ਕਿ ਇਸ ਉਪਰ ਕਿਤਨਾ ਟਾਰਚਰ ਹੋਇਆ ਹੈ। ਇਸ ਦੀ ਹਾਲਤ ਸਹੀ ਨ੍ਹੀਂ ਹੈ। ਐਫ.ਬੀ.ਆਈ. ਦੇ ਟਾਰਚਰ ਨੇ ਇਸ ਨੂੰ ਇਸ ਹਾਲਤ 'ਚ ਪਹੁੰਚਾ ਦਿੱਤਾ ਹੈ।"

"ਯੂਅਰ ਆਨਰ, ਮੈਂ ਕੁਝ ਕਹਿਣਾ ਚਾਹੁੰਦੀ ਆਂ।" ਸਰਕਾਰੀ ਵਕੀਲ ਉਠ ਖੜ੍ਹੋਤੀ। ਜੱਜ ਨੇ ਉਸ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਤਾਂ ਉਹ ਆਪਣੀ ਗੱਲ ਕਹਿਣ ਲੱਗੀ, "ਆਫੀਆ ਅਜੇ ਤੱਕ ਇਹ ਨ੍ਹੀਂ ਦੱਸ ਸਕੀ ਕਿ ਉਸ ਉਪਰ ਇਹ ਟਾਰਚਰ ਕਦੋਂ ਅਤੇ ਕਿੱਥੇ ਹੋਇਆ ਹੈ। ਇਸ ਨੇ ਹੁਣ ਤੱਕ ਜੋ ਵੀ ਬਿਆਨ ਦਿੱਤੇ ਨੇ, ਉਹ ਆਪਸ 'ਚ ਮੇਲ ਨ੍ਹੀਂ ਖਾਂਦੇ। ਇਹ ਵਾਰ ਵਾਰ ਆਪਣੇ ਬਿਆਨ ਬਦਲ ਰਹੀ ਹੈ। ਇਸ ਕਰ ਕੇ ਅਸੀਂ ਇਹ ਸਮਝਣ 'ਚ ਅਸਮਰਥ ਆਂ ਕਿ ਇਸ ਦਾ ਕਿਹੜਾ ਬਿਆਨ ਸਹੀ ਮੰਨਿਆਂ ਜਾਵੇ। ਮੈਂ ਇਹ ਵੀ ਕਹਿਣਾ ਚਾਹਾਂਗੀ ਕਿ ਆਫੀਆ ਦਿਮਾਗੀ ਬਿਮਾਰੀ ਦਾ ਸਿਰਫ ਬਹਾਨਾ ਬਣਾ ਰਹੀ ਐ। ਉਂਜ ਇਹ ਬਿਲਕੁਲ ਠੀਕ ਐ। ਇਹ ਆਪਣੇ ਕੇਸ ਦਾ ਸਾਹਮਣਾ ਕਰ ਸਕਦੀ ਐ।"

"ਉਹੀ ਤਾਂ ਮੈਂ ਕਹਿ ਰਹੀ ਆਂ ਕਿ ਮਿਸ ਆਫੀਆ ਕਿਸੇ ਵੀ ਗੱਲ ਦਾ ਉਤਰ ਠੀਕ ਨ੍ਹੀਂ ਦੇ ਰਹੀ। ਉਹ ਭੁੱਲ ਜਾਂਦੀ ਐ ਕਿ ਪਹਿਲਾਂ ਉਸ ਨੇ ਕੀ ਕਿਹਾ ਸੀ, ਤੇ ਹੁਣ ਕੀ ਕਹਿ ਰਹੀ ਐ। ਉਹ ਪੁਰਾਣੀਆਂ ਕਈ ਗੱਲਾਂ ਵੀ ਭੁੱਲ ਚੁੱਕੀ ਐ। ਅਤੇ ਇਹ ਸਭ ਕੁਛ ਐਫ.ਬੀ.ਆਈ. ਦੇ ਜ਼ੁਲਮਾਂ ਕਾਰਨ ਵਾਪਰਿਆ ਐ। ਆਫੀਆ ਮਾਸੂਮ ਹੈ ਨਿਰਦੋਸ਼ ਹੈ।" ਇਜਾਜ਼ਤ ਲੈਂਦਿਆਂ ਆਫੀਆ ਦੀ ਵਕੀਲ ਬੋਲੀ।

ਜੱਜ ਨੇ ਦੋਨਾਂ ਧਿਰਾਂ ਦੀ ਗੱਲਬਾਤ ਸੁਣਨ ਪਿੱਛੋਂ ਫੈਸਲਾ ਕਰ ਦਿੱਤਾ ਕਿ ਆਫੀਆ ਬਿਲਕੁਲ ਸਹੀ ਹੈ ਅਤੇ ਉਹ ਆਪਣੇ ਕੇਸ ਦਾ ਸਾਹਮਣਾ ਕਰ ਸਕਦੀ ਹੈ। ਇਸ ਲਈ ਉਸ ਨੇ ਅਗਲੀ ਤਾਰੀਖ ਨਵੰਬਰ ਦੀ ਰੱਖ ਦਿੱਤੀ।

(ਚੱਲਦਾ)



*ਫੈਡਰਲ ਮੈਡੀਕਲ ਸੈਂਟਰ ਕਾਰਸਵੈਲ (ਟੈਕਸਸ) ਜਿੱਥੇ ਆਫੀਆ 2083 ਤੱਕ ਦੀ ਕੈਦ ਲਈ ਅੱਜਕੱਲ੍ਹ ਬੰਦ ਹੈ।*

ਇਤਿਹਾਸ ਝਰੋਖਾ

# ਸਿੱਖੀ, ਬੰਦਾ ਸਿੰਘ ਬਹਾਦਰ ਤੇ ਇਤਿਹਾਸ-2

**ਹਰਪਾਲ ਸਿੰਘ**

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜਾਂ ਉਨ੍ਹਾਂ ਦੇ ਸਮੇਂ ਭਗਤੀ ਲਹਿਰ ਸੁਧਾਰਕ ਅਤੇ ਆਦਰਸ਼ਵਾਦੀ ਲਹਿਰ ਸੀ। ਭਗਤਾਂ ਦਾ ਨਿਸ਼ਾਨਾ ਨਿਜੀ ਸੀ, ਸਮਾਜੀ ਨਹੀਂ। ਭਗਤਾਂ ਦੇ ਦੋ ਤੱਤ ਸਾਂਝੇ ਸਨ-ਮੋਖ ਦੀ ਪ੍ਰਾਪਤੀ ਅਤੇ ਮੋਖ ਦੀ ਪ੍ਰਾਪਤੀ ਲਈ ਤਪੱਸਿਆ ਦੇ ਸਾਧਨ। ਇਹ ਦੋਵੇਂ ਤੱਤ ਜੀਵਨ ਨੂੰ ਪਿੱਠ ਦੇਣ ਦੀ ਗੱਲ ਕਰਦੇ ਹਨ। ਭਗਤਾਂ ਨੇ ਬ੍ਰਾਹਮਣੀ ਸਮਾਜ ਵਿਚ ਛੋਟੇ-ਮੋਟੇ ਸੁਧਾਰ ਕਰਨ ਦੀ ਹਾਮੀ ਤਾਂ ਭਰੀ, ਪਰ ਮੂਲ ਢਾਂਚੇ (ਜਾਤ-ਪਾਤ ਤੇ ਵਰਣ ਵੰਡ) ਦੇ ਤਾਣੇ ਨੂੰ ਜੜ੍ਹੋਂ ਪੁੱਟਣ ਲਈ ਕੋਈ ਠੋਸ ਯਤਨ ਨਹੀਂ ਕੀਤੇ। ਚੈਤੰਨਯ ਜੋ ਗੁਰੂ ਨਾਨਕ ਦਾ ਸਮਕਾਲੀ ਸੀ, ਸਮਾਜੀ ਮਨੋਰਥ ਨੂੰ ਲੈ ਕੇ ਚੱਲਿਆ ਅਤੇ ਉਸ ਨੇ ਇਸ ਮੰਤਵ ਲਈ ਵੱਖਰਾ ਭਾਈਚਾਰਾ ਵੀ ਸਿਰਜਣਾ ਚਾਹਿਆ ਸੀ ਪਰ ਬ੍ਰਿੰਦਾਬਨ ਦੇ ਗੋਸਵਾਮੀਆਂ ਨੇ ਉਸ ਦੇ ਉਪਦੇਸ਼ਾਂ ਨੂੰ ਅਜਿਹੀ ਪੁੱਠ ਚਾੜ੍ਹੀ ਕਿ ਇਹ ਨਵਾਂ ਭਾਈਚਾਰਾ ਛੇਤੀ ਹੀ ਹਿੰਦੂ ਜਾਲ ਵਿਚ ਫਸ ਗਿਆ। ਮੱਧ ਯੁੱਗ ਦੇ ਭਗਤਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚੋਂ ਕਿਸੇ ਨੇ ਵੀ ਪੂਰੇ ਨਿਸ਼ਚੇ ਨਾਲ ਬ੍ਰਾਹਮਣੀ ਸਮਾਜ ਤੋਂ ਲਾਂਭੇ ਐਸਾ ਸਮਾਜ ਸਿਰਜਣ ਦਾ ਯਤਨ ਨਹੀਂ ਕੀਤਾ ਜਿਸ ਵਿਚ ਬਰਾਬਰੀ ਅਤੇ ਆਜ਼ਾਦੀ ਦਾ ਅਕੀਦਾ ਹੋਵੇ। ਸਮਾਜ ਸਿਰਜਣਾ 'ਚ ਉਨ੍ਹਾਂ ਦੀ ਦੇਣ ਨਾਂਹ-ਪੱਖੀ ਸੀ। ਮੀਰਾਂ ਬਾਈ ਦੀ ਭਗਤੀ ਨਿੱਜਵਾਦੀ ਸੀ।

"ਸਿੱਖ ਧਰਮ ਦੀ ਭਗਤੀ ਲਹਿਰ ਨਾਲ ਇਸ ਤੁਲਨਾ ਵਿਚੋਂ ਸਿਧਾਂਤਕ ਸੱਚਾਈ ਦੀ ਪੂਰੀ ਪੁਸ਼ਟੀ ਹੋ ਜਾਂਦੀ ਹੈ ਕਿ 'ਆਦਰਸ਼ਵਾਦ' ਨੂੰ ਜੇ ਸਮਾਜੀ ਮਨੋਰਥਾਂ ਵਾਸਤੇ ਬਾਕਾਇਦਾ, ਜਥੇਬੰਦ ਨਹੀਂ ਕੀਤਾ ਜਾਂਦਾ ਤਾਂ ਇਹ ਖਾਲੀ ਪ੍ਰੇਰਨਾ ਦੇ ਸੋਮੇ ਤੋਂ ਵੱਧ ਸਮਾਜ ਦਾ ਹੋਰ ਕੋਈ ਵੀ ਭਲਾ ਨਹੀਂ ਕਰ ਸਕਦਾ। ਆਦਰਸ਼ਵਾਦ ਨੂੰ ਜੇ ਸਮਾਜ ਦੀ ਭਲਾਈ ਦੇ ਲੇਖੇ ਲਾਉਣਾ ਹੈ ਤਾਂ ਇਸ ਨੂੰ ਸੰਸਥਾਈ ਰੂਪ ਦੇਣਾ ਜ਼ਰੂਰੀ ਹੋ ਜਾਂਦਾ ਹੈ। ਜਦੋਂ ਇਹ ਗੱਲ ਵਾਪਰਦੀ ਹੈ ਤਾਂ ਇਹ ਅਟੱਲ ਤੌਰ 'ਤੇ ਆਪਣੀ ਵੱਖਰੀ ਪਛਾਣ ਅਤੇ ਵਿਲੱਖਣਤਾ ਹਾਸਲ ਕਰ ਲੈਂਦਾ ਹੈ। ਇਸ ਤੋਂ ਬਿਨਾਂ ਇਸ ਦੇ ਸਾਹਮਣੇ ਹੋਰ ਕੋਈ ਚਾਰਾ ਨਹੀਂ ਹੁੰਦਾ" (ਜਗਜੀਤ ਸਿੰਘ, ਸਿੱਖ ਇਨਕਲਾਬ, ਸਫਾ 103)

ਭਾਈ ਜੋਧ ਸਿੰਘ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਦਾ ਭਗਤੀ ਲਹਿਰ ਨਾਲੋਂ ਸਿਧਾਂਤਕ ਨਿਖੇੜਾ ਕਰਦੇ ਹੋਏ ਲਿਖਦੇ ਹਨ ਕਿ ਭਗਤੀ ਸੰਪਰਦਾ ਦੇ ਪ੍ਰਚਾਰ ਕਰਨ ਵਾਲੇ ਕਈ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਪਰ ਇਸ ਬਾਣੀ ਵਿਚ ਘੱਟ ਹੀ ਕੋਈ ਐਸਾ ਸ਼ਬਦ ਹੋਵੇਗਾ ਜਿਸ ਵਿਚ ਉਸ ਸਮੇਂ ਦੇ ਰਾਜ ਪ੍ਰਬੰਧ ਉਪਰ ਕੋਈ ਟੀਕਾ-ਟਿੱਪਣੀ ਕੀਤੀ ਗਈ ਹੋਵੇ। ਪਰਮਾਤਮਾ ਨਾਲ ਪ੍ਰੇਮ, ਉਸ ਦੇ ਨਾਮ ਦਾ ਸਿਮਰਨ, ਉਸ ਦੀ ਰਜ਼ਾ ਵਿਚ ਰਹਿਣਾ ਆਦਿ ਸਿਧਾਂਤ ਡਾਢੇ ਮਿੱਠੇ ਤੇ ਪਿਆਰੇ ਸ਼ਬਦਾਂ ਵਿਚ ਗੁੰਦੇ ਹੋਏ ਮਿਲਣਗੇ। ਮਨ ਨੂੰ ਚੰਗੀਆਂ ਕਰਾਰੀਆਂ ਚੋਟਾਂ ਇਸ ਭਾਵ ਦੀਆਂ ਲੱਗਣਗੀਆਂ ਕਿ ਉਹ ਮੋਹ ਮਾਇਆ ਦੇ ਜਾਲ ਵਿਚ ਫਸਿਆ ਕਿਉਂ ਆਪਣਾ ਜਨਮ ਗੁਆ ਰਿਹਾ ਹੈ? ਭਗਤ ਨਾਮਦੇਵ ਤੇ ਭਗਤ ਕਬੀਰ ਦੇ ਕੁਝ ਸ਼ਬਦਾਂ ਵਿਚੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਰਾਜ ਵੱਲੋਂ ਕੁਝ ਤਸੀਹੇ ਦਿੱਤੇ ਗਏ, ਪਰ ਭਗਤਾਂ ਨੇ ਉਨ੍ਹਾਂ ਨੂੰ ਸਿਰ ਮੱਥੇ ਲਿਆ ਅਤੇ ਸਮੇਂ ਦੇ ਰਾਜਸੀ ਪ੍ਰਬੰਧ ਬਾਰੇ ਕੋਈ ਰਾਇ ਪ੍ਰਗਟ ਨਾ ਕੀਤੀ।

ਭਗਤੀ ਲਹਿਰ ਦੇ ਆਗੂ ਨਾਥ ਪੰਥੀ ਅਤੇ ਸੰਤ ਸੰਪਰਦਾ ਦੇ ਮੋਹਰੀ ਆਪਣੇ ਨਿਜੀ ਜੀਵਨ, ਆਚਰਨ ਅਤੇ ਆਪਣੇ ਨਰਮ-ਸੁਖਦ ਉਪਦੇਸ਼ਾਂ ਦੀ ਖਿੱਚ ਸਦਕਾ ਕਾਫੀ ਲੋਕਾਂ ਨੂੰ ਆਪਣੇ ਗਿਰਦ ਇਕੱਠਾ ਕਰ ਲੈਣ ਵਿਚ ਸਫਲ ਹੋ ਜਾਂਦੇ ਹਨ। ਅਜਿਹੇ ਚੋਖੇ ਪ੍ਰਮਾਣ ਮਿਲਦੇ ਹਨ ਕਿ ਇਨ੍ਹਾਂ ਮੁਰਸ਼ਦਾਂ ਤੋਂ ਅਮੀਰਾਂ ਦੀਆਂ ਆਪ ਮੁਹਾਰੇ ਹੀ ਛੋਟੀਆਂ ਜਾਂ ਵੱਡੀਆਂ ਮੰਡਲੀਆਂ ਵਿਕਸਤ ਹੁੰਦੀਆਂ ਰਹੀਆਂ ਪਰ ਅਜਿਹਾ ਕੋਈ ਸਬੂਤ ਨਹੀਂ ਮਿਲਦਾ ਕਿ ਇਨ੍ਹਾਂ ਵਿਚੋਂ ਕਿਸੇ ਵੀ ਮੁਰਸ਼ਦ ਨੇ ਆਪਣੇ ਸ਼ਰਧਾਲੂਆਂ ਨੂੰ ਵੱਖਰੇ ਭਾਈਚਾਰੇ ਦਾ ਰੂਪ ਦੇਣ ਦੀ ਕੋਈ ਚੇਤੰਨ ਕੋਸ਼ਿਸ਼ ਕੀਤੀ ਹੋਵੇ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਲਈ ਆਪਣੇ ਅਨੁਭਵਾਂ ਅਤੇ ਉਪਦੇਸ਼ਾਂ ਨੂੰ ਜਥੇਬੰਦਕ ਸਰੂਪ ਅਤੇ ਬੱਝਵੀਂ ਤਰਤੀਬ ਦੇਣ ਦਾ ਕੋਈ ਯਤਨ ਨਹੀਂ ਕੀਤਾ। ਆਪਣੇ ਗਿਰਦ ਜੁੜੇ ਲੋਕਾਂ ਨੂੰ ਭਲੇ ਮਨੁੱਖ ਬਣਾਉਣ ਤੋਂ ਸਿਵਾ ਉਨ੍ਹਾਂ ਦੇ ਸਾਹਮਣੇ ਹੋਰ ਕੋਈ ਸਮਾਜੀ ਮਨੋਰਥ ਨਹੀਂ ਸੀ।" (ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ)

ਬਾਬੇ ਨਾਨਕ ਨੇ ਨਾਥਾਂ, ਤਪੱਸਵੀਆਂ ਤੇ ਜੋਗੀਆਂ ਨਾਲ ਪ੍ਰਵਚਨ ਕਰਦਿਆਂ ਸਪਸ਼ਟ ਕਰ ਦਿੱਤਾ ਸੀ ਕਿ ਨਿਰੇ ਤਿਆਗ ਤੇ ਤਪੱਸਿਆ ਵਿਚ ਜੁੜੇ ਰਹਿਣਾ ਅਤੇ ਸਮਾਜੀ ਵਰਤਾਰੇ ਤੋਂ ਕੋਹਾਂ ਦੂਰ ਰਹਿਣਾ ਨਿੱਜਵਾਦ ਹੈ। ਸਮਾਜੀ ਸੇਵਾ ਹੀ ਰੂਹਾਨੀ ਤਰੱਕੀ ਦਾ ਇਕੋ ਇਕ ਰਾਹ ਹੈ। 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।' ਰੱਬ ਦੀ ਰਜ਼ਾ ਨਾਲ ਇਕ ਸੁਰ ਹੋਣਾ ਅਤੇ ਸਮਾਜ ਦਾ ਉਧਾਰ ਕਰਨਾ ਹੀ ਅਸਲ ਮੁਕਤੀ ਹੈ। 'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥'

ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੂੰ ਸ਼ਾਂਤ ਸੁਭਾਅ ਅਤੇ ਰੱਬੀ ਰੂਹ ਮੰਨਿਆ ਜਾਂਦਾ ਸੀ, ਲਾਹੌਰ ਰਵਾਨਾ ਹੋਣ ਤੋਂ ਪਹਿਲਾਂ ਆਪਣੇ ਪੁੱਤਰ ਹਰਿਗੋਬਿੰਦ ਜੀ ਨੂੰ ਹਦਾਇਤ ਕਰ ਗਏ ਸਨ ਕਿ ਉਹ ਤੁਰਕਾਂ ਦੇ ਖਿਲਾਫ਼ ਜਵਾਬੀ ਕਰਵਾਈ ਕਰੇ। (ਗੁਰੂ ਬਿਲਾਸ-ਛੇਵੇਂ ਪਾਤਿਸ਼ਾਹ, ਸਫਾ 129) ਜੀਵਨ ਦੇ ਆਖਰੀ ਪਲਾਂ ਵਿਚ ਉਨ੍ਹਾਂ ਕਿਹਾ, 'ਆਪਣੇ ਤਖ਼ਤ 'ਤੇ ਹਥਿਆਰਬੰਦ ਹੋ ਕੇ ਬੈਠੋ ਅਤੇ ਵੱਧ ਤੋਂ ਵੱਧ ਸਮਰਥਾ ਨਾਲ ਫ਼ੌਜ ਰੱਖੋ।' (ਮੈਕਾਲਿਫ, ਸਫਾ 99) ਸੱਚੇ ਪਾਤਿਸ਼ਾਹ ਦਾ ਸੰਕਲਪ ਉਨ੍ਹਾਂ ਦੀ ਵਿਚਾਰਧਾਰਾ ਦਾ ਅਨਿੱਖੜ ਅੰਗ ਸੀ। (ਸਿਖਾਂ ਗੁਰੂ ਹਾ ਰਾ ਸਦਾ ਪਾਦਸ਼ਾਹ, ਯਾਂ ਬਾਦਸਾਹ-ਇ-ਹਕੀਕਤ ਮਿਦਾਨਦ)

ਸਿੱਖ ਮੱਤ ਸ਼ੁਰੂ ਤੋਂ ਹੀ ਵਰਨ-ਧਰਨ, ਫੋਕੇ ਕਰਮ-ਕਾਂਡ, ਊਚ-ਨੀਚ, ਫੋਕੇ ਰਸਮੋ-ਰਿਵਾਜ, ਦੇਵੀ ਪੂਜਾ ਅਤੇ ਹੋਰ ਰਹੁ-ਰੀਤਾਂ ਨੂੰ ਨਹੀਂ ਮੰਨਦਾ। ਗੁਰੂ ਨਾਨਕ ਦੇਵ ਜੀ ਅਨੁਸਾਰ,

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ



**ਬੰਦਾ ਸਿੰਘ ਬਹਾਦਰ**

ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥੧॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ॥
ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ॥

ਸਿੱਖ ਮੱਤ ਦਾ ਆਪਣਾ ਨਿਆਰਾ ਤੇ ਸੁਤੰਤਰ ਮਜ਼ਹਬ ਹੈ। ਇਸ ਦੀ ਆਪਣੀ ਸੁਤੰਤਰਤਾ, ਮਜ਼ਹਬੀ ਵਿਲੱਖਣਤਾ ਅਤੇ ਅਖੰਡਤਾ ਹੈ। ਇਸ ਦੇ ਆਪਣੇ ਸਿਧਾਂਤ ਹਨ, ਆਪਣੇ ਗ੍ਰੰਥ ਹਨ ਅਤੇ ਆਪਣੇ ਤੀਰਥ ਸਥਾਨ ਹਨ। ਇਸੇ ਤਰ੍ਹਾਂ ਆਪਣਾ ਸਮਾਜ ਹੈ ਅਤੇ ਆਪਣੀ ਰਹਿਤ ਮਰਿਆਦਾ ਹੈ। "ਸਿੱਖ ਧਰਮ ਜੋਗੀਆਂ ਸੰਨਿਆਸੀਆਂ, ਜਤੀਆਂ ਸਤੀਆਂ, ਹਠੀਆਂ, ਤਪੀਆਂ ਦਾ ਧਰਮ ਨਹੀਂ ਸੀ। ਇਹ ਘਰਾਂ ਵਿਚ ਰਹਿ ਕੇ ਜੀਵਨ ਦੇ ਰੋਜ਼ਾਨਾ ਕੰਮ-ਕਾਰ ਕਰਦੇ ਕਿਰਤੀਆਂ ਦਾ ਧਰਮ ਸੀ।" (ਪ੍ਰੋ. ਪਿਆਰਾ ਸਿੰਘ)

ਬਹੁਤ ਵਾਰੀ ਇਤਿਹਾਸ ਨਿਰਪੱਖ ਹੋ ਕੇ ਲਿਖਿਆ ਨਹੀਂ ਜਾਂਦਾ। ਉਸ ਦਾ ਉਲਾਰ ਕਿਸੇ ਖਾਸ ਧਿਰ ਲਈ ਹੁੰਦਾ ਹੈ। ਤਾਕਤਵਰ ਧਿਰ ਆਪਣੇ ਅਧੀਨ ਧਿਰ ਦੀ ਸੋਚ ਨੂੰ ਕਾਬੂ ਕਰਨ ਲਈ ਤਾਕਤ, ਗਿਆਨ ਅਤੇ ਇਤਿਹਾਸਕ ਸੋਮਿਆਂ ਦੀ ਆਪਣੇ ਹਿੱਤ ਅਨੁਸਾਰ ਵਰਤੋਂ ਕਰਦੀ ਹੈ। ਸਿੱਖ ਇਤਿਹਾਸਕਾਰ ਕਈ ਵਾਰ ਸਿੱਖ ਲਹਿਰ ਦਾ ਨਿਰਣਾ ਕਰਨ ਲੱਗਿਆਂ ਇਸ ਲਹਿਰ ਦੇ ਕੁਝ ਪੱਖਾਂ ਨੂੰ ਲੈ ਕੇ ਹੀ ਨਿਰਣਾ ਦੇ ਦਿੰਦੇ ਹਨ। ਜਾਂ ਤਾਂ ਉਨ੍ਹਾਂ ਨੂੰ ਲਹਿਰ ਦੇ ਦੂਜੇ ਪੱਖਾਂ ਦੀ ਸਮਝ ਨਹੀਂ ਹੁੰਦੀ ਜਾਂ ਉਹ ਜਾਣ-ਬੁਝ ਕੇ ਲਹਿਰ ਦੇ ਦੂਸਰੇ ਪੱਖਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਕਿਸੇ ਵੀ ਲਹਿਰ ਦੀ ਸਮੁੱਚੀ ਵਿਆਖਿਆ ਤਾਂ ਹੀ ਵਾਜਬ ਹੈ ਜੇ ਉਸ ਲਹਿਰ ਦੇ ਸਾਰੇ ਪੱਖਾਂ ਦੀ-ਚਾਹੇ ਉਹ ਇਨਕਲਾਬੀ ਹਨ ਜਾਂ ਗੈਰ ਇਨਕਲਾਬੀ-ਦੀ ਵਿਆਖਿਆ ਯੋਗ ਢੰਗ ਨਾਲ ਕੀਤੀ ਜਾਵੇ। ਸਿੱਖ ਇਤਿਹਾਸ ਦੇ ਗੈਰ ਇਨਕਲਾਬੀ ਪੱਖਾਂ ਦੀ ਗੱਲ ਤਾਂ ਕੀਤੀ ਗਈ ਹੈ ਜਾਂ ਇੰਜ ਕਹਿ ਲਵੋ ਕਿ ਕੇਵਲ ਇਸ ਦੇ ਅਧਿਆਤਮਕ ਜਾਂ ਭਾਵਨਾਤਮਕ ਤੱਤ ਨੂੰ ਹੀ ਉਲੀਕਿਆ ਗਿਆ ਹੈ। ਇਸ ਦੀ ਇਨਕਲਾਬੀ ਵਿਚਾਰਧਾਰਾ ਨੂੰ ਨਿਰਪੱਖ ਤੌਰ 'ਤੇ ਲਿਖਣ ਦਾ ਕੰਮ ਨਹੀਂ ਕੀਤਾ ਗਿਆ। ਕੁਝ ਲੇਖਕਾਂ ਅਤੇ ਇਤਿਹਾਸਕਾਰਾਂ ਨੇ ਇਸ ਦਾ ਚਿਹਰਾ ਇਤਨਾ ਗੰਧਲਾ ਕਰ ਦਿਤਾ ਹੈ ਕਿ ਇਸ ਦੀ ਪਹਿਚਾਣ ਹੀ ਬੇਪਛਾਣ ਹੋ ਗਈ ਹੈ।

ਇਤਿਹਾਸਕਾਰੀ ਦੇ ਦੋ ਕੇਂਦਰ ਬਿੰਦੂ ਹਨ। ਹਾਲਾਤ ਸੁਖਾਵੇਂ ਅਤੇ ਸਾਜ਼ਗਾਰ ਹੋਣ, ਆਰਥਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦੀ ਅਜ਼ਾਦੀ ਹੋਵੇ, ਸਮਾਜ ਦਾ ਵੱਡਾ ਹਿੱਸਾ ਤਾਲੀਮਯਾਫਤਾ ਹੋਵੇ ਜੋ ਅਨੁਕੂਲ ਪ੍ਰਸਥਿਤੀਆਂ ਅਨੁਸਾਰ ਨਿਰਪੱਖ ਇਤਿਹਾਸ ਲਿਖ ਸਕਦਾ ਹੋਵੇ ਤੇ ਇਸ ਨੂੰ ਸਮਝ ਸਕਦਾ ਹੋਵੇ, ਸੋਚ ਇਕਪਾਸੜ ਤੇ ਉਲਾਰੂ ਨਾ ਹੋਵੇ। ਮੱਧ ਯੁੱਗ ਦਾ ਖਾਲਸਾ ਇਨ੍ਹਾਂ ਸਾਰੀਆਂ ਗੱਲਾਂ ਤੋਂ ਮਹਿਰੂਮ ਸੀ। ਸਮਾਜਿਕ ਤਾਣੇ-ਬਾਣੇ ਵਿਚ ਸਿੰਘਾਂ ਦੀ ਰਸਾਈ ਨਹੀਂ ਸੀ। ਰਾਜਨੀਤਕ ਹਾਲਾਤ ਉਨ੍ਹਾਂ ਦੇ ਅਤਿ ਦੇ ਵੈਰੀ ਸਨ, ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਕਿਸੇ ਸਿੱਖ ਦੀ ਮੌਜੂਦਗੀ ਦਾ ਪਤਾ ਦੇਣ ਵਾਲੇ ਨੂੰ 10 ਰੁਪਏ, ਸਿੱਖ ਵਿਖਾ ਦੇਣ ਵਾਲੇ ਨੂੰ 20 ਰੁਪਏ, ਸਿੱਖ ਨੂੰ ਗ੍ਰਿਫਤਾਰ ਕਰਨ ਵਾਲੇ ਨੂੰ 40 ਰੁਪਏ ਅਤੇ ਸਿੱਖ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ 80 ਰੁਪਏ ਹਕੂਮਤ ਵੱਲੋਂ ਇਨਾਮ ਦੇ ਤੌਰ 'ਤੇ ਦਿੱਤੇ ਜਾਂਦੇ ਸਨ। ਫੌਸਟਰ ਅਨੁਸਾਰ, "ਮੁਗਲਾਂ ਦੀ ਹਕੂਮਤ ਵਿਚ ਸਿੱਖਾਂ ਦਾ ਨਾਂ ਨਿਸ਼ਾਨ ਬਾਕੀ ਨਾ ਰਿਹਾ। ਜਿਹੜੇ ਅਜੇ ਵੀ ਨਾਨਕ ਦੇ ਸਿਧਾਂਤਾਂ ਨਾਲ ਜੁੜੇ ਹੋਏ ਸਨ, ਜਾਂ ਤਾਂ ਉਹ ਪੰਜਾਬ ਦੇ ਪਹਾੜਾਂ ਵਿਚ ਭੱਜ ਗਏ ਸਨ ਜਾਂ ਉਨ੍ਹਾਂ ਨੇ ਕੇਸ ਕਟਾ ਲਏ ਸਨ ਅਤੇ ਓਪਰੇ ਓਪਰੇ ਦੇਖਣ ਵਾਲਿਆਂ ਲਈ ਆਪਣੇ ਧਰਮ ਨਾਲੋਂ ਵਾਸਤਾ ਛੱਡ ਦਿੱਤਾ ਸੀ।" ਸਿੰਘਾਂ ਦਾ ਵਸੇਬਾ ਘੋੜਿਆਂ ਦੀਆਂ ਕਾਠੀਆਂ 'ਤੇ ਸੀ, ਭੁੱਖੇ ਭਾਣੇ ਉਹ ਬੇਲਿਆਂ ਜੂਹਾਂ ਵਿਚ ਆਪਣੇ ਦਿਨ ਕਟ ਰਹੇ ਸਨ। ਇਹ ਲੋਕ ਕਿਸੇ ਤਰ੍ਹਾਂ ਇਤਿਹਾਸ ਲਿਖ ਸਕਦੇ ਸਨ। ਸਿੰਘਾਂ ਨੇ ਇਤਿਹਾਸ ਲਿਖਿਆ ਨਹੀਂ, ਇਸ ਦੀ ਸਿਰਜਣਾ ਕੀਤੀ ਹੈ।

ਅਤਿ ਦੇ ਭਿਆਨਕ ਦੌਰ ਵਿਚ ਜਦੋਂ ਸਿੰਘ ਪਹਾੜਾਂ ਦੀ ਸ਼ਰਨ ਲੈਣ ਲੱਗ ਪਏ ਸਨ, ਉਸ ਵੇਲੇ ਗੁਰਦੁਆਰਿਆਂ 'ਤੇ ਉਦਾਸੀਆਂ ਤੇ ਨਿਰਮਲਿਆਂ ਦਾ ਕਬਜ਼ਾ ਸੀ। ਉਨ੍ਹਾਂ ਨੇ ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵੀ ਗੁਰਦੁਆਰਿਆਂ ਵਿਚ ਵਾੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਫੋਕੇ ਕਰਮ ਕਾਂਡ ਨੂੰ ਗੁਰਦੁਆਰਿਆਂ ਵਿਚ ਮਾਨਤਾ ਮਿਲ ਗਈ ਸੀ। ਦਰਬਾਰ ਸਾਹਿਬ ਵਿਚ ਵੀ ਹਿੰਦੂ ਮੂਰਤੀਆਂ ਦੀ ਪੂਜਾ ਰੋਜ਼ ਦਾ ਵਰਤਾਰਾ ਸੀ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਅਖੌਤੀ ਸਾਧੂ ਸੰਤ ਬ੍ਰਾਹਮਣੀ ਵਿਚਾਰਾਂ ਦਾ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕਰਦੇ ਸਨ। ਪੁਜਾਰੀ ਭ੍ਰਿਸ਼ਟ ਹੋ ਗਏ ਸਨ। ਉਹ ਵਿਭਚਾਰੀ, ਪਖੰਡੀ ਅਤੇ ਮਨਮਤੀਏ ਬਣ ਗਏ ਸਨ। ਘੋਰ ਸੰਕਟ ਵਿਚ ਜਿਹੜੇ ਮੀਣੇ, ਧੀਰਮਲੀਏ ਰਾਮਰਾਈਏ, ਉਦਾਸੀ ਜਾਂ ਬੇਦੀ ਜਾਂ ਸੋਢੀ ਧਰਮਸਾਲੀਏ, ਕਰਾਂਤੀਕਾਰੀ ਸਿੱਖਾਂ ਵਾਂਗ ਘਰੋਂ ਬੇਘਰ ਨਹੀਂ ਸਨ ਹੋਏ, ਉਨ੍ਹਾਂ ਨੇ ਆਪਣੇ ਬਚਾਓ ਇਸ ਨੂੰ ਵੇਦਾਂਤ ਅਨੁਕੂਲ ਵੇਦ ਤੇ ਗੀਤਾ ਤੱਕ ਦੇ ਅਨੁਸਾਰੀ ਦੱਸਣ ਵਿਚ ਸਮਝਿਆ। ਸ਼ਬਦ ਗੁਰੂ ਦੇ ਸਿਧਾਂਤ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਮੂਰਤੀ ਵਾਂਗ ਕੀਤੀ ਜਾਣ ਲੱਗੀ। ਜੋਤਿਸ਼, ਟੂਣੇ ਨਰਾਤੇ, ਵਰਤ, ਸਰਾਧ, ਗੁੱਗੇ ਮਾੜੀਆਂ ਆਦਿ ਦੀ ਪੂਜਾ ਮੁੜ ਸਿੱਖੀ ਜੀਵਨ ਵਿਚ ਆ ਧੁੱਸੀ।

"ਉਚ-ਨੀਚ ਤੇ ਜਾਤ-ਪਾਤ ਦਾ ਵਰਤਾਰਾ ਆਮ ਹੋ ਗਿਆ। ਸਮਾਧੀਆਂ ਦੀ ਮਾਨਤਾ ਹੋਣ ਲੱਗੀ। ਹਰਿਦੁਆਰ ਨੂੰ ਮੋਖ ਦੁਆਰ ਸਮਝਿਆ ਜਾਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਸ ਨਾਲ ਸਬੰਧਤ ਵਿਸ਼ਿਆਂ ਦੇ ਅਧਿਐਨ ਦੀ ਥਾਂ, ਇਸ ਦੇ ਨਾਲ ਗੀਤਾ, ਹਨੂਮਾਨ ਨਾਟਕ ਤੇ ਏਕਾਦਸੀ ਮਹਾਤਮ ਆਦਿ ਦਾ ਅਧਿਐਨ ਹੋਣ ਲਗ ਪਿਆ ਸੀ। ਗੁਰੂ ਗ੍ਰੰਥ ਸਾਹਿਬ ਦੀਆਂ ਲਿਖਤਾਂ, ਬੀੜਾਂ ਦੇ ਮੁਢਲੇ ਤੇ ਅੰਤਲੇ ਪੰਨਿਆਂ 'ਤੇ ਸਵਾਸਤਿਕ ਦਾ ਚਿੰਨ੍ਹ ਆ ਟਿਕਿਆ ਸੀ ਅਤੇ ਘਰਾਂ ਤੇ ਮੰਦਰਾਂ ਦੀਆਂ ਕੰਧਾਂ ਅਤੇ ਪੋਥੀਆਂ ਦੇ ਪੰਨਿਆਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ, ਹਰਿਮੰਦਰ ਅਤੇ ਅਕਾਲ ਤਖ਼ਤ ਦੀਆਂ ਕੰਧਾਂ 'ਤੇ ਕ੍ਰਿਸ਼ਨ ਲੀਲਾ ਉਕਰੀ ਗਈ। ਜੋ ਸਿੱਖ ਸਰੂਪ, ਕਦੀ ਸਿੱਖੀ ਦੀ ਵਿਭਿੰਨਤਾ ਦਾ ਸੂਚਕ ਸੀ, ਉਸ ਦੀ ਪਛਾਣ ਦਾ ਚਿੰਨ ਸੀ ਤੇ ਉਸ ਦੇ ਆਪੇ ਦਾ ਪ੍ਰਗਟਾਵਾ ਹੁੰਦਾ ਸੀ, ਇਹ ਇਕ ਰਸਮ ਬਣ ਕੇ ਰਹਿ ਗਿਆ। ਸਨਾਤਨ ਮਰਿਆਦਾ ਅਤੇ ਸਿੱਖ ਮਰਿਆਦਾ ਵਿਚ ਕੋਈ ਭੇਦ ਨਾ ਰਿਹਾ। ਤੇ ਪੰਜਾਬ ਦੇ ਸਨਾਤਨਵਾਦ ਨੇ ਗੁਰੂ ਸਾਹਿਬਾਨ ਨੂੰ ਹੋਰਨਾਂ ਦੇਵੀ ਦੇਵਤਿਆਂ ਵਾਂਗ ਭਾਰਤੀ ਦੇਵ ਮਾਲਾ ਦੇ ਮਣਕੇ ਬਣਾ ਦਿੱਤਾ।

(ਚਲਦਾ)

## ਕਹਾਣੀ

# ਸ਼ਾਨੇ-ਪੰਜਾਬ

***ਕਹਾਣੀਕਾਰ ਰਘੁਬੀਰ ਢੰਡ ਨੇ ਆਪਣੀ ਕਹਾਣੀ 'ਸ਼ਾਨੇ-ਪੰਜਾਬ' ਵਿਚ ਪੰਜਾਬ ਦੀ ਰੂਹ ਨੂੰ ਫੜਨ ਦਾ ਯਤਨ ਕੀਤਾ ਹੈ। ਅੱਜ ਦਾ ਪੰਜਾਬੀ ਮਾਨਸ ਭਾਵੇਂ ਉਸ ਸਮੇਂ ਦੇ ਪੰਜਾਬ ਤੋਂ ਬਹੁਤ ਅਗਾਂਹ ਲੰਘ ਆਇਆ ਹੈ ਜਿਸ ਦਾ ਜ਼ਿਕਰ ਇਸ ਕਹਾਣੀ ਵਿਚ ਹੋਇਆ ਹੈ, ਪਰ ਇਸ ਕਹਾਣੀ ਵਿਚਲਾ ਦਰਦ ਅੱਜ ਵੀ ਪੰਜਾਬ ਦੇ ਬਾਸ਼ਿੰਦੇ ਹੰਢਾ ਰਹੇ ਹਨ। ਬੱਸ ਹੁਣ ਇਸ ਦੇ ਸਿਰਫ ਰੂਪ ਹੀ ਬਦਲੇ ਹਨ। ਇਹ ਕਹਾਣੀ ਅਸਲ ਵਿਚ ਸਥਾਪਤੀ ਦੇ ਕੁਹਜ ਨਾਲ ਜੂਝਦੇ ਹੱਸਾਸ ਬੰਦਿਆਂ ਦਾ ਕੋਈ ਬਿਆਨ ਹੈ। ਵਕਤ ਦਾ ਭਾਰਾ ਪਹੀਆ ਇੱਦਾਂ ਦੇ ਪਾਤਰ ਹੀ ਗੇੜ ਰਹੇ ਹਨ। -ਸੰਪਾਦਕ***

ਫਿਰ ਸ਼ਾਨੇ-ਪੰਜਾਬ ਅੰਮ੍ਰਿਤਸਰ ਸਟੇਸ਼ਨ ਤੋਂ ਤੁਰ ਪਈ। ਹੋਰਾਂ ਵਾਂਗ ਮੈਂ ਵੀ ਮੁਸਾਫ਼ਰ ਸਾਂ। ਉਹ ਦਿਸਣ ਤੀਕ ਹੱਥ ਹਿਲਾਉਂਦਾ ਰਿਹਾ, ਮੈਂ ਵੀ। ਫਿਰ ਹੱਥ ਹਿਲਣੋਂ ਹਟ ਗਏ, ਪਰ ਉਹ ਬਹੁਤ ਸਮਾਂ ਦਿਖਾਈ ਦਿੰਦਾ ਰਿਹਾ, ਮੈਂ ਨਹੀਂ; ਹਾਲਾਂਕਿ ਉਹ ਛੱਤੇ ਹੋਏ ਪਲੇਟਫਾਰਮ 'ਤੇ ਖਲੋਤਾ ਸੀ ਤੇ ਸ਼ਾਨੇ-ਪੰਜਾਬ ਖੁੱਲ੍ਹੇ ਆਕਾਸ਼ ਹੇਠਾਂ ਨੱਸ ਰਹੀ ਸੀ। ਜਿਥੇ ਉਹ ਖਲੋਤਾ ਸੀ, ਰੋਸ਼ਨੀ ਹੀ ਰੋਸ਼ਨੀ ਸੀ।

ਮੈਂ ਸ਼ੀਸ਼ਾ ਹੇਠਾਂ ਸੁੱਟ, ਨੋਟਾਂ ਦੀ ਦੱਥੀ ਬੈਗ ਵਿਚ ਪਾ ਲਈ।

ਬਾਹਰ ਗੋਡੇ-ਗੋਡੇ ਹੋਈਆਂ ਕਣਕਾਂ ਜ਼ੰਮੀਆਂ ਤਾਂ ਚੰਗੀਆਂ ਸਨ, ਪਰ ਸੂਰਜ ਬੱਦਲਾਂ 'ਚ ਲਿਪਟ ਗਿਆ ਸੀ। ਇਸ ਲਈ ਕਣਕਾਂ ਉਦਾਸ ਸਨ, ਜਿਵੇਂ ਕੋਈ ਅਜਿਹੇ ਘਰ ਵਿਚ ਰਹਿ ਰਿਹਾ ਹੋਵੇ ਜਿਹੜਾ ਉਹਦਾ ਆਪਣਾ ਨਾ ਹੋਵੇ।

ਜੀਅ ਕੀਤਾ ਬੱਦਲਾਂ ਲਿਪਟੇ ਸੂਰਜ ਦੀ ਮੱਧਮ ਰੌਸ਼ਨੀ ਵਿਚ ਉਦਾਸ ਕਣਕਾਂ ਵੱਲ ਵੇਖਾਂ, ਵੇਖਦਾ ਜਾਵਾਂ ਤੇ



**ਰਘੁਬੀਰ ਢੰਡ**

ਕਵਿਤਾ ਵਰਗੀ ਕਿਸੇ ਚੀਜ਼ ਬਾਰੇ ਸੋਚਾਂ, ਪਰ ਉਹ ਮੇਰੇ ਦਿਮਾਗ 'ਚੋਂ ਨਹੀਂ ਸੀ ਨਿਕਲ ਰਿਹਾ। ਉਹ ਜਿਹੜਾ ਮੈਨੂੰ ਹੁਣੇ ਵਿਦਾ ਕਰ ਹੱਥ ਹਿਲਾ ਰਿਹਾ ਸੀ। ਉਹ ਜਿਹੜਾ ਜਿਥੇ ਖਲੋਤਾ ਸੀ, ਉਥੇ ਰੌਸ਼ਨੀ ਹੀ ਰੌਸ਼ਨੀ ਸੀ। ਪਲੇਟਫਾਰਮ ਤਾਂ ਭਾਵੇਂ ਛੱਤਿਆ ਹੋਇਆ ਸੀ।

ਕਲ੍ਹ ਆਥਣੇ ਮੈਂ ਉਹਦੇ ਕੋਲ ਆਇਆ ਸਾਂ ਅਤੇ ਰਾਤ ਰਿਹਾ ਸਾਂ, ਮਰਜ਼ੀ ਨਾਲ ਨਹੀਂ ਮਜਬੂਰੀ ਨਾਲ। ਅਸੀਂ ਵਲਾਇਤੀ ਇੰਡੀਅਨ, ਮਰਜ਼ੀ ਨਾਲ ਤਾਂ ਉਥੇ ਹੀ ਰਾਤ ਰਹਿੰਦੇ ਹਾਂ ਜਿਥੇ ਦਾਰੂ ਵਲਾਇਤੀ ਮਿਲੇ ਤੇ ਮੁਰਗਾ ਇੰਡੀਅਨ ਹੋਵੇ ਤੇ ਗੁਦਗੁਦਾ ਬੈਡ ਜਿਸ 'ਤੇ ਢੋ ਲਾ ਅਸੀਂ ਵਲਾਇਤ ਦੀਆਂ ਨਿਆਮਤਾਂ ਅਤੇ ਰਹਿਮਤਾਂ ਦੇ ਕਿੱਸੇ ਤੁਰਸ਼ ਮਿਰਚ-ਮਸਾਲਿਆਂ ਨਾਲ ਸੁਣਾ ਸਕੀਏ... ਅੰਮ੍ਰਿਤਸਰ ਵਿਚ ਅਜਿਹਾ ਟਿਕਾਣਾ ਨਾ ਹੋਣ ਕਰ ਕੇ ਮੈਨੂੰ ਉਹਦੇ ਕੋਲ ਹੀ ਜਾਣਾ ਤੇ ਰਹਿਣਾ ਪਿਆ ਸੀ। ਇਹੋ ਜਿਹੇ ਗਲੀ ਮੁਹੱਲੇ ਵਿਚੋਂ ਰਿਕਸ਼ਾ ਲੰਘ ਰਿਹਾ ਸੀ ਅਤੇ ਰਿਕਸ਼ੇ ਵਾਲਾ ਬੱਸ ਪੁੱਜੇ ਹੀ ਸਮਝੋ ਆਖ ਰਿਹਾ ਸੀ, ਉਥੇ ਇਹ ਹਿਸਾਬ ਲਾਉਣਾ ਕੋਈ ਔਖਾ ਨਹੀਂ ਸੀ ਕਿ ਦਾਰੂ, ਮੁਰਗਾ ਤੇ ਨਰਮ ਬੈਡ ਮਿਲਣ ਦੀ ਕੋਈ ਸੰਭਾਵਨਾ ਨਹੀਂ।

ਸੀ ਤਾਂ ਉਹ ਮੇਰੇ ਸਕੇ ਚਾਚੇ ਦਾ ਮੁੰਡਾ, ਪਰ ਮੇਰੇ ਲਈ ਉਹ ਅਜਨਬੀ ਹੀ ਸੀ ਕਿਉਂਕਿ ਵੀਹ ਸਾਲ ਪਹਿਲਾਂ ਜਦੋਂ ਮੈਂ ਇੰਗਲੈਂਡ ਆਇਆ ਸਾਂ, ਉਹ ਨੌਂ-ਦਸ ਸਾਲਾਂ ਦਾ ਸੀ। ਵਿਚੋਂ ਦੀ ਜਦੋਂ ਇਕ ਵਾਰ ਮੈਂ ਮੁਲਕ ਗਿਆ ਸਾਂ, ਉਹ ਕੈਦ ਵਿਚ ਸੀ। ਜ਼ਮੀਨ ਖਰੀਦਣ ਦੇ ਗਧੀ-ਗੇੜ ਵਿਚ ਮੁਲਾਕਾਤ ਲਈ ਸਮਾਂ ਨਹੀਂ ਸੀ ਮਿਲ ਸਕਿਆ। ਨਾਲੇ ਮੁਲਾਕਾਤ ਹੁੰਦੀ ਵੀ ਕਿਵੇਂ? ਮੈਨੂੰ ਨਾ ਤਾਂ ਉਹਦੇ ਗੋਚਰਾ ਕੋਈ ਕੰਮ ਸੀ ਅਤੇ ਨਾ ਹੀ ਕੋਈ ਦਿਲਾਂ ਦੇ ਮਾਮਲੇ ਸਨ। ਬਸ ਬਾਪੂ ਜੀ ਐਵੇਂ ਸਰਸਰੀ ਲਿਖ ਦਿੰਦੇ ਸਨ: ਤੇਰੇ ਚਾਚੇ ਨਾਲ ਬੋਲਚਾਲ ਤਕਰੀਬਨ ਬੰਦ ਹੀ ਸਮਝੋ...ਸੜਦਾ-ਕੁੜ੍ਹਦਾ ਬਹੁਤ ਏ। ਲੋਕਾਂ ਨੂੰ ਕਹਿੰਦਾ ਫਿਰਦਾ ਹੈ- ਆਪਣਾ ਮੁੰਡਾ ਤਾਂ ਵਲਾਇਤ ਭੇਜ ਦਿੱਤਾ, ਮੇਰਿਆਂ ਵਾਰੀ ਜਮਾਂ ਹੀ ਸੌਂ ਗਿਆ। ਮੈਥੋਂ ਹਲ ਵਾਹੀ ਗਿਆ ਤੇ ਆਪ ਵੱਡਾ ਸੋਢੀ ਸਰਦਾਰ ਬੈਠਕ ਮੂਹਰੇ ਛਿੜਕਾ ਕਰਵਾ, ਆਰਾਮ ਕੁਰਸੀ 'ਤੇ ਲੰਮਾ ਪੈ, ਰੂਪ-ਬਸੰਤ ਦਾ ਕਿੱਸਾ ਪੜ੍ਹਦਾ ਰਿਹਾ...ਤੇ ਜਦੋਂ ਇੰਗਲੈਂਡੋਂ ਪੈਸੇ ਆਉਣ ਲੱਗੇ ਤਾਂ ਚਾਰ ਸਿਆੜ ਦੇ ਕੇ ਅੱਡ ਕਰ ਦਿੱਤਾ ਮੈਨੂੰ।...ਮੁੰਡਿਆਂ ਦਾ ਜ਼ਿਕਰ ਕਰਨ ਲੱਗਿਆਂ ਬਾਪੂ ਜੀ ਦਾ ਇਕ ਖਾਸ ਅੰਦਾਜ਼ ਹੁੰਦਾ ਸੀ ਜਿਸ ਵਿਚ ਕੁਝ ਉਪਰੀ ਹਮਦਰਦੀ ਤੇ ਕੁਝ ਵੱਡੇ ਹੋਣ ਦਾ ਗੁਮਾਨ ਅਤੇ ਸੁਆਦ ਸ਼ਾਮਲ ਹੁੰਦਾ ਸੀ। ਲਿਖਦੇ...ਤੇਰੇ ਚਾਚੇ ਦੇ ਮੁੰਡੇ ਤਾਂ ਸਹੁਰੇ ਨਲਾਇਕ ਹੀ ਨਿਕਲ ਗਏ। ਵੱਡਾ ਭਜਨ ਤਾਂ ਦਸਮੀ ਤੋਂ ਨੀਂ ਟੱਪਿਆ। ਵਾਹੀ ਕਰਦਾ ਹੈ ਪਿੰਡ। ਛੋਟੇ ਦੇ ਉਂਜ ਲੱਛਣ ਨਹੀਂ ਚੰਗੇ। ਨੜੇ-ਨਕਸਲੀਆਂ ਨਾਲ ਧੱਕੇ ਖਾਂਦਾ ਰਿਹਾ। ਫਿਰ ਸਜ਼ਾ ਖਾ ਗਿਆ। ਹੁਣ ਤਾਂ ਖ਼ੈਰ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ: ਕੈਦਣ ਸੁਨਿਆਰੀ ਨਾਲ ਵਿਆਹ ਕਰਵਾ ਕੇ ਸੋਢੀ ਵੰਸ਼ ਹੀ ਦਾਗੀ ਕਰ ਦਿੱਤਾ ਮਾਂ ਦੇ ਖਸਮ ਨੇ...!

ਬਾਪੂ ਜੀ ਬੜੇ ਪੰਚਾਇਤੀ ਆਦਮੀ ਸਨ। ਉਹ ਇਕ ਰੋੜੇ ਨਾਲ ਦੋ ਜਾਨਵਰ ਮਾਰਨਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੇ ਪਿਛਲਾ ਫਿਕਰਾ ਬੜਾ ਘੋਟ ਕੇ ਖੁਸ਼ਖ਼ਤ ਲਿਖਿਆ ਸੀ, ਤਾਂ ਕਿ ਮੈਨੂੰ ਵੀ ਕੰਨ ਹੋ ਜਾਣ ਕਿ ਤੇਰੇ ਚਾਚੇ ਦੇ ਮੁੰਡੇ ਨੇ ਤਾਂ ਜਿਹੜਾ ਚੰਦ ਚੜ੍ਹਾਉਣਾ ਸੀ, ਉਹ ਚੜ੍ਹਾ ਦਿੱਤਾ ਸੀ...ਤੂੰ ਸ਼ਾਦੀ-ਵਿਆਹ ਦੇ ਮਾਮਲੇ ਵਿਚ ਆਪਣੀ ਉਚੀ ਕੁੱਲ ਦਾ ਧਿਆਨ ਰੱਖੀਂ...ਉਦੋਂ ਹਾਲੀ ਮੇਰਾ ਵਿਆਹ ਨਹੀਂ ਸੀ ਹੋਇਆ।

ਬਸ ਬਾਊ ਜੀ, ਇਸ ਤੋਂ ਅਗਾਂਹ ਰਿਕਸ਼ਾ ਨਹੀਂ ਜਾਂਦਾ। ਇਕ ਭੀੜੀ ਜਿਹੀ ਗਲੀ ਅਤੇ ਚੌੜੀ ਜਿਹੀ ਗੰਦੀ ਨਾਲੀ ਕੋਲ ਰਿਕਸ਼ਾ ਰੋਕ, ਰਿਕਸ਼ੇ ਵਾਲਾ ਬੋਲਿਆ।

ਪੈਸੇ ਦੇ ਮੈਂ ਗਲੀ ਵਿਚ ਆ ਗਿਆ। ਭੀੜੀ ਤੇ ਇੱਟਾਂ ਵਾਲੀ ਗਲੀ। ਨਾਲੀ ਵਿਚ ਇੰਨਾ ਗੰਦ ਕਿ ਨਾਲੀਆਂ ਉਛਲ ਕੇ ਗਲੀ ਵਿਚ ਆ ਰਹੀਆਂ ਸਨ-ਚਿੱਕੜ ਤੇ ਗੰਦ!

"ਭੈਣ ਜੀ, ਮੈਂ ਜਸਵੰਤ ਸਿੰਘ ਸੋਢੀ ਦੇ ਘਰ ਜਾਣੈ", ਮੈਂ ਲੰਘਦੀ ਜਾਂਦੀ ਅਧਖੜ ਉਮਰ ਦੀ ਸੁਆਣੀ ਤੋਂ ਪੁੱਛਿਆ।

"ਅਹੁ ਏ! ਥੜ੍ਹੇ 'ਤੇ ਮਾਸਟਰ ਹੋਰਾਂ ਦੀ ਲੜਕੀ ਖੇਡਦੀ ਪਈ ਏ।"

ਮੈਂ ਥੜ੍ਹੇ ਅੱਗੇ ਜਾ ਕੇ ਖਲੋ ਗਿਆ। ਸੱਤ ਕੁ ਸਾਲਾਂ ਦੀ ਬੱਚੀ ਫਰਸ਼ 'ਤੇ ਚਾਕ ਨਾਲ ਲਿਖਦੀ-ਲਿਖਦੀ ਰੁਕ ਗਈ। ਮਿਉਂਸਪੈਲਿਟੀ ਦੇ ਖੰਭੇ ਦੀ ਰੌਸ਼ਨੀ ਰਿਵਾਜ ਅਨੁਸਾਰ ਬੁਝੀ ਹੋਈ ਸੀ। ਥੜ੍ਹੇ ਦੇ ਨਾਲ ਵਾਲੇ ਕਮਰੇ ਦੇ ਸ਼ੀਸ਼ਿਆਂ ਵਿਚੋਂ ਰੌਸ਼ਨੀ ਬੱਚੀ ਅਤੇ ਉਹਦੇ ਵਾਹੇ ਅੱਖਰਾਂ 'ਤੇ ਪੈ ਰਹੀ ਸੀ ਜਿਸ ਕਰ ਕੇ ਚਾਕ ਨਾਲ ਲਿਖੇ ਅੱਖਰ ਹੋਰ ਵੀ ਚਮਕ ਰਹੇ ਸਨ। ਮੈਨੂੰ ਵੇਖਦਿਆਂ ਹੀ ਬੱਚੀ ਖਲੋ ਗਈ ਅਤੇ ਕਾਫ਼ੀ ਧਿਆਨ ਨਾਲ ਤੱਕਣ ਲੱਗੀ। ਮੇਰੇ ਕੁਝ ਪੁੱਛਣ-ਕਹਿਣ ਤੋਂ ਪਹਿਲਾਂ ਹੀ ਬੋਲ ਪਈ, "ਅੰਕਲ! ਤੁਸੀਂ ਮੇਰੇ ਪਾਪਾ ਨੂੰ ਮਿਲਣੈ?"

"ਹਾਂ, ਕੀ ਨਾਂ ਏ ਤੇਰੇ ਪਾਪਾ ਦਾ?"

"ਮਿਸਟਰ ਜਸਵੰਤ ਸਿੰਘ ਸੋਢੀ-ਪਾਪਾ ਦਾ!...ਮੰਮੀ ਦਾ ਵੀ ਦੱਸਾਂ?"

"ਦੱਸ ਦੇ।"

"ਮਿਸਿਜ਼ ਸੀਮਾ ਸੋਢੀ!...ਆਪਣਾ ਵੀ ਦੱਸਾਂ?"

"ਜ਼ਰੂਰ।"

"ਮਿਸ ਰਮੋਨਾ ਸੋਢੀ, ਪਾਪਾ ਦੀ ਸਿੱਕੇਬੰਦ ਵੋਟ!"

ਮੈਂ ਥਾਏਂ ਜੰਮ ਗਿਆ। ਹੈਰਾਨੀ ਕਾਰਨ ਮੈਥੋਂ ਕੁਝ ਵੀ ਬੋਲਿਆ ਨਾ ਗਿਆ। ਅਜਿਹੇ ਮਾਹੌਲ 'ਚ ਏਡੇ ਪਿਆਰੇ, ਜ਼ਹੀਨ ਅਤੇ ਸੁਭਾਵਕ ਬੱਚੇ ਵੀ ਜੰਮ ਪਲ ਸਕਦੇ ਨੇ, 'ਚਿੱਕੜ ਵਿਚ ਕੰਵਲ!' ਮੈਂ ਸੋਚਿਆ।

ਮੈਂ ਥੜ੍ਹੇ 'ਤੇ ਚੜ੍ਹ ਉਹਦੇ ਮੋਢੇ-ਮੋਢੇ ਤੱਕ ਕੱਟੇ ਕੂਲੇ ਭੂਰੇ ਵਾਲਾਂ 'ਤੇ ਹੱਥ ਫੇਰ ਉਹਦਾ ਮੱਥਾ ਚੁੰਮ ਲਿਆ ਅਤੇ ਚੁੰਮਦੇ ਸਮੇਂ ਮੈਂ ਵੇਖਿਆ ਉਹਦਾ ਚਿਹਰਾ ਕਾਫ਼ੀ ਪੀਲਾ ਸੀ। ਜਦੋਂ ਮੈਂ ਖੜ੍ਹਾ ਹੋਇਆ ਤਾਂ ਵੇਖਿਆ ਕਿ ਮੇਰੇ ਸਾਹਵੇਂ ਅਠਾਈ ਉਨੱਤੀ ਸਾਲ ਦਾ ਲੰਮਾ ਨੌਜਵਾਨ ਖਲੋਤਾ ਸੀ। ਉਸ ਨੇ ਮੇਰੇ ਵੱਲ ਘੋਖਵੀਂ ਨਜ਼ਰ ਸੁੱਟੀ।

"ਜਸਵੰਤ!" ਮੈਂ ਆਖਿਆ।

ਉਸ ਨੇ ਇਕਦਮ ਮੇਰੇ ਗੋਡੀਂ ਹੱਥ ਲਾ ਮੈਨੂੰ ਗਲਵਕੜੀ ਪਾ ਲਈ। ਫਿਰ ਮੇਰਾ ਬੈਗ ਫੜਦਿਆਂ ਬੋਲਿਆ, "ਬਾਈ ਤੁਸੀਂ? ਖ਼ਤ ਲਿਖ ਦਿੰਦੇ, ਮੈਂ ਸਟੇਸ਼ਨ 'ਤੇ ਆ ਜਾਂਦਾ। ਤੁਹਾਨੂੰ ਖੇਚਲ ਨਾ ਹੁੰਦੀ।"

ਬੱਚੀ ਸਣੇ ਅਸੀਂ ਅੰਦਰ ਲੰਘ ਗਏ। ਛੱਤੀ ਹੋਈ ਡਿਓਢੀ ਤੋਂ ਅਗਾਂਹ ਲੰਮਾ ਚੌੜਾ ਬੀਹੀ ਵਰਗਾ ਵਿਹੜਾ ਸੀ ਜਿਸ ਦੇ ਇਕ ਪਾਸੇ ਕਾਫ਼ੀ ਸਾਰੇ ਕਮਰੇ ਸਨ ਜਿਵੇਂ ਰੇਲਵੇ ਦੇ ਚੌਥਾ ਦਰਜਾ ਕੁਆਰਟਰ ਹੋਣ ਜਿਨ੍ਹਾਂ ਵਿਚ ਕਾਫ਼ੀ ਟੱਬਰ ਰਹਿੰਦੇ ਸਨ। ਨਿੱਕੀ ਜਿਹੀ ਰਸੋਈ ਅੱਗਿਓਂ ਲੰਘਦਿਆਂ ਜਸਵੰਤ ਸਿੰਘ ਨੇ ਆਵਾਜ਼ ਮਾਰੀ, "ਸੀਮਾ! ਵੇਖ ਕੌਣ ਆਏ ਨੇ।"

ਅਸੀਂ ਅੰਦਰ ਲੰਘ ਗਏ। ਦੋ ਛੋਟੇ ਵੱਡੇ ਕਮਰੇ ਸਨ। ਜਾਂ ਇੰਜ ਆਖ ਲਵੋ ਕਿ ਕਮਰਾ ਤਾਂ ਇਕੋ ਸੀ ਜਿਸ ਨੂੰ ਮਕਾਨ ਮਾਲਕ ਨੇ ਦੋ ਕਮਰਿਆਂ ਦਾ ਸੈਟ ਬਣਾਉਣ ਲਈ ਦੋ ਭਾਗਾਂ 'ਚ ਵੰਡ ਦਿੱਤਾ ਸੀ। ਮੈਂ ਓਵਰਕੋਟ ਲਾਹ ਕੇ ਕਿੱਲੀ ਨਾਲ ਟੰਗ ਦਿੱਤਾ। ਇੰਨੇ ਨੂੰ ਸੀਮਾ ਅੰਦਰ ਆਈ ਤੇ ਹੱਥ ਜੋੜ ਕੇ ਮੁਸਕਾਈ। ਉਹ ਸੀਮਾ, ਜਿਸ ਨੇ ਸੋਢੀ ਕੁਲ ਨੂੰ ਕਲੰਕਿਤ ਕਰ ਕੇ ਜਸਵੰਤ ਨੂੰ ਬੇਦਾਵਾ ਕਰਵਾ ਦਿਤਾ ਸੀ। ਕੇਡਾ ਇਤਿਹਾਸ ਸਮੇਟੀ ਖਲੋਤੀ ਸੀ ਸੀਮਾ ਮੇਰੇ ਸਾਹਵੇਂ, ਫਿਰ ਵੀ ਮੁਸਕਾ ਰਹੀ ਸੀ।

"ਸੀਮਾ, ਇਹ ਇੰਗਲੈਂਡ ਵਾਲੇ ਬਾਈ ਨੇ।"

ਉਹ ਦੋ ਕਦਮ ਮੇਰੇ ਵੱਲ ਵਧੀ ਅਤੇ ਮੇਰੇ ਪੈਰਾਂ ਨੂੰ ਹੱਥ ਲਾਉਣ ਲਈ ਝੁਕੀ। ਮੈਂ ਉਸ ਨੂੰ ਰੋਕ ਦਿਤਾ ਅਤੇ ਸਿਰ ਪਲੋਸ ਕੇ ਆਖਿਆ, "ਜੀਂਦੀ ਰਹਿ ਭਾਈ! ਕੁੜੀਆਂ ਤਾਂ ਦੇਵੀਆਂ ਹੁੰਦੀਆਂ ਨੇ...ਨਾਲੇ ਤੂੰ ਤਾਂ ਸੱਚਮੁਚ ਦੇਵੀ ਐਂ।"

"ਕਿਉਂ ਸ਼ਰਮਿੰਦਾ ਕਰਦੇ ਹੋ, ਭਾਪਾ ਜੀ!" ਉਸ ਨੇ ਨੀਵੀਂ ਪਾ ਲਈ। ਇਸ ਨਾਲ ਉਸ ਦੇ ਸਾਦੇ ਬਿਸਕੁਟੀ ਸ਼ਾਲ ਦੀ ਬੁੱਕਲ ਖੁੱਲ੍ਹ ਗਈ ਤੇ ਮੋਟੀ ਲੰਮੀ ਗੁੱਤ ਉਹਦੀ ਗੋਦੀ 'ਚ ਡਿੱਗ ਪਈ।

"ਨਹੀਂ ਸੀਮਾ, ਤੂੰ ਇਹ ਨਿੱਕਾ ਜਿਹਾ ਘਰ ਏਡੇ ਕਰੀਨੇ ਨਾਲ ਸਜਾਇਆ ਹੋਇਐ। ਏਡੀ ਪਿਆਰੀ ਤੇ ਏਡੀਆਂ ਮੋਹ ਲੈਣ ਵਾਲੀਆਂ ਗੱਲਾਂ ਕਰਨ ਵਾਲੀ ਤੁਹਾਡੀ ਬੱਚੀ, ਇਹ ਸਭ ਤੇਰੀ ਚੰਗਿਆਈ ਦਾ ਹੀ ਸਬੂਤ ਐ।"

"ਬਹੁਤ ਗੱਲਾਂ ਕਰਦੀ ਏ, ਬਿਨਾਂ ਫੁਲ ਸਟਾਪ ਲਾਇਆਂ ਬੋਲੀ ਜਾਂਦੀ ਏ। ਜੇ ਮੈਂ ਇਨ੍ਹਾਂ ਨੂੰ ਨਾ ਭੇਜਦੀ ਤਾਂ ਪਤਾ ਨਹੀਂ ਤੁਹਾਨੂੰ ਕਿੰਨੀ ਦੇਰ ਉਥੇ ਰੋਕੀ ਰੱਖਦੀ।"

ਰਮੋਨਾ ਬੁੱਲ੍ਹ ਟੇਰ ਜਸਵੰਤ ਦੀ ਗੋਦੀ ਵਿਚ ਜਾ ਵੜੀ। ਜਸਵੰਤ ਦੂਜੇ ਕਮਰੇ 'ਚ ਚਲਿਆ ਗਿਆ। ਸੀਮਾ ਮੇਰੇ ਸਾਹਮਣੇ ਬੈਠੀ ਮੇਰੇ ਪਰਿਵਾਰ ਦਾ ਹਾਲ-ਚਾਲ ਪੁੱਛਣ ਲੱਗੀ। ਉਹ ਆਪਣੀ ਉਮਰ ਨਾਲੋਂ ਕੋਈ ਪੰਜ ਸਾਲ ਛੋਟੀ ਜਾਪ ਰਹੀ ਸੀ। ਸੋਹਣੀ ਵੀ ਕਾਫ਼ੀ ਸੀ, ਸਮੇਂ ਦੀਆਂ ਗਰਮ-ਸਰਦ ਰੁੱਤਾਂ ਨੇ ਹੁਣ ਚਿਹਰਾ ਗੰਭੀਰ ਬਣਾ ਦਿਤਾ ਸੀ, ਪਰ ਗੰਭੀਰਤਾ 'ਚ ਉਦਾਸੀ ਨਹੀਂ, ਸਵੈ-ਵਿਸ਼ਵਾਸ ਸੀ ਜਿਹੜਾ ਆਪਣੀਆਂ ਲੜਾਈਆਂ ਆਪ ਲੜ ਕੇ ਪੈਦਾ ਹੁੰਦਾ ਹੈ। ਹਾਂ, ਮੈਨੂੰ ਉਹਦੀਆਂ ਐਨਕਾਂ ਚਿਹਰੇ ਦੀ ਨਿਸਬਤ ਬਹੁਤ ਵੱਡੀਆਂ ਜਾਪੀਆਂ ਜਿਹਦੇ ਘਟੀਆ ਫਰੇਮ ਨੇ ਉਹਦੇ ਨੱਕ 'ਤੇ ਨਿਸ਼ਾਨ ਪਾ ਦਿੱਤਾ ਸੀ। ਕੱਲ੍ਹ ਹੀ ਸੀਮਾ ਲਈ ਵਧੀਆ ਫਰੇਮ ਖਰੀਦ ਕੇ ਦੇਵਾਂਗੇ, ਜਿੰਨੇ ਮਰਜ਼ੀ ਪੈਸੇ ਲੱਗ ਜਾਣ। ਕੁੜੀਆਂ ਨੂੰ ਜਿੰਨਾ ਵੀ ਦਿੱਤਾ ਜਾਵੇ, ਥੋੜ੍ਹਾ ਹੁੰਦਾ ਹੈ, ਜਿਹਦੇ ਨਾਲ ਘਰ ਦੀ ਸ਼ਾਨ ਵਧਦੀ ਹੈ-ਬਾਬਾ ਜੀ ਆਖਿਆ ਕਰਦੇ ਸਨ।

ਸੀਮਾ ਰੋਟੀ-ਟੁੱਕ ਦਾ ਆਹਰ ਕਰਨ ਰਸੋਈ ਵਿਚ ਚਲੀ ਗਈ।

ਜਸਵੰਤ ਚਮਚੇ ਨਾਲ ਬੱਚੀ ਨੂੰ ਕੋਈ ਦਵਾਈ ਪਿਆ ਰਿਹਾ ਸੀ।

"ਕਾਹਦੀ ਦਵਾਈ ਐ ਇਹ?" ਮੈਂ ਪੁੱਛਿਆ।

"ਸਾਹ ਤੇ ਖੰਘ ਦੀ।" ਜਸਵੰਤ ਨੇ ਜਵਾਬ ਦਿੱਤਾ।

ਖੰਘ ਤਾਂ ਚਲੋ ਠੀਕ ਹੈ, ਪਰ ਸਾਹ ਵਾਲੀ ਗੱਲ ਨਾਲ ਮੈਂ ਫ਼ਿਕਰਮੰਦ ਹੋ ਗਿਆ। ਉਡੀਕਦਾ ਰਿਹਾ ਕੁਝ ਮਿੰਟ ਕਿ ਉਹ ਕੁਝ ਖੋਲ੍ਹ ਕੇ ਦੱਸੇਗਾ, ਪਰ ਉਹ ਚੁੱਪ-ਚਾਪ ਰਿਹਾ। ਮੈਨੂੰ ਇਹ ਪਰਿਵਾਰ ਇੰਜ ਆਪਣਾ ਲੱਗਣ ਲੱਗ ਪਿਆ ਜਿਵੇਂ ਮੈਂ ਸਾਲਾਂ ਤੋਂ ਇਨ੍ਹਾਂ ਦੇ ਕੋਲ ਰਹਿੰਦਾ ਰਿਹਾ ਹੋਵਾਂ। ਮੈਂ ਇਨ੍ਹਾਂ ਤੋਂ ਨਿਸੰਗ ਹਰ ਗੱਲ ਪੁੱਛ ਸਕਦਾ ਸਾਂ।

ਮੈਂ ਮੁੜ ਪੁੱਛਿਆ ਤਾਂ ਜਸਵੰਤ ਨੇ ਦੱਸਿਆ ਕਿ ਜਨਮ ਸਮੇਂ ਰਮੋਨਾ ਬੜੀ ਤੰਦਰੁਸਤ ਤੇ ਸਿਹਤਮੰਦ ਬੱਚੀ ਸੀ। ਫਿਰ ਸਰਦੀਆਂ ਵਿਚ ਇਹਨੂੰ ਨਮੂਨੀਆ ਹੋ ਗਿਆ। ਮੈਂ ਤੇ ਸੀਮਾ ਦੋਵੇਂ ਬੇਕਾਰ ਸਾਂ। ਚੰਗੇ ਡਾਕਟਰ ਨੂੰ ਵਿਖਾ ਨਾ ਸਕੇ। ਜ਼ਿੰਦਗੀ ਮੌਤ ਵਿਚਕਾਰ ਲਟਕਦੀ ਠੀਕ ਤਾਂ ਹੋ ਗਈ ਪਰ ਦਮਾ ਹੋ ਗਿਆ। ਕਹਿੰਦਿਆਂ-ਕਹਿੰਦਿਆਂ ਉਹਦਾ ਚਿਹਰਾ ਕੁਝ ਉਦਾਸ ਹੋ ਗਿਆ। ਉਸ ਨੇ ਬੱਚੀ ਨੂੰ ਆਪਣੇ ਨਾਲ ਘੁੱਟ ਲਿਆ। ਉਹ ਤਾਂ ਮੁਸਕਾ ਰਹੀ ਸੀ।

"ਚਾਚੇ ਕੋਲ ਜਾਂਦਾ ਤਾਂ ਪਿੰਡ!" ਮੈਂ ਜਿਵੇਂ ਉਸ ਨੂੰ ਲਾਹਨਤ ਪਾਈ।

"ਗਿਆ ਸਾਂ, ਪਰ ਬਾਪੂ ਬਹੁਤ ਚੜ੍ਹਿਆ ਹੋਇਆ ਸੀ। ਕੁੱਤੇ ਕਮੀਨੇ, ਹਰਾਮੀ ਤੋਂ ਬਿਨਾਂ ਨਹੀਂ ਸੀ ਬੋਲਦਾ-ਤੂੰ ਕੰਜਰਾ, ਸੁਨਿਆਰੀ ਨਾਲ ਵਿਆਹ ਕਰਵਾ ਕੇ ਸੋਢੀ ਵੰਸ਼ ਨੂੰ ਲਾਜ ਲਾ ਦਿੱਤੀ। ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ, ਨਹੀਂ ਤਾਂ ਕਸੀਆ ਮਾਰ ਕੇ ਸਿਰ ਪਾੜ ਦਿਆਂਗਾ-ਮੈਂ ਤਾਂ ਤੈਨੂੰ ਕਦੋਂ ਦਾ ਬੇਦਾਵਾ ਲਿਖਵਾ ਚੁਕਿਆ-ਏਥੇ ਬਕਲੀਆਂ ਲੈਣ ਆਇਐਂ? ਮੇਰਾ ਫਿਰ ਗੱਲ ਕਰਨ ਨੂੰ ਹੌਂਸਲਾ ਹੀ ਨਾ ਪਿਆ।

"ਪਰ ਜਸਵੰਤ ਤੂੰ ਚਾਚੇ ਨੂੰ ਸਮਝਾਉਂਦਾ ਧੀਰਜ ਨਾਲ।"

ਉਹ ਹੱਸਿਆ। ਮੇਰੇ ਖਿਆਲ ਵਿਚ ਮੇਰੀ ਅਕਲ 'ਤੇ ਹੀ ਹੱਸਿਆ ਸੀ, ਮੈਂ ਜਿਹੜਾ ਵਲਾਇਤੋਂ ਆ ਕੇ ਸਾਧ ਬਾਣੀ ਘੋਟਣ ਲੱਗਿਆ ਹੋਇਆ ਸਾਂ।

"ਬਾਈ, ਕਦੇ ਪੁੱਤਾਂ ਤੋਂ ਵੀ ਪਿਉ ਸਮਝੇ ਨੇ-ਖਾਸ ਕਰ ਅਨਪੜ੍ਹ ਅਤੇ ਉਹ ਜਿਨ੍ਹਾਂ ਦੇ ਸਿਰ 'ਚ ਸੋਢੀ ਸਰਦਾਰਾਂ ਤੇ ਉਤਮ ਕੁੱਲ ਦਾ ਕੁੱਲਾ ਫਸਿਆ ਹੋਇਆ ਹੋਵੇ! ਉਂਜ ਮੈਂ ਬਾਪੂ ਨੂੰ ਠੰਢਾ ਕਰਨ ਲਈ ਦਸਮੇ ਪਾਤਸ਼ਾਹ ਦਾ ਵਾਸਤਾ ਪਾ ਕੇ ਆਖਿਆ ਸੀ ਕਿ ਆਪਾਂ ਦਸਮੇ ਪਾਤਸ਼ਾਹ ਦੀ ਅੰਸ਼ ਵਿਚੋਂ ਹਾਂ ਜਿਨ੍ਹਾਂ ਨੇ ਜਾਤ-ਪਾਤ ਦਾ ਭੇਦ ਮਿਟਾਉਣ ਦਾ ਉਪਦੇਸ਼ ਦਿੱਤਾ ਹੈ ਪਰ ਬਾਪੂ ਅਭਿੱਜ ਰਿਹਾ। ਬੋਲਿਆ, ਤਾਂ ਦੱਸ ਦੇ ਫੇਰ ਮੈਨੂੰ ਜੇ ਦਸਮੇ ਪਾਤਸ਼ਾਹ ਦਾ ਕੋਈ ਵਿਆਹ ਕਿਸੇ ਹੋਰ ਜਾਤ 'ਚ ਹੋਇਆ ਹੋਵੇ।"

"ਮੇਰੇ ਬਾਪੂ ਜੀ ਕੋਲ ਜਾਂਦਾ ਫੇਰ, ਤਾਇਆ ਵੀ ਤਾਂ ਬੜਾ ਬਾਪ ਹੀ ਹੁੰਦੈ।"

"ਤਾਇਆ ਜੀ ਨੂੰ ਮੈਂ ਸਿਰਫ਼ ਪ੍ਰਣਾਮ ਕਰਨ ਗਿਆ ਸਾਂ। ਖ਼ੈਰ ਛੱਡੋ ਇਨ੍ਹਾਂ ਗੱਲਾਂ ਨੂੰ, ਗਈਆਂ ਗੁਜ਼ਰੀਆਂ ਗੱਲਾਂ 'ਤੇ ਕੀ ਵਕਤ ਜ਼ਾਇਆ ਕਰਨਾ ਹੈ। ਤੁਸੀਂ ਸੁਣਾਓ, ਭਾਬੀ ਜੀ ਕਿਵੇਂ ਨੇ? ਮੇਰੇ ਭਤੀਜੇ-ਭਤੀਜੀਆਂ ਕਿੱਡੇ ਕੁ ਹੋ ਗਏ? ਉਨ੍ਹਾਂ ਨੂੰ ਕਿਉਂ ਨਹੀਂ ਲਿਆਂਦਾ ਨਾਲ?"

ਮੈਂ ਉਹਦੇ ਵੱਲ ਕਾਫ਼ੀ ਧਿਆਨ ਨਾਲ ਤੱਕਿਆ। ਉਹਦੀਆਂ ਮੋਟੀਆਂ ਗੰਭੀਰ ਅੱਖਾਂ ਉਂਜ ਦੀਆਂ ਉਂਜ ਧਰਤੀ 'ਤੇ ਟਿਕੀਆਂ ਹੋਈਆਂ ਸਨ। ਮੇਰੇ ਬਾਪੂ ਜੀ ਨੂੰ ਪ੍ਰਣਾਮ ਕਰਨ ਜਾਣ ਵਾਲੀ ਗੱਲ ਨੇ ਮੈਨੂੰ ਉਹਦੇ ਸਾਹਵੇਂ ਬਹੁਤ ਛੋਟਾ ਕਰ ਦਿੱਤਾ ਸੀ। ਕਾਸ਼, ਮੈਨੂੰ ਪਤਾ ਲੱਗ ਜਾਂਦਾ ਕਾਸ਼! ਕੀ ਅੰਦਾਜ਼ ਸੀ ਉਹਦਾ ਗੱਲ ਕਰਨ ਦਾ ਵੀ, ਜਿਵੇਂ ਉਹਦੇ ਧੁਰ ਅੰਦਰੋਂ ਫੁੱਟ ਰਹੀ ਸੀ-ਨਾ ਕੋਈ ਮੁਲੰਮਾ, ਨਾ ਭੂਮਿਕਾ ਤੇ ਨਾ ਤੋੜ ਮਰੋੜ! ਮੈਨੂੰ ਆਪਣੇ ਬਾਰੇ ਗੱਲ ਕਰਨੀ ਬਿਲਕੁਲ ਫਜ਼ੂਲ ਜਾਪੀ। ਸਿਰਫ਼ ਇੰਨਾ ਹੀ ਆਖਿਆ, "ਤੇਰੀ ਭਾਬੀ ਤੇ ਬੱਚੇ ਬਿਲਕੁਲ ਠੀਕ ਠਾਕ ਨੇ, ਤੇਰੀ ਭਾਬੀ ਮੋਟੀ ਹੋਣ ਦੇ ਡਰੋਂ ਡਾਈਟਿੰਗ ਕਰ ਰਹੀ ਐ।"

ਜਸਵੰਤ ਨੇ ਰਸੋਈ ਵੱਲ ਝਾਤ ਮਾਰੀ ਤੇ ਆਖਿਆ, "ਸੀਮਾ, ਬਾਜ਼ਾਰੋਂ ਕੁਸ਼ ਲਿਆਉਣਾ ਤਾਂ ਨ੍ਹੀਂ?"

ਰਸੋਈ ਵਿਚੋਂ ਹੀ ਆਵਾਜ਼ ਆਈ, "ਨਹੀਂ ਜੀ। ਤੁਸੀਂ ਭਾਪਾ ਜੀ ਦਾ ਦਿਲ ਲਵਾਓ।"

"ਏਸ ਘਟਨਾ ਤੋਂ ਪਿਛੋਂ ਵੀ ਪਿੰਡ ਗਿਐਂ?"

"ਬੜੀ ਵਾਰ! ਮੈਂ ਤਕਰੀਬਨ ਮਹੀਨੇ ਪਿਛੋਂ ਪਿੰਡ ਜਾਨਾਂ।"

"ਚਾਚੇ ਦਾ ਵਤੀਰਾ ਕਿਵੇਂ ਹੁਣ?"

"ਪਹਿਲਾਂ ਮੈਂ ਉਥੇ ਹੀ ਜਾਨਾਂ ਜਿਥੇ ਬਾਪੂ ਹੁੰਦੈ। ਉਹ ਬਹੁਤਾ ਖੇਤ 'ਚ ਹੀ ਹੁੰਦੈ, ਮਿੱਟੀ ਨਾਲ ਮਿੱਟੀ ਹੋਇਆ। ਪਹਿਲਾਂ ਪਹਿਲਾਂ ਤਾਂ ਕਲਾਮ ਵੀ ਨਹੀਂ ਸੀ ਕਰਦਾ। ਮੈਂ ਗੋਡੀਂ ਹੱਥ ਲਾਉਂਦਾ ਤਾਂ ਪਿਛਾਂਹ ਹਟ ਜਾਂਦਾ ਸੀ, ਪਰ ਜਦੋਂ ਦੀ ਬੇਬੇ ਮਰੀ ਐ, ਲਾਹ-ਲਾਹ ਨਹੀਂ ਸੁੱਟਦਾ, ਗੱਲਾਂ ਗਿਣਵੀਆਂ ਹੀ ਕਰਦੈ। ਰਾਤ ਨੂੰ ਮੈਂ ਕੋਲ ਹੀ ਬੈਠਕ 'ਚ ਸੌਂ ਜਾਨਾਂ। ਚਾਰ ਵਜੇ ਨੇ, ਮੈਂ ਆਖਾਂਗਾ, ਫੇਰ ਆਖੇਗਾ-ਐਸ ਵੇਲੇ ਤੇਰੀ ਬੇਬੇ ਚਾਹ ਕਰਦੀ ਹੁੰਦੀ ਸੀ। ਮੈਂ ਚਾਹ ਬਣਾ ਕੇ ਦੇ ਦਿੰਨਾਂ। ਜਦੋਂ ਮੈਂ ਆਉਣ ਲਗਦਾਂ ਤਾਂ ਆਖਦਾਂ, ਚੰਗਾ ਬਾਪੂ ਮੈਂ ਚਲਦਾਂ ਹੁਣ! 'ਚੰਗਾ!' ਬਸ, ਇੰਨਾ ਕੁ ਹੀ ਜਵਾਬ ਦਿੰਦੈ, ਪਰ ਪਿਛਲੀ ਵਾਰ ਜਦੋਂ ਮੈਂ ਆਉਣ ਲੱਗਿਆ ਤਾਂ ਬਾਪੂ ਅੰਬ ਹੇਠ ਖਲੋਤਾ ਸੀ। 'ਚੰਗਾ' ਆਖ ਕਹਿਣ ਲੱਗਿਆ, 'ਕੁੜੀ ਨੂੰ ਵੀ ਲੈ ਆਇਆ ਕਰ ਨਾਲ।' ਮੈਂ 'ਚੰਗਾ' ਆਖ ਅਜੇ ਦਸ ਕਦਮ ਹੀ ਗਿਆ ਹੋਵਾਂਗਾ, ਬੋਲਿਆ, 'ਕੁੜੀ ਦਾ ਮਤਲਬ ਕਿਤੇ ਸੁਨਿਆਰੀ ਨਾ ਸਮਝ ਲਈਂ।' ਮੇਰੇ ਐਨ ਸੱਜੇ ਪਾਸੇ ਮੋਟਾ ਸਾਰਾ ਤੂਤ ਖਲੋਤਾ ਸੀ। ਜੀਅ ਕੀਤਾ ਕਿ ਬਾਪੂ ਨੂੰ ਤਾਂ ਕੁਝ ਕਹਿ ਨੀ ਸਕਦਾ, ਆਪਣਾ ਹੀ ਮੱਥਾ ਭੰਨ ਸੁੱਟਾਂ ਤੂਤ ਨਾਲ ਟੱਕਰ ਮਾਰ ਕੇ; ਪਰ ਬਾਈ, ਸਭ ਕੁਝ ਪੀ ਲਿਆ ਤੇ ਆਖਿਆ, 'ਨਹੀਂ ਬਾਪੂ!' ਫੇਰ ਉਹ ਚੁੱਪ-ਚਾਪ ਮੇਰੇ ਕੋਲ ਆਇਆ ਤੇ ਖੀਸੇ 'ਚੋਂ ਪੰਜ ਨੋਟ ਸੌ-ਸੌ ਦੇ ਕੱਢ ਮੇਰੇ ਵੱਲ ਵਧਾਏ, 'ਸਿਆਲ ਆ ਰਿਹੈ, ਕੁੜੀ ਨੂੰ ਕੱਪੜੇ ਸਮਾ ਦੇਈਂ।' ਮੈਂ ਬਿਨਾਂ ਪੈਸੇ ਫੜਿਆਂ ਉਥੋਂ ਤੁਰ ਪਿਆ। ਕੁਝ ਪੈਰ ਅਗਾਂਹ ਜਾ ਮੈਂ ਜ਼ਰਾ ਕੁ ਪਿਛਾਂਹ ਵੇਖਿਆ। ਪੈਸੇ ਖੀਸੇ 'ਚ ਪਾਉਂਦਿਆਂ ਬਾਪੂ ਬੋਲਿਆ ਸੀ, ਸਾਲੇ 'ਚ ਵਿਹੁ ਅਜੇ ਓਨੀ ਈ ਐ।"

ਜਸਵੰਤ ਚੁੱਪ ਹੋ ਗਿਆ। ਮੈਂ ਉਹਦੇ ਚਿਹਰੇ ਵੱਲ ਤੱਕਿਆ ਤੇ ਮੈਨੂੰ ਕਾਫ਼ੀ ਹੈਰਾਨੀ ਹੋਈ ਕਿ ਇੰਨੀਆਂ ਤੇਸ਼-ਭਰੀਆਂ ਚੁਭਵੀਆਂ ਅਤੇ ਪੀੜਾਂ ਲੱਦੀਆਂ ਗੱਲਾਂ, ਜਿਨ੍ਹਾਂ ਦਾ ਸਾਰੇ ਦਾ ਸਾਰਾ ਸਬੰਧ ਉਹਦੇ ਆਪਣੇ ਨਿੱਜ ਨਾਲ ਸੀ, ਨੇ ਨਾ ਤਾਂ ਉਹਦੇ ਚਿਹਰੇ 'ਤੇ ਕੁੜੱਤਣ ਲਿਆਂਦੀ ਸੀ ਅਤੇ ਨਾ ਹੀ ਉਮੀਦੀ ਤੇ ਸਵੈ ਤਰਸ। ਉਹਦੇ ਚਿਹਰੇ 'ਤੇ ਤਾਂ ਬਸ ਇਹੀ ਲਿਖਿਆ ਹੋਇਆ ਸੀ ਕਿ ਮੁਸਾਫ਼ਰ ਅਜੇ ਥੱਕੇ ਨਹੀਂ!

"ਚਾਚੀ ਦਾ ਕੀ ਵਤੀਰਾ ਸੀ?"

"ਵਿਆਹ ਤੋਂ ਤਾਂ ਬੇਬੇ ਵੀ ਬਹੁਤ ਨਾਰਾਜ਼ ਸੀ, ਪਰ ਬਾਪੂ ਵਾਂਗ ਗਾਲ੍ਹਾਂ ਨਹੀਂ ਸੀ ਕੱਢਦੀ। ਸੀਮਾ ਨਾਲ ਵਿੱਥ ਰੱਖਦੀ ਸੀ ਤੇ ਮੈਂ ਅਤੇ ਸੀਮਾ ਦੋਵੇਂ ਹੀ ਬੇਬੇ ਦੀਆਂ ਕਦਰਾਂ-ਕੀਮਤਾਂ ਨੂੰ ਸਮਝਦੇ ਸਾਂ, ਪਰ ਬੇਬੇ ਦੀ ਚੁੱਪ ਸਾਨੂੰ ਬੜਾ ਦੁਖੀ ਕਰਦੀ ਸੀ। ਫਿਰ ਵੀ ਬੇਬੇ ਮਾਂ ਸੀ। ਇਸ ਲਈ ਜਦੋਂ ਬਾਪੂ ਨੇ ਮੈਨੂੰ ਬੇਦਾਵਾ ਲਿਖਵਾਇਆ ਤਾਂ ਬੇਬੇ ਬਹੁਤ ਤੜਫੀ ਸੀ। ਮਾਮਾ ਵੀ ਸੱਦਿਆ ਸੀ, ਪਰ ਬਾਪੂ ਮੁੜਿਆ ਨਹੀਂ ਸੀ। ਇਸ ਤੋਂ ਮਗਰੋਂ ਬੇਬੇ ਟੁੱਟ ਗਈ ਸੀ। ਰਮੋਨਾ ਦੇ ਜਨਮ ਵੇਲੇ ਆਪਣੀ ਪੰਡਤਾਣੀ ਨੂੰ ਨਾਲ ਲੈ ਕੇ ਆਈ। ਬੜਾ ਕੁਸ਼ ਲੈ ਕੇ ਆਈ। ਪੰਜੀਰੀ ਦਾ ਪੀਪਾ, ਰਮੋਨਾ ਲਈ ਸੋਨੇ ਦੀ ਚੇਨੀ ਤੇ ਸੀਮਾ ਵਾਸਤੇ ਦਸਾਂ-ਬਾਰਾਂ ਤੋਲਿਆਂ ਦਾ ਰਾਣੀ ਹਾਰ। ਤਿੰਨ ਦਿਨ ਰਹੀ। ਇਕ ਖਾਸ

***ਪਹਿਲਾਂ ਮੈਂ ਉਥੇ ਹੀ ਜਾਨਾਂ ਜਿਥੇ ਬਾਪੂ ਹੁੰਦੈ। ਉਹ ਬਹੁਤਾ ਖੇਤ 'ਚ ਹੀ ਹੁੰਦੈ, ਮਿੱਟੀ ਨਾਲ ਮਿੱਟੀ ਹੋਇਆ। ਪਹਿਲਾਂ ਪਹਿਲਾਂ ਤਾਂ ਕਲਾਮ ਵੀ ਨਹੀਂ ਸੀ ਕਰਦਾ। ਮੈਂ ਗੋਡੀਂ ਹੱਥ ਲਾਉਂਦਾ ਤਾਂ ਪਿਛਾਂਹ ਹਟ ਜਾਂਦਾ ਸੀ, ਪਰ ਜਦੋਂ ਦੀ ਬੇਬੇ ਮਰੀ ਐ, ਲਾਹ-ਲਾਹ ਨਹੀਂ ਸੁੱਟਦਾ, ਗੱਲਾਂ ਗਿਣਵੀਆਂ ਹੀ ਕਰਦੈ। ਰਾਤ ਨੂੰ ਮੈਂ ਕੋਲ ਹੀ ਬੈਠਕ 'ਚ ਸੌਂ ਜਾਨਾਂ। ਚਾਰ ਵਜੇ ਨੇ, ਮੈਂ ਆਖਾਂਗਾ, ਫੇਰ ਆਖੇਗਾ-ਐਸ ਵੇਲੇ ਤੇਰੀ ਬੇਬੇ ਚਾਹ ਕਰਦੀ ਹੁੰਦੀ ਸੀ। ਮੈਂ ਚਾਹ ਬਣਾ ਕੇ ਦੇ ਦਿੰਨਾਂ। ਜਦੋਂ ਮੈਂ ਆਉਣ ਲਗਦਾਂ ਤਾਂ ਆਖਦਾਂ, ਚੰਗਾ ਬਾਪੂ ਮੈਂ ਚਲਦਾਂ ਹੁਣ! 'ਚੰਗਾ!' ਬਸ, ਇੰਨਾ ਕੁ ਹੀ ਜਵਾਬ ਦਿੰਦੈ, ਪਰ ਪਿਛਲੀ ਵਾਰ ਜਦੋਂ ਮੈਂ ਆਉਣ ਲੱਗਿਆ ਤਾਂ ਬਾਪੂ ਅੰਬ ਹੇਠ ਖਲੋਤਾ ਸੀ। 'ਚੰਗਾ' ਆਖ ਕਹਿਣ ਲੱਗਿਆ, 'ਕੁੜੀ ਨੂੰ ਵੀ ਲੈ ਆਇਆ ਕਰ ਨਾਲ।' ਮੈਂ 'ਚੰਗਾ' ਆਖ ਅਜੇ ਦਸ ਕਦਮ ਹੀ ਗਿਆ ਹੋਵਾਂਗਾ, ਬੋਲਿਆ, 'ਕੁੜੀ ਦਾ ਮਤਲਬ ਕਿਤੇ ਸੁਨਿਆਰੀ ਨਾ ਸਮਝ ਲਈਂ।'***

ਕਿਸਮ ਦੀ ਗਤੀ ਛਾਈ ਰਹਿੰਦੀ ਸੀ ਘਰ 'ਚ। ਮੇਰੇ ਨਾਲ ਘਟ-ਵਧ ਹੀ ਬੋਲਦੀ ਸੀ, ਪਰ ਅਖੀਰਲੇ ਦਿਨ ਆਖਣ ਲੱਗੀ, 'ਕੰਮ ਧੰਦਾ ਤਾਂ ਕੋਈ ਹੈ ਨੀ, ਟਿਊਸ਼ਨਾਂ 'ਤੇ ਮਗਜ਼ ਖਪਾਈ ਕਰੀ ਜਾਨੇ ਓਂ। ਪਿੰਡ ਆ ਕੇ ਮੁਰਗੀਖਾਨਾ ਖੋਲ੍ਹ ਲੈ ਜਾਂ ਮੰਡੀ ਆ ਕੇ ਆਪਣਾ ਸਕੂਲ ਖੋਲ੍ਹ ਲੈ। ਇਸ ਘਚੋਰ 'ਚ ਨਰਕ ਕੱਟੀ ਜਾਨੈਂ ਤੇ ਪਿੰਡ ਤਿਹਾਸਮੀਆਂ ਹਵੇਲੀਆਂ 'ਚ ਕਬੂਤਰਖ਼ਾਨੇ ਬਣੇ ਹੋਏ ਨੇ। ਕੁਸ਼ ਅਕਲ ਕਰ ਨਿਕਰਮਿਆਂ।'

ਮੈਂ ਖਿਝ ਗਿਆ, 'ਉਨ੍ਹਾਂ ਤਿਹਾਸਮੀਆਂ 'ਚ ਮੇਰੇ ਲਈ ਤਾਂ ਇਕ ਖਣ ਵੀ ਨ੍ਹੀਂ। ਰੱਖੋ ਆਪਣੀਆਂ ਤਿਹਾਸਮੀਆਂ ਤੇ ਮੁਰੱਬੇ! ਮੈਂ ਤਪ ਗਿਆ ਤੇ ਬਿਨਾਂ ਰੋਟੀ ਖਾਧਿਆਂ ਸੌਂ ਗਿਆ। ਬੇਬੇ ਵੀ ਗਾਲਾਂ ਦਿੰਦੀ ਸੌਂ ਗਈ, ਪਰ ਅੱਧੀ ਰਾਤੀਂ ਬੇਬੇ ਮੇਰੇ ਸਿਰ 'ਤੇ ਹੱਥ ਫੇਰਨ ਲੱਗ ਪਈ। ਮੈਂ ਤ੍ਰਭਕ ਕੇ ਉਠਿਆ। ਬੇਬੇ ਦੀਆਂ ਅੱਖਾਂ ਇੰਨੀਆਂ ਲਾਲ ਸਨ ਜਿਵੇਂ ਸਾਰੀ ਰਾਤ ਹੀ ਰੋਂਦੀ ਰਹੀ ਹੋਵੇ। ਜਦੋਂ ਮੈਂ ਕਾਰਨ ਪੁੱਛਿਆ ਤਾਂ ਮੈਨੂੰ ਆਪਣੇ ਨਾਲ ਘੁਟਦੀ ਭੁੱਬੀਂ ਰੋ ਪਈ-'ਚੰਦਰਿਆ ਭੁੱਖਾ ਹੀ ਸੌਂ ਗਿਆ।' ਫਿਰ ਮੇਰੇ ਵਾਸਤੇ ਦੁੱਧ ਤੱਤਾ ਕਰ ਲਿਆਈ, ਨਾਲੇ ਪੰਜੀਰੀ ਮੇਰੇ ਮੂੰਹ 'ਚ ਪਾਉਂਦੀ ਰਹੀ। ਤੇ ਕਹਿੰਦੀ ਰਹੀ, 'ਪਿੰਡ ਆ ਜਾ, ਤੈਨੂੰ ਮੇਰੀ ਸਹੁੰ ਲੱਗੇ... ਮੇਰਾ ਮਰੀ ਦਾ ਮੂੰਹ ਵੇਖੇਂ ਜੇ ਨਾ ਆਇਆ ਤਾਂ।'

'ਪਰ ਸੀਮਾ ਨੂੰ ਕਿਥੇ ਧੱਕਾ ਦੇ ਦਿਆਂ।' ਮੈਂ ਮੁੜ ਖਿਝ ਗਿਆ।

ਬੇਬੇ ਮੇਰੇ ਸਿਰ ਤੇ ਮੂੰਹ 'ਤੇ ਹੱਥ ਫੇਰਦੀ ਬੋਲੀ, 'ਮੈਂ ਰੱਖਾਂਗੀ ਸੀਮਾ ਨੂੰ, ਬਾਪੂ ਤੇਰਾ ਬੇਸ਼ਕ ਰਹੇ ਬੜੇ ਨਾਲ। ਉਹਦੇ ਆਖੇ ਹੁਣ ਪੁੱਤ ਗੁਆ ਲਵਾਂ। ਭੋਰਾ ਸੰਸਾ ਨਾ ਕਰ ਤੂੰ!' ਫਿਰ ਬੇਬੇ ਮੇਰੇ ਨਾਲ ਹੀ ਸੌਂ ਗਈ।''

ਸੀਮਾ ਅੰਦਰ ਆਈ ਤੇ ਕਹਿਣ ਲੱਗੀ, ਭਾਪਾ ਜੀ ਲਈ ਬਾਥਰੂਮ 'ਚ ਗਰਮ ਪਾਣੀ ਰੱਖ ਦੇਣਾ ਜ਼ਰਾ, ਮੂੰਹ ਹੱਥ ਧੋ ਲੈਣ। ਖਾਣਾ ਤਕਰੀਬਨ ਤਿਆਰ ਜੇ।

ਜਦੋਂ ਉਹ ਮੁੜਨ ਲੱਗੀ ਤਾਂ ਰਾਮੋਨਾ ਨੇ ਉਹਦੀ ਗੁੱਤ ਫੜ ਲਈ। ਸੀਮਾ ਨੇ ਗੁੱਸੇ ਵਿਚ ਚਪੇੜ ਵਿਖਾਈ, ਪਰ ਰਾਮੋਨਾ ਨੇ ਪੰਜਾ ਘੁਮਾ ਕੇ ਆਖਿਆ, ''ਜ਼ਰਾ ਮੁਸਕਰਾਓ ਸ੍ਰੀਮਤੀ ਜੀ।'' ਸੀਮਾ ਨੇ ਗੁੱਸੇ-ਹਾਸੇ-ਸੰਗ ਵਾਲੀ ਮੁਸਕਾਣ ਖਿਲਾਰ ਦਿੱਤੀ। ਮੈਨੂੰ ਬਹੁਤ ਖੁਸ਼ੀ ਹੋਈ। ਕੇਡਾ ਖੁਸ਼ ਪਰਿਵਾਰ ਹੈ, ਮੈਂ ਸੋਚਿਆ। ਆਇਆ ਤਾਂ ਮੈਂ ਇਸ ਲਈ ਸਾਂ ਕਿ ਕਿਤੇ ਰਾਤ ਕੱਟਣ ਨੂੰ ਥਾਂ ਨਹੀਂ ਸੀ, ਪਰ ਇਥੇ ਆ ਮੈਨੂੰ ਆਪਣੀ ਹੋਂਦ ਭੁੱਲ ਗਈ ਅਤੇ ਇਹ ਪਰਿਵਾਰ ਮੈਨੂੰ ਬਹੁਤ ਆਪਣਾ ਲੱਗਣ ਲੱਗ ਪਿਆ।

ਜਦੋਂ ਮੈਂ ਗੁਸਲਖਾਨੇ ਵਿਚ ਮੂੰਹ ਹੱਥ ਧੋ ਰਿਹਾ ਸਾਂ ਤਾਂ ਮੈਨੂੰ ਉਚੀ-ਉਚੀ ਖੰਘਣ ਦੀ ਆਵਾਜ਼ ਸੁਣਾਈ ਦਿੱਤੀ।

ਅੰਦਰ ਆਇਆ ਤਾਂ ਰਾਮੋਨਾ ਦੀ ਬੁਰੀ ਹਾਲਤ ਸੀ। ਉਹ ਸਾਹੋ-ਸਾਹ ਹੋਈ ਤੜਫ਼ ਰਹੀ ਸੀ। ਅੱਖਾਂ ਅਤੇ ਨੱਕ 'ਚੋਂ ਪਾਣੀ ਵਹਿ ਰਿਹਾ ਸੀ। ਸੀਮਾ ਉਸ ਦੀ ਛਾਤੀ, ਹੱਥ ਅਤੇ ਪੈਰ ਮਲ ਰਹੀ ਸੀ। ਬੱਚੀ ਤੜਫ਼ਦੀ ਰਹੀ। ਛਾਤੀ ਤੇ ਗਲੇ 'ਚੋਂ ਸੀਟੀਆਂ ਵਜਦੀਆਂ ਰਹੀਆਂ, ਪਰ ਨਾ ਉਹ ਰੋਈ, ਨਾ ਚੀਕੀ ਤੇ ਨਾ ਹੀ ਵਾਸਤੇ ਪਾਏ। ਬਸ ਉਹਨੇ ਆਪਣੇ ਪਾਪਾ ਦਾ ਹੱਥ ਫੜ ਲਿਆ। ਹਮਲਾ ਲੰਘ ਗਿਆ। ਜਸਵੰਤ ਨੇ ਉਹਦੇ ਮੂੰਹ 'ਚ ਸ਼ਹਿਦ ਦਾ ਚਮਚਾ ਪਾਇਆ ਤੇ ਰਾਮੋਨਾ ਮੁਸਕਰਾ ਪਈ। ਫਿਰ ਉਹਨੇ ਆਪਣੀ ਮੁੱਕੀ ਹਵਾ ਵਿਚ ਲਹਿਰਾਈ ਤੇ ਬੋਲੀ, ''ਪਾਪਾ, ਕਿਹੋ ਜਿਹੀ ਲੜੀ ਮੈਂ?''

''ਰਾਣੀ ਝਾਂਸੀ ਵਾਂਗ।'' ਜਸਵੰਤ ਦੀ ਥਾਂ ਮੈਂ ਬੋਲਿਆ ਅਤੇ ਉਸ ਨੂੰ ਵਾਰ-ਵਾਰ ਚੁੰਮ ਆਪਣੇ ਨਾਲ ਘੁੱਟ ਲਿਆ। ਫਿਰ ਮੈਂ ਜਸਵੰਤ ਅਤੇ ਸੀਮਾ ਨੂੰ ਸੰਬੋਧਨ ਕੀਤਾ, ''ਬੜੀ ਬਹਾਦਰ ਬੱਚੀ ਐ। ਇੰਨੀ ਭਿਆਨਕ ਬਿਮਾਰੀ ਵੀ ਇਸ ਨੂੰ ਹਰਾ ਨਹੀਂ ਸਕੀ। ਬਾਰ੍ਹਾਂ ਸਾਲ ਦੀ ਉਮਰ ਵਿਚ ਇਹ ਠੀਕ ਹੋ ਜਾਵੇਗੀ। ਇਹ ਬਹੁਤ ਜ਼ਹੀਨ ਹੋਵੇਗੀ। ਦਮਾ ਜ਼ਹੀਨ ਲੋਕਾਂ ਨੂੰ ਹੀ ਹੁੰਦੈ।''

ਜਸਵੰਤ ਅਤੇ ਸੀਮਾ ਕੁਝ ਨਹੀਂ ਬੋਲੇ ਅਤੇ ਨਾ ਹੀ ਉਨ੍ਹਾਂ ਨੇ ਆਪਣੀ ਬੱਚੀ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ।

''ਸੀਮਾ, ਲਿਆਓ ਰੋਟੀ। ਬਾਈ ਭੁੱਖੇ ਹੋਣਗੇ।''

ਰੋਟੀ ਆ ਗਈ। ਆਲੂ-ਗੋਭੀ, ਦਾਲ ਤੇ ਪੁਦੀਨੇ ਦੀ ਚਟਣੀ। ਮੈਂ ਉਡੀਕਦਾ ਰਿਹਾ ਕਿ ਜਸਵੰਤ ਕਿਸੇ ਅਲਮਾਰੀ 'ਚੋਂ ਬੋਤਲ ਕੱਢ ਕੇ ਲਿਆਵੇਗਾ, ਪਰ ਮੇਰੀ ਉਡੀਕ ਨੂੰ ਫ਼ਲ ਨਾ ਲੱਗਿਆ। ਉਂਜ ਵੀ ਮੁਰਗੇ ਦੀ ਥਾਂ ਆਲੂ-ਗੋਭੀ! ਮੈਂ ਕੋਲੇ ਹੋ ਗਿਆ। ਹਾਰ ਕੇ ਮੈਂ ਹੀ ਆਖਿਆ, ''ਜਸਵੰਤ, ਮੇਰੇ ਬੈਗ 'ਚੋਂ ਬਰਾਂਡੀ ਦੀ ਬੋਤਲ ਕੱਢ ਲਿਆ ਜ਼ਰਾ।'' ਮੇਜ਼ 'ਤੇ ਖਾਣਾ ਲਾਉਂਦੀ ਸੀਮਾ ਦੇ ਹੱਥ ਆਪਣੇ ਆਪ ਰੁਕ ਗਏ। ਜਸਵੰਤ ਨੇ ਮੈਨੂੰ ਦੂਜੇ ਕਮਰੇ ਵਿਚ ਸੱਦਿਆ ਅਤੇ ਪੂਰੀ ਨਿਮਰਤਾ, ਪਰ ਦ੍ਰਿੜ੍ਹਤਾ ਨਾਲ ਆਖਿਆ, ''ਬਾਈ, ਤੁਸੀਂ ਮਹਿਸੂਸ ਨਾ ਕਰਨਾ। ਸੀਮਾ ਨੇ ਵਿਆਹ ਵੇਲੇ ਮੈਥੋਂ ਇਕੋ ਮੰਗ ਮੰਗੀ ਸੀ ਕਿ ਨਾ ਤੁਸੀਂ ਸ਼ਰਾਬ ਪੀਣਾ ਤੇ ਨਾ ਕਿਸੇ ਨੂੰ ਪਿਆਣਾ। ਹੁਣ ਇਹ ਘਰ ਦੀ ਮਰਿਆਦਾ ਹੀ ਬਣ ਚੁੱਕੀ ਐ। ਤੁਸੀਂ ਮਹਿਸੂਸ ਨਾ ਕਰਨਾ।''

''ਨੋ, ਨੌਟ ਐਟ ਆਲ!'' ਮੈਂ ਅੰਗਰੇਜ਼ੀ ਵਿਚ ਉਤਰ ਦਿੱਤਾ ਤਾਂ ਕਿ ਆਪਣੀ ਹੀਣਤਾ 'ਤੇ ਵੀ ਕਾਬੂ ਪਾ ਸਕਾਂ ਅਤੇ ਜ਼ਾਹਿਰ ਵੀ ਕਰ ਸਕਾਂ ਕਿ ਖ਼ੈਰ ਮਹਿਸੂਸ ਤਾਂ ਮੈਂ ਕੀਤਾ ਹੈ। ਫਿਰ ਬੇ-ਦਿਲੀ ਨਾਲ ਬੁਰਕੀ ਤੋੜੀ। ਇਕ-ਦੋ ਬੁਰਕੀਆਂ ਤੋਂ ਪਿਛੋਂ ਰੋਟੀ ਮੈਨੂੰ ਸੁਆਦੋ-ਸੁਆਦ ਲਗਦੀ ਗਈ। ਪਲੇਟ 'ਚੋਂ ਫੁਲਕਾ ਚੁੱਕਣ ਲਗਿਆ, ਤਾਂ ਸੀਮਾ ਨੇ ਕਿਚਨ 'ਚੋਂ ਆ ਗਰਮ-ਗਰਮ ਫੁਲਕਾ ਰੱਖ ਦਿੱਤਾ। ਇੱਕ ਤੋਂ ਬਾਅਦ ਦੂਜਾ ਤੇ ਫਿਰ ਮੈਂ ਇੰਨੀਆਂ ਰੋਟੀਆਂ ਖਾਧੀਆਂ ਜਿਵੇਂ ਵਲਾਇਤ 'ਚ ਮੈਂ ਭੁੱਖਾ ਹੀ ਮਰਦਾ ਰਿਹਾ ਹੋਵਾਂ।

''ਸੀਮਾ ਤੂੰ ਤਾਂ ਭਾਈ, ਕੁਕਿੰਗ ਦੀ ਡਾਕਟਰੇਟ ਕੀਤੀ ਲਗਦੀ ਐ। ਜੇ ਮੈਂ ਹਫਤਾ ਕੁ ਤੇਰਾ ਬਣਾਇਆ ਖਾਣਾ ਖਾ ਲਿਆ, ਮੇਰੀਆਂ ਤਾਂ ਆਦਤਾਂ ਈ ਵਿਗੜ ਜਾਣਗੀਆਂ।'' ਮੈਂ ਆਖਿਆ।

''ਸ਼ਰਮਿੰਦਾ ਨਾ ਕਰੋ ਭਾਪਾ ਜੀ! ਇੰਗਲੈਂਡ 'ਚ ਤਾਂ ਤੁਸੀਂ ਬਹੁਤ ਸੋਹਣੇ-ਸੋਹਣੇ ਪਕਵਾਨ ਖਾਂਦੇ ਹੋਵੋਗੇ।'' ਉਹ ਬੋਲੀ।

''ਉਥੇ ਕੀਹਨੂੰ ਵਿਹਲ ਐ ਖਾਣਾ ਖਾਣ ਦੀ। ਅਸੀਂ ਤਾਂ ਪੌਂਡਾਂ ਦੀਆਂ ਬਿਨਾਂ ਸਾਫ਼ ਕੀਤੀਆ ਹੱਡੀਆਂ ਚੂਸਦੇ ਆਂ।''

''ਸੁਆਦ ਹੁੰਦੀਆਂ ਨੇ ਤਾਇਆ ਜੀ?'' ਰਾਮੋਨਾ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

ਮੈਂ ਰਾਮੋਨਾ ਦੀ ਗੱਲ੍ਹ 'ਤੇ ਪੋਲੀ ਜਿਹੀ ਚੂੰਢੀ ਵੱਢ ਕੇ ਆਖਿਆ, ''ਇਸ ਤੋਂ ਸੁਆਦ ਨਹੀਂ ਹੁੰਦੀਆਂ। ਸੁਆਦ ਪੈ ਜਾਂਦੈ।''

ਫਿਰ ਮੇਰੀ ਛਾਤੀ 'ਚ ਇੱਕ ਸਮੁੰਦਰ ਛਲਕਿਆ-ਮੋਹ ਦਾ ਸਮੁੰਦਰ! ਪਹਿਲੀ ਵਾਰ 'ਤਾਇਆ ਜੀ' ਸ਼ਬਦ ਸੁਣਿਆ ਸੀ। ਮੇਰਾ ਭਰਾ, ਮੇਰੀਆਂ ਨਿੱਕੀਆਂ ਭੈਣਾਂ ਵਰਗੀ ਭਰਜਾਈ, ਮੇਰੀ ਭਤੀਜੀ-ਮੇਰੀ ਬੱਚੀ...ਮੇਰੀ ਖ਼ੂਨ! ਜੀਅ ਕੀਤਾ ਤਿੰਨਾਂ ਨੂੰ ਹੀ ਗਲਵਕੜੀ 'ਚ ਪੀਚ ਲਵਾਂ ਅਤੇ ਉਦੋਂ ਤੀਕ ਪੀਚੀ ਰੱਖਾਂ ਜਦੋਂ ਤੀਕ ਰੋਮ-ਰੋਮ 'ਚ ਰਚੀ ਵਲਾਇਤੀ ਠੰਢ ਨਾ ਖੁਰ ਜਾਵੇ।

ਮੈਂ ਚਾਹੁੰਦਾ ਸਾਂ ਕਿ ਨਾਈਟ ਸੂਟ ਪਾ, ਰਜ਼ਾਈ ਦੀ ਬੁੱਕਲ ਮਾਰ ਬੈਠ ਜਾਵਾਂ ਅਤੇ ਬਹੁਤ ਸਾਰੀਆਂ ਗੱਲਾਂ ਕਰਾਂ ਕਿਉਂਕਿ ਕੱਲ੍ਹ ਨੂੰ ਤਾਂ ਮੈਂ ਚਲਿਆ ਜਾਣਾ ਸੀ, ਪਰ ਜਸਵੰਤ ਦੀ ਜ਼ਿੰਦਗੀ 'ਚ ਪਤਾ ਨਹੀਂ ਕੀ ਸੀ ਕਿ ਮੈਂ ਗੱਲਾਂ ਕਰਨ ਦੀ ਥਾਂ ਸੁਣਨਾ ਚਾਹੁੰਦਾ ਸਾਂ। ਮੈਂ ਦੂਜੇ ਕਮਰੇ 'ਚ ਕੱਪੜੇ ਬਦਲਣ ਚਲਿਆ ਗਿਆ। ਗਲੀ ਦੀ ਬੱਤੀ ਹਾਲੀਂ ਵੀ ਬੁਝੀ ਹੋਈ ਸੀ। ਅਜੇ ਅੱਠ ਹੀ ਵਜੇ ਸਨ, ਪਰ ਗਲੀ ਵਿਚ ਆਵਾਜਾਈ ਨਾਂਹ ਵਰਗੀ ਸੀ।

ਦੂਜੇ ਕਮਰੇ ਵਿਚ ਜਸਵੰਤ ਰਾਮੋਨਾ ਨੂੰ ਕਹਾਣੀ ਸੁਣਾ ਰਿਹਾ ਸੀ।

''ਦੁਸ਼ਮਣਾਂ ਨੇ ਸ਼ੇਰੂ ਤੇ ਬਸੰਤੀ ਨੂੰ ਕਿਲੇ ਵਿਚ ਕੈਦ ਕਰ ਦਿੱਤਾ ਅਤੇ ਕਹਿਣ ਲੱਗੇ ਕਿ ਜਾਂ ਤਾਂ ਸਾਡੇ ਰਾਜੇ ਦੀ ਚਾਕਰੀ ਕਰਨੀ ਮੰਨ ਲਵੋ, ਨਹੀਂ ਤਾਂ ਨਾ ਤੁਹਾਨੂੰ ਰੋਟੀ ਮਿਲੇਗੀ ਨਾ ਪਾਣੀ-ਕੈਦਖ਼ਾਨੇ ਵਿਚ ਹੀ ਭੁੱਖੇ ਤਿਹਾਏ ਤੜਫ਼ ਤੜਫ਼ ਕੇ ਮਰ ਜਾਵੋਗੇ। ਕੈਦਖਾਨੇ ਦੇ ਸੌ ਦਰਵਾਜ਼ੇ ਸਨ-ਵੱਡੇ-ਵੱਡੇ ਜਿੰਦਰੇ ਮਾਰ ਕੇ ਬੰਦ ਕੀਤੇ ਹੋਏ ਦਰਵਾਜ਼ੇ। ਸਾਰਿਆਂ ਮੂਹਰੇ ਬੰਦੂਕਾਂ ਲਈ ਪਹਿਰੇਦਾਰ ਖਲੋਤੇ ਸਨ। ਬਸੰਤੀ ਬਹੁਤ ਘਬਰਾ ਗਈ, ਪਰ ਸ਼ੇਰੂ ਸੀ ਤਾਂ ਮਾੜਕੂ ਜਿਹਾ ਪਰ ਹੱਸਦਾ ਰਿਹਾ। ਬਸੰਤੀ ਨੂੰ ਬੜੀ ਖਿਝ ਚੜ੍ਹੀ, ''ਮੌਤ ਸਿਰ 'ਤੇ ਖਲੋਤੀ ਐ, ਤੈਨੂੰ ਹਾਸੇ ਸੁਝਦੇ ਨੇ! ਸ਼ੇਰੂ ਕਹਿਣ ਲੱਗਿਆ, ਵੇਖ ਬਸੰਤੀਏ! ਰਾਤ ਪਿਛੋਂ ਸੂਰਜ ਜ਼ਰੂਰ ਚੜ੍ਹਦਾ ਹੈ ਤੇ ਆਪਾਂ ਬਾਹਰ ਹੋਵਾਂਗੇ। ਇੰਜ ਆਖ ਸ਼ੇਰੂ ਨੇ ਬਸੰਤੀ ਨੂੰ ਨਾਲ ਲਿਆ ਤੇ ਪਹਿਲਾ ਦਰਵਾਜ਼ਾ ਧੱਕਣ ਲੱਗਿਆ, ਪਰ ਦਰਵਾਜ਼ਾ ਨਾ ਖੁੱਲ੍ਹਿਆ। ਫਿਰ ਦੂਜਾ, ਪਰ ਉਹ ਵੀ ਨਾ ਖੁਲ੍ਹਿਆ। ਇਸੇ ਤਰ੍ਹਾਂ ਕਰਦਾ ਗਿਆ। ਵੀਹਾਂ-ਪੱਚੀਆਂ ਪਿਛੋਂ ਬਸੰਤੀ ਦਾ ਪਾਰਾ ਫਿਰ ਚੜ੍ਹ ਗਿਆ। ਬੋਲੀ, ਤੇਰਾ ਤਾਂ ਦਿਮਾਗ ਫਿਰ ਗਿਐ। ਲੈ ਮੈਂ ਤਾਂ ਆਹ ਬੈਠੀ ਆਂ, ਤੂੰ ਮਾਰੀ ਜਾ ਟੱਕਰਾਂ, ਪਰ ਸ਼ੇਰੂ ਉਸੇ ਦਲੇਰੀ ਤੇ ਲਗਨ ਨਾਲ ਦਰਵਾਜ਼ੇ ਤੇ ਦਰਵਾਜ਼ਾ ਧੱਕਦਾ ਗਿਆ। ਨੜ੍ਹਿਨਵੇਂ ਦਰਵਾਜ਼ੇ ਧੱਕੇ ਪਰ ਖੁੱਲ੍ਹਿਆ ਇੱਕ ਵੀ ਨਾ। ਕੈਦਖਾਨੇ ਅੰਦਰ ਹਨ੍ਹੇਰਾ ਸੀ ਅਤੇ ਸ਼ੇਰੂ ਸੌਵੇਂ ਦਰਵਾਜ਼ੇ ਅੱਗੇ ਖਲੋਤਾ ਸੀ। ਡਰ ਦੇ ਮਾਰੇ ਮੁੜ੍ਹਕੋ-ਮੁੜ੍ਹਕੀ ਹੋਈ ਬਸੰਤੀ ਨੂੰ ਕਹਿਣ ਲਗਿਆ, ਵੇਖ ਬਸੰਤੀਏ ਪਹੁ ਫੁੱਟ ਰਹੀ ਐ। ਇੰਜ ਆਖ ਉਹਨੇ ਧੱਕਾ ਮਾਰਿਆ ਤੇ ਦਰਵਾਜ਼ਾ ਚੁਪੱਟ ਖੁੱਲ੍ਹ ਗਿਆ।

''ਉਹ ਕਿਵੇਂ ਖੁੱਲ੍ਹ ਗਿਆ, ਪਾਪਾ?'' ਰਾਮੋਨਾ ਅੱਧ-ਮੀਟੀਆਂ ਅੱਖਾਂ ਖੋਲ੍ਹ ਕੇ ਬੋਲੀ।

''ਜ਼ਿੰਦਗੀ 'ਚ ਕਦੀ ਸਾਰੇ ਦਰਵਾਜ਼ੇ ਬੰਦ ਨਹੀਂ ਹੋਇਆ ਕਰਦੇ-ਹੌਂਸਲਾ ਨਹੀਂ ਹਾਰਨਾ ਚਾਹੀਦਾ।'' ਜਸਵੰਤ ਨੇ ਰਾਮੋਨਾ ਦਾ ਮੱਥਾ ਚੁੰਮਿਆ ਅਤੇ ਰਾਮੋਨਾ ਸੌਂ ਗਈ।

ਸੀਮਾ ਰਸੋਈ ਸੰਭਾਲ ਕੇ ਚਾਹ ਦੇ ਤਿੰਨ ਕੱਪ ਲੈ ਆਈ। ਅਸੀਂ ਰਜਾਈ ਦੀਆਂ ਬੁੱਕਲਾਂ ਮਾਰ ਬੈਠ ਗਏ। ਸੀਮਾ ਜਸਵੰਤ ਦੇ ਖੱਬੇ ਪਾਸੇ ਬੈਠੀ ਸੀ। ਮੈਂ ਸੀਮਾ ਦੇ ਚਿਹਰੇ ਵੱਲ ਤੱਕਿਆ, ਸ਼ਾਇਦ ਇਹ ਪਤਾ ਕਰਨ ਲਈ ਕਿ ਉਹਦੇ ਵਿਚ ਸਾਡੀ ਜਾਤ-ਬਰਾਦਰੀ ਨਾਲੋਂ ਕਿਹੜੀ ਚੀਜ਼ ਵੱਖਰੀ ਹੈ ਜਿਸ ਨੂੰ ਲੈ ਕੇ ਉਹਨੂੰ 'ਸੁਨਿਆਰੀ, ਸੁਨਿਆਰੀ' ਧੁਮਾ ਏਡਾ ਬਖੇੜਾ ਖੜ੍ਹਾ ਕਰ ਦਿਤੈ ਕਿ ਪਿੰਡ ਦੇ ਜੱਦੀ-ਪੁਸ਼ਤੀ ਘਰ ਵਿਚ ਉਹਦੇ ਨਾਲ ਲਾਗੀਆਂ-ਤੱਥੀਆਂ ਨਾਲੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਹੈ। ਮੈਨੂੰ ਕੁਝ ਵੀ ਵੱਖਰਾ ਨਾ ਜਾਪਿਆ। ਹਾਂ, ਦੋ ਵਖਰੇਵੇਂ ਜ਼ਰੂਰ ਸਨ: ਇੱਕ ਤਾਂ ਉਹਦੇ ਨੱਕ ਵਿਚ ਪਿਆ ਕੋਕਾ ਬਹੁਤ ਸਜਦਾ ਸੀ। ਦੂਜਾ ਇਹ ਕਿ ਉਹਦੇ ਨਾਲ ਬੈਠਾ ਮੇਰਾ ਭਰਾ ਪੂਰਾ ਆਦਮੀ ਲਗਦਾ ਸੀ।

''ਸੀਮਾ, ਘਰਦੇ ਹੀ ਬੈਠੇ ਆਂ। ਹੁਣ ਕੁਝ ਆਪ-ਬੀਤੀਆਂ ਸੁਣੀਏ। ਤੂੰ ਜਸਵੰਤ ਨੂੰ ਕਿੱਥੇ ਮਿਲੀ? ਜੇਲ੍ਹ 'ਚ ਮਿਲੇ ਸੀ?''

ਸੀਮਾ ਕੁਝ ਸੰਗ ਗਈ ਅਤੇ ਉਹਨੇ ਜਸਵੰਤ ਵੱਲ ਤੱਕਿਆ। ਜਸਵੰਤ ਨੇ ਸਾਰੀ ਗੱਲ ਦੱਸ ਦਿੱਤੀ। ਉਹਨੇ ਆਪਣੀ ਸੱਚਾਈ ਦਾ ਕੋਈ ਸਰਟੀਫ਼ਿਕੇਟ ਨਹੀਂ ਵਿਖਾਇਆ, ਪਰ ਪਤਾ ਨਹੀਂ ਕਈ ਲੋਕ ਜਦੋਂ ਗੱਲ ਕਰਦੇ ਹਨ ਤਾਂ ਸ਼ਬਦ ਉਨ੍ਹਾਂ ਦੇ ਦਿਲ 'ਚੋਂ ਇਜਾਜ਼ਤ ਨਾਲ ਨਹੀਂ, ਆਪ-ਮੁਹਾਰੇ ਹੀ ਨਿਕਲਦੇ ਹਨ, ਜਿਵੇਂ ਉਨ੍ਹਾਂ ਦੀ ਆਤਮਾ ਪਿਘਲ ਰਹੀ ਹੋਵੇ।



ਨਕਸਲਬਾੜੀ ਦੌਰ ਵਿਚ ਉਹ ਇੱਕ ਸਕੂਲ ਵਿਚ ਪੜ੍ਹਾਉਂਦੇ ਸਨ। ਉਦੋਂ ਪਿਆਰ ਵਾਲੀ ਗੱਲ ਕੋਈ ਨਹੀਂ ਸੀ। ਜਦੋਂ ਜਸਵੰਤ ਦੇ ਵਾਰੰਟ ਜਾਰੀ ਹੋਏ, ਉਹ ਇੱਕ ਰਾਤ ਸੀਮਾ ਕੋਲ ਠਹਿਰਿਆ ਸੀ। ਪੁਲਿਸ ਸੀਮਾ ਨੂੰ ਫੜ ਕੇ ਲੈ ਗਈ ਅਤੇ ਤਿੰਨ ਦਿਨ, ਤਿੰਨ ਰਾਤਾਂ ਉਸ ਤੋਂ ਪੁੱਛ-ਗਿੱਛ ਕਰਦੀ ਰਹੀ।

''ਕੀ ਪੁੱਛਦੇ ਸਨ ਤੈਥੋਂ?'' ਮੈਂ ਸੀਮਾ ਤੋਂ ਪੁੱਛਿਆ।

''ਬਸ ਉਹੀ ਰਿਵਾਜੀ ਜਿਹੀਆਂ ਗੱਲਾਂ, ਜਸਵੰਤ ਨਾਲ ਤੇਰਾ ਕੀ ਰਿਸ਼ਤਾ ਏ? ਕਿੱਥੋਂ ਆਇਆ ਸੀ? ਕਿੱਥੇ ਗਿਆ? ਨਾਲ ਕੌਣ ਸੀ? ਕਿਉਂ ਠਹਿਰਾਇਆ ਸੀ ਤੂੰ ਆਪਣੇ ਕੋਲ?''

''ਤੈਨੂੰ ਮਾਰ-ਕੁੱਟ ਵੀ ਕੀਤੀ ਜਾਂ ਤੇਰੀ ਕੋਈ ਬੇਇਜ਼ਤੀ ਕਰਨ ਦੀ ਵੀ ਕੋਸ਼ਿਸ਼ ਕੀਤੀ?''

''ਨਹੀਂ ਭਾਪਾ ਜੀ, ਡਰਾਵੇ ਬਹੁਤ ਦਿੰਦੇ ਸਨ। ਬਦਕਲਾਮ ਤੇ ਬਦਤਮੀਜ਼ ਬਹੁਤ ਸਨ, ਬਹੁਤ ਅਸ਼ਲੀਲ ਬੋਲੀ ਬੋਲਦੇ ਸਨ, ਪਰ ਮਾਰ-ਪਿਟਾਈ ਤੇ ਬੇਇਜ਼ਤੀ ਤੋਂ ਮੈਂ ਬਚ ਗਈ। ਨਹੀਂ 'ਤੇ ਇਹ ਚੀਜ਼ਾਂ ਤਾਂ ਆਮ ਨੇ, ਸ਼ਾਇਦ ਇਸ ਲਈ ਕਿ ਮੇਰੇ ਚਾਚਾ ਜੀ ਡੀ.ਐਸ.ਪੀ. ਨੇ।''

ਸੀਮਾ ਚੁੱਪ ਹੋ ਗਈ। ਮੇਰੀਆਂ ਅੱਖਾਂ ਸਾਹਵੇਂ ਉਨ੍ਹਾਂ ਸੀਮਾਵਾਂ ਦੀਆਂ ਅਣਵੇਖੀਆਂ, ਪਰ ਅਸਲੀ ਸ਼ਕਲਾਂ ਉਭਰ ਆਈਆਂ ਜਿਹੜੀਆਂ ਪੁਲਿਸ ਹਿਰਾਸਤ ਵਿਚ ਸਨ, ਪਰ ਉਨ੍ਹਾਂ ਦੇ ਚਾਚੇ ਡੀ.ਐਸ.ਪੀ. ਨਹੀਂ ਸਨ। ਪਾਟੇ ਕੱਪੜੇ, ਖੁੱਲ੍ਹੇ-ਪੁੱਟੇ ਉਲਝੇ ਵਾਲ, ਨੀਲਾਂ-ਲੱਦੇ ਚਿਹਰੇ, ਵਲੂੰਧਰੀਆਂ ਕੰਜਕਾਂ...।

ਫਿਰ ਜਸਵੰਤ ਦੱਸਦਾ ਰਿਹਾ ਕਿ ਉਹ ਫੜਿਆ ਗਿਆ। ਕੁੱਟਮਾਰ ਵੀ ਕੀਤੀ। ਸੰਭਵ ਸੀ ਕਿ ਪੁਲਿਸ ਹਿਰਾਸਤ 'ਚੋਂ ਭੱਜਣ ਦਾ ਇਲਜ਼ਾਮ ਲਾ ਉਹਨੂੰ ਗੋਲੀ ਮਾਰ ਦਿੱਤੀ ਜਾਂਦੀ, ਪਰ ਉਹਦੇ ਤਾਇਆ ਜੀ, ਯਾਨਿ ਮੇਰੇ ਬਾਪੂ ਜੀ ਨੇ ਵਿਚ ਪੈ ਕੇ ਸਿਫ਼ਾਰਸ਼ ਅਤੇ ਰਿਸ਼ਵਤ ਚੜ੍ਹਾ ਦਿੱਤੀ। ਉਨ੍ਹਾਂ ਦੀ ਨੇਕ ਸਲਾਹ ਨਾਲ ਹੀ ਚਾਚੇ ਨੇ ਜਸਵੰਤ ਨੂੰ ਬੇਦਾਵਾ ਲਿਖਵਾ ਦਿੱਤਾ। ਹਾਈਕੋਰਟ 'ਚੋਂ ਬਰੀ ਹੋ ਗਿਆ। ਸਕੂਲ ਪ੍ਰਾਈਵੇਟ ਸੀ। ਨੌਕਰੀ ਦੋਹਾਂ ਦੀ ਜਾਂਦੀ ਰਹੀ। ਨਕਸਲਬਾੜੀ ਲਹਿਰ ਦੀ ਫੁੱਲਝੜੀ ਠੁੱਸ ਹੋ ਗਈ।

''ਇਹ ਲਹਿਰ ਫੇਲ੍ਹ ਕਿਉਂ ਹੋ ਗਈ?'' ਮੈਂ ਸਵਾਲ ਕੀਤਾ।

''ਇਹ ਲੋਕਾਂ ਦੀ ਲਹਿਰ ਨਹੀਂ ਸੀ। ਗਰਮੀ ਤੇ ਨਿਖੇਧ ਦੀਆਂ ਗੱਲਾਂ ਪੈਟੀ-ਬੁਰਜਵਾ ਨੂੰ ਕੀਲ ਲੈਂਦੀਆਂ ਨੇ। ਸੋ ਇਹ ਪੈਟੀ-ਬੁਰਜਵਾ ਤੀਕ ਹੀ ਸੀਮਿਤ ਰਹੀ। ਲੋਕਾਂ ਦੀ ਸਰਗਰਮ ਭਾਈਵਾਲੀ ਤੋਂ ਬਿਨਾਂ ਹਾਕਮ ਜਮਾਤ ਦੀ ਸਰਦਾਰੀ ਖੋਹਣੀ ਸੰਭਵ ਨਹੀਂ। ਉਂਜ ਵੀ ਇਸ ਲਹਿਰ ਦੇ ਸੰਚਾਲਕਾਂ ਦੇ ਧੜ ਹਿੰਦੁਸਤਾਨੀ ਸਨ, ਸਿਰ ਚੀਨੀ।''

''ਪਤਾ ਨਹੀਂ। ਬਸ ਵਹਾਓ 'ਚ ਵਹਿ ਗਿਆ। ਜਵਾਨ ਖ਼ੂਨ, ਗ਼ਰੀਬੀ, ਹਨ੍ਹੇਰਗਰਦੀ ਤੇ ਰਿਸ਼ਵਤ-ਭ੍ਰਿਸ਼ਟਾਚਾਰ, ਦੋਵੇਂ ਕਮਿਊਨਿਸਟ ਪਾਰਟੀਆਂ ਵੱਲੋਂ ਵਾਰ-ਵਾਰ ਚੋਣਾਂ ਦਾ ਉਹੀ ਚੱਕਰ-ਬਸ ਅੱਗ ਠੰਢੀ ਕਰਨ ਦਾ ਇਹੀ ਰਾਹ ਸੀ ਪਰ ਪਛਤਾਵਾ ਕੋਈ ਨਹੀਂ, ਚਲੋ ਪਤਾ ਤਾਂ ਲੱਗ ਗਿਆ ਕਿ ਇਨਕਲਾਬ ਜਰਨੈਲੀ ਸੜਕ ਵਾਂਗ ਸਿੱਧਾ-ਪੱਧਰਾ ਰਾਹ ਨਹੀਂ ਹੁੰਦਾ।

''ਤੁਹਾਡੀ ਵਿਦਿਆ ਕਿੰਨੀ ਐ ਤੇ ਹੁਣ ਕੀ ਕੰਮ ਕਰਦੇ ਹੋ?''

ਸੀਮਾ ਨੇ ਜਸਵੰਤ ਵੱਲ ਤੱਕਿਆ। ਜਸਵੰਤ ਦੱਸਣ ਲੱਗਿਆ, ਮੈਂ ਪੰਜਾਬੀ ਦੀ ਹਾਈ ਸੈਕਿੰਡ ਕਲਾਸ ਐਮ.ਏ. ਆਂ ਤੇ ਸੀਮਾ ਹਿੰਦੀ ਦੀ ਫ਼ਸਟ ਕਲਾ ਐਮ.ਏ., ਪਰ ਨਾ ਤਾਂ ਸਾਨੂੰ ਕੋਈ ਸਰਕਾਰੀ ਸਕੂਲ ਰੱਖਦੈ, ਨਾ ਹੀ ਕੋਈ ਚੰਗਾ ਪ੍ਰਾਈਵੇਟ ਸਕੂਲ! ਹੁਣ ਮੈਂ ਇੱਕ ਦੁਕਾਨਨੁਮਾ ਪ੍ਰਾਈਵੇਟ ਸਕੂਲ ਵਿਚ ਪੰਜ ਸੌ ਰੁਪਏ ਮਹੀਨੇ 'ਤੇ ਪੜ੍ਹਾਉਨਾਂ ਤੇ ਸੀਮਾ ਢਾਈ ਕੁ ਸੌ ਰੁਪਏ ਦੀਆਂ ਟਿਊਸ਼ਨਾਂ ਕਰ ਲੈਂਦੀ ਐ।''

''ਇੰਨੇ ਪੈਸਿਆਂ ਨਾਲ ਤਾਂ ਰੋਟੀ ਨਹੀਂ ਚਲਦੀ ਹੋਣੀ।''

''ਇਥੋਂ ਸੱਤ-ਅੱਠ ਮੀਲ 'ਤੇ ਫ਼ਤਿਹਗੜ੍ਹ ਸ਼ੁਕਰਚੱਕ ਮੇਰਾ ਇੱਕ ਦੋਸਤ ਰਹਿੰਦੈ। ਉਹ ਸਾਲ ਭਰ ਦੀ ਕਣਕ ਅਤੇ ਚੌਲ ਦੇ ਜਾਂਦੈ। ਉਹਦੀ ਘਰ ਦੀ ਵਾਹੀ ਐ।''

''ਮੁਫ਼ਤ?''

''ਬਿਲਕੁਲ ਮੁਫ਼ਤ।''

ਅਜੀਬ ਗੱਲ ਸੀ। ਮੇਰੇ ਸਾਹਵੇਂ ਬੈਠਾ ਮੇਰਾ ਭਰਾ ਜਸਵੰਤ ਇੰਜ ਗੱਲਾਂ ਕਰ ਰਿਹਾ ਸੀ, ਜਿਵੇਂ ਜੇਠ-ਹਾੜ੍ਹ ਦੇ ਮਹੀਨੇ ਸਾਡੀ ਪਿੰਡ ਵਾਲੀ ਨਹਿਰ ਇਕਸੁਰ ਵਗੀ ਜਾ ਰਹੀ ਹੋਵੇ। ਅਡੋਲ। ਕੰਢਿਆਂ ਤੀਕ ਭਰਪੂਰ! ਨਾ ਪਾਣੀ ਗੰਧਲਾ। ਨਾ ਉਤਾਰ, ਨਾ ਚੜ੍ਹਾਅ। ਕੀ ਇਹ ਉਹੀ ਜੱਸੀ ਸੀ ਜਿਹੜਾ ਨੌਂ ਕੁ ਸਾਲਾਂ ਦਾ ਹੋਵੇਗਾ ਜਦੋਂ ਮੈਂ ਇੰਗਲੈਂਡ ਗਿਆ ਸਾਂ। ਉਦੋਂ ਅਸੀਂ ਨਹਿਰ ਕੰਢੇ ਬਾਬਾ ਚੇਤ ਰਾਮ ਦੀ ਬਗ਼ੀਚੀ 'ਚ ਤਾਸ਼ ਖੇਡਦੇ ਹੁੰਦੇ ਸਾਂ ਅਤੇ ਜੱਸੀ ਭਗਤ ਸੁਨਿਆਰ ਦੇ ਖੋਖੇ ਤੋਂ ਸਾਡੇ ਲਈ ਚਾਹ ਤੇ ਸਿਗਰਟਾਂ ਲਿਆ ਕੇ ਦਿੰਦਾ ਹੁੰਦਾ ਸੀ। ਕੀ ਉਦੋਂ ਵੀ ਇਹਦੇ 'ਚ ਅਜਿਹਾ ਗੰਭੀਰ, ਅਡੋਲ ਤੇ ਦਲੇਰ ਬਣਨ ਦੇ ਬੀਅ ਸਨ? ਇਸ ਨਜ਼ਰ ਨਾਲ ਕਦੀ ਵੇਖਿਆ ਹੀ ਨਹੀਂ ਸੀ। ਹਾਂ, ਇੰਨਾ ਕੁ ਜ਼ਰੂਰ ਚੇਤੇ ਆਇਆ ਕਿ ਜਿਸ ਦਿਨ ਉਹਨੂੰ ਅੰਬਾਂ ਦੀ ਰਾਖੀ ਬਿਠਾ ਦਿੰਦੇ ਸਨ, ਉਸ ਦਿਨ ਚਮਿਆਰਾਂ ਵਿਹੜੇ ਬਹੁਤੇ ਘਰਾਂ ਵਿਚ ਅੰਬੀਆਂ ਦੀ ਚਟਣੀ ਬਣਦੀ ਹੁੰਦੀ ਸੀ।

ਪਰ ਇਸ ਸਮੇਂ ਮੇਰੇ ਸਾਹਵੇਂ ਜੱਸੀ ਨਹੀਂ, ਜਸਵੰਤ ਬੈਠਾ ਸੀ ਜਿਸ ਨੂੰ ਚਾਚੇ ਨੇ ਪੁਲਿਸ ਤੋਂ ਡਰਦਿਆਂ ਤੇ ਸੁਨਿਆਰੀ ਨਾਲ ਵਿਆਹ ਕਰਵਾਉਣ ਕਰ ਕੇ ਅਤੇ ਸੋਢੀ ਵੰਸ਼ ਨੂੰ ਕਲੰਕਤ ਕਰ ਦੇਣ ਕਰ ਕੇ ਬੇਦਾਵਾ ਲਿਖ ਦਿੱਤਾ ਸੀ; ਜਿਸ ਦੀ ਬੱਚੀ ਦਮੇ ਦੀ ਮਰੀਜ਼ ਸੀ; ਜਿਹੜਾ ਇੰਜ ਰਹਿ ਰਿਹਾ ਸੀ ਜਿਵੇਂ ਕੋਈ ਕੈਂਪ ਵਿਚ ਰਹਿ ਰਿਹਾ ਹੋਵੇ, ਜਿਸ ਦੀ ਸੀਮਾ ਸਮੇਤ ਇੰਨੀ ਕੁ ਆਮਦਨੀ ਸੀ ਜਿੰਨੇ ਦਾ ਮੈਂ ਆਪਣੀ ਕਾਰ 'ਚ ਪਟਰੋਲ ਪਵਾ ਲੈਂਦਾ ਹਾਂ। ਜਿਸ ਦੀ ਉਹ ਲਹਿਰ ਵੀ ਫ਼ੇਲ੍ਹ ਹੋ ਗਈ ਸੀ ਜਿਹੜੀ ਉਹਦਾ ਸੁਪਨਾ ਤੇ ਇਸ਼ਟ ਬਣ ਉਹਨੂੰ ਸਾਬਤ-ਕਦਮੀਂ ਨਾਲ ਤੋਰੀ ਜਾ ਰਹੀ ਸੀ ਅਤੇ ਜਿਹੜੀ ਲਹਿਰ ਦੇ ਸਰਗਰਮ ਮੈਂਬਰਾਂ 'ਚੋਂ ਕਾਫ਼ੀ ਸੂਰਮੇ ਇੰਗਲੈਂਡ ਅਤੇ ਕੈਨੇਡਾ ਨੱਸ ਗਏ ਸਨ, ਜਾਂ ਸਮੇਂ ਦੀ ਸਰਕਾਰੀ ਮਸ਼ੀਨਰੀ ਦੇ ਰੈਲੇ ਪੁਰਜ਼ੇ ਬਣ ਬੈਠੇ ਸਨ ਜਾਂ ਨਿਰਾਸ਼ਾ ਦੇ ਖ਼ੂਹ ਵਿਚ ਨਿੱਘਰ, ਨਸ਼ੇ ਖਾਣ-ਪੀਣ ਲੱਗੇ ਸਨ ਪਰ ਜਸਵੰਤ ਸਭ ਕਾਸੇ ਤੋਂ ਚੇਤਨ ਹੁੰਦਾ ਹੋਇਆ ਵੀ ਕਿਵੇਂ ਜੀਂਦਾ ਹੈ? ਤੇ ਬੁਰਾ ਨਹੀਂ ਜੀ ਰਿਹਾ ਤੇ ਜਿਸ ਨੂੰ ਦਰਖ਼ਤਾਂ ਦੀਆਂ ਜੜ੍ਹਾਂ ਵਰਗਾ ਵਿਸ਼ਵਾਸ ਹੈ ਕਿ ਜੇ ਹੋਰ ਨਹੀਂ ਤਾਂ ਸੌਂਵਾਂ ਦਰਵਾਜ਼ਾ ਤਾਂ ਜ਼ਰੂਰ ਖੁੱਲ੍ਹੇਗਾ।

''ਤੂੰ ਵੀ ਹੋਰਨਾਂ ਵਾਂਗ ਇੰਗਲੈਂਡ, ਕੈਨੇਡਾ ਨਿਕਲ ਜਾਂਦਾ।'' ਮੈਂ ਬੜੀ ਅਪਣੱਤ ਨਾਲ ਆਖਿਆ।

ਜਸਵੰਤ ਨੇ ਕੋਈ ਤਣਾਓ ਤਾਂ ਪ੍ਰਗਟ ਨਾ ਕੀਤਾ, ਪਰ ਉਹਦੇ ਬੁੱਲ੍ਹਾਂ 'ਤੇ ਅਜਿਹੀ ਮੁਸਕਾਣ ਆਈ ਜਿਹੜੀ ਉਹਦੇ ਸਾਹਵੇਂ ਮੈਨੂੰ ਬਹੁਤ ਛੋਟਾ ਬਣਾ ਰਹੀ ਸੀ।

''ਮੈਂ ਬਾਈ ਇੰਜ ਕਰਨ ਲਈ ਕਦੇ ਸੋਚਿਆ ਨਹੀਂ। ਪਤਾ ਨਹੀਂ ਸਿਰਫ਼ ਪੈਸੇ ਲਈ ਆਪਣਾ ਮੁਲਕ ਛੱਡ ਜਾਣਾ ਮੈਨੂੰ...(ਉਸ ਨੇ 'ਕਲ' ਆਖਿਆ ਤੇ ਮੇਰੇ ਵੱਲ ਵੇਖ ਰੁਕ ਗਿਆ। ਉਹ ਸ਼ਾਇਦ 'ਕਲੰਕ' ਵਰਤਣਾ ਚਾਹੁੰਦਾ ਸੀ)...ਗ਼ਲਤ ਕਿਉਂ ਲੱਗਦੈ। ਜਦੋਂ ਵੀ ਕਦੀ ਮੇਰੇ ਮਨ 'ਚ ਹੋਰਾਂ ਨੂੰ ਵੇਖ ਇਹ ਵਿਚਾਰ ਪੈਦਾ ਹੋਇਐ, ਮੈਨੂੰ ਆਪਣੀ ਆਤਮਾ ਮਰਦੀ ਨਜ਼ਰ ਆਈ ਐ।

''ਨਿਰਾਸ਼ਾ ਨਹੀਂ ਆਈ ਕਦੀ?''

''ਆਉਂਦੀ ਤਾਂ ਹੈ ਕਦੀ-ਕਦੀ, ਪਰ ਇਸ ਨੂੰ ਕਦੀ ਭਾਰੂ ਨਹੀਂ ਹੋਣ ਦਿੱਤਾ।''

''ਕਿਵੇਂ?''

''ਤਾਰੀਖ਼ ਮੈਨੂੰ ਬੜਾ ਹੌਂਸਲਾ ਦਿੰਦੀ ਐ। ਮੈਨੂੰ ਅਟੱਲ ਵਿਸ਼ਵਾਸ ਐ ਕਿ ਨੇਕੀ ਦੀਆਂ ਤਾਕਤਾਂ, ਬਦੀ ਦੀਆਂ ਤਾਕਤਾਂ ਨੂੰ ਪਛਾੜ ਦੇਣਗੀਆਂ।''

''ਇਹ ਮਸਲਾ ਏਡਾ ਸਿੱਧਾ ਤਾਂ ਨੀ। ਤੇਰੇ ਹੀ ਸ਼ਬਦਾਂ 'ਚ ਜਰਨੈਲੀ ਸੜਕ ਤਾਂ ਨਹੀਂ।''

''ਮੈਂ ਸਿੱਧਾ ਤਾਂ ਨਹੀਂ ਆਖਿਆ, ਅਟੱਲ ਆਖਿਐ। ਜੰਗ ਐ, ਕੋਈ ਖੇਡ ਤਾਂ ਹੈ ਨਹੀਂ, ਹਾਰਾਂ ਵੀ ਹੋਣਗੀਆਂ ਪਰ ਅੰਤ ਨੇਕੀ ਨੇ ਹੀ ਜਿੱਤਣਾ ਹੈ।''

ਮੈਂ ਸੀਮਾ ਵੱਲ ਤੱਕਿਆ। ਉਹ ਮੁਸਕਾ ਪਈ। ਉਹ ਰਿਸ਼ਤੇ ਵਜੋਂ ਮੇਰੀ ਛੋਟੀ ਭਰਜਾਈ ਤੇ ਮੈਂ ਉਹਦਾ ਜੇਠ ਸਾਂ ਪਰ ਇੰਨੇ ਥੋੜ੍ਹੇ ਸਮੇਂ 'ਚ ਉਹ ਬਿਲਕੁਲ ਮੈਨੂੰ ਛੋਟੀ ਭੈਣ ਹੀ ਜਾਪਣ ਲੱਗ ਪਈ ਸੀ ਜਿਸ ਨਾਲ ਰਿਵਾਜੀ ਕਿਸਮ ਦਾ ਸੰਗ-ਸੰਗਾ ਨਹੀਂ ਸੀ ਰਿਹਾ। ਜਦੋਂ ਜਸਵੰਤ ਚਾਹ ਬਣਾਉਣ ਚਲਿਆ ਗਿਆ, ਮੈਂ ਸੀਮਾ ਨੂੰ ਪੁੱਛਿਆ, ''ਜਿਸ ਰਾਤ ਜਸਵੰਤ ਪੁਲਿਸ ਤੋਂ ਲੁਕਦਾ ਤੇਰੇ ਘਰ ਆਇਆ, ਉਦੋਂ ਤੀਕ ਤੁਸੀਂ ਵਿਆਹ ਕਰਵਾਉਣ ਦਾ ਮਨ ਬਣਾ ਚੁੱਕੇ ਸੀ?''

''ਨਹੀਂ ਭਾਪਾ ਜੀ, ਨੇਕ ਤੇ ਲਾਇਕ ਇਨਸਾਨ ਦੇ ਨਾਤੇ ਮੈਂ ਇਨ੍ਹਾਂ ਦੀ ਇੱਜ਼ਤ ਕਰਦੀ ਸਾਂ। ਇਹ ਵੀ ਮੈਨੂੰ ਚੰਗੀ ਕੁੜੀ ਸਮਝਦੇ ਸਨ। ਉਸ ਰਾਤ ਤੋਂ ਬਾਅਦ ਮੈਨੂੰ ਇਨ੍ਹਾਂ ਨਾਲ ਪ੍ਰੇਮ ਹੋ ਗਿਆ।''

''ਏਸ 'ਤੇ ਤਰਸ ਖਾ ਕੇ?''

''ਨਹੀਂ ਭਾਪਾ ਜੀ, ਸਾਡੇ ਘਰ ਵਿਚ ਤਰਸ ਸ਼ਬਦ ਨਾਲ ਹੀ ਬਹੁਤ ਨਫ਼ਰਤ ਕੀਤੀ ਜਾਂਦੀ ਏ। ਜਦੋਂ ਇਨ੍ਹਾਂ ਮੇਰੇ ਚੁਬਾਰੇ ਦਾ ਬੂਹਾ ਖੜਕਾਇਆ, ਰਾਤ ਦੇ ਗਿਆਰਾਂ ਵੱਜੇ ਸਨ। ਦਸੰਬਰ ਦਾ ਮਹੀਨਾ ਸੀ। ਇਨ੍ਹਾਂ ਚਾਹ ਦਾ ਕੱਪ ਮੰਗਿਆ। ਪੀਤਾ ਤੇ ਮੇਰਾ ਕੰਬਲ ਚੁੱਕ ਬੋਲੇ, 'ਬੂਹਾ ਅੰਦਰੋਂ ਬੰਦ ਕਰ ਲੈ, ਮੈਂ ਵਰਾਂਡੇ ਵਿਚ ਪੈ ਜਾਵਾਂਗਾ...ਸਾਰੀ ਰਾਤ ਵਰਾਂਡੇ 'ਚ ਬੈਠੇ ਰਹੇ ਹੋਣਗੇ...ਮੇਰੇ ਉਠਣ ਤੋਂ ਪਹਿਲਾਂ ਜਾ ਚੁੱਕੇ ਸਨ। ਉਸ ਦਿਨ ਮੈਂ ਉਠੀ ਵੀ ਕਾਫ਼ੀ ਸਵੱਖਤੇ ਸਾਂ।''

ਜਸਵੰਤ ਚਾਹ ਲੈ ਕੇ ਆ ਗਿਆ। ਅਸੀਂ ਚਾਹ ਪੀਣ ਲੱਗੇ। ਜਿਥੇ ਜਸਵੰਤ ਬੈਠਾ ਸੀ, ਉਸ ਦੇ ਐਨ ਸਿਰ 'ਤੇ ਰੌਸ਼ਨਦਾਨ ਸੀ। ਚੰਨ ਰੌਸ਼ਨਦਾਨ ਵਿਚੋਂ ਦੀ ਉਤਰ ਉਹਦੇ ਚਿਹਰੇ 'ਤੇ ਆ ਟਿਕਿਆ ਸੀ। ਜਿੱਥੇ ਉਹ ਬੈਠਾ ਸੀ ਉਥੇ ਰੌਸ਼ਨੀ ਬਹੁਤ ਸੀ।

ਇੰਨੇ ਨੂੰ ਬੱਚੀ ਰਾਮੋਨਾ ਨੇ ਪਾਸਾ ਪਰਤਿਆ। ਸੀਮਾ ਨੇ ਰਜਾਈ ਜ਼ਰਾ ਪਾਸੇ ਹਟਾ ਉਹਦਾ ਮੂੰਹ ਨੰਗਾ ਕਰ ਦਿੱਤਾ। ਉਹਦਾ ਚਿਹਰਾ ਕਾਫ਼ੀ ਪੀਲਾ ਸੀ। ਨੀਂਦ ਵਿਚ ਉਹ ਮੁਸਕਾ ਤਾਂ ਨਹੀਂ ਰਹੀ ਸੀ, ਪਰ ਕੂਲੀ ਨਿੰਮੀ ਮੁਸਕਾਣ ਉਹਦੇ ਚਿਹਰੇ 'ਤੇ ਖਿਲਰੀ ਪਈ ਸੀ।

ਮੈਂ ਪੁੱਛਿਆ, ''ਤੁਹਾਡੇ ਬੱਸ ਇਕੋ ਹੀ ਬੱਚੈ?''

ਲਗਭਗ ਮੈਨੂੰ ਪਤਾ ਸੀ ਕਿ ਉਨ੍ਹਾਂ ਦੇ ਇਹੀ

*(ਬਾਕੀ ਅਗਲੇ ਸਫੇ 'ਤੇ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਮਾਹੁ ਜੇਠ ਭਲਾ

ਕੜਾਕੇ ਦੀ ਗਰਮੀ ਵਾਲੇ ਦੋ ਮਹੀਨਿਆਂ ਵਿਚੋਂ ਪਹਿਲਾ ਮਹੀਨਾ ਜੇਠ ਕਹਾਉਂਦਾ ਹੈ। ਗੁਰੂ ਅਰਜਨ ਦੇਵ ਫਰਮਾਉਂਦੇ ਹਨ, "ਗ੍ਰਿਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ" ਅਰਥਾਤ ਗਰਮੀ ਦੀ ਰੁਤ ਬੜੀ ਔਖੀ ਹੁੰਦੀ ਹੈ, ਜੇਠ ਤੇ ਹਾੜ ਵਿਚ ਬਹੁਤ ਗਰਮੀ ਹੁੰਦੀ ਹੈ। ਪਾਠਕ ਧਿਆਨ ਦੇਣ, ਇਥੇ ਅਖਾੜੈ ਸ਼ਬਦ ਦਾ ਅਰਥ 'ਹਾੜ' ਹੈ। 'ਘਾਮ' ਦਾ ਅਰਥ ਗਰਮ ਹੈ ਤੇ ਇਹ ਇਸ ਦਾ ਸੁਜਾਤੀ ਅਰਥਾਤ ਸਕਾ ਵੀ ਹੈ। ਹੋਰ ਤਾਂ ਹੋਰ ਅੰਗਰੇਜ਼ੀ ਸ਼ਬਦ warm ਦੀ ਵੀ ਇਸ ਨਾਲ ਮੂਲਕ ਸਾਂਝ ਹੈ ਪਰ ਇਸ ਦੀ ਚਰਚਾ ਫਿਰ ਕਰਾਂਗੇ। ਇਸ ਮਹੀਨੇ ਦੀ ਗਰਮੀ ਗੁਰੂ ਨਾਨਕ ਦੇਵ ਜੀ ਨੇ ਵੀ ਖੂਬ ਬਿਆਨ ਕੀਤੀ ਹੈ, "ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥" ਭਾਵ ਜੇਠ ਮਹੀਨਾ ਉਨ੍ਹਾਂ ਨੂੰ ਹੀ ਚੰਗਾ ਲਗਦਾ ਹੈ ਜਿਨ੍ਹਾਂ ਨੂੰ ਪ੍ਰੀਤਮ ਕਦੇ ਨਹੀਂ ਵਿਸਰਦਾ। ਇਸ ਮਹੀਨੇ ਧਰਤੀ ਭੱਠ ਵਾਂਗ ਤਪਦੀ ਹੈ, ਜੀਵ ਇਸਤਰੀ ਪ੍ਰਾਰਥਨਾ ਕਰਦੀ ਹੈ। ਵਾਰਿਸ ਸ਼ਾਹ ਹੁਰੀਂ ਵੀ ਪੰਜਾਬ ਦੀ ਕਿਹੜੀ ਗੱਲ ਨਹੀਂ ਜਾਣਦੇ,

ਜੇਠ ਮੀਂਹ ਤੇ ਸਿਆਲ ਨੂੰ ਵਾਉ ਮੰਦੀ,
ਕਟਕ ਮਾਘ ਵਿਚ ਮਨ੍ਹਾਂ ਹਨੇਰੀਆਂ ਨੀ।
ਰੋਵਣ ਵਿਆਹ ਵਿਚ, ਗਾਵਣਾ ਵਿਚ ਸਿਆਪੇ,
ਸਤਰ ਮਜਲਸਾਂ ਕਰਨ ਸੁਖੇਰੀਆਂ ਨੀ।

ਕਹਾਵਤ ਹੈ, 'ਜੇਠ ਹਾੜ ਕੁੱਖੀਂ, ਸੌਣ ਭਾਦੋਂ ਰੁਖੀਂ' ਅਰਥਾਤ ਜੇਠ ਹਾੜ ਦੀ ਭੱਠ ਗਰਮੀ ਵਿਚ ਘਰ ਦੇ ਅੰਦਰ ਹੀ ਰਹਿਣ ਵਿਚ ਬਚਾਉ ਹੈ ਜਦ ਕਿ ਸਾਵਣ ਭਾਦਉਂ ਦੇ ਮੀਹਾਂ ਕਾਰਨ ਹੁੰਮਸ ਤੋਂ ਬਚਣ ਲਈ ਰੁੱਖਾਂ ਹੇਠਾਂ ਬੈਠਣਾ ਚਾਹੀਦਾ ਹੈ। ਅੱਜ ਕਲ੍ਹ ਹਾਇਕੂ ਦਾ ਜ਼ਮਾਨਾ ਹੈ, ਇਹ ਲੰਗੜਾ ਜਿਹਾ ਕਾਵਿ ਰੂਪ ਇਸ ਸਮੇਂ ਚੜ੍ਹਤ ਵਿਚ ਹੈ। ਚਲੋ ਜੇਠ ਬਾਰੇ ਇਕ ਦੋ ਹਾਇਕੂ ਹੋ ਜਾਣ,

ਜੇਠ ਦੀ ਸਵੇਰ
ਬਾਰੀ ਥਾਣੀ ਪੌਣ ਨਾਲ ਆਈ
ਚਿੜੀਆਂ ਦੀ ਆਵਾਜ਼।
-ਅਰਵਿੰਦਰ ਕੌਰ

---

ਚੜ੍ਹਿਆ ਜੇਠ
ਉਡਦੀ ਰੇਤ
ਖਾਲੀ ਖੇਤ। -ਰਚਨਾ ਸਿੱਧੂ

ਇਸ ਮਹੀਨੇ ਹਾੜੀ ਦੀ ਫਸਲ ਸਾਂਭ ਕੇ ਜੱਟ ਖੁਸ਼ੀ ਵਿਚ ਮਿਉਂਦੇ ਨਹੀਂ। ਸਾਉਣੀ ਬਾਰੇ ਸੋਚਾਂ ਸ਼ੁਰੂ ਹੋ ਜਾਂਦੀਆਂ। ਪਹਿਲਿਆਂ ਵਿਚ ਤਾਂ ਹਾੜ੍ਹ ਚਰੀ ਬੀਜ ਕੇ ਤੇ ਫਿਰ ਰੇਹ ਪਾ ਕੇ ਸਾਉਣੀ ਦਾ ਕੰਮ ਸਮੇਟ ਲਿਆ ਜਾਂਦਾ ਸੀ ਪਰ ਦੋ ਤਿੰਨ ਸਦੀਆਂ ਪਹਿਲਾਂ ਅਮਰੀਕਾ ਤੋਂ ਮੱਕੀ ਦੇ ਆਉਣ ਨਾਲ ਇਸ ਨਕਦੀ ਫਸਲ ਮੱਕੀ ਦੀ ਮੁਹਾਰਨੀ ਰਟੀ ਜਾਣ ਲੱਗੀ। ਫਿਰ ਚੌਲ ਧਾਨਾਂ ਦੀ ਪ੍ਰਧਾਨਤਾ ਹੋਣ ਨਾਲ ਮੱਕੀ ਦਾ ਮੱਕੂ ਬੱਝ ਗਿਆ। ਜ਼ਮੀਨ ਵਿਚਲਾ ਪਾਣੀ ਧਾਨ ਖਾਣ ਲੱਗ ਪਿਆ ਤੇ ਹੁਣ ਮੁੜ ਮੱਕੀ ਦੇ ਦਿਨ ਆਉਣ ਦੀਆਂ ਖਬਰਾਂ ਹਨ।

ਅਤਿ ਦੀ ਗਰਮੀ ਹੋਣ ਕਾਰਨ ਜੇਠ ਦੀ ਮਹੱਤਤਾ ਦਰਸਾਉਣ ਲਈ ਇਸ ਨੂੰ ਜਲ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਲਈ ਗੰਗਾ ਦੁਸਹਿਰਾ ਤੇ ਨਿਰਜਲਾ ਇਕਾਦਸ਼ੀ ਇਸ ਮਹੀਨੇ ਹੀ ਮਨਾਏ ਜਾਂਦੇ ਹਨ। ਨਿਰਜਲਾ ਇਕਾਦਸ਼ੀ ਜਲ ਦੀ ਕੀਮਤ ਦੱਸਣ ਲਈ ਹੈ। ਗੰਗਾ ਨੂੰ ਜੇਠ ਵੀ ਕਿਹਾ ਗਿਆ



ਚਿੱਤਰਕਾਰ ਸਿਧਾਰਥ ਦਾ ਇਕ ਚਿੱਤਰ

ਹੈ ਕਿਉਂਕਿ ਇਸ ਦੇ ਪਿਛੇ ਗੰਗਾ ਦੇ ਗੁਣਾਂ ਦੀ ਜੇਠਤਾ ਕੰਮ ਕਰ ਰਹੀ ਹੈ। ਇਸ ਮਹੀਨੇ ਦੀ ਪੁੰਨਿਆ ਨੂੰ ਹੀ ਜਗਨਨਾਥ ਪੁਰੀ ਦੀਆਂ ਮੂਰਤੀਆਂ ਨੂੰ ਸ਼ਰਧਾ ਨਾਲ ਇਸ਼ਨਾਨ ਕਰਾਇਆ ਜਾਂਦਾ ਹੈ।

ਜੇਠ ਮਹੀਨੇ ਦੀ ਪੁੰਨਿਆ ਵਾਲੇ ਦਿਨ ਚੰਦਰਮਾ 'ਜੇਠ' ਨਛੱਤਰ ਵਿਚ ਹੁੰਦਾ ਹੈ। ਸੰਸਕ੍ਰਿਤ ਵਿਚ ਇਸ ਮਹੀਨੇ ਤੇ ਨਛੱਤਰ ਦਾ ਨਾਂ 'ਜਯੈਸ਼ਠ' ਜਾਂ 'ਜਯੇਸ਼ਠ' ਹੈ। ਸੂਰਜੀ ਮਹੀਨੇ ਦੇ ਹਿਸਾਬ ਨਾਲ ਜੇਠ ਵ੍ਰਿਸ਼ਚਕ ਸੰਗਰਾਂਦ ਤੋਂ ਮਿਥੁਨ ਸੰਗਰਾਂਦ ਤੱਕ ਰਹਿੰਦਾ ਹੈ। ਜੇਠ ਦਾ ਚਿੰਨ੍ਹ ਤਾਵੀਤ, ਛਤਰੀ ਜਾਂ ਕੰਨ ਦੀ ਵਾਲੀ ਹੈ। ਇਸ ਦਾ ਸਬੰਧ ਸਭ ਤੋਂ ਵੱਡੇ ਇੰਦਰ ਦੇਵਤੇ ਨਾਲ ਜੋੜਿਆ ਜਾਂਦਾ ਹੈ। ਇਸ ਲਈ ਵਿਚਾਰ ਹੈ ਕਿ ਇਸ ਮਹੀਨੇ ਪੈਦਾ ਹੋਣ ਵਾਲਾ ਵਿਅਕਤੀ ਜਿੰਮੇਵਾਰ, ਰੱਖਿਅਕ ਅਤੇ ਲੀਡਰੀ ਦੇ ਗੁਣਾਂ ਵਾਲਾ ਹੁੰਦਾ ਹੈ। ਇਸੇ ਲਈ ਇਸ ਦਾ ਇਕ ਚਿੰਨ੍ਹ ਛਤਰੀ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਜੇਠ ਸ਼ਬਦ ਦਾ ਸੰਸਕ੍ਰਿਤ ਰੂਪ 'ਜਯੈਸ਼ਠ'/ਜਯੇਸ਼ਠ ਹੈ। ਸੰਸਕ੍ਰਿਤ ਦੀ 'ਸ਼ਟ' ਜਾਂ 'ਸ਼ਠ' ਧੁਨੀ ਪੰਜਾਬੀ ਵਿਚ ਅਕਸਰ 'ਠ' ਰਹਿ ਜਾਂਦੀ ਹੈ। ਇਕ ਹੋਰ ਪ੍ਰਮਾਣ ਦੇਖੋ ਸ੍ਰੇਸ਼ਟ> ਸੇਠ। ਸੋ ਸੰਸਕ੍ਰਿਤ ਦਾ ਇਹ ਸ਼ਬਦ ਦੋ ਜੁਜ਼ਾਂ ਤੋਂ ਬਣਿਆ ਹੈ: ਜਯਾ+ਸ਼ਠ। 'ਜਯਾ' ਸ਼ਬਦ ਵਿਚ ਬੁਢੇ, ਵੱਡੇ, ਪਹਿਲ ਜਾਂ ਮੁਖੀ ਹੋਣ ਦੇ ਭਾਵ ਹਨ। ਪਹਿਲੇ ਜਾਂ ਵੱਡੇ ਦੇ ਅਰਥਾਂ ਤੋਂ ਹੀ ਮੁਖੀ ਦੇ ਅਰਥ ਬਣੇ। ਇਸ ਸ਼ਬਦ ਨਾਲ ਜਦ ਤੀਜੀ ਡਿਗਰੀ ਦੇ ਅਰਥ ਦਿੰਦਾ 'ਸ਼ਠ' ਪਿਛੇਤਰ ਲਗ ਜਾਂਦਾ ਹੈ ਤਾਂ ਇਹ ਹੋਰ ਵੀ ਵੱਡੇ ਜਾਂ ਪ੍ਰਮੁਖ ਹੋਣ ਦਾ ਭਾਵ ਦੇਣ ਲਗਦਾ ਹੈ। ਜੇਠ ਨਛੱਤਰ ਵਿਚ ਏਹੀ ਭਾਵ ਹਨ। ਪਹਿਲਾਂ ਦੱਸਿਆ ਜਾ ਚੁਕਾ ਹੈ ਕਿ ਜੇਠ ਨਛੱਤਰ ਇੰਦਰ ਦੇਵਤਾ ਦੇ ਅਧੀਨ ਵਿਚਰਦਾ ਹੈ ਤੇ ਸੂਰਜ ਅਤੇ ਇੰਦਰ ਨੂੰ ਸਭ ਤੋਂ ਵੱਡੇ ਦੇਵਤੇ ਹੋਣ ਦੀ ਮਾਨਤਾ ਹੈ। ਕਈ ਥਾਂਵਾਂ 'ਤੇ ਤਾਂ ਜੇਠ ਨਛੱਤਰ ਨੂੰ ਇੰਦਰ ਵੀ ਕਿਹਾ ਮਿਲਦਾ ਹੈ। ਕੁਝ 'ਸ਼ਠ' ਅੰਸ਼ ਦੀ ਵੀ ਗੱਲ ਕਰ ਲਈਏ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ੀ ਵਿਸ਼ੇਸ਼ਣਾਂ ਦੀਆਂ ਤਿੰਨ ਡਿਗਰੀਆਂ ਹੁੰਦੀਆਂ ਹਨ ਜਿਵੇਂ 'sweet, sweeter, sweetest' ਅਰਥਾਤ ਤੀਸਰੀ ਜਾਂ ਸਰਬੋਤਮ ਡਿਗਰੀ ਦਰਸਾਉਣ ਲਈ ਅਕਸਰ ਵਿਸ਼ੇਸ਼ਣੀ ਸ਼ਬਦ ਦੇ ਪਿਛੇ 'est' ਪਿਛੇਤਰ ਲੱਗ ਜਾਂਦਾ ਹੈ। ਇਹ ਤੱਥ ਬਹੁਤ ਲੋਕਾਂ ਦੇ ਧਿਆਨਗੋਚਰੇ ਨਹੀਂ ਤੇ ਨਾ ਹੀ ਵਿਆਕਰਣ ਵਿਚ ਪੜ੍ਹਾਇਆ ਜਾਂਦਾ ਹੈ ਕਿ ਡਿਗਰੀਆਂ ਦਾ ਪ੍ਰਬੰਧ ਕੁਝ ਹੱਦ ਤੱਕ ਸਾਡੀਆਂ ਭਾਸ਼ਾਵਾਂ ਵਿਚ ਵੀ ਮੌਜੂਦ ਹੈ। ਪੰਜਾਬੀ ਵਿਚ ਦੂਜੀ ਡਿਗਰੀ ਤਾਂ ਬਹੁਤ ਹੀ ਵਰਤੀ ਜਾਂਦੀ ਹੈ ਤੇ ਇਹ ਆਮ ਤੌਰ 'ਤੇ ਵਿਸ਼ੇਸ਼ਣ ਦੇ ਪਿਛੇ 'ਰਾ' ਪਿਛੇਤਰ ਲਾ ਕੇ ਬਣਾਈ ਜਾਂਦੀ ਹੈ, ਜਿਵੇਂ ਚੌਤੇਰਾ, ਕਚੇਰਾ, ਪਕੇਰਾ, ਬਥੇਰਾ (ਬਹੁਤੇਰਾ), ਵਧੇਰਾ ਆਦਿ। ਅੰਗਰੇਜ਼ੀ ਦਾ 'er' ਪਿਛੇਤਰ ਵੀ ਇਹੀ ਕੰਮ ਕਰਦਾ ਹੈ (higher = high+er)। ਇਸੇ ਤਰ੍ਹਾਂ ਅੰਗਰੇਜ਼ੀ 'est' ਦੇ ਟਾਕਰੇ 'ਤੇ ਸੰਸਕ੍ਰਿਤ 'ਸ਼ਟ' ਜਾਂ 'ਸ਼ਠ' ਹੈ। ਇਹ ਸਾਂਝ ਭਾਰੋਪੀ ਸਾਂਝ ਹੀ ਹੈ। ਅਸੀਂ ਕੁਝ ਹੋਰ ਮਿਸਾਲਾਂ ਲੈਂਦੇ ਹਾਂ, ਸ੍ਰੇਸ਼ਟ (ਸਭ ਤੋਂ ਉਤਮ), ਸਵਾਦਿਸ਼ਟ (ਸਭ ਤੋਂ ਸੁਆਦੀ) ਆਦਿ। ਇਸ ਸਿਲਸਿਲੇ ਵਿਚ 'ਜਯੈਸ਼ਠ' ਦਾ ਅਰਥ ਬਣਦਾ ਹੈ, ਸਭ ਤੋਂ ਵੱਡਾ ਜਾਂ ਪਰਮੁਖ।

ਪੰਜਾਬੀ ਤੇ ਹੋਰ ਹਿੰਦ ਆਰੀਆਈ ਭਾਸ਼ਾਵਾਂ ਵਿਚ 'ਜੇਠ' ਦਾ ਹੀ ਇਕ ਹੋਰ ਸੁਜਾਤੀ ਤੇ ਹਮਨਾਮ ਸ਼ਬਦ ਹੈ ਜਿਸ ਦਾ ਅਰਥ ਪਤੀ ਦਾ ਵੱਡਾ ਭਰਾ ਹੈ, 'ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ' -ਗੁਰੂ ਨਾਨਕ ਦੇਵ। ਇਥੇ ਦੇਵਰ-ਜੇਠ ਜੀਵ ਇਸਤਰੀ ਦੀਆਂ ਭ੍ਰਿਸ਼ਟ ਖਾਹਸ਼ਾਂ ਨੂੰ ਕਿਹਾ ਗਿਆ ਹੈ, ਜਿਨ੍ਹਾਂ ਦੇ ਮਰਨ ਨਾਲ ਮਾਇਆ ਦਾ ਡਰ ਨਹੀਂ ਰਹਿੰਦਾ। ਇਨ੍ਹਾਂ ਸ਼ਬਦਾਂ ਵਿਚ 'ਜਯਾ' ਅੰਸ਼ ਦੇ 'ਵੱਡੇ' ਹੋਣ ਵਾਲੇ ਅਰਥ ਸਾਹਮਣੇ ਆਉਂਦੇ ਹਨ। ਜੇਠ ਤਾਂ ਵਿਚਾਰਾ ਵੱਡਾ ਹੋਣ ਕਰਕੇ ਖੰਘੂਰਾ ਮਾਰ ਕੇ ਹੀ ਘਰ ਵੜ ਸਕਦਾ ਹੈ,

ਡਿਗ ਪਈ ਸੁਰਮੇਦਾਨੀ
ਸੁਰਮਾ ਪਾਉਂਦਿਆਂ
ਜੇਠ ਦਾ ਖੰਘੂਰਾ।
-ਸੁਰਿੰਦਰ ਸਪੇਰਾ

ਸਾਡੇ ਸਭਿਆਚਾਰ ਵਿਚ ਜੇਠ ਦਾ ਸਤਿਕਾਰ ਉਸ ਪ੍ਰਤੀ ਅਣਗਹਿਲੀ ਹੀ ਨਹੀਂ, ਇਕ ਤਰ੍ਹਾਂ ਦੇ ਤ੍ਰਿਸਕਾਰ ਦਾ ਵੀ ਕਾਰਨ ਬਣਦਾ ਹੈ, "ਜੇਠ ਨੂੰ ਲੱਸੀ ਨਹੀਓਂ ਦੇਣੀ ਦਿਉਰ ਭਾਵੇਂ ਮੱਝ ਚੁੰਘ ਜਾਏ।" ਜੋਗੀ ਬਣੇ ਰਾਂਝੇ ਨਾਲ ਬੋਲ ਕੁਬੋਲ ਕਰਦੀ ਸਹਿਤੀ ਦੇ ਜਵਾਬ ਵਿਚ ਰਾਂਝੇ ਦੇ ਕੁਝ ਸ਼ਬਦ ਹਾਜ਼ਿਰ ਹਨ,

ਸ਼ਰਮ ਜੇਠ ਤੇ ਸਹੁਰਿਉ ਕਰਨ ਆਈ,
ਮੂੰਹ ਫਕਰ ਤੋਂ ਕਾਸ ਨੂੰ ਲੁੱਜੀਏ ਨੀ।
ਵਾਰਿਸ ਸ਼ਾਹ ਤਾਂ ਇਸ਼ਕ ਦੀ ਨਬਜ਼ ਦਿਸੇ,
ਜਦੋਂ ਆਪਣੀ ਜਾਨ ਨੂੰ ਤੱਜੀਏ ਨੀ।

ਜੇਠ ਦੀ ਪਤਨੀ ਜੇਠਾਣੀ ਹੁੰਦੀ ਹੈ, "ਸਗਲ ਸੰਤੋਖੀ ਦੇਰ ਜੇਠਾਨੀ" -ਗੁਰੂ ਅਰਜਨ ਦੇਵ। ਇਥੇ ਕਾਵਿਕ ਪਰਵਾਹ ਕਾਇਮ ਰੱਖਣ ਲਈ ਦੇਰਾਣੀ ਦੀ ਜਗ੍ਹਾ ਦੇਰ ਹੀ ਲਿਖਿਆ ਗਿਆ ਹੈ। 'ਜੇਠਾਨੀ' ਦਾ 'ਆਨੀ' ਅੰਸ਼ ਸਮਝੋ ਦੇਰ ਦੇ ਨਾਲ ਵੀ ਲੱਗਾ ਹੋਇਆ ਹੈ। ਸੰਸਕ੍ਰਿਤ ਵਿਚ ਤਾਂ 'ਜਯੇਸ਼ਠ' ਦੇ ਹੋਰ ਵੀ ਕਈ ਅਰਥ ਹੁੰਦੇ ਹਨ, ਜਿਵੇਂ-ਵੱਡਾ, ਬਜ਼ੁਰਗ; ਸਰਵਸ੍ਰੇਸ਼ਟ, ਸਰਵੋਤਮ; ਸਰਵਪ੍ਰਥਮ, ਪਲੇਠਾ, ਪ੍ਰਮੁਖ, ਮੁਹਰੀ, ਸਰਵਉਚ। ਬ੍ਰਹਮ ਨੂੰ ਵੀ ਜਯੇਸ਼ਠ ਕਿਹਾ ਗਿਆ ਹੈ। ਜੇਠਾ ਰੰਗ ਉਹ ਹੁੰਦਾ ਹੈ ਜੋ ਕਈ ਵਾਰ ਦੀ ਰੰਗਾਈ ਤੋਂ ਪਿਛੋਂ ਅਖੀਰ ਵਿਚ ਰੰਗਿਆ ਜਾਂਦਾ ਹੈ। ਜੇਠਾ ਐਤਵਾਰ ਦਾ ਮਤਲਬ ਮਹੀਨੇ ਦਾ ਸਭ ਤੋਂ ਪਹਿਲਾ ਦਿਨ। ਪੰਜਾਬੀ ਵਿਚ ਵਡਿੱਕਿਆਂ ਨੂੰ ਜਠੇਰੇ ਕਿਹਾ ਜਾਂਦਾ ਹੈ। ਪਿੰਡਾਂ ਵਿਚ ਹਰ ਪਰਿਵਾਰ ਦੇ ਜਠੇਰਿਆਂ ਦੀ ਮਾਨਤਾ ਲਈ ਵਿਸ਼ੇਸ਼ ਥਾਂ ਹੁੰਦੀ ਹੈ ਜਿਸ ਨੂੰ ਜਠੇਰੇ ਕਿਹਾ ਜਾਂਦਾ ਹੈ। ਅੱਜ ਕਲ੍ਹ ਬਹੁਤ ਸਾਰੇ ਪਰਿਵਾਰ ਜਠੇਰਿਆਂ 'ਤੇ ਸ਼ਾਨਦਾਰ ਇਮਾਰਤਾਂ ਉਸਾਰਨ ਲੱਗ ਪਏ ਹਨ। ਗੁਰੂ ਅਰਜਨ ਦੇਵ ਫਰਮਾਉਂਦੇ ਹਨ,

ਸਸੁ ਤੇ ਪਿਰ ਕੀਨੀ ਵਾਖਿ॥
ਦੇਰ ਜਿਠਾਣੀ ਮੁਈ ਦੂਖਿ ਸੰਤਾਪਿ॥
ਘਰ ਕੇ ਜਿਠੇਰੇ ਕੀ ਚੂਕੀ ਕਾਣਿ॥
ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥

ਇਥੇ ਜਿਠੇਰੇ ਸ਼ਬਦ ਧਰਮ-ਰਾਜ ਅਰਥਾਤ ਮੌਤ ਲਈ ਵਰਤਿਆ ਗਿਆ ਹੈ।

'ਜਯੇਸ਼ਠਾ' ਦੇ ਅਰਥ ਵੱਡੀ ਭੈਣ ਤੋਂ ਇਲਾਵਾ ਹੱਥ ਦੀ ਸਭ ਤੋਂ ਵੱਡੀ ਅਰਥਾਤ ਵਿਚਕਾਰਲੀ ਉਂਗਲ ਵੀ ਹੈ। ਇਸੇ ਨਾਲ ਜੇਠਾ ਸ਼ਬਦ ਦੇ ਅਰਥ ਪੰਜਾਬੀ ਵਿਚ ਸਭ ਤੋਂ ਪਹਿਲਾ ਜਾਂ ਵੱਡਾ ਹੁੰਦਾ ਹੈ ਜਿਵੇਂ ਜੇਠਾ ਪੁੱਤਰ। ਪਹਿਲੇ ਪੁੱਤਰ ਦਾ ਨਾਂ ਜੇਠਾ ਰੱਖਣ ਦਾ ਵੀ ਰਿਵਾਜ ਹੈ। ਗੁਰੂ ਰਾਮ ਦਾਸ ਦਾ ਪਹਿਲਾ ਨਾਂ ਜੇਠਾ ਸੀ ਕਿਉਂਕਿ ਉਹ ਆਪਣੇ ਮਾਂ ਬਾਪ ਦੇ ਪਲੇਠੇ ਪੁੱਤਰ ਸਨ। ਗੁਰੂ ਰਾਮ ਦਾਸ ਦੇ ਹੀ ਇਕ ਪ੍ਰੇਮੀ ਦਾ ਨਾਂ ਵੀ ਜੇਠਾ ਸੀ। ਹੋਰ ਗੁਰੂਆਂ ਦੇ ਸੇਵਕਾਂ ਦਾ ਨਾਂ ਵੀ ਜੇਠਾ ਹੈ। ਹਰਬਲਭ ਦੇ ਸੰਗੀਤ ਨਾਲ ਮਸ਼ਹੂਰ ਜਲੰਧਰ ਦੇ ਮਸ਼ਹੂਰ ਦੇਵੀ ਤਲਾਬ ਲਾਗੇ ਇਕ ਪਹਿਲਵਾਨਾਂ ਦਾ ਅਖਾੜਾ ਹੁੰਦਾ ਸੀ ਜਿਸ ਨੂੰ 'ਜੇਠੂ ਮੱਲ ਦਾ ਅਖਾੜਾ' ਕਿਹਾ ਜਾਂਦਾ ਹੈ।

ਇਸ ਪ੍ਰਸੰਗ ਵਿਚ ਮਸ਼ਹੂਰ ਵਕੀਲ ਤੇ ਭਾਜਪਾ ਦੇ ਨੇਤਾ ਰਾਮ ਜੇਠਮਲਾਨੀ ਦੇ ਉਪਨਾਮ ਦੀ ਵੀ ਥੋੜ੍ਹੀ ਚਰਚਾ ਕਰ ਲਈਏ। ਹਿੰਦੂ ਸਿੰਧੀਆਂ ਦੇ ਉਪਨਾਵਾਂ ਪਿਛੇ ਆਮ ਤੌਰ 'ਤੇ ਉਨ੍ਹਾਂ ਦੇ ਬਜ਼ੁਰਗਾਂ ਦੇ ਰਿਹਾਇਸ਼ੀ ਨਗਰਾਂ ਜਾਂ ਉਨ੍ਹਾਂ ਦੇ ਖਾਸ ਨਾਂਵਾਂ ਪਿਛੇ 'ਆਨੀ' ਪਿਛੇਤਰ ਲਗ ਕੇ ਬਣਦੇ ਹਨ। ਮਿਸਾਲ ਵਜੋਂ ਅਡਵਾਨੀ, ਕਿਰਪਲਾਨੀ, ਮਲਕਾਨੀ, ਗੁਰਬਾਨੀ ਆਦਿ। ਇਹ ਸੰਸਕ੍ਰਿਤ 'ਆਂਸ਼ੀ' (ਅੰਸ਼ ਤੋਂ) ਦਾ ਘਸਿਆ ਰੂਪ ਹੈ। ਜੇਠਮਲਾਨੀ ਸਾਹਿਬ ਸਿੰਧੀ ਹਨ। ਉਨ੍ਹਾਂ ਦੇ ਨਕੜਦਾਦੇ ਦਾ ਨਾਂ ਜੇਠਮਲ ਸੀ ਜਿਥੋਂ ਪਰਿਵਾਰਕ ਨਾਮ ਜੇਠਮਲਾਨੀ ਚੱਲਿਆ। ਉਹ ਸ਼ਿਕਾਰਪੁਰ ਦਾ ਗਵਰਨਰ ਅਤੇ ਪਿਛੋਂ ਅਫਗਾਨਿਸਤਾਨ ਦਾ ਵਜ਼ੀਰ ਬਣਿਆ। ਉਨ੍ਹਾਂ ਦੀ ਸੰਤਾਨ ਬਹੁਤ ਵੱਡੇ ਅਹੁਦਿਆਂ 'ਤੇ ਰਹੀ। ਕੁਝ ਪਿੰਡਾਂ ਥਾਂਵਾਂ ਦੇ ਨਾਂ ਵਿਚ ਵੀ ਜੇਠ ਅੰਸ਼ ਆਉਂਦਾ ਹੈ ਜਿਵੇਂ ਜੇਠੂਮਾਜਰਾ, ਜਠੌਲ ਆਦਿ।

# ਸ਼ਾਨੇ-ਪੰਜਾਬ

(ਪਿਛਲੇ ਸਫੇ ਦੀ ਬਾਕੀ)

ਇੱਕ ਬੱਚੀ ਹੈ। ਦਰਅਸਲ ਪੁੱਛਣਾ ਜਾਂ ਕਹਿਣਾ ਤਾਂ ਮੈਂ ਇਹੀ ਚਾਹੁੰਦਾ ਸਾਂ ਕਿ ਤੁਹਾਡੇ ਹੋਰ ਬੱਚਾ ਕਿਉਂ ਨਹੀਂ ਹੋਇਆ? ਹੋਣਾ ਚਾਹੀਦਾ ਸੀ ਜਾਂ ਛੇਤੀ ਹੋਣਾ ਚਾਹੀਦਾ ਹੈ।

ਜਸਵੰਤ ਚੁੱਪ ਹੋ ਗਿਆ-ਬੱਸ ਬਹੁਤ ਖਾਮੋਸ਼! ਸੀਮਾ ਦੇ ਚਿਹਰੇ 'ਤੇ ਇੱਕ ਦਮ ਉਦਾਸੀ ਛਾ ਗਈ। ਮੈਂ ਮੁੜ ਪੁੱਛਿਆ ਤਾਂ ਜਸਵੰਤ ਨੇ ਸਭ ਕੁਝ ਇਸ ਤਰ੍ਹਾਂ ਦੱਸ ਦਿਤਾ,

"ਐਮਰਜੈਂਸੀ ਦੇ ਦਿਨ ਸਨ। ਮੈਂ ਸਾਈਕਲ 'ਤੇ ਸਕੂਲ ਜਾ ਰਿਹਾ ਸਾਂ। ਪੁਲਿਸ ਦੀ ਜੀਪ ਮੇਰੇ ਕੋਲ ਰੁਕੀ। ਪਿੱਛੇ ਐਂਬੂਲੈਂਸ ਸੀ। ਮੈਨੂੰ ਸਾਈਕਲ ਤੋਂ ਉਤਾਰ ਲਿਆ, 'ਬੈਠ ਐਂਬੂਲੈਂਸ 'ਚ ਤੇਰਾ ਆਪ੍ਰੇਸ਼ਨ ਕਰਨਾ ਹੈ, ਨਿਆਣੇ 'ਤੇ ਨਿਆਣਾ ਬਣਾਉਣ ਡ੍ਹਿਆ ਹੋਇਆ ਏਂ,' ਠਾਣੇਦਾਰ ਠਾਣੇਦਾਰਾਂ ਵਾਲੀ ਭਾਸ਼ਾ ਬੋਲਿਆ।

'ਮੇਰੇ ਕੋਲ ਇਕੋ ਬੱਚੀ ਐ ਤੇ ਉਹ ਵੀ ਬਿਮਾਰ। ਮੈਂ ਅਪ੍ਰੇਸ਼ਨ ਨਹੀਂ ਕਰਾਉਣਾ। ਠਾਣੇਦਾਰ ਨੂੰ ਮੇਰਾ ਜਵਾਬ ਬੜਾ ਗੁਸਤਾਖ ਲੱਗਿਆ। ਬੋਲਿਆ, ਅਪ੍ਰੇਸ਼ਨ ਤਾਂ ਤੇਰਾ ਪਿਉ ਵੀ ਕਰਵਾਏਗਾ, ਭੈਣ ਦਿਆ ਯਾਰਾ-ਮਾਂ ਦਿਆ ਖਸਮਾਂ!

-ਵੇਖੋ, ਮੈਂ ਆਦਮੀ ਆਂ, ਕੋਈ ਜਾਨਵਰ ਨਹੀਂ। ਮੈਂ ਅਪ੍ਰੇਸ਼ਨ ਨ੍ਹੀਂ ਕਰਵਾਉਣਾ। ਮੇਰੀ ਮਾਂ-ਭੈਣ ਬਾਰੇ ਜ਼ਰਾ ਸੋਚ ਕੇ ਬੋਲਣਾ।

-ਬੱਸ ਲਅ ਐਂਡ ਆਰਡਰ ਖਤਰੇ 'ਚ ਪੈ ਗਿਆ। ਠਾਣੇਦਾਰ ਬੈਂਤ ਤੇ ਬੈਂਤ ਮਾਰਨ ਲੱਗਿਆ। ਮੈਂ ਵੀ ਚੁੱਪ ਕਰ ਕੇ ਬੈਂਤਾਂ ਨਹੀਂ ਖਾਧੀਆਂ। ਟੁੱਟ ਕੇ ਪੈ ਗਿਆ ਤੇ ਠਾਣੇਦਾਰ ਹੇਠਾਂ ਸੁੱਟ ਲਿਆ, ਪਰ ਉਪਰੋਂ ਦੂਜੇ ਠਾਣੇਦਾਰ ਤੇ ਸਿਪਾਹੀਆਂ ਨੇ ਕੁੱਟ-ਕੁੱਟ ਮੈਨੂੰ ਅੱਧਮੋਇਆ ਕਰ ਦਿੱਤਾ। ਐਂਬੂਲੈਂਸ ਵਿਚ ਪਾ ਹਸਪਤਾਲ ਲੈ ਗਏ ਤੇ ਉਥੇ ਮੇਰਾ ਅਪ੍ਰੇਸ਼ਨ ਕਰ ਦਿੱਤਾ।"

ਇਸ ਤੋਂ ਪਿੱਛੋਂ ਲੰਮੀ ਚੁੱਪ ਵਰਤ ਗਈ। ਇੰਨੀ ਭਿਆਨਕ ਕਿ ਜਸਵੰਤ ਦੇ ਚਿਹਰੇ 'ਤੇ ਝਰ ਰਹੀ ਚੰਨ ਚਾਨਣੀ 'ਚੋਂ ਮੈਨੂੰ ਸੇਕ ਆਉਣ ਲਗਿਆ, ਪਰ ਜਸਵੰਤ ਦਾ ਚਿਹਰਾ ਉਂਜ ਦਾ ਉਂਜ ਸੀ, ਸਾਬਤ ਅਤੇ ਅਡੋਲ। ਸ਼ਾਇਦ ਕੋਈ ਹੱਸਾਸ ਆਦਮੀ ਉਹਦੇ ਚਿਹਰੇ 'ਤੇ ਉਦਾਸੀ ਗੁੱਸੇ ਤੇ ਨਿਰਾਸ਼ਾ ਦੀਆਂ ਲਕੀਰਾਂ ਪੜ੍ਹ ਸਕਦਾ ਹੋਵੇ, ਪਰ ਰਾਣੀ ਦੀ ਮੂਰਤ ਵਾਲੇ ਪੌਂਡਾਂ ਨੇ ਮੇਰੇ ਅੰਦਰੋਂ ਅਹਿਸਾਸ ਮਾਰ ਦਿੱਤਾ ਸੀ। ਹਾਂ, ਸੀਮਾ ਦੇ ਚਿਹਰੇ 'ਤੇ ਖਾਹਿਸ਼ਾਂ ਤੇ ਉਮੀਦਾਂ ਦਾ ਘਾਣ ਹੋਇਆ ਪਿਆ ਸੀ। ਉਹ ਆਪਣੀ ਸੌਂ ਰਹੀ ਬੱਚੀ ਨੂੰ ਨਿਹਾਰ ਰਹੀ ਸੀ। ਔਰਤ ਇੰਨੀ ਕਮਜ਼ੋਰ ਤਾਂ ਨਹੀਂ ਹੁੰਦੀ, ਪਰ ਉਹ ਮਾਂ ਹੁੰਦੀ ਹੈ...ਸੀਮਾ ਦੀਆਂ ਅੱਖਾਂ ਭਰ ਆਈਆਂ ਸਨ।

ਪਤਾ ਨਹੀਂ ਕਿਉਂ, ਮੈਂ ਵੀ ਹੁਣ ਕੋਈ ਹੋਰ ਗੱਲ ਨਾ ਛੇੜ ਸਕਿਆ। ਜਸਵੰਤ ਨੇ ਵੀ ਸ਼ਾਇਦ ਮੈਨੂੰ ਖੋਇਆ-ਖੋਇਆ, ਉਲਝਿਆ-ਉਲਝਿਆ ਵੇਖ ਲਿਆ ਸੀ। ਬੋਲਿਆ, "ਬਾਈ! ਤੁਸੀਂ ਹੁਣ ਆਰਾਮ ਕਰੋ-ਬਹੁਤ ਥਕਾਇਆ ਹੈ ਅਸੀਂ ਤੁਹਾਨੂੰ!"

ਮੈਂ ਦੂਜੇ ਕਮਰੇ ਵਿਚ ਸੌਣ ਚਲਿਆ ਗਿਆ। ਅੱਧੀ ਰਾਤ ਟੁੱਟ ਰਹੀ ਸੀ-ਗਲੀ ਦੀ ਬੱਤੀ ਇੰਜ ਬੁਝੀ ਪਈ ਸੀ ਜਿਵੇਂ ਬੁਝਾ ਕੇ ਹੀ ਲਾਈ ਹੁੰਦੀ ਹੈ-ਗਲੀ ਦੀ ਚੁੱਪ ਵਿਚੋਂ ਹਵਾੜ੍ਹ ਆ ਰਹੀ ਸੀ-ਜਿਹੋ ਜਿਹੀ ਅੰਗਰੇਜ਼ਾਂ ਦੀ ਚੁੱਪ 'ਚੋਂ ਆਇਆ ਕਰਦੀ ਹੈ। ਦੂਜੇ ਕਮਰੇ 'ਚ ਰਾਮੋਨਾ ਸੌਂ ਰਹੀ ਸੀ ਤੇ ਉਹਦੀ ਛਾਤੀ 'ਚੋਂ ਆਉਂਦੀ ਆਵਾਜ਼ ਮੈਨੂੰ ਵੀ ਸੁਣ ਰਹੀ ਸੀ। ਸੀਮਾ ਨੂੰ ਵੀ ਅੱਜ ਵਧੀਆ ਨੀਂਦ ਨਹੀਂ ਆਵੇਗੀ। ਅੱਜ ਉਹਦਾ ਅਚੇਤ ਮਨ ਜਾਗਦਾ ਰਹੇਗਾ-ਉਹ ਮਾਂ ਹੈ। ਤੇ ਜਸਵੰਤ! ਉਹਦੇ ਬਾਰੇ ਸੋਚਦਿਆਂ ਪਤਾ ਨਹੀਂ ਮੈਨੂੰ ਆਪਣੇ ਪਿੰਡ ਵਿਚ ਵਾਪਰਦੇ ਉਹ ਦੋ ਕੰਮ ਵਾਰ-ਵਾਰ ਕਿਉਂ ਯਾਦ ਆ ਰਹੇ ਸਨ ਜਿਹੜੇ ਮੈਨੂੰ ਬਹੁਤ ਬੁਰੇ ਲਗਦੇ ਸਨ-ਇਕ, ਬਲਦਾਂ ਦੇ ਖੁਰੀਆਂ ਲਾਉਣੀਆਂ। ਬਲਦ ਨੂੰ ਰੱਸਾ ਪਾ ਹੇਠਾਂ ਸੁੱਟਣਾ, ਖੁਰੀਆਂ ਲਾਉਣ ਵਾਲੇ ਨੇ ਮਾਸ ਵਿਚ ਕਿੱਲ ਗੱਡਣੇ ਅਤੇ ਬਲਦ ਦਾ ਤੜਫਣਾ। ਦੂਜਾ, ਘਰਦੇ ਪਾਲੇ ਵੱਛੇ ਨੂੰ ਖੱਸੀ ਕਰਵਾਉਣ ਲਈ ਸਲੋਤਰਖਾਨੇ ਲੈ ਕੇ ਜਾਣਾ। ਮੈਂ ਕਿੰਨਾ ਚਿਰ ਸੋਚਦਾ ਰਿਹਾ ਕਿ ਜਸਵੰਤ ਨੂੰ ਕਿੰਜ ਮਾਰਿਆ ਹੋਵੇਗਾ ਤੇ ਫਿਰ ਹਸਪਤਾਲ ਲਿਜਾ ਕੇ ਉਹਦਾ ਆਪ੍ਰੇਸ਼ਨ ਕਰ ਦਿੱਤਾ ਹੋਵੇਗਾ। ਫਿਰ ਮੈਂ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਖੱਸੀ ਕਰਨ ਤੋਂ ਪਹਿਲਾਂ ਵੱਛੇ ਨੂੰ ਵੀ ਕੁੱਟਿਆ-ਮਾਰਿਆ ਜਾਂਦਾ ਹੈ? ਨਹੀਂ, ਇੰਜ ਤਾਂ ਨਹੀਂ ਕੀਤਾ ਜਾਂਦਾ। ਖੈਰ, ਮੈਂ ਇਹ ਸੋਚਦਾ ਸੋਚਦਾ ਸੌਂ ਗਿਆ ਕਿ ਮੇਰੇ ਮੁਲਕ ਵਿਚ ਪਸ਼ੂ ਤੇ ਮਨੁੱਖ ਕਿੰਨੇ ਕੁ ਫਰਕ ਨਾਲ ਰਹਿ ਰਹੇ ਹਨ!

ਸਵੇਰੇ ਜਦੋਂ ਮੈਨੂੰ ਰਾਮੋਨਾ ਨੇ ਜਗਾਇਆ, ਦਿਨ ਚੜ੍ਹ ਆਇਆ ਸੀ। ਗਲੀ ਵਿਚ ਕਾਫੀ ਰੌਣਕ ਸੀ। ਫੇਰੀ ਵਾਲੇ ਹੋਕੇ ਦੇ ਰਹੇ ਸਨ।

"ਤਾਇਆ ਜੀ, ਮੰਮੀ ਚਾਹ ਲੈ ਆਵੇ?" ਮੇਰੇ ਵੱਲੋਂ 'ਹਾਂ' ਹੁੰਦਿਆਂ ਹੀ ਰਾਮੋਨਾ ਨੇ ਆਪਣੀ ਮੰਮੀ ਨੂੰ ਆਵਾਜ਼ ਦੇ ਦਿੱਤੀ। ਮੈਂ ਉਸ ਨੂੰ ਗੋਦੀ ਵਿਚ ਬੈਠਾ ਲਿਆ। ਉਹਦੇ ਪੀਲੇ ਚਿਹਰੇ 'ਤੇ ਕੱਲ੍ਹ ਵਾਲੇ ਦਮੇ ਦੇ ਹਮਲੇ ਦੀ ਕੋਈ ਲਕੀਰ ਤੀਕ ਨਹੀਂ ਸੀ। ਜੇ ਬਿਮਾਰੀ ਨੂੰ ਬੱਚਿਆਂ ਵਾਂਗ ਲਿਆ ਜਾਵੇ ਤਾਂ ਬਹੁਤ ਕੁਝ ਸੌਖਿਆਂ ਹੀ ਜਰਿਆ ਜਾ ਸਕਦਾ ਹੈ, ਮੈਂ ਸੋਚਿਆ। ਸੀਮਾ ਚਾਹ ਲੈ ਕੇ ਆ ਗਈ। ਉਹ ਮੁਸਕਰਾਈ ਤਾਂ ਉਹਦੀਆਂ ਗੱਲ੍ਹਾਂ 'ਚ ਟੋਏ ਪੈ ਗਏ। ਮੈਨੂੰ ਉਸ ਨੇ ਠਹਿਰਨ ਲਈ ਆਖਿਆ, ਰਾਮੋਨਾ ਵੀ ਖਹਿੜੇ ਪੈ ਗਈ।

ਪਰ ਅੱਜ ਮੈਂ ਲੁਧਿਆਣੇ ਪੁੱਜ ਕੇ ਲੱਖ ਰੁਪਏ ਦੀ ਐਫ.ਡੀ. ਕਰਵਾਉਣੀ ਸੀ ਤੇ ਚੰਡੀਗੜ੍ਹ ਪਲਾਟ ਖਰੀਦਣ ਲਈ ਕਿਸੇ ਸਿਫਾਰਸ਼ੀਏ ਨੂੰ ਮਿਲਣਾ ਸੀ। ਮੈਂ ਰੁਕ ਨਹੀਂ ਸਾਂ ਸਕਦਾ। ਜਸਵੰਤ ਰਿਕਸ਼ਾ ਲੈ ਆਇਆ। ਸਟੇਸ਼ਨ ਦੇ ਰਾਹ ਵਿਚ ਜਸਵੰਤ ਦੇ ਚਿਹਰੇ ਵੱਲ ਤੱਕ ਮੈਂ ਆਖਿਆ।

"ਜੱਸੀ! ਤੂੰ ਇੰਨੀਆਂ ਤਕਲੀਫਾਂ ਝੱਲੀਆਂ ਤੇ ਮੈਨੂੰ ਪਤਾ ਵੀ ਨਾ ਲੱਗਿਆ?"

"ਨਹੀਂ ਬਾਈ, ਮੇਰੀਆਂ ਤਕਲੀਫ਼ਾਂ ਕੋਈ ਅਲੋਕਾਰ ਤਾਂ ਨਹੀਂ। ਮੈਨੂੰ ਨਾ ਤਾਂ ਕਿਸੇ ਚੀਜ਼ ਦਾ ਅਫ਼ਸੋਸ ਐ, ਨਾ ਹੀ ਪਛਤਾਵਾ।" ਉਹ ਪੂਰੇ ਆਦਮੀ ਵਾਂਗ ਮੁਸਕਰਾਇਆ।

"ਹੁਣ ਇੰਗਲੈਂਡ 'ਚ ਪਾਬੰਦੀਆਂ ਬਹੁਤ ਨੇ। ਨਹੀਂ ਤਾਂ ਮੈਂ ਤੈਨੂੰ ਉਥੇ ਸੱਦ ਲੈਂਦਾ। ਸੀਮਾ ਤੇ ਰਾਮੋਨਾ ਪਿੱਛੋਂ ਆ ਜਾਂਦੀਆਂ।"

"ਨਹੀਂ ਬਾਈ ਜੀ, ਮੈਂ ਇਥੇ ਬੜਾ ਠੀਕ ਆਂ। ਮੈਂ ਪੰਜਾਬੋਂ ਬਾਹਰ ਕਿਤੇ ਰਹਿ ਹੀ ਨਹੀਂ ਸਕਦਾ। ਦੋ ਮਹੀਨੇ ਪਿੰਡ ਨਾ ਜਾਵਾਂ ਤਾਂ ਮਰਨ ਵਰਗਾ ਹੋ ਜਾਨਾਂ।"

"ਭਵਿੱਖ ਬਾਰੇ ਕੀ ਵਿਚਾਰ ਐ?"

"ਬਹੁਤ ਰੌਸ਼ਨ ਹੋਵੇਗਾ। ਇਤਿਹਾਸ ਅੱਗੇ ਤੁਰੇਗਾ। ਨੇਕੀ ਦੀਆਂ ਤਾਕਤਾਂ ਤਕੜੀਆਂ ਹੋ ਕੇ ਲੜਨਗੀਆਂ। ਮੈਂ ਇਸ ਵਿਚ ਸਰਗਰਮੀ ਨਾਲ ਭਾਗ ਲਵਾਂਗਾ। ਸੀਮਾ ਪੀਐਚ.ਡੀ. ਕਰੇਗੀ-ਮੇਰੇ ਖਿਆਲ 'ਚ ਮੈਂ ਵੀ। ਰਾਮੋਨਾ ਨੂੰ ਹਰ ਪੱਖੋਂ ਬਹੁਤ ਵਧੀਆ ਕੁੜੀ ਬਣਾਵਾਂਗੇ।"

ਸਟੇਸ਼ਨ ਆ ਗਿਆ। ਟਿਕਟ ਖਰੀਦੇ ਅਤੇ ਸ਼ਾਨੇ-ਪੰਜਾਬ ਵਿਚ ਆ ਬੈਠੇ। ਜਦੋਂ ਗੱਡੀ ਨੇ ਪਹਿਲੀ ਚੀਕ ਮਾਰੀ, ਮੈਂ ਸੌ-ਸੌ ਦੇ ਦਸ ਨੋਟ ਜਸਵੰਤ ਨੂੰ ਫੜਾਉਂਦਿਆਂ ਆਖਿਆ, "ਆਹ ਥੋੜ੍ਹੇ ਜਿਹੇ ਪੈਸੇ ਰੱਖ ਲੈ, ਕੋਈ ਲੋੜ ਪੂਰੀ ਹੋ ਜਾਵੇਗੀ।"

ਉਸ ਨੇ ਦੋਹਾਂ ਹੱਥਾਂ ਨਾਲ ਮੇਰਾ ਨੋਟਾਂ ਵਾਲਾ ਹੱਥ ਮੇਰੇ ਵੱਲ ਧੱਕ ਦਿੱਤਾ। ਬੜੀ ਜਾਨ ਸੀ ਉਹਦੇ ਹੱਥਾਂ 'ਚ। ਮੈਂ ਮੁੜ ਜ਼ੋਰ ਦਿੱਤਾ। ਮੈਨੂੰ ਸੀਮਾ ਦੀ ਸ਼ਾਲ ਤੇ ਰਾਮੋਨਾ ਦੀ ਸਵੈਟਰ ਬਹੁਤ ਘਸੀਆਂ ਹੋਈਆਂ ਲੱਗੀਆਂ ਸਨ। ਜਸਵੰਤ ਦਾ ਕੋਟ ਰੈਗਜ਼ ਵਾਲਿਆਂ ਤੋਂ ਖਰੀਦਿਆ ਹੋਇਆ ਸੀ। ਮੈਨੂੰ ਬੜਾ ਤਰਸ ਆਇਆ ਸੀ।

"ਨਹੀਂ ਬਾਈ ਜੀ, ਸ਼ੁਕਰੀਆ। ਸਾਡੀਆਂ ਲੋੜਾਂ ਬਹੁਤ ਥੋੜ੍ਹੀਆਂ ਨੇ ਤੇ ਉਹ ਠੀਕ ਪੂਰੀਆਂ ਹੋ ਰਹੀਆਂ ਨੇ। ਆਏਂ ਫਿਰ ਆਦਤ ਪੈ ਜਾਂਦੀ ਐ, ਨਾਲੇ ਮੈਂ ਸਵੈ-ਤਰਸ ਨਾਲ ਮਰ ਜਾਵਾਂਗਾ... ਗੁਸਤਾਖੀ ਮਾਫ਼ ਕਰਨਾ।"

ਮੇਰਾ ਨੋਟਾਂ ਵਾਲਾ ਹੱਥ ਥਾਏਂ ਜੰਮ ਗਿਆ ਸੀ। ਮੈਂ ਉਹਦੇ ਚਿਹਰੇ ਵੱਲ ਤੱਕਿਆ, ਉਸ 'ਤੇ ਇੰਨੀ ਦ੍ਰਿੜਤਾ ਸੀ ਕਿ ਮੈਂ ਹੱਥ ਅਗਾਂਹ ਕਰਨਾ ਦਾ ਹੌਸਲਾ ਹੀ ਨਾ ਕਰ ਸਕਿਆ।

ਸ਼ਾਨੇ-ਪੰਜਾਬ ਚੱਲ ਪਈ ਸੀ ਅਤੇ ਜਸਵੰਤ ਦਿਸਣ ਤੀਕ ਹੱਥ ਹਿਲਾਉਂਦਾ ਰਿਹਾ। ਮੈਂ ਨੋਟਾਂ ਦੀ ਦੱਥੀ ਬੈਗ ਵਿਚ ਪਾ ਲਈ। ਸ਼ਾਨੇ-ਪੰਜਾਬ ਨੇ ਜਦੋਂ ਨਹਿਰ ਦਾ ਪੁਲ ਪਾਰ ਕਰਦਿਆਂ ਖੜਕਾ ਕੀਤਾ, ਉਦੋਂ ਮੈਨੂੰ ਪਤਾ ਲੱਗਿਆ, ਇਹ ਤਾਂ ਗੱਡੀ ਹੈ, ਸ਼ਾਨੇ-ਪੰਜਾਬ ਨੂੰ ਤਾਂ ਮੈਂ ਪਲੇਟਫਾਰਮ 'ਤੇ ਹੀ ਛੱਡ ਆਇਆ ਸਾਂ।

# ਸਿਦਕ ਨੇ ਇੱਦਾਂ ਉਧੇੜੇ ਗਮ-ਗਲੋਟੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੇਰੇ ਨਾਨਕੇ ਪਿੰਡ ਤੋਂ ਲੱਗਦੀ ਮਾਮੀ ਨੇ ਅਖ਼ਬਾਰ ਵਿਚੋਂ ਫੋਨ ਨੰਬਰ ਪੜ੍ਹ ਕੇ ਕਾਲ ਕੀਤੀ। ਮਾਮੀ ਨੇ ਜਾਣ-ਪਛਾਣ ਕੱਢ ਕੇ ਮੈਨੂੰ ਮਾਮੀ ਭਾਣਜੇ ਦੇ ਰਿਸ਼ਤੇ ਦੀ ਬੁੱਕਲ ਵਿਚ ਲੈਂਦਿਆਂ ਅਸੀਸਾਂ ਦਿੱਤੀਆਂ। ਸਮੇਂ ਦੇ ਬਦਲਣ ਨਾਲ ਸਾਡੀ ਰਿਸ਼ਤੇਦਾਰੀ ਗੂੜ੍ਹੀ ਹੁੰਦੀ ਗਈ। ਮਾਮੀ ਨਾਲ ਗੱਲਾਂ ਕਰ ਕੇ ਮੈਨੂੰ ਇੰਜ ਲੱਗਦਾ ਜਿਵੇਂ ਮੈਂ ਨਾਨਕੇ ਪਿੰਡ ਛੁੱਟੀਆਂ ਕੱਟ ਆਇਆ ਹੋਵਾਂ। ਮਾਮੀ ਮੇਰੇ ਨਾਲ ਗੱਲਾਂ ਕਰ ਕੇ ਆਪਣਾ ਮਨ ਹੌਲਾ ਕਰ ਲੈਂਦੀ। ਸਾਡੇ ਦੋਵਾਂ ਵਿਚ ਸੜਕ ਰਸਤੇ ਦੀ ਪੰਜ ਘੰਟੇ ਦੀ ਦੂਰੀ ਹੈ ਪਰ ਪਰਿਵਾਰਕ ਗੱਲਾਂ ਕਰ ਕੇ ਅਸੀਂ ਇਕ ਦੂਜੇ ਦੇ ਬਹੁਤ ਨੇੜੇ ਹਾਂ।

ਮਾਮੀ ਨੇ ਦੱਸਿਆ ਕਿ ਉਹ ਸੰਨ ਦੋ ਹਜ਼ਾਰ ਵਿਚ ਇੱਥੇ ਆ ਗਏ ਸੀ। ਮਾਮੇ ਦਾ ਰਫਿਊਜੀ ਕੇਸ ਪਾਸ ਹੋਣ 'ਤੇ ਮਾਮੀ ਦੋਵਾਂ ਧੀਆਂ ਨੂੰ ਲੈ ਕੇ ਮਾਮੇ ਕੋਲ ਪਹੁੰਚ ਗਈ ਸੀ। ਮਾਮਾ ਬਹੁਤ ਖ਼ੁਸ਼ ਸੀ। ਉਸ ਨੇ ਮਾਮੀ ਤੇ ਧੀਆਂ ਨੂੰ ਪੰਜ ਸਾਲ ਬਾਅਦ ਦੇਖਿਆ ਸੀ। ਅਜੇ ਸਾਰੇ ਪਰਿਵਾਰ ਦੇ ਚਾਅ ਵੀ ਪੂਰੇ ਨਹੀਂ ਸੀ ਹੋਏ ਕਿ ਕੰਪਨੀ ਵਿਚ ਕੰਮ ਕਰਦਿਆਂ ਮਾਮੇ ਦੇ ਸਿਰ ਵਿਚ ਸੱਟ ਲੱਗ ਗਈ। ਛੇ ਮਹੀਨੇ ਬਿਸਤਰੇ 'ਤੇ ਮੌਤ ਨਾਲ ਘੁਲਦਾ ਅਖੀਰ ਮੌਤ ਹੱਥੋਂ ਹਾਰ ਗਿਆ। ਮਾਮੀ ਸਿਰ ਦੁੱਖਾਂ ਦਾ ਪਹਾੜ ਟੁੱਟ ਪਿਆ। ਮਾਮੇ-ਮਾਮੀ ਦਾ ਵਿਆਹ ਹੋਇਆਂ ਅਜੇ ਤਿੰਨ ਸਾਲ ਹੀ ਹੋਏ ਸਨ ਕਿ ਮਾਮਾ ਅਮਰੀਕਾ ਆ ਗਿਆ। ਫਿਰ ਮਾਮੀ ਨੇ ਪੰਜ ਸਾਲ ਸਬਰ ਦਾ ਘੁੱਟ ਪੀਤਾ। ਜਦੋਂ ਦਿਲ ਦੇ ਅਰਮਾਨਾਂ ਨੂੰ ਬੂਰ ਪਿਆ ਤਾਂ ਮੌਤ ਦੇ ਝੱਖੜ ਨੇ ਫਲ ਖਾਣ ਹੀ ਨਾ ਦਿੱਤਾ। ਪਰਿਵਾਰ ਰੂਪੀ ਆਲ੍ਹਣਾ ਬਣਨ ਤੋਂ ਪਹਿਲਾਂ ਹੀ ਤੀਲਾ ਤੀਲਾ ਹੋ ਗਿਆ।

ਕੰਪਨੀ ਨੇ ਮਾਮੀ ਦੇ ਅੱਲ੍ਹੇ ਜ਼ਖ਼ਮਾਂ 'ਤੇ ਮਦਦ ਰੂਪੀ ਮਲ੍ਹਮ ਲਾਈ ਜਿਸ ਨਾਲ ਮਾਮੀ ਦਾ ਚੁੱਲ੍ਹਾ ਤਪਣ ਲੱਗਿਆ। ਧੀਆਂ ਨੂੰ ਪੜ੍ਹਨ ਤੋਰ ਕੇ ਆਪ ਕਿਸੇ ਪੰਜਾਬੀ ਰੈਸਟੋਰੈਂਟ 'ਤੇ 5-7 ਘੰਟੇ ਲਾ ਆਉਂਦੀ, ਜਿਸ ਨਾਲ ਸਮਾਂ ਵੀ ਲੰਘ ਜਾਂਦਾ ਤੇ ਚਾਰ ਡਾਲਰ ਵੀ ਬਣ ਜਾਂਦੇ। ਮਾਮੀ ਉਮਰੋਂ ਅਜੇ ਮੁਟਿਆਰ ਲੱਗਦੀ ਸੀ। ਮਾਮੀ ਨੂੰ ਦੇਖ ਕੇ ਕਈਆਂ ਨੇ ਇਸ਼ਕ ਦਾ ਪੇਚਾ ਪਾਉਣਾ ਚਾਹਿਆ, ਪਰ ਮਾਮੀ ਦੀ ਦੁਨਿਆਵੀ ਸਮੁੰਦਰ ਵਿਚ ਠਿੱਲ੍ਹ ਹੋਈ ਗ੍ਰਹਿਸਥ ਦੀ ਕਿਸ਼ਤੀ ਭਾਰੀ ਤੂਫਾਨਾਂ ਦੀ ਭੇਟ ਚੜ੍ਹ ਗਈ ਸੀ। ਉਸ ਦੀ ਕਿਸ਼ਤੀ ਦਾ ਮਲਾਹ ਨਾ ਚਾਹੁੰਦਾ ਹੋਇਆ ਵੀ, ਉਸ ਨੂੰ ਅੱਧ ਵਿਚਾਲੇ ਛੱਡ ਗਿਆ ਸੀ। ਮਾਮੀ ਤਾਂ ਕੁੱਛੜ ਚੁੱਕੇ ਹੋਏ ਦੋ ਮਾਸੂਮ ਬੋਟਾਂ ਨੂੰ ਉਡਾਰ ਕਰਨਾ ਚਾਹੁੰਦੀ ਸੀ। ਆਪਣੇ ਹੱਥੀਂ ਉਨ੍ਹਾਂ ਦੇ ਆਲ੍ਹਣੇ ਬਣਾਉਣਾ ਚਾਹੁੰਦੀ ਸੀ। ਜੇ ਇਸ਼ਕ ਦੀਆਂ ਗੁੱਡੀਆਂ ਹੀ ਚਾੜ੍ਹਨੀਆਂ ਸੀ ਤਾਂ ਜੋਬਨ ਰੁੱਤੇ ਹੁਸਨ ਨੂੰ ਸ਼ਰਮ ਦੀ ਫੁਲਕਾਰੀ ਨਾਲ ਨਾ ਢਕਦੀ! ਵਿਧਵਾ ਔਰਤ ਨੂੰ ਲੋਕ ਤਾਂ ਆਟੇ ਦੀ ਚਿੜੀ ਸਮਝਦੇ ਨੇ। ਘਰੋਂ ਨਿਕਲਦੀ ਨੂੰ ਵਾਸਨਾ ਦੇ ਭੁੱਖੇ ਸ਼ੈਤਾਨੀ ਕਾਂ ਪੈ ਜਾਂਦੇ ਨੇ।

ਮਾਮੀ ਨੇ ਕਿਸੇ ਨੂੰ ਵੀ ਆਪਣੇ ਨਜ਼ਦੀਕ ਨਾ ਆਉਣ ਦਿੱਤਾ। ਵਿਧਵਾ ਦੀ ਚਾਦਰ ਬਚਾਉਣ ਲਈ ਉਸ ਨੂੰ ਕਈ ਥਾਂਵਾਂ ਤੋਂ ਆਪਣੀ ਜੌਬ ਤੋਂ ਹੱਥ ਧੋਣੇ ਪਏ। ਦੁੱਖਾਂ ਦੇ ਚਰਖੇ ਨਾਲ ਗ਼ਮਾਂ ਦੇ ਗਲੋਟੇ ਲਾਹੁੰਦੀ ਨੇ ਸਮਾਂ ਕੱਢਿਆ। ਦੋਵੇਂ ਧੀਆਂ ਨੇ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਿਆ। ਫੁੱਲਾਂ ਵਾਂਗ ਪਾਲੀਆਂ ਧੀਆਂ ਰੱਜ ਕੇ ਸੁਨੱਖੀਆਂ ਨਿਕਲੀਆਂ। ਮਾਮੀ ਨੇ ਦੱਸਿਆ-ਮੇਰੇ ਦੁੱਖਾਂ ਦੇ ਦਿਨਾਂ ਨੇ ਮੇਰੇ ਰੂਪ ਨੂੰ ਲੁਕੋ ਲਿਆ। ਮੈਂ ਧੀਆਂ ਨੂੰ ਹਮੇਸ਼ਾਂ ਚੰਗੀ ਸਿੱਖਿਆ ਦੇ ਨਾਲ ਨਾਲ ਆਪਣੇ ਆਪ ਨੂੰ ਵੀ ਅਡੋਲ ਰੱਖਿਆ। ਅਸੀਂ ਤਿੰਨੇ ਹੀ ਸਿਟੀਜ਼ਨ ਹੋ ਗਈਆਂ। ਮੈਂ ਅੰਮ੍ਰਿਤ ਛਕ ਕੇ ਗੁਰੂ ਵਾਲੀ ਬਣ ਗਈ। ਬਾਣੀ ਨਾਲ ਮਨ ਜੋੜਨ ਲੱਗ ਗਈ। ਦੋਵੇਂ ਧੀਆਂ ਕੰਮ 'ਤੇ ਲੱਗ ਗਈਆਂ। ਸਮਾਂ ਮਿਲਦਾ ਤਾਂ ਗੁਰਦੁਆਰੇ ਸੇਵਾ ਕਰ ਕੇ ਹੱਥ ਸਫ਼ਲੇ ਕਰਨ ਦਾ ਉਪਰਾਲਾ ਕਰਦੀਆਂ। ਗੁਰਦੁਆਰੇ ਵਿਚ ਵੀ ਨਤਮਸਤਕ ਹੋਣ ਵਾਲੇ ਕਈ ਮੇਰੇ ਭਰਾਵਾਂ ਵਰਗੇ, ਸਾਡੇ ਵੱਲ ਮੈਲੀ ਅੱਖ ਨਾਲ ਦੇਖਦੇ। ਮੇਰੀਆਂ ਧੀਆਂ ਵੱਲ ਇਸ ਤਰ੍ਹਾਂ ਦੇਖਦੇ ਜਿਵੇਂ ਅਸੀਂ ਕਿਸੇ ਹੋਰ ਧਰਮ ਦੀਆਂ ਹੋਈਏ। ਮੈਂ ਇਤਿਹਾਸ ਨੂੰ ਬਹੁਤ ਪੜ੍ਹਿਆ ਪਰ ਮੈਨੂੰ ਕਿਤੇ ਵੀ ਕਿਸੇ ਸਿੱਖ ਵੱਲੋਂ ਕਿਸੇ ਵੀ ਧਰਮ ਦੀ ਔਰਤ ਨੂੰ ਜ਼ਲੀਲ ਕਰਨ ਦਾ ਇਤਿਹਾਸ ਨਹੀਂ ਮਿਲਿਆ ਪਰ ਅੱਜ ਦੇ ਸਿੱਖ ਇਹ ਇਤਿਹਾਸ ਬਣਾਉਣ 'ਤੇ ਤੁਲੇ ਹੋਏ ਹਨ। ਮੇਰੀ ਗੁਰਦੁਆਰੇ ਪ੍ਰਤੀ ਸ਼ਰਧਾ ਦੇਖ ਕੇ ਗੁਰੂ ਘਰ ਦੇ ਹੈਡ ਗ੍ਰੰਥੀ ਤੇ ਪ੍ਰਧਾਨ ਗੱਲਾਂ ਦਾ ਕੜਾਹ ਵੰਡਦੇ ਸਾਡੇ ਨਜ਼ਦੀਕ ਢੁਕਣ ਲੱਗੇ। ਉਸ ਦਿਨ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦੋਂ ਦੋਵਾਂ ਨੇ ਸਾਡੇ ਨਾਲ ਸੌਦਾ ਕਰਨਾ ਚਾਹਿਆ। ਪੰਜਾਂ ਕੱਕਿਆਂ ਦਾ ਧਾਰਨੀ ਪ੍ਰਧਾਨ ਬੋਲਿਆ ਸੀ, "ਅਸੀਂ ਤੈਨੂੰ ਸੱਠ ਹਜ਼ਾਰ ਡਾਲਰ ਦੇਵਾਂਗੇ। ਤੁਸੀਂ ਤਿੰਨੇ ਇੰਡੀਆ ਤੋਂ ਝੂਠਾ ਵਿਆਹ ਕਰਵਾ ਕੇ ਤਿੰਨ ਬੰਦੇ ਲੈ ਆਓ! ਸੱਠ ਹਜ਼ਾਰ ਡਾਲਰ ਤੁਹਾਡੇ ਕੋਲੋਂ ਸਾਰੀ ਜ਼ਿੰਦਗੀ ਨਹੀਂ ਜੁੜਨਾ।"

ਮਧਰੇ ਕੱਦ ਅਤੇ ਵੱਡੇ ਢਿੱਡ ਵਾਲਾ ਹੈਡ ਗ੍ਰੰਥੀ ਛੱਪੜ ਦਾ ਗਵਾਹ ਡੱਡੂ ਬਣਦਾ ਬੋਲਿਆ ਸੀ, "ਭੈਣ ਜੀ, ਪ੍ਰਧਾਨ ਸਾਹਿਬ ਤਾਂ ਤੁਹਾਡੀ ਮਦਦ ਕਰਨਾ ਚਾਹੁੰਦੇ ਹਨ।"

"ਭਾਈ ਸਾਹਿਬ! ਤੁਹਾਡੇ ਵੱਲੋਂ ਮਦਦ ਦੀ ਪੇਸ਼ਕਸ਼ ਮੇਰੀ ਜੁੱਤੀ 'ਤੇ। ਮੈਂ ਆਪਣੀਆਂ ਧੀਆਂ ਨਹੀਂ ਵੇਚਣੀਆਂ। ਤੁਸੀਂ ਅਜਿਹੀ ਨੀਤ ਸਾਡੇ ਉਤੇ ਕਿਉਂ ਰੱਖੀ। ਅਸੀਂ ਤੇਰੇ ਸੱਠ ਹਜ਼ਾਰ ਦੀਆਂ ਭੁੱਖੀਆਂ ਨਹੀਂ। ਸਾਨੂੰ ਭਰੋਸਾ ਹੈ ਉਸ ਸਰਬੰਸਦਾਨੀ 'ਤੇ। ਤੁਸੀਂ ਸਾਡੀ ਕੀ ਮਦਦ ਕਰ ਸਕਦੇ ਹੋ!" ਮੇਰੇ ਮੂੰਹੋਂ ਖਰੀਆਂ ਸੁਣ ਕੇ ਉਹ ਵਾਪਸ ਮੁੜ ਗਏ।

ਉਸ ਦਿਨ ਤੋਂ ਬਾਅਦ ਪ੍ਰਧਾਨ ਅਤੇ ਹੈਡ ਗ੍ਰੰਥੀ ਜਿਵੇਂ ਸਾਡੇ ਪੱਕੇ ਵੈਰੀ ਬਣ ਗਏ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹ ਕੇ ਗੁਰੂ ਨਾਲ ਜੋੜਨ ਵਾਲੇ ਪ੍ਰਧਾਨ ਤੇ ਹੈਡ ਗ੍ਰੰਥੀ ਖੁਦ ਆਪ ਅੰਦਰੋਂ ਨਫ਼ਰਤ ਨਾਲ ਭਰੇ ਹੋਏ ਸਨ। ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਉਨ੍ਹਾਂ ਨੇ ਸਾਡੀ ਇੱਜ਼ਤ 'ਤੇ ਚਿੱਕੜ ਉਛਾਲਣਾ ਸ਼ੁਰੂ ਕਰ ਦਿੱਤਾ। ਸਾਡੀ ਸ਼ਰਧਾ ਤੇ ਸੇਵਾ ਭਾਵਨਾ 'ਤੇ ਸ਼ੱਕ ਦੀਆਂ ਸੂਈਆਂ ਘੁੰਮਾਈਆਂ। ਸਿੱਧੇ ਤੇ ਅਸਿੱਧੇ ਰੂਪ ਵਿਚ ਸਾਡਾ ਨੁਕਸਾਨ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਪੱਖੀ ਮੁੰਡਿਆਂ ਤੋਂ ਫੋਨ 'ਤੇ ਡਰਾਵੇ ਦਿਵਾਉਣੇ ਸ਼ੁਰੂ ਕਰ ਦਿੱਤੇ। ਜਦੋਂ ਅਸੀਂ ਪੁਲਿਸ ਦਾ ਸਹਾਰਾ ਲਿਆ ਤਾਂ ਲੁਕਣ ਨੂੰ ਥਾਂ ਨਾ ਮਿਲੀ। ਮੈਂ ਹੈਰਾਨ ਹੁੰਦੀ ਕਿ ਪਹਿਲਾਂ ਜਦੋਂ ਕਿਸੇ ਔਰਤ ਨਾਲ ਜਬਰ ਜ਼ੁਲਮ ਹੁੰਦਾ ਸੀ ਤਾਂ ਉਹ ਭੱਜ ਕੇ ਪੱਗ ਵਾਲੇ ਸਰਦਾਰ ਕੋਲ ਆ ਜਾਂਦੀ ਸੀ ਤੇ ਉਸ ਨੂੰ ਪੱਕਾ ਯਕੀਨ ਹੋ ਜਾਂਦਾ ਸੀ ਕਿ ਹੁਣ ਉਹ ਹਰ ਪਾਸਿਉਂ ਬੇਫਿਕਰ ਹੈ ਪਰ ਸਾਨੂੰ ਇੰਜ ਲੱਗਦਾ ਕਿ ਅਸੀਂ ਗੁਰੂ ਘਰ ਜਾ ਕੇ ਪਤਾ ਨਹੀਂ ਦੋਵਾਂ ਤੋਂ ਕੀ ਸੁਣਨਾ ਪੈਣਾ ਹੈ। ਖ਼ੈਰ! ਫਿਰ ਸਮਾਂ ਆ ਗਿਆ, ਗੁਰੂ ਘਰ ਦੀ ਨਵੀਂ ਕਮੇਟੀ ਚੁਣਨ ਦਾ। ਪ੍ਰਧਾਨ ਦੇ ਉਲਟ ਵਾਲੀ ਪਾਰਟੀ ਮੇਰੇ ਮੋਢੇ 'ਤੇ ਰੱਖ ਕੇ ਪ੍ਰਧਾਨ ਵੱਲ ਨਿਸ਼ਾਨਾ ਲਾਉਣਾ ਚਾਹੁੰਦੀ ਸੀ ਪਰ ਮੈਂ ਸਿਆਣਪ ਵਰਤੀ ਤੇ ਆਪਣਾ ਮੂੰਹ ਬੰਦ ਰੱਖਿਆ। ਫਿਰ ਉਸ ਸ਼ਹਿਰ ਤੋਂ ਆਪਣਾ ਟਿਕਾਣਾ ਹੀ ਬਦਲ ਲਿਆ।

ਹੁਣ ਨਵੇਂ ਸ਼ਹਿਰ ਵਿਚ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪਰ ਅਸੀਂ ਤਿੰਨਾਂ ਨੇ ਹੌਸਲਾ ਨਾ ਹਾਰਿਆ। ਦੋਵਾਂ ਧੀਆਂ ਨੇ ਵੀ ਅੰਮ੍ਰਿਤ ਛਕ ਲਿਆ। ਨੇੜੇ-ਤੇੜੇ ਵਾਲੇ ਸੰਗੀ ਮੈਨੂੰ ਡਰਾਉਣ ਲੱਗ ਗਏ, "ਪ੍ਰੀਤਮ ਕੁਰੇ! ਤੂੰ ਆਹ ਕੀ ਕੀਤਾ। ਮੁਟਿਆਰ ਧੀਆਂ ਦੇ ਗਾਤਰਾ ਪੁਆ ਦਿੱਤਾ। ਹੁਣ ਅੰਮ੍ਰਿਤਧਾਰੀ ਮੁੰਡੇ ਕਿੱਥੋਂ ਭਾਲੇਂਗੀ।" ਮੈਂ ਕਹਿ ਦਿੰਦੀ ਕਿ ਇਹ ਦੋਵੇਂ ਧੀਆਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਸ਼ੇਰ ਪੁੱਤਰੀਆਂ ਨੇ, ਇਨ੍ਹਾਂ ਦਾ ਫ਼ਿਕਰ ਹੁਣ ਮੈਨੂੰ ਨਹੀਂ। ਸਰਬੰਸਦਾਨੀ ਆਪੇ ਕਾਰਜ ਸਫ਼ਲੇ ਕਰੂਗਾ।" ਸਾਰੇ ਕਹਿਣ ਹੁਣ ਅੰਮ੍ਰਿਤਧਾਰੀ ਮੁੰਡੇ ਨਹੀਂ ਮਿਲਦੇ। ਸਾਰਾ ਪੰਜਾਬ ਤਾਂ ਨਸ਼ਈ ਹੋ ਗਿਆ ਹੈ। ਤੈਨੂੰ ਇੱਥੇ ਵੀ ਕੋਈ ਅੰਮ੍ਰਿਤਧਾਰੀ ਨਹੀਂ ਮਿਲਣਾ। ਮੁੰਡੇ ਅੰਮ੍ਰਿਤ ਨਹੀਂ ਛਕਦੇ ਕਿਉਂਕਿ ਕੁੜੀਆਂ ਤਾਂ ਸਰਦਾਰ ਤੇ ਅੰਮ੍ਰਿਤਧਾਰੀ ਨੂੰ ਪਸੰਦ ਨਹੀਂ ਕਰਦੀਆਂ। ਮੈਂ ਸਭ ਦੀ ਸੁਣੀ ਜਾਂਦੀ। ਪਰਮਾਤਮਾ ਅੱਗੇ ਅਰਦਾਸ ਕਰਦੀ ਕਿ ਤੁਸੀਂ ਆਪ ਸਹਾਈ ਹੋ ਕੇ ਬੱਚੀਆਂ ਦੇ ਕਾਰਜ ਕਰਨੇ ਹਨ। ਇਹ ਵੀ ਸੋਚਦੀ ਕਿ ਆਪਣੇ ਆਪ ਨੂੰ ਸਿੱਖ ਧਰਮ ਦੇ ਦਰਦੀ ਅਖਵਾਉਣ ਵਾਲੇ ਆਪਣੀ ਚੌਧਰ ਦੀ ਖਾਤਰ ਝੱਟ ਨਿਸ਼ਾਨ ਸਾਹਿਬ ਗੱਡ ਦਿੰਦੇ ਹਨ, ਆਪ ਪ੍ਰਧਾਨ ਬਣਨ ਦੀ ਖਾਤਰ ਸੰਗਤ ਦੀ ਸ਼ਰਧਾ ਨਾਲ ਖਿਲਵਾੜ ਕਰੀ ਜਾਂਦੇ ਹਨ। ਕਿਵੇਂ ਬਣੂ ਬਾਤ!

ਫਿਰ ਸਮਾਂ ਆ ਗਿਆ ਵੱਡੀ ਧੀ ਦੇ ਵਿਆਹ ਲਈ ਵਰ ਲੱਭਣ ਦਾ। ਮੈਂ ਆਪਣੇ ਪੇਕੇ ਤੇ ਸਹੁਰੇ ਪਰਿਵਾਰ ਨੂੰ ਕਹਿ ਦਿੱਤਾ, "ਅਨੂਪ ਕੌਰ ਲਈ ਅੰਮ੍ਰਿਤਧਾਰੀ ਵਰ ਦੇਖੋ।" ਮੁੰਡਿਆਂ ਦੀਆਂ ਕਈ ਥਾਂ ਦੱਸਾਂ ਪਈਆਂ ਜੋ ਅੰਮ੍ਰਿਤਧਾਰੀ ਨਹੀਂ ਸਨ ਪਰ ਵਿਆਹ ਤੋਂ ਬਾਅਦ ਅੰਮ੍ਰਿਤ ਛਕਣ ਨੂੰ ਤਿਆਰ ਸਨ। ਕਈਆਂ ਨੇ ਲੱਖਾਂ ਰੁਪਏ ਦੇ ਕੇ ਰਿਸ਼ਤਾ ਪੱਕਾ ਕਰਨ ਲਈ ਵੀ ਕਿਹਾ।

ਫਿਰ ਅਸੀਂ ਤਿੰਨੇ ਜਣੀਆਂ ਇੰਡੀਆ ਚਲੇ ਗਈਆਂ। ਸਾਰੇ ਰਿਸ਼ਤੇਦਾਰਾਂ ਨੇ ਮੁੰਡਿਆਂ ਦੀ ਦੇਖ-ਦਿਖਾਈ ਕਰਵਾਈ। ਕਿਤੇ ਮੁੰਡਾ ਘੱਟ ਪੜ੍ਹਿਆ ਹੁੰਦਾ, ਕਿਤੇ ਮੁੰਡਾ ਸਹਿਜਧਾਰੀ ਹੁੰਦਾ ਪਰ ਅੰਮ੍ਰਿਤ ਛਕਣ ਲਈ ਤਿਆਰ ਨਾ ਹੁੰਦਾ। ਇਸ ਤਰ੍ਹਾਂ ਕਰਦਿਆਂ ਮਹੀਨਾ ਲੰਘ ਗਿਆ। ਫਿਰ ਮੈਂ ਮਨ ਬਣਾਇਆ ਕਿ ਕੇਸਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣ। ਮੈਂ ਦੋਵਾਂ ਧੀਆਂ ਅਤੇ ਆਪਣੇ ਭਰਾ-ਭਰਜਾਈ ਨੂੰ ਨਾਲ ਲੈ ਕੇ ਕੇਸਗੜ੍ਹ ਸਾਹਿਬ ਜਾ ਮੱਥਾ ਟੇਕਿਆ। ਮਨ ਦੀ ਇਕਾਗਰਤਾ ਨਾਲ ਦੋਵੇਂ ਹੱਥ ਜੋੜ ਅਰਦਾਸ ਕੀਤੀ। ਨੇਤਰਾਂ ਵਿਚੋਂ ਵੈਰਾਗ ਦੇ ਹੰਝੂ ਵਗਣ ਲੱਗੇ। ਸਰਬੰਸਦਾਨੀ ਨੂੰ ਅੰਗ-ਸੰਗ ਹੋ ਕੇ ਕਾਰਜ ਕਰਨ ਲਈ ਭਰੇ ਮਨ ਨਾਲ ਬੇਨਤੀ ਕੀਤੀ। ਪ੍ਰਸ਼ਾਦ ਲੈ ਕੇ ਬਾਹਰ ਨਿਕਲੀਆਂ ਤਾਂ ਸਾਹਮਣੇ ਛੇ ਫੁੱਟ ਦਾ ਉੱਚਾ ਲੰਮਾ ਸੋਹਣਾ ਸੁਨੱਖਾ ਅੰਮ੍ਰਿਤਧਾਰੀ ਸਿੰਘ ਦਿਖਾਈ ਦਿੱਤਾ। ਉਸ ਦੇ ਨਾਲ ਮੇਰੇ ਵਰਗੀ ਹੀ ਇਕ ਔਰਤ ਸੀ।

ਮੈਨੂੰ ਪਤਾ ਵੀ ਨਾ ਲੱਗਾ ਜਦੋਂ ਮੈਂ ਉਨ੍ਹਾਂ ਨੂੰ ਜਾ ਕੇ ਫਤਿਹ ਬੁਲਾ ਦਿੱਤੀ। ਸਾਡੀਆਂ ਗੱਲਾਂ ਤੁਰੀਆਂ ਤਾਂ ਉਸ ਔਰਤ ਨੇ ਦੱਸਿਆ ਕਿ ਉਸ ਦੇ ਦੋ ਜੌੜੇ ਪੁੱਤਰ ਹਨ। ਆਹ ਪੁੱਤਰ ਇੰਜੀਨੀਅਰਿੰਗ ਕਰ ਕੇ ਹਟਿਆ ਹੈ, ਦੂਜਾ ਪੁੱਤਰ ਅਜੇ ਪੜ੍ਹ ਰਿਹਾ ਹੈ। ਮੇਰੇ ਸਿਰ ਦਾ ਸਾਈਂ ਖਾੜਕੂ ਸੰਘਰਸ਼ ਵਿਚ ਸ਼ਹੀਦੀ ਜਾਮ ਪੀ ਗਿਆ ਸੀ। ਬੱਸ, ਇਨ੍ਹਾਂ ਦੋਵਾਂ ਪੁੱਤਰਾਂ ਸਹਾਰੇ ਦਿਨ ਕੱਢੇ ਹਨ। ਅੱਜ ਕਲਗੀਧਰ ਦਾ ਸ਼ੁਕਰਾਨਾ ਕਰਨ ਆਏ ਸੀ। ਅਸੀਂ ਗੱਲਾਂ ਕਰਦੇ ਬਹੁਤ ਨੇੜੇ ਹੋ ਗਏ। ਫੋਨ ਨੰਬਰ ਵਟਾ ਕੇ ਅਸੀਂ ਸਾਰੀ ਪੁੱਛ-ਪੜਤਾਲ ਕਰ ਲਈ। ਮੈਂ ਤਾਂ ਇਕ ਧੀ ਦਾ ਕਾਰਜ ਕਰਨ ਗਈ ਸੀ ਪਰ ਸਰਬੰਸਦਾਨੀ ਨੇ ਤਾਂ ਦੋ ਤਿਆਰ-ਬਰ-ਤਿਆਰ ਸਿੰਘ ਮਿਲਾ ਦਿੱਤੇ। ਉਧਰ ਜੌੜੇ ਭਰਾ ਸਨ ਤੇ ਇੱਧਰ ਜੌੜੀਆਂ ਭੈਣਾਂ। ਬਿਲਕੁਲ ਸਾਦੇ ਵਿਆਹ ਕੀਤੇ। ਸਾਰਾ ਕੁਝ ਵੀਹ ਕੁ ਦਿਨਾਂ ਵਿਚ ਹੋ ਗਿਆ। ਫਿਰ ਅਸੀਂ ਸਾਰੇ ਕੇਸਗੜ੍ਹ ਸਾਹਿਬ ਸਰਬੰਸਦਾਨੀ ਦਾ ਸ਼ੁਕਰਾਨਾ ਕਰ ਕੇ ਆਏ। ਐਤਕੀਂ ਨੇਤਰਾਂ ਵਿਚ ਹੰਝੂ ਨਹੀਂ ਸਨ, ਸਗੋਂ ਮਨ ਵਿਚ ਭਰੋਸੇ ਦੇ ਜੈਕਾਰੇ ਗੂੰਜ ਰਹੇ ਸਨ। ਮਨ ਆਪਣੇ ਆਪ ਗਾ ਰਿਹਾ ਸੀ- ਮੇਰਾ ਰੁੱਸੇ ਨਾ ਕਲਗੀਆਂ ਵਾਲਾ, ਜੱਗ ਭਾਵੇਂ ਸਾਰਾ ਰੁੱਸ ਜੇ।

ਹੁਣ ਦੋਵੇਂ ਜਵਾਈ ਆ ਗਏ ਹਨ। ਸਾਰਾ ਕੁਝ ਬਹੁਤ ਵਧੀਆ ਹੋ ਰਿਹਾ ਹੈ। ਮਨ ਵਿਚ ਇਕ ਤਮੰਨਾ ਹੈ ਕਿ ਉਹ ਹੈਡ ਗ੍ਰੰਥੀ ਤੇ ਪ੍ਰਧਾਨ ਜੇ ਮਿਲਣ ਤਾਂ ਉਨ੍ਹਾਂ ਨੂੰ ਕਹਾਂ ਕਿ ਅਜੇ ਹੰਸ ਡੱਡਾਂ ਨਹੀਂ ਖਾਣ ਲੱਗੇ ਤੇ ਬਗਲਿਆਂ ਨੂੰ ਮੋਤੀਆਂ ਦੀ ਪਛਾਣ ਕਦੇ ਵੀ ਨਹੀਂ ਹੋ ਸਕਦੀ।

ਮਾਮੀ ਦੀ ਸੰਘਰਸ਼ਮਈ ਜ਼ਿੰਦਗੀ ਅਤੇ ਉਸ ਦੇ ਭਰੋਸੇ ਦੀ ਅਡੋਲਤਾ ਬਾਰੇ ਸੁਣ ਕੇ ਮੇਰਾ ਵੀ ਮਨ ਭਰੋਸੇ ਵਿਚ ਝੁਕ ਗਿਆ।

---

# ਸੁਪਨੇ

ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

ਪੰਜਾਬੀ ਸ਼ਾਇਰ ਪਾਸ਼ ਨੇ ਲਿਖਿਆ ਹੈ- ਬਹੁਤ ਬੁਰਾ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ...। ਸੁਪਨੇ ਬੰਦ ਅੱਖਾਂ ਨਾਲ ਹੀ ਨਹੀਂ, ਖੁੱਲ੍ਹੀਆਂ ਅੱਖਾਂ ਨਾਲ ਵੀ ਦੇਖੇ ਜਾਂਦੇ ਹਨ। ਜੋ ਬੰਦ ਅੱਖਾਂ ਨਾਲ ਦੇਖੇ ਜਾਂਦੇ ਹਨ, ਉਨ੍ਹਾਂ ਸੁਪਨਿਆਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ। ਕੁਝ ਕੁ ਚਲਾਕ ਲੋਕਾਂ ਨੇ ਬੰਦ ਅੱਖਾਂ ਦੇ ਇਨ੍ਹਾਂ ਸੁਪਨਿਆਂ ਨੂੰ ਵਹਿਮ ਬਣਾ ਕੇ ਪੇਸ਼ ਕੀਤਾ ਤੇ ਲੋਕਾਂ ਨੂੰ ਗੁੰਮਰਾਹ ਕੀਤਾ; ਖਾਸ ਕਰ ਕੇ ਹਿੰਦੂ ਧਰਮ ਵਿਚ ਤੁਹਾਨੂੰ ਇਹੋ ਜਿਹੀਆਂ ਕਥਾਵਾਂ ਮਿਲਦੀਆਂ ਹਨ ਕਿ ਕਿਸੇ ਨੂੰ ਸੁਪਨੇ ਵਿਚ ਮਾਤਾ ਨੇ ਦਰਸ਼ਨ ਦਿੱਤੇ, ਫਲਾਣੀ ਚੀਜ਼ ਦੀ ਮੰਗ ਕੀਤੀ ਜਾਂ ਵਰਦਾਨ ਦਿੱਤਾ। ਇਸਲਾਮ ਵਿਚ ਵੀ ਇਹ ਗੱਲ ਪ੍ਰਚਲਿਤ ਹੈ ਕਿ ਹਜ਼ਰਤ ਮੁਹੰਮਦ ਨੇ ਲੋਕਾਂ ਨੂੰ ਕਿਹਾ ਕਿ ਰਾਤੀਂ ਮੈਨੂੰ ਸੁਪਨਾ ਆਇਆ ਸੀ, ਅੱਲਾ ਨੇ ਕਿਹਾ ਹੈ ਕਿ ਮੈਂ ਲੋਕਾਂ ਲਈ ਕੁਝ ਭੇਜਿਆ ਹੈ ਜੋ ਜੰਗਲ ਵਿਚ ਸੁੱਕੇ ਖੂਹ ਵਿਚ ਪਿਆ ਹੈ। ਉਹ ਲੋਕਾਂ ਨੂੰ ਲੈ ਕੇ ਜੰਗਲ ਵੱਲ ਤੁਰ ਪਿਆ ਤੇ ਜਦੋਂ ਜਾ ਕੇ ਖੂਹ ਵਿਚ ਵੇਖਿਆ, ਤਾਂ ਉਥੇ ਕੁਰਾਨ ਸ਼ਰੀਫ ਪਈ ਸੀ। ਇਹੋ ਜਿਹਾ ਹੋਰ ਵੀ ਬੜਾ ਕੁਝ ਧਰਮਾਂ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਵੀ ਲੋਕ ਅਜਿਹੇ ਅੰਧਵਿਸ਼ਵਾਸਾਂ ਨੂੰ ਅੱਖਾਂ ਮੀਚ ਕੇ ਮੰਨ ਰਹੇ ਹਨ।

ਅੱਜ ਤੋਂ ਕੋਈ 450 ਸਾਲ ਪਹਿਲਾਂ ਗਲੀਲਿਓ ਨੇ ਖੁੱਲ੍ਹੀਆਂ ਅੱਖਾਂ ਨਾਲ ਸੁਪਨਾ ਦੇਖਿਆ ਸੀ। ਉਹ ਫਰਾਂਸ ਦਾ ਰਹਿਣ ਵਾਲਾ ਸੀ। ਉਸ ਨੇ ਭਾਵੇਂ ਬਾਈਬਲ ਵਿਚ ਪੜ੍ਹਿਆ ਹੋਇਆ ਸੀ ਕਿ ਧਰਤੀ ਚੌਪਟੀ ਹੈ ਪਰ ਉਸ ਨੇ ਇਸ ਬਾਰੇ ਖੋਜ ਕਰਨ ਦਾ ਸੁਪਨਾ ਵੇਖਿਆ ਅਤੇ ਜ਼ਿੰਦਗੀ ਦੀ ਅਣਥੱਕ ਮਿਹਨਤ ਨਾਲ ਖੋਜ ਕਰ ਕੇ ਸਾਰੀ ਦੁਨੀਆਂ ਨੂੰ ਦੱਸਿਆ ਕਿ ਧਰਤੀ ਗੋਲ ਹੈ, ਇਹ ਸੂਰਜ ਦੁਆਲੇ ਘੁੰਮਦੀ ਹੈ, ਇਸੇ ਚੱਕਰ ਨਾਲ ਰਾਤ ਦਿਨ ਬਣਦੇ ਹਨ। ਜਦੋਂ ਇਸ ਗੱਲ ਦਾ ਪਤਾ ਰੋਮ ਵਿਚ ਬੈਠੇ ਪੋਪ ਨੂੰ ਲੱਗਾ ਤਾਂ ਉਸ ਨੇ ਗਲੀਲਿਓ ਨੂੰ ਰੋਮ ਵਿਚ ਸੱਦਿਆ ਅਤੇ ਕਿਹਾ ਕਿ ਤੂੰ ਬਾਈਬਲ ਦੇ ਉਲਟ ਗੱਲ ਕੀਤੀ ਹੈ। ਇਸ ਲਈ ਤੈਨੂੰ ਸਾਰੀ ਦੁਨੀਆਂ ਦੇ ਸਾਹਮਣੇ ਮੁਆਫ਼ੀ ਮੰਗਣੀ ਪਵੇਗੀ, ਨਹੀਂ ਤਾਂ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਗਲੀਲਿਓ ਨੇ ਕਿਹਾ, "ਤੁਸੀਂ ਜੋ ਕਹਿੰਦੇ ਹੋ, ਮੈਂ ਕਹਿ ਦਿੰਦਾ ਹਾਂ; ਮੁਆਫ਼ੀ ਵੀ ਮੰਗ ਲੈਂਦਾ ਹਾਂ, ਪਰ ਖੋਜ ਕਹਿੰਦੀ ਹੈ ਕਿ ਧਰਤੀ ਗੋਲ ਹੈ।"



*ਸੁੱਤਿਆਂ ਦੇ ਸੁਪਨੇ*

ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਤੇ ਅੰਨ੍ਹਾ ਕਰ ਕੇ ਬੁਰੀ ਮੌਤ ਮਾਰਿਆ ਗਿਆ। ਸੋਚੋ, ਅੱਜ ਸੱਚ ਕੀ ਹੈ? ਸਾਰੀ ਦੁਨੀਆਂ ਜਾਣ ਗਈ ਹੈ ਕਿ ਧਰਤੀ ਗੋਲ ਹੈ!

ਇਕ ਸੁਪਨਾ ਖੁੱਲ੍ਹੀਆਂ ਅੱਖਾਂ ਦੇ ਨਾਲ ਦੇਖਿਆ ਸੀ ਐਡੀਸਨ ਨੇ। ਉਸ ਨੇ ਬਿਜਲੀ ਦੇ ਬਲਬ ਦੀ ਕਾਢ ਕੱਢ ਕੇ ਪੂਰੇ ਨਿਊ ਯਾਰਕ ਸ਼ਹਿਰ ਨੂੰ ਰੌਸ਼ਨੀ ਨਾਲ ਜਗਮਗਾ ਦਿੱਤਾ ਸੀ। ਇਹ ਸੁਪਨਾ ਭਾਵੇਂ ਉਸ ਨੇ ਇਕੱਲੇ ਨੇ ਹੀ ਵੇਖਿਆ ਸੀ, ਪਰ ਅੱਜ ਪੂਰੀ ਦੁਨੀਆਂ ਉਸ ਦੇ ਇਸ ਸੁਪਨੇ ਦਾ ਸੁੱਖ ਮਾਣ ਰਹੀ ਹੈ। ਅਜਿਹਾ ਹੀ ਸੁਪਨਾ ਅਮਰੀਕੀ ਸਟੇਟ ਓਹਾਇਓ ਦੇ ਸ਼ਹਿਰ ਡੇਅਟਨ ਵਿਚ ਰਹਿੰਦੇ ਰਾਈਟ ਭਰਾਵਾਂ ਨੇ ਦੇਖਿਆ ਸੀ ਕਿ ਆਦਮੀ ਹਵਾ ਵਿਚ ਕਿਵੇਂ ਉਡ ਸਕਦਾ ਹੈ? ਆਪਣੀ ਮਿਹਨਤ ਨਾਲ ਉਹ ਹਵਾਈ ਜਹਾਜ਼ ਬਣਾਉਣ ਵਿਚ ਸਫਲ ਹੋ ਗਏ। ਡੇਅਟਨ ਵਿਚ ਬਹੁਤ ਵੱਡਾ ਮਿਊਜ਼ੀਅਮ ਹੈ ਜਿਹੜਾ ਉਨ੍ਹਾਂ ਵੱਲੋਂ ਇਸ ਖੋਜ ਲਈ ਕੀਤੇ ਸੰਘਰਸ਼ ਦੀ ਕਹਾਣੀ ਬਿਆਨ ਕਰਦਾ ਹੈ। ਉਨ੍ਹਾਂ ਨੇ ਲੱਖ ਔਕੜਾਂ ਅਤੇ ਹਾਰਾਂ ਦੇ ਬਾਵਜੂਦ ਹਾਰ ਨਹੀਂ ਸੀ ਮੰਨੀ!

ਇਸੇ ਤਰ੍ਹਾਂ ਦਾ ਹੀ ਸੁਪਨਾ ਗਰਾਹਮ ਬੈਲ ਨੇ ਦੇਖਿਆ ਸੀ। ਉਸ ਨੇ ਟੈਲੀਫੋਨ ਦੀ ਕਾਢ ਕੱਢ ਕੇ ਪੂਰੀ ਦੁਨੀਆਂ ਨੂੰ ਤੋਹਫ਼ਾ ਦਿੱਤਾ। ਗਰਾਹਮ ਬੈਲ ਦੀ ਭੈਣ ਤੇ ਮਾਂ ਕੰਨਾਂ ਤੋਂ ਭਾਵੇਂ ਬੋਲੀਆਂ ਸਨ, ਪਰ ਗਰਾਮ ਬੈਲ ਨੇ ਉਨ੍ਹਾਂ ਲਈ ਹੀ ਇਹ ਸੁਪਨਾ ਵੇਖ ਲਿਆ ਤੇ ਫ਼ਿਰ ਇਕ ਦਿਨ ਪੂਰਾ ਵੀ ਕਰ ਦਿਖਾਇਆ। ਡਾ. ਹਰਗੋਬਿੰਦ ਖੁਰਾਣਾ ਨੇ ਵੀ ਸੁਪਨਾ ਲਿਆ ਸੀ ਕਿ ਮਾਂ ਦੀ ਕੁੱਖ ਤੋਂ ਬਿਨਾਂ ਬੱਚਾ ਕਿਵੇਂ ਪੈਦਾ ਹੋ ਸਕਦਾ ਹੈ! ਫਿਰ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਸ ਨੇ ਦਿਨ-ਰਾਤ ਇਕ ਕਰ ਦਿੱਤਾ ਤੇ ਥੋੜ੍ਹੇ ਸਮੇਂ ਵਿਚ ਉਸ ਨੇ ਟਿਊਬ ਵਿਚ ਬੱਚਾ ਪੈਦਾ ਕਰ ਕੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਸੋ, ਇਹੋ ਜਿਹੇ ਹੋਰ ਵੀ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੇ ਖੁੱਲ੍ਹੀਆਂ ਅੱਖਾਂ ਨਾਲ ਸੁਪਨੇ ਦੇਖੇ ਤੇ ਫਿਰ ਪੂਰੇ ਕੀਤੇ; ਭਾਵੇਂ ਕਿਸੇ ਨੇ ਚੰਦ 'ਤੇ ਜਾਣ ਦਾ ਸੁਪਨਾ ਦੇਖਿਆ, ਕਿਸੇ ਨੇ ਦਿਲ ਨੂੰ ਬਦਲੀ ਕਰਨ ਦਾ ਦੇਖਿਆ, ਤੇ ਕਿਸੇ ਨੇ ਇਕ ਹੀ ਸ਼ਕਲ ਦੇ ਅੱਠ ਬੰਦੇ ਬਣਾਉਣ ਦਾ। ਸਾਇੰਸਦਾਨਾਂ ਨੇ ਜਿੰਨੀਆਂ ਵੀ ਕਾਢਾਂ ਕੱਢੀਆਂ, ਉਹ ਕਿਸੇ ਨਾ ਕਿਸੇ ਇਨਸਾਨ ਵੱਲੋਂ ਖੁੱਲ੍ਹੀਆਂ ਅੱਖਾਂ ਨਾਲ ਦੇਖੇ ਸੁਪਨੇ ਤੋਂ ਹੀ ਸ਼ੁਰੂ ਹੋਈਆਂ।

ਕੁਝ ਲੋਕਾਂ ਦਾ ਇਹ ਵਹਿਮ ਹੈ ਕਿ ਰਾਤ ਨੂੰ ਦੇਖਿਆ ਸੁਪਨਾ ਹਮੇਸ਼ਾ ਸੱਚ ਹੁੰਦਾ ਹੈ। ਅਸਲ ਵਿਚ ਬੰਦ ਅੱਖਾਂ ਨਾਲ ਦੇਖੇ ਸੁਪਨੇ ਉਹੀ ਹੁੰਦੇ ਹਨ ਜੋ ਅਸੀਂ ਦਿਨ ਨੂੰ ਕੀਤਾ ਜਾਂ ਕਰਨਾ ਹੁੰਦਾ ਹੈ, ਜਾਂ ਜਿਸ ਬਾਰੇ ਅਸੀਂ ਸੋਚਦੇ ਹਾਂ। ਆਪਣੀ ਗੱਲ ਦੱਸਦਾ ਹਾਂ। ਕੁਝ ਦਿਨ ਪਹਿਲਾਂ ਹੀ ਮੈਨੂੰ ਸੁਪਨਾ ਆਇਆ ਕਿ ਵੱਡੇ ਤੇ ਛੋਟੇ ਬਾਦਲ ਨੇ ਪੰਜਾਬੀਆਂ ਕੋਲੋਂ ਮੁਆਫ਼ੀ ਮੰਗ ਲਈ ਹੈ ਤੇ ਹੁਣ ਤੱਕ ਉਨ੍ਹਾਂ ਜਿੰਨਾ ਵੀ ਪੈਸਾ ਇਕੱਠਾ ਕੀਤਾ ਸੀ, ਉਹ ਸਾਰਾ ਲੋਕਾਂ ਨੂੰ ਵਾਪਸ ਕਰ ਦਿੱਤਾ ਹੈ। ਜਿੰਨੀਆਂ ਵੀ ਬੱਸਾਂ ਦੇ ਪਰਮਿਟ ਲੋਕਾਂ ਕੋਲੋਂ ਧੱਕੇ ਨਾਲ ਖੋਹੇ ਸਨ, ਉਹ ਵੀ ਵਾਪਸ ਕਰ ਦਿੱਤੇ ਹਨ। ਰੇਤੇ ਤੇ ਸ਼ਰਾਬ ਦੇ ਠੇਕੇ ਜਾਂ ਛੋਟੇ ਵੱਡੇ ਢਾਬਿਆਂ, ਹੋਟਲ ਮਾਲਕਾਂ ਤੋਂ ਇਕੱਠੇ ਕੀਤੇ ਪੈਸੇ ਵੀ ਵਾਪਸ ਮੋੜ ਦਿੱਤੇ। ਜਿੰਨੇ ਵੀ ਸ਼ਾਮਲਾਟ ਥਾਂ ਵੇਚੇ ਜਾਂ ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ਾ ਕੀਤਾ, ਸਭ ਛੱਡ ਦਿੱਤਾ। ਜਿੰਨੇ ਵੀ ਬੰਦੇ ਪੁਲਿਸ ਹੱਥੋਂ ਮਰਵਾਏ, ਜਾਂ ਜੇਲ੍ਹਾਂ ਵਿਚ ਬੰਦ ਕੀਤੇ ਜਾਂ ਜਿੰਨਿਆਂ ਦੇ ਕਾਰੋਬਾਰ ਖੋਹ ਕੇ ਉਨ੍ਹਾਂ ਨੂੰ ਪੰਜਾਬ ਵਿਚੋਂ



*ਜਾਗਦਿਆਂ ਦੇ ਸੁਪਨੇ-ਗਲੀਲਿਓ*

ਭਜਾਇਆ ਸੀ, ਸਭ ਨੂੰ ਕਾਰੋਬਾਰ ਵਾਪਸ ਕੀਤੇ, ਜੇਲ੍ਹਾਂ ਵਿਚੋਂ ਬਾਹਰ ਕੱਢਿਆ ਅਤੇ ਮਰਨ ਵਾਲਿਆਂ ਦੇ ਵਾਰਸਾਂ ਤੋਂ ਵੀ ਮੁਆਫ਼ੀ ਮੰਗ ਕੇ ਹਰਜਾਨਾ ਭਰਿਆ। ਗੁਰਦੁਆਰਿਆਂ ਦਾ ਜੋ ਬੇਹਿਸਾਬ ਕਰੋੜਾਂ ਅਰਬਾਂ ਰੁਪਿਆ ਖਾਧਾ ਸੀ, ਉਹ ਵੀ ਵਾਪਸ ਕਰ ਦਿੱਤਾ ਹੈ ਅਤੇ ਅੱਗੇ ਤੋਂ ਕਿਸੇ ਵੀ ਮਾੜੇ ਕੰਮ ਤੋਂ ਤੌਬਾ ਕਰ ਲਈ ਹੈ। ਇਸ ਦੀ ਦੇਖਾ ਦੇਖੀ ਪੁਲਿਸ ਦੇ ਵੱਡੇ ਤੋਂ ਲੈ ਕੇ ਛੋਟੇ ਤੱਕ ਜਿੰਨੇ ਵੀ ਅਫ਼ਸਰਾਂ ਨੇ ਅੱਜ ਤੱਕ ਜਿੰਨੀ ਵੀ ਰਿਸ਼ਵਤ ਲਈ ਸੀ, ਸਭ ਪੰਜਾਬ ਦੇ ਲੋਕਾਂ ਸਾਹਮਣੇ ਰੱਖ ਦਿੱਤੀ। ਔਰਤਾਂ

(ਬਾਕੀ ਅਗਲੇ ਸਫੇ 'ਤੇ)

# ਫੋਹਸ਼ ਤੇ ਲੱਚਰ ਗਾਇਕਾ ਹਾਰਡ ਕੌਰ ਦਾ ਬੇਹੂਦਾਪਨ ਅਤੇ ਅਸੀਂ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਪੰਜਾਬੀ ਸੰਗੀਤ ਵਿਚ ਪਾਕੀਜ਼ਗੀ ਦੇ ਚਾਹਵਾਨਾਂ ਅਤੇ ਸਿੱਖੀ ਦੀ ਸਦਾ ਚੜ੍ਹਦੀ ਕਲਾ ਮੰਗਣ ਵਾਲਿਆਂ ਨੂੰ ਪਿਛਲੇ ਹਫ਼ਤੇ ਇਕਦਮ ਫੇਰ ਗੁੱਸਾ ਆ ਗਿਆ। ਕਾਰਨ ਸੀ ਕਿ ਇੰਗਲੈਂਡ ਦੀ ਇਕ ਗਾਇਕਾ ਦੇ ਚੰਡੀਗੜ੍ਹ ਦੇ ਪੰਜ ਤਾਰਾ ਹੋਟਲ ਵਿਚ ਗਾਉਂਦਿਆਂ-ਗਾਉਂਦਿਆਂ ਪਤਾ ਨਹੀਂ ਕਿਹੜੀ ਭੂਰੀ ਕੀੜੀ ਲੜੀ ਕਿ ਉਹ ਟੱਪਦੀ-ਟੱਪਦੀ ਸਿੱਖਾਂ ਦੁਆਲੇ ਹੋ ਤੁਰੀ। ਸਿੱਖਾਂ ਦੀ ਪੱਗ, ਦਾਹੜੀ ਅਤੇ ਹੋਰ ਵਿਸ਼ਿਆਂ 'ਤੇ ਉਹਨੇ ਭੱਦੀਆਂ ਟਿੱਪਣੀਆਂ ਕਰ ਛੱਡੀਆਂ। ਸਿੱਖੀ ਦੀ ਕਦਰ ਕਰਨ ਵਾਲਿਆਂ ਨੂੰ ਵੱਟ ਚੜ੍ਹਨਾ ਕੁਦਰਤੀ ਸੀ। ਇਹ ਸਭ ਬੋਲਣ ਵਾਲੀ ਨਾ ਤਿੰਨਾਂ 'ਚ ਨਾ ਤੇਰ੍ਹਾਂ 'ਚ, ਫੇਰ ਉਹਦੀ ਹਿੰਮਤ ਕਿਵੇਂ ਪਈ ਕਿ ਜੋ ਮਰਜ਼ੀ ਆਵੇ ਬੋਲ ਛੱਡੇ।

ਅਗਲੇ ਦਿਨ 'ਫੇਸਬੁਕ' ਤੇ 'ਟਵਿਟਰ' ਉਤੇ ਸਿਰਫ਼ ਇਹੀ ਮੁੱਦਾ ਛਾਇਆ ਰਿਹਾ ਕਿ ਸਿੱਖਾਂ 'ਤੇ ਵਾਰ-ਵਾਰ ਹਮਲੇ ਕਿਉਂ ਹੋ ਰਹੇ ਨੇ? ਕਦੇ ਸ਼ਾਬਦਿਕ ਹਮਲਾ ਤੇ ਕਦੇ ਹਥਿਆਰੂ ਹਮਲਾ। ਕਦੋਂ ਤੱਕ ਚੱਲਦਾ ਰਹੇਗਾ ਇਦਾਂ? ਗਾਉਣ ਵਾਲਿਆਂ ਨੂੰ ਅਕਲ ਕਿਵੇਂ ਆਏਗੀ? ਆਪਣੇ ਨਾਂ ਪਿੱਛੇ 'ਕੌਰ' ਜਾਂ 'ਸਿੰਘ' ਲਿਖਣ ਵਾਲੇ ਗਾਇਕ/ਗਾਇਕਾਵਾਂ ਨੂੰ ਸਿੰਘਾਂ-ਸਿੰਘਣੀਆ ਦੇ ਇਤਿਹਾਸ ਬਾਰੇ ਨਹੀਂ ਪਤਾ? ਹੋਟਲ ਦੇ ਦਰਬਾਨ ਦੀ ਤੁਲਨਾ ਗੁਰੂ ਗੋਬਿੰਦ ਸਿੰਘ ਨਾਲ ਕਰਨ ਦੀ ਕੀ ਲੋੜ ਸੀ? ਇਹ ਸਵਾਲ ਸਨ ਤੇ ਇਕ-ਇਕ ਪੋਸਟ ਥੱਲੇ ਸੈਂਕੜੇ ਲੋਕਾਂ ਦੇ ਕੁਮੈਂਟ। 'ਬਹੁਤ ਮਾੜਾ ਹੋਇਆ', 'ਏਸ ਗਾਉਣ ਵਾਲੀ ਦਾ ਬਾਈਕਾਟ ਹੋਣਾ ਚਾਹੀਦੈ', 'ਜੇ ਕਿਤੇ ਮਿਲ ਪਵੇ ਤਾਂ ਇਹਦੀ ਭੁਗਤ ਸੰਵਾਰੋ', 'ਕਲਾਕਾਰ ਸਾਰੇ ਹੀ ਲੁੱਚੇ ਆ' ਤੇ ਪਤਾ ਨਹੀਂ ਕਿੰਨਾ ਕੁਝ ਉਸ ਗਾਇਕਾ ਦੀਆਂ ਅਧਨੰਗੀਆਂ ਤਸਵੀਰਾਂ ਥੱਲੇ ਪੜ੍ਹਨ ਨੂੰ ਮਿਲਿਆ। ਪਰ ਇੱਕ-ਦੋ ਕੁਮੈਂਟ ਚਰਚਾ ਦੀ ਮੰਗ ਵੀ ਕਰਦੇ ਸਨ ਕਿ ਅਸੀਂ ਘਰ ਪਹੁੰਚ ਕੇ ਰੌਲਾ ਪਾਉਣ ਦੀ ਆਦਤ ਆਖਰ ਕਦੋਂ ਛੱਡਾਂਗੇ।

ਤਾਰਨ ਕੌਰ ਢਿੱਲੋਂ ਉਰਫ਼ ਹਾਰਡ ਕੌਰ ਨੇ ਹੋਟਲ ਵਿਚ ਗਾਉਂਦਿਆਂ ਸਿੱਖਾਂ ਬਾਰੇ ਜੋ ਕੁਝ ਆਖਿਆ, ਹਾਜ਼ਰੀਨ ਨੇ ਰੌਲਾ ਸਿਰਫ਼ ਘਰ ਪਹੁੰਚ ਕੇ ਹੀ ਪਾਇਆ, ਮੌਕੇ 'ਤੇ ਬਿਲਕੁਲ ਨਹੀਂ। ਇਕ ਸਿੱਖ ਨੌਜਵਾਨ ਨੇ ਉਸ ਨੂੰ ਕਿਹਾ, 'ਸਿੰਘ ਇਜ਼ ਕਿੰਗ' ਵਾਲਾ ਗਾਣਾ ਸੁਣਾ ਦਿਓ ਤਾਂ ਅੱਗੋਂ ਹਾਰਡ ਦਾ ਜਵਾਬ ਭੈਣ ਦੀ ਗਾਲ੍ਹ ਸੀ। ਅੱਠ-ਸੱਤ ਗਾਲ੍ਹਾਂ ਉਹਨੇ ਪ੍ਰੋਗਰਾਮ ਦੌਰਾਨ ਕੱਢੀਆਂ ਤੇ ਹੋਟਲ ਦੇ ਦਰਬਾਨ ਵੱਲ ਉਂਗਲ ਕਰਕੇ ਕਿਹਾ, 'ਇਹ ਜਮ੍ਹਾਂ ਗੁਰੂ ਗੋਬਿੰਦ ਸਿੰਘ ਵਰਗਾ ਲੱਗਦੈ...।' ਜੇ ਉਹ ਏਦਾਂ ਨਾ ਵੀ ਕਹਿੰਦੀ, ਭਲੀਮਾਣਸ ਬਣ ਕੇ ਗਾਉਣ ਵਾਲਾ ਕੰਮ ਕਰੀ ਜਾਂਦੀ ਤਾਂ ਵੀ ਉਟ-ਪਟਾਂਗ ਗਾਉਣ ਬਦਲੇ ਉਹਨੂੰ ਪੂਰੇ ਪੈਸੇ ਮਿਲਣੇ ਸੀ ਤੇ ਜੇ ਉਹਨੇ ਇਹ ਸਭ ਕਹਿ ਦਿੱਤਾ, ਪੈਸੇ ਉਸ ਦੇ ਤਾਂ ਵੀ ਨਹੀਂ ਕੱਟੇ ਗਏ। ਪਰ ਉਸ 'ਤੇ ਤਵਾ ਲਾਉਂਦੇ-ਲਾਉਂਦੇ ਅਸੀਂ ਆਪਣੀ ਸੂਝ 'ਤੇ ਸਵਾਲ ਜ਼ਰੂਰ ਲਵਾ ਬੈਠੇ।

ਗ਼ੌਰ ਕਰਨ ਵਾਲੀ ਗੱਲ ਹੈ ਕਿ ਪ੍ਰੋਗਰਾਮ



ਹਾਰਡ ਕੌਰ

ਦੇਖਣ ਸੈਂਕੜੇ ਲੋਕ ਗਏ ਸਨ, ਜਿਨ੍ਹਾਂ ਵਿਚੋਂ ਚੌਥਾ ਕੁ ਹਿੱਸਾ ਦਸਤਾਰਧਾਰੀ ਵੀ ਸਨ। ਜਦੋਂ ਉਹ ਸਿੱਖਾਂ ਬਾਰੇ ਅਪਸ਼ਬਦ ਬੋਲ ਰਹੀ ਸੀ ਤਾਂ ਦੋ-ਚਾਰ ਜਣਿਆਂ ਦੀ ਵੀ ਗ਼ੈਰਤ ਕਿਉਂ ਨਾ ਜਾਗੀ ਕਿ ਅੱਗੋ ਨਾ ਬੋਲੀ, ਸਿੰਘਾਂ ਦਾ ਖ਼ੂਨ ਵੀ ਖੌਲ ਜਾਂਦਾ ਹੁੰਦੈ। ਸਭ ਦੇ ਮੂੰਹ 'ਚ ਘੁੰਗਣੀਆਂ ਪਾਈਆਂ ਹੋਈਆਂ ਸਨ। ਸੱਤੇ ਨੱਚੀ ਗਏ, ਹੂ..ਹਾ, ਓਏ ਚੱਕ ਲਵੋ, ਬੁਰਰਰਰਰਾ..ਕਰੀ ਗਏ। ਜੇ ਜ਼ਰਾ ਕੁ ਵੀ ਅਣਖ ਦਿਖਾਉਂਦੇ, ਫੇਰ ਦੇਖਦੇ ਉਹ ਕਿੱਡੀ ਕੁ ਹਾਰਡ ਕੌਰ (ਸਖਤ ਜਾਨ) ਹੈ।

ਅਸੀਂ ਉਸ ਪੂਰੇ ਪ੍ਰੋਗਰਾਮ ਦੀ ਵੀਡੀਓ ਦੇਖੀ ਏ, ਜਿਸ ਵਿਚ ਸ਼ੋਰ-ਸ਼ਰਾਬੇ ਕਾਰਨ ਹਾਰਡ ਦੀਆਂ ਹੋਰ ਗੱਲਾਂ ਤਾਂ ਸਮਝ ਘੱਟ ਆਉਂਦੀਆਂ ਨੇ, ਪਰ ਗਾਲ੍ਹਾਂ ਵਾਲਾ ਹਿੱਸਾ ਪੱਲੇ ਜ਼ਰੂਰ ਪੈ ਜਾਂਦੈ। ਉਹ ਪੰਜ-ਸੱਤ ਮੁੰਡਿਆਂ ਵਿਚ ਮੇਲ੍ਹਦੀ ਏ। ਸਰੀਰ ਦੇ ਢਕਣ ਵਾਲੇ ਅੰਗ ਚੰਗੀ ਤਰ੍ਹਾਂ ਦਿਖਾ ਰਹੀ ਏ। ਬੋਲਦੀ ਏਦਾਂ ਏ ਜਿਵੇਂ ਮਰਦ ਨੇ ਔਰਤਾਂ ਵਾਲੇ ਕੱਪੜੇ ਪਾ ਐਕਟਿੰਗ ਸ਼ੁਰੂ ਕੀਤੀ ਹੋਵੇ। ਢਕਣ ਵਾਲੀਆਂ ਜਿਹੜੀਆਂ ਥਾਵਾਂ 'ਤੇ ਉਹਨੇ ਟੈਟੂ ਬਣਵਾਏ ਨੇ, ਉਨ੍ਹਾਂ ਨੂੰ ਚੰਗੀ ਤਰ੍ਹਾਂ ਦਿਖਾਉਂਦੀ ਏ, ਨਜ਼ਾਕਤ ਨਾਂ ਦੀ ਕੋਈ ਚੀਜ਼ ਨਹੀਂ। ਸੱਭਿਆਚਾਰ ਪ੍ਰਤੀ ਸੰਜੀਦਗੀ ਭੋਰਾ ਨਹੀਂ। ਬਸ ਉਹ ਦਿਮਾਗ਼ੀ ਫ਼ਤੂਰ ਦਾ ਹਿੱਸਾ ਏ ਤੇ ਆਪਣਾ ਗੁਬਾਰ ਕੱਢੀ ਜਾ ਰਹੀ ਏ। ਜਾਪਦੈ ਅੱਧੀ ਰਾਤ ਦਾ ਵੇਲਾ ਹੋਣ ਕਰਕੇ ਬਹੁਤੇ ਦਰਸ਼ਕਾਂ ਨੇ ਪੀਤੀ ਹੋਈ ਸੀ ਤੇ ਗਾਉਣ ਵਾਲੀ ਦਾ ਹਾਲ ਵੀ ਬਹੁਤਾ ਚੰਗਾ ਨਹੀਂ ਸੀ।

ਅਗਲਾ ਦਿਨ ਚੜ੍ਹਿਆ ਤਾਂ ਉਸ ਦੇ ਕਿਰਦਾਰ, ਪਰਿਵਾਰ ਤੇ ਵਿਹਾਰ ਦੀਆਂ ਗੱਲਾਂ ਹੋਣ ਲੱਗ ਗਈਆਂ। ਪਰ ਸਾਡੀ ਜਾਚੇ ਸਿੱਖੀ ਨਾਲ ਜੁੜੇ ਉਨ੍ਹਾਂ ਮਸਲਿਆਂ 'ਤੇ ਹੀ ਸਾਨੂੰ ਜ਼ਿਆਦਾ ਗ਼ੌਰ ਕਰਨੀ ਚਾਹੀਦੀ ਹੈ, ਜਿਨ੍ਹਾਂ ਨਾਲ ਸੱਚੀ ਸਿੱਖੀ ਨੂੰ ਢਾਹ ਲੱਗ ਰਹੀ ਏ। ਇਕ ਮੂਰਖ ਕਲਾਕਾਰ, ਜੋ ਸਟੇਜ 'ਤੇ ਚੜ੍ਹ ਕੇ ਜੋ ਮੂੰਹ ਆਇਆ ਬੋਲੀ ਜਾਂਦੀ ਹੈ ਤਾਂ ਉਸ ਨੂੰ ਏਨੀ ਮਹੱਤਤਾ ਨਹੀਂ ਦੇਣੀ ਚਾਹੀਦੀ, ਕਿਉਂਕਿ ਇਨ੍ਹਾਂ ਦੀ ਤਾਂ ਕੋਸ਼ਿਸ਼ ਹੀ ਇਹ ਹੁੰਦੀ ਹੈ ਕਿ ਸਾਡੇ ਖਿਲਾਫ਼ ਵੱਧ ਤੋਂ ਵੱਧ ਖ਼ਬਰਾਂ ਪ੍ਰਕਾਸ਼ਤ ਹੋਣ। ਨਾਲੇ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਿੱਖੀ ਦੀਆਂ ਜੜ੍ਹਾਂ ਏਨੀਆਂ ਪੋਲੀਆਂ ਨਹੀਂ ਕਿ ਇਕ ਗਾਇਕਾ, ਸਿੱਖੀ ਨਾਲ ਜੁੜੀ ਕਿਸੇ ਸੰਸਥਾ ਦੇ ਇਕ ਪ੍ਰਧਾਨ, ਇਕ ਗੁੰਬੀ ਜਾਂ ਇਕੜ-ਦੁੱਕੜ ਉਜੱਡਾਂ ਦੇ ਕਹਿਣ 'ਤੇ ਉਖੜ ਜਾਣਗੀਆਂ। ਅਗਲੇ ਦਿਨ ਜਦੋਂ ਹਾਰਡ ਕੌਰ ਨੇ ਮੁਆਫ਼ੀ ਮੰਗ ਲਈ ਤਾਂ ਵੀ ਸਾਨੂੰ ਏਨੀ ਤਸੱਲੀ ਨਹੀਂ ਮਨਾਉਣੀ ਚਾਹੀਦੀ ਕਿ ਅਸੀਂ ਉਸ ਨੂੰ ਇਸ ਸਭ ਕਾਸੇ ਲਈ ਮਜਬੂਰ ਕਰ ਦਿੱਤਾ, ਸਗੋਂ ਇਨ੍ਹਾਂ ਗੱਲਾਂ ਨੂੰ ਆਮ ਵਾਂਗ ਲੈਣਾ ਚਾਹੀਦੈ, ਕਿਉਂਕਿ ਅਜਿਹੇ ਗਾਇਕਾਂ ਦਾ ਕੋਈ ਦੀਨ ਧਰਮ ਨਹੀਂ, ਕੋਈ ਸੰਗ ਸ਼ਰਮ ਨਹੀਂ, ਕਿਸੇ ਪਾਸਿਓਂ ਕੋਈ ਜ਼ਿੰਮੇਵਾਰੀ ਨਹੀਂ, ਫਿਰ ਕਿਉਂ ਅਸੀਂ ਵਾਰ-ਵਾਰ ਆਪਣੀਆਂ ਗ਼ਲਤੀਆਂ ਨਾਲ ਕਰੇਲਾ ਨਿੰਮ 'ਤੇ ਚੜ੍ਹਾਉਣ ਵਾਲੀ ਗੱਲ ਸੱਚ ਸਾਬਤ ਕਰ ਰਹੇ ਹਾਂ।

**ਬਾਬੇ ਗਾਇਕ ਦਾ 'ਹੀਰਾ':** ਆਪਣੀ ਹਰ ਐਲਬਮ ਵਿਚਲੇ ਇਕ-ਦੋ ਗੀਤਾਂ ਦੇ ਆਖਰੀ ਅੰਤਰਿਆਂ ਵਿਚ ਖੁਦ ਨੂੰ 'ਮਰ ਜਾਣਾ ਮਾਨ' ਕਹਿਣ ਵਾਲੇ ਗੁਰਦਾਸ ਮਾਨ ਦੇ ਇਕ ਸੱਚੇ ਪ੍ਰਸ਼ੰਸਕ ਨਾਲ ਸਬੰਧਤ ਖ਼ਬਰਾਂ ਪਿਛਲੇ ਹਫ਼ਤੇ ਸਾਡੇ ਤੱਕ ਅੱਪੜੀਆਂ। ਪਤਾ ਲੱਗਾ ਕਿ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਪੱਖੋਕੇ ਦਾ ਰਹਿਣ ਵਾਲਾ ਢੋਲੀ ਹੀਰਾ ਸਿੰਘ ਗੁਰਦਾਸ ਮਾਨ ਦਾ ਏਨਾ ਪੱਕਾ ਭਗਤ ਏ ਕਿ ਉਹਦੇ ਲਈ ਰੋਟੀ-ਟੁੱਕ ਛੱਡ ਚੁੱਕੈ। ਹੀਰਾ ਸੋਚਦੈ ਕਿ ਜੇ ਮੈਨੂੰ ਗੁਰਦਾਸ ਨਾ ਮਿਲਿਆ ਤਾਂ ਮੈਂ ਸਿਰਫ਼ ਨਾਂ ਦੀ 'ਹੀਰਾ' ਰਹਿ ਜਾਣਾ, ਉਦਾਂ ਮਿੱਟੀ ਹੋ ਜਾਣੈ। ਭਾਵੁਕਤਾ ਵਿਚ ਗੱਲ ਗੱਲ ਧਸੇ ਹੀਰਾ ਸਿਓਂ ਨੇ ਗੁਰਦਾਸ ਮਾਨ ਨੂੰ ਸੁਣਨਾ ਛੋਟੀ ਉਮਰੇ ਸ਼ੁਰੂ ਕਰ ਦਿੱਤਾ, ਪਰ ਜਦੋਂ ਤੀਹਾਂ ਤੋਂ ਉਪਰ ਹੋਇਆ ਤਾਂ ਗੁਰਦਾਸ ਨੂੰ ਮਿਲਣ ਦਾ ਜਨੂੰਨ ਸਵਾਰ ਹੋ ਗਿਆ। ਜਿੱਥੇ ਉਹਨੂੰ ਪਤਾ ਲੱਗਦਾ ਕਿ ਗੁਰਦਾਸ ਦਾ ਪ੍ਰੋਗਰਾਮ ਏ, ਉਥੇ ਉਹਦੇ ਪੈਰੀਂ ਹੱਥ ਲਾਉਣ ਪਹੁੰਚ ਜਾਇਆ ਕਰੇ। ਪਰ ਉਸ ਵਿਚਾਰੇ ਨੂੰ ਗੁਰਦਾਸ ਨਾਲ ਮਿਲਣ ਕੀਹਨੇ ਦੇਣਾ ਸੀ।

ਫੇਰ ਪਤਾ ਲੱਗਾ ਕਿ ਮਹੀਨੇ ਵਿਚ ਇਕ ਵਾਰ ਗੁਰਦਾਸ ਨਕੋਦਰ ਬਾਬਾ ਲਾਡੀ ਸ਼ਾਹ ਦੇ ਦਰਬਾਰ 'ਤੇ ਜ਼ਰੂਰ ਆਉਂਦੈ ਤੇ ਉਹਨੇ ਆਪਣਾ ਸਾਈਕਲ ਵੇਚ ਕੇ ਨਕੋਦਰ ਦੇ ਗੇੜੇ ਕੱਢਣੇ ਸ਼ੁਰੂ ਕਰ ਦਿੱਤੇ, ਪਰ ਮਿਲਣ ਉਸ ਨੂੰ ਇਥੇ ਵੀ ਕਿਸੇ ਨਾ ਦਿੱਤਾ। ਗਰੀਬੀ ਦਾ ਝੰਬਿਆ ਅਤੇ 'ਬਾਬੇ' ਤੋਂ ਵਾਂਝਾ ਉਹ ਮਸੋਸਿਆ ਗਿਆ। ਅਖੀਰ ਅੰਦਰੋਂ ਉਹ ਏਨਾ ਟੁੱਟਿਆ ਕਿ ਭੁੱਖ ਹੜਤਾਲ 'ਤੇ ਬੈਠ ਗਿਆ। ਪਿੰਡ ਵਾਲਿਆਂ ਉਸ ਨੂੰ ਬਥੇਰਾ ਸਮਝਾਇਆ ਕਿ ਗਾਉਣ ਵਾਲਿਆਂ ਨੂੰ ਬਹੁਤਾ ਦਿਲ 'ਤੇ ਨਹੀਂ ਲਾਈਦਾ, ਗਾਣਾ ਸੁਣੋ, ਅਨੰਦ ਮਾਣੋ ਤੇ ਬਸ ਗੱਲ ਖਤਮ। ਪਰ ਹੀਰਾ ਸਿੰਘ ਕਿੱਥੇ ਮੰਨਣ ਵਾਲਾ ਸੀ। ਉਹਨੇ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਕਿ ਜਿੰਨੀ ਦੇਰ ਗੁਰਦਾਸ ਉਨ੍ਹਾਂ ਦੇ ਪਿੰਡ ਆ ਕੇ ਉਸ ਨੂੰ ਦਰਸ਼ਨ ਨਹੀਂ ਦੇਵੇਗਾ, ਉਹ ਭੁੱਖ ਹੜਤਾਲ ਤੋਂ ਨਹੀਂ ਉਠੇਗਾ। ਕੋਲ ਉਸ ਨੇ ਇਕ ਘੜਾ ਰੱਖ ਲਿਆ, ਉਸ ਵਿਚ 81 ਗਲਾਸ ਪਾਣੀ ਦੇ ਪਾ ਲਏ ਤੇ ਕੋਲ ਰੱਖ ਲਈਆਂ 81 ਲੈਚੀਆਂ। ਰੋਜ਼ ਉਹ ਇਕ ਗਲਾਸ ਪਾਣੀ ਦਾ ਪੀ ਲੈਂਦੈ ਤੇ ਇਕ ਲੈਚੀ ਖਾ ਛੱਡਦੈ।

ਇਕ ਟੀ.ਵੀ. ਚੈਨਲ ਨੇ ਉਸ ਦੀ ਖ਼ਬਰ ਦਰਸ਼ਕਾਂ ਨੂੰ ਦਿਖਾਈ ਕਿ ਕੀ ਗੁਰਦਾਸ ਆਪਣੇ ਇਸ ਅੰਨ੍ਹੇ ਭਗਤ ਨੂੰ ਮਿਲਣ ਪੱਖੋਕੇ ਪਿੰਡ ਪੁੱਜੇਗਾ? ਇਹ ਖ਼ਬਰ ਦਬ ਕੇ ਹੀ ਰਹਿ ਗਈ, ਕਿਉਂਕਿ ਇਕ ਹਮਾਤੜ ਬੰਦੇ ਦੇ ਜਜ਼ਬਾਤ ਸਮਝਣ ਵਾਲੇ ਲੋਕ ਹਨ ਹੀ ਕਿੰਨੇ ਕੁ। ਇਹੀ ਗੱਲ ਵੀਨਾ ਮਲਿਕ ਨੇ ਕਹੀ ਹੁੰਦੀ ਤਾਂ ਮੀਡੀਏ ਨੇ ਰੌਲਾ ਏਨਾ ਪਾਉਣਾ ਸੀ ਕਿ ਅਗਲੇ ਦਿਨ ਗੁਰਦਾਸ ਨੂੰ ਖ਼ਬਰ ਦਾ ਪਤਾ ਲੱਗ ਜਾਣਾ ਸੀ ਤੇ ਚੈਨਲਾਂ 'ਤੇ ਗੁਰਦਾਸ ਨੂੰ ਵੀ 'ਲਾਈਵ' ਪ੍ਰੋਗਰਾਮਾਂ 'ਚ ਦਿਖਾ ਛੱਡਣਾ ਸੀ।

ਸ਼ਰਧਾ ਦੀ ਪੀਂਘ ਝੂਟ ਰਹੇ ਹੜਤਾਲੀ ਸੱਜਣ ਨੂੰ ਅਸੀਂ ਇਕ ਗੱਲ ਜ਼ਰੂਰ ਕਹਿਣੀ ਚਾਹਾਂਗੇ ਕਿ ਸਾਡੇ ਮਨ ਵਿਚ ਚੰਗੇ ਕਲਾਕਾਰਾਂ ਪ੍ਰਤੀ ਵੱਖਰੀ ਤਸਵੀਰ ਬਣੀ ਹੁੰਦੀ ਹੈ ਕਿ ਉਹ ਏਦਾਂ ਦੇ ਹੋਣਗੇ, ਉਡ ਕੇ ਮਿਲਣਗੇ, ਮਿਲ ਕੇ ਗਦਗਦ ਹੋ ਜਾਣਗੇ, ਪਰ ਜ਼ਰੂਰੀ ਨਹੀਂ ਕਿ ਜੋ ਕੁਝ ਅਸੀਂ ਸੋਚਿਆ ਹੋਵੇ, ਉਹ ਇੰਨ-ਬਿੰਨ ਉਵੇਂ ਹੋਵੇ। ਲੋਕ ਅਮਿਤਾਭ ਬੱਚਨ, ਸ਼ਾਹਰੁਖ ਖਾਨ, ਦਲੀਪ ਕੁਮਾਰ ਵਰਗਿਆਂ ਦੇ ਮੰਦਰ ਆਪਣੇ ਘਰਾਂ ਵਿਚ ਬਣਾ ਕੇ ਜਨਮ ਦਿਨ ਮੌਕੇ ਇਨ੍ਹਾਂ ਦੀਆਂ ਫੋਟੋਆਂ ਦੇ ਮੂੰਹ ਨੂੰ ਕੇਕ ਲਾਉਂਦੇ ਰਹਿੰਦੇ ਨੇ, ਪਰ ਜ਼ਰੂਰੀ ਨਹੀਂ ਕਿ ਹਰ ਪ੍ਰਸ਼ੰਸਕ ਦੀ ਗੱਲ ਉਨ੍ਹਾਂ ਤੱਕ ਅੱਪੜਦੀ ਹੋਵੇ।

ਜਿੰਨਾ ਕੁ ਗੁਰਦਾਸ ਮਾਨ ਨੂੰ ਅਸੀਂ ਜਾਣਦੇ ਹਾਂ, ਪਹਿਲੀ ਗੱਲ ਤਾਂ ਉਸ ਤੱਕ ਅੰਨ੍ਹੇ ਪ੍ਰਸ਼ੰਸਕ ਵਾਲੀ ਖ਼ਬਰ ਅੱਪੜੀ ਹੀ ਨਹੀਂ ਹੋਵੇਗੀ ਤੇ ਜੇ ਉਹ ਅੱਪੜ ਵੀ ਗਈ ਤਾਂ ਕਲਾਕਾਰ ਏਨੀ ਨਹੀਂ ਸਮਝਦੇ ਕਿ ਭਾਵੁਕ ਹੋਏ ਪ੍ਰਸ਼ੰਸਕ ਦੀ ਇੱਛਾ ਪੂਰੀ ਕਰਨ ਵੱਲ ਧਿਆਨ ਦਿੱਤਾ ਜਾਵੇ। ਨਾਲੇ ਗੁਰਦਾਸ ਬਾਬਤ ਜਿਹੜੇ ਲੋਕ ਜਾਣਦੇ ਨੇ, ਉਨ੍ਹਾਂ ਨੂੰ ਇਹ ਵੀ ਪਤੈ ਕਿ ਉਹ ਬੰਦਾ ਸਟੇਜ 'ਤੇ ਚੜ੍ਹਦੈ, ਗਾਉਂਦੈ, ਉਤਰਦੈ ਤੇ ਗੱਡੀ 'ਚ ਬੈਠ ਰਵਾਨਗੀ ਪਾ ਛੱਡਦੈ। ਕਈ ਵਾਰ ਤਾਂ ਵਿਆਹਾਂ-ਸ਼ਾਦੀਆਂ 'ਚ ਬਤੌਰ ਮਹਿਮਾਨ ਪਹੁੰਚੇ ਲੋਕ ਵੀ ਉਸ ਨੂੰ ਮਿਲਣੋਂ ਵਾਂਝੇ ਰਹਿ ਜਾਂਦੇ ਨੇ। ਕਿਸੇ ਫ਼ਨਕਾਰ ਦੀ ਇਹ ਆਦਤ ਦਾ ਹਿੱਸਾ ਵੀ ਹੋ ਸਕਦੈ ਤੇ ਮਜਬੂਰੀ ਵੀ।

ਫੇਰ ਵੀ ਅਸੀਂ ਹੀਰੇ ਦੀ ਸ਼ਰਧਾ ਦੀ ਕਦਰ ਕਰਦੇ ਹਾਂ। ਉਸ ਨੂੰ ਸਮਝ ਲੈਣਾ ਚਾਹੀਦੈ ਕਿ ਕਲਾਕਾਰਾਂ ਦੀ ਕਲਾ ਦਾ ਅਨੰਦ ਦੂਰ ਰਹਿ ਕੇ ਹੀ ਮਾਣਿਆ ਜਾਵੇ ਤਾਂ ਕਈ ਤਰ੍ਹਾਂ ਦੇ ਪਰਦੇ ਬਣੇ ਰਹਿੰਦੇ ਨੇ।

# ਹਨੀ ਸਿੰਘ ਤੋਂ ਬਾਅਦ ਹੁਣ ਹਾਰਡ ਕੌਰ

ਹੁਣੇ ਹੁਣੇ ਹਨੀ ਸਿੰਘ ਖਿਲਾਫ ਪਰਚਾ ਦਰਜ ਹੋਇਆ ਹੈ ਅਤੇ ਹੁਣ ਹਾਰਡ ਕੌਰ ਉਰਫ ਤਰਨ ਕੌਰ ਢਿੱਲੋਂ ਮੈਦਾਨ ਵਿਚ ਕੁੱਦ ਪਈ ਹੈ। ਜੋ ਕੁਝ ਕਿਸੇ ਵੀ ਔਰਤ ਦੇ ਮੂੰਹੋਂ ਨਹੀਂ ਸੀ ਆਖਿਆ ਜਾਣਾ ਚਾਹੀਦਾ, ਉਹ ਇਸ ਕੁੜੀ ਨੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਆਖ ਦਿੱਤਾ। 21ਵੀਂ ਸਦੀ ਦੀ ਇਹ ਔਰਤ ਪੰਜਾਬ ਤੋਂ ਲੰਡਨ ਕੀ ਜਾ ਬੈਠੀ, ਆਪਣਾ ਧਰਮ, ਆਪਣਾ ਮੁਲਕ, ਆਪਣੀ ਸੱਭਿਅਤਾ ਤੇ ਆਪਣਾ ਔਰਤ ਹੋਣਾ ਵੀ ਭੁੱਲ ਗਈ।

ਤਰਨ ਕੌਰ ਢਿੱਲੋਂ ਦੀ ਮਾਂ ਹੁਸ਼ਿਆਰਪੁਰ ਦੀ ਹੈ ਅਤੇ ਉਹ ਕਾਨਪੁਰ ਵਸਦੇ ਕਿਸੇ ਢਿੱਲੋਂ ਪਰਿਵਾਰ ਵਿਚ ਵਿਆਹੀ ਗਈ। ਉਥੇ ਹੀ ਤਰਨ ਕੌਰ ਢਿੱਲੋਂ ਦਾ ਜਨਮ ਹੋਇਆ। ਕੁਝ ਸਾਲਾਂ ਮਗਰੋਂ ਹੀ ਇਸ ਦਾ ਬਾਪ ਮਰ ਗਿਆ ਤੇ ਇਹਦੀ ਮਾਂ ਇਹਨੂੰ ਲੈ ਕੇ ਆਪਣੇ ਪੇਕੇ ਘਰ ਹੁਸ਼ਿਆਰਪੁਰ ਆ ਗਈ। ਫਿਰ ਕੁਝ ਸਾਲਾਂ ਮਗਰੋਂ ਉਸ ਦੀ ਮਾਂ ਨੇ ਇੰਗਲੈਂਡ ਦੇ ਕਿਸੇ ਸਿਟੀਜ਼ਨ ਨਾਲ ਵਿਆਹ ਕਰ ਲਿਆ ਤੇ ਤਰਨ ਕੌਰ ਨੂੰ ਨਾਲ ਲੈ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਪੱਕੇ ਤੌਰ 'ਤੇ ਜਾ ਵਸੀ। ਪਿਛੋਂ 2007 ਵਿਚ ਤੇਤੀ ਸਾਲਾ ਤਰਨ ਕੌਰ ਢਿੱਲੋਂ ਤੋਂ ਹਾਰਡ ਕੌਰ ਬਣੀ ਇਸ ਕੁੜੀ ਨੇ ਲੱਚਰ ਗਾਣਾ 'ਗਲਾਸੀ' ਗਾ ਕੇ ਰਾਤੋ-ਰਾਤ ਐਨੀ ਸ਼ੁਹਰਤ ਖੱਟ ਲਈ ਤੇ ਸੁਪਰ ਵੂਮਨ, ਸੁਪਰ ਸਟਾਰ ਬਣ ਗਈ। ਢੇਰ ਸਾਰੇ ਪੁਰਸਕਾਰ ਵੀ ਝੋਲੀ ਵਿਚ ਪੁਆ ਲਏ। ਫਿਰ ਉਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ ਅਤੇ ਲੱਚਰ ਰੈਪਰ ਦੇ ਤੌਰ 'ਤੇ ਆਪਣੀ ਬੇਹੂਦਾ ਅਤੇ ਬੇਸ਼ਰਮੀ ਭਰੇ ਅੰਦਾਜ਼ ਵਿਚ ਗਾਉਣ ਲੱਗ ਪਈ।

ਇਸ ਕੁੜੀ ਨੇ ਬੇਸ਼ਰਮੀ ਦੀਆਂ ਸਭ ਹੱਦਾਂ 23 ਮਈ 2013 ਨੂੰ ਚੰਡੀਗੜ੍ਹ ਵਿਚ ਇਕ ਸ਼ੋਅ ਦੌਰਾਨ ਤੋੜ ਸੁੱਟੀਆਂ। ਉਸ ਨੇ ਸਭ ਸ਼ਰਮਾਂ ਲਾਹ ਕੇ ਪੰਜਾਬ ਦੇ ਮੂੰਹ ਉਤੇ ਕਾਲਖ ਮਲ ਦਿੱਤੀ। ਇਕ ਵੱਡੇ ਹੋਟਲ ਦੇ ਮੇਨ ਗੇਟ 'ਤੇ ਪੱਗ ਬੰਨ੍ਹ ਕੇ ਸਰਦਾਰ ਦੇ ਰੂਪ ਵਿਚ ਖਲੋਤੇ ਹੋਏ ਗੇਟਕੀਪਰ ਦੀ ਤੁਲਨਾ ਗੁਰੂ ਗੋਬਿੰਦ ਸਿੰਘ ਜੀ ਨਾਲ ਕਰ ਕੇ ਸਮੁੱਚੀ ਸਿੱਖ ਕੌਮ ਦੇ ਮੂੰਹ ਉਤੇ ਕਰਾਰਾ ਥੱਪੜ ਜੜ ਦਿੱਤਾ। ਫਿਰ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਦਰਸ਼ਕਾਂ ਦੀ ਹਾਜ਼ਰੀ ਵਿਚ ਦਾੜ੍ਹਿਆਂ ਦੇ ਨਾਂ ਲੈ ਲੈ ਕੇ ਬੇਗ਼ੈਰਤ ਅੰਦਾਜ਼ ਵਿਚ ਬੇਹੂਦੀਆਂ ਗੱਲਾਂ ਆਖਦੀ ਰਹੀ। ਵਾਰ ਵਾਰ ਗਾਲਾਂ ਕੱਢ ਕੇ ਨੌਜਵਾਨਾਂ ਨੂੰ ਉਕਸਾਉਂਦੀ ਵੀ ਰਹੀ। ਸਮਝ ਤੋਂ ਹੀ ਬਾਹਰ ਹੈ ਕਿ ਪੰਜਾਬ ਦੀ ਜੰਮਪਲ ਕੋਈ ਕੁੜੀ ਇੰਨੀ ਬੇਗੈਰਤ ਵੀ ਹੋ ਸਕਦੀ ਹੈ! ਕੀ ਹੋ ਗਿਆ ਹੈ ਪੰਜਾਬ ਤੇ ਪੰਜਾਬ ਦੀ ਧਰਤੀ ਨੂੰ, ਪੰਜਾਬ ਦੇ ਪਾਣੀਆਂ ਤੇ ਹਵਾਵਾਂ ਨੂੰ, ਕਿ ਉਥੋਂ ਦੀਆਂ ਮਾਂਵਾਂ ਹੁਣ ਇਹੋ ਜਿਹੀਆਂ ਧੀਆਂ ਨੂੰ ਜਨਮ ਦੇ ਰਹੀਆਂ ਹਨ? ਕਿਸ ਦਾ ਸਰਾਪ ਲੱਗ ਗਿਆ ਹੈ ਪੰਜਾਬ ਨੂੰ? ਕਿਸ ਦੀ ਭੈੜੀ ਨਜ਼ਰ ਲੱਗ ਗਈ ਹੈ?

ਨੌਜਵਾਨਾਂ ਦੇ ਸਾਹਮਣੇ ਕੋਈ ਹਾਰਡ ਕੌਰ ਸਾਡੇ ਗੁਰੂਆਂ ਅਤੇ ਗੁਰੂਆਂ ਦੇ ਦਿੱਤੇ ਕਕਾਰਾਂ ਨੂੰ ਸਟੇਜਾਂ 'ਤੇ ਖਲੋ ਕੇ ਲਲਕਾਰਦੀ ਹੈ, ਤੇ ਹੱਸਦੀ ਹੈ! ਪਰ ਅਗਾਂਹ ਲੋਕ ਤਮਾਸ਼ਬੀਨ ਬਣੇ ਰਹਿੰਦੇ ਹਨ। ਉਸ ਵੇਲੇ ਕੋਈ ਕਿਉਂ ਨਹੀਂ ਉਠਿਆ ਸੂਰਮਾ? ਰਤਾ ਕੁ ਅਹਿਸਾਸ ਤਾਂ ਹੁੰਦਾ ਕਿ ਜਿਨ੍ਹਾਂ ਦੇ ਨਾਂਵਾਂ ਪਿਛੇ ਕੌਰ ਜਾਂ ਸਿੰਘ ਲੱਗ ਜਾਂਦਾ ਹੈ, ਉਹ ਹਾਰਡ ਕੌਰ ਤੇ ਹਨੀ ਸਿੰਘ ਵਾਂਗ ਮਨ ਆਈਆਂ ਨਹੀਂ ਕਰ ਸਕਦੇ! ਉਨ੍ਹਾਂ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਕਿਸ ਧਰਮ ਅਤੇ ਕਿਸ ਕੌਮ ਵਿਚ ਪੈਦਾ ਹੋਏ ਹਨ ਅਤੇ ਉਨ੍ਹਾਂ ਦੇ ਜੀਵਨ ਜਿਉਣ ਦੇ ਕੁਝ ਹੱਦਾਂ-ਬੰਨੇ ਵੀ ਹਨ।

ਸੋਚੀਦਾ ਹੈ-ਕੀ ਪੰਜਾਬ ਦੀ ਨੌਜਵਾਨ ਪੀੜ੍ਹੀ ਸੱਚਮੁੱਚ ਹੀ ਇੰਨੀ ਬੇਗੈਰਤ ਹੋ ਚੁੱਕੀ ਹੈ? ਕੀ ਪੰਜਾਬ ਦੀ ਸਰਕਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਇੰਨੇ ਡੂੰਘੇ ਡੋਬ ਦਿੱਤਾ ਹੈ ਕਿ ਉਹ ਹੁਣ ਕਦੀ ਆਪਣੀ ਹੋਸ਼-ਹਵਾਸ ਵਿਚ ਪਰਤ ਹੀ ਨਹੀਂ ਸਕਣਗੇ? ਕੀ ਪੰਜਾਬ ਦੀ ਨੌਜਵਾਨ ਪੀੜ੍ਹੀ ਸਿਰਫ ਨਸ਼ਿਆਂ ਵਿਚ ਗਲਤਾਨ ਹੋ ਕੇ ਆਪਣੀ ਹੋਂਦ ਹੀ ਗਵਾ ਬੈਠੇਗੀ? ਘਟੀਆ ਗੀਤ-ਗਾਣੇ ਤਾਂ ਪਹਿਲਾਂ ਵੀ ਬਥੇਰੇ ਲੋਕਾਂ ਨੇ ਗਾਏ ਹਨ ਅਤੇ ਘਟੀਆ ਗਾਣੇ ਗਾਉਣ ਵਾਲੇ ਕਈ ਲੋਕ ਵੱਡੇ ਅਹੁਦੇ ਤੇ ਪੁਰਸਕਾਰ ਵੀ ਪ੍ਰਾਪਤ ਕਰੀ ਬੈਠੇ ਹਨ, ਪਰ ਕੌਰ ਜਾਂ ਸਿੰਘ ਅਖਵਾਉਣ ਵਾਲੇ ਲੋਕਾਂ ਨੂੰ ਹਰਗਿਜ਼ ਇਹ ਖੁੱਲ੍ਹ ਨਹੀਂ ਲੈਣ ਦਿੱਤੀ ਜਾਣੀ ਚਾਹੀਦੀ ਕਿ ਉਹ ਸਾਡੇ ਗੁਰੂਆਂ ਦਾ ਅਪਮਾਨ ਕਰਨ! ਸਾਡੀ ਬੇਨਤੀ ਹੈ ਜਥੇਦਾਰ ਸਾਹਿਬਾਨ ਨੂੰ, ਕਿ ਹੁਣ ਅਜਿਹੇ ਕੌਰਾਂ ਅਤੇ ਸਿੰਘਾਂ ਖਿਲਾਫ਼ ਹੁਕਮਨਾਮਾ ਜਾਰੀ ਕਰ ਕੇ ਇਨ੍ਹਾਂ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ ਨੂੰ ਹੁਕਮ ਦੇਣਾ ਚਾਹੀਦਾ ਹੈ ਕਿ ਨਾ ਕੋਈ ਇਨ੍ਹਾਂ ਦੇ ਗਾਣੇ ਖਰੀਦੇ, ਨਾ ਹੀ ਸੁਣੇ ਤੇ ਨਾ ਹੀ ਇਨ੍ਹਾਂ ਦੇ ਕੋਈ ਸਟੇਜ ਸ਼ੋਅ ਹੀ ਕਰਵਾਏ। ਅਜਿਹੇ ਲੋਕਾਂ ਨੂੰ ਕਿਸੇ ਵੀ ਮੁਲਕ ਵਿਚ ਵੜਨ ਨਾ ਦਿੱਤਾ ਜਾਵੇ।

ਪੰਜਾਬ ਵਿਚ ਤਾਂ ਪਹਿਲਾਂ ਹੀ ਮਿਸ ਪੂਜਾ ਜਹੀਆਂ ਕੁੜੀਆਂ ਨੇ ਪੰਜਾਬ ਤੇ ਪੰਜਾਬੀਅਤ ਦਾ ਬੇੜਾ ਗਰਕ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਪਰ ਜੇ ਹੁਣ ਹਾਰਡ ਕੌਰ ਦਾ ਬਾਈਕਾਟ ਕਰ ਦਿੱਤਾ ਜਾਵੇ ਤਾਂ ਸ਼ਾਇਦ ਪੂਜਾ ਵਰਗੀਆਂ ਵੀ ਆਪਣੇ ਨਾਂ ਦੀ ਸ਼ਰਮ ਕਰ ਕੇ ਸਿੱਧੇ ਰਾਹੇ ਤੁਰ ਪੈਣ ਤੇ ਜਾਤ-ਪਾਤ ਤੋਂ ਉਪਰ ਉਠ ਕੇ ਪੰਜਾਬ ਦੀ ਹਵਾ ਨੂੰ ਹੋਰ ਗੰਦੀ ਕਰਨੋਂ ਗੁਰੇਜ਼ ਕਰਨ। ਆਓ! ਸਾਰੇ ਹੀ ਮਨ ਬਣਾਈਏ ਤੇ ਜਥੇਦਾਰ ਨੂੰ ਬੇਨਤੀ ਕਰੀਏ। ਨਾਲ ਹੀ ਆਪ ਵੀ ਇਸ ਲੱਚਰਪੁਣੇ ਦੇ ਬੂਟੇ ਨੂੰ ਜੜ੍ਹੋਂ ਪੁੱਟ ਕੇ ਪਰ੍ਹਾਂ ਸੁੱਟਣ ਦਾ ਪ੍ਰਣ ਕਰੀਏ। ਪੰਜਾਬ ਅਤੇ ਆਪਣੇ ਧਰਮ ਲਈ ਆਪਣਾ ਆਪਣਾ ਹਿੱਸਾ ਪਾਈਏ। ਭੈੜਾ ਲਿਖਣ ਅਤੇ ਗਾਉਣ ਵਾਲਿਆਂ ਦਾ ਬਾਈਕਾਟ ਕਰੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸੁਪਨੇ

(ਪਿਛਲੇ ਸਫੇ ਦੀ ਬਾਕੀ)

ਤੇ ਬਜ਼ੁਰਗਾਂ ਉਤੇ ਜੋ ਜ਼ੁਰਮ ਕੀਤੇ, ਸਭ ਲਈ ਮੁਆਫ਼ੀ ਮੰਗੀ। ਜਿੰਨੇ ਵੀ ਸਰਕਾਰੀ ਮੁਲਾਜ਼ਮ ਹਨ, ਸਭ ਨੇ ਰਿਸ਼ਵਤ ਲੈਣੀ ਬੰਦ ਕਰ ਦਿੱਤੀ। ਸਕੂਲ ਟੀਚਰਾਂ ਨੇ ਵੀ ਬੱਚਿਆਂ ਨੂੰ ਪੜ੍ਹਾਉਣ ਦੀ ਪੂਰੀ ਜ਼ਿੰਮੇਵਾਰੀ ਲੈ ਲਈ ਤੇ ਫਰਲੋ ਤੋਂ ਤੌਬਾ ਕਰ ਲਈ। ਨਕਲ ਬਿਲਕੁਲ ਬੰਦ। ਜਦੋਂ ਲੋਕਾਂ ਵਿਚ ਇਨ੍ਹਾਂ ਗੱਲਾਂ ਦੀ ਚਰਚਾ ਛਿੜੀ ਤਾਂ ਜਿੰਨੇ ਵੀ ਕਾਰੋਬਾਰੀ ਹਨ, ਸਭ ਨੇ ਬੇਈਮਾਨੀ ਤੇ ਮਿਲਾਵਟਖੋਰੀ ਬੰਦ ਕਰ ਦਿੱਤੀ। ਨਾਲ ਹੀ ਲੋਕਾਂ ਨੂੰ ਭਰੋਸਾ ਦਿੱਤਾ ਹੈ ਕਿ ਅੱਜ ਤੋਂ ਬਾਅਦ ਖਾਣ ਪੀਣ ਦੀਆਂ ਵਸਤਾਂ ਜਾਂ ਹੋਰ ਸਭ ਚੀਜ਼ਾਂ ਬਿਲਕੁਲ ਸ਼ੁੱਧ ਤੇ ਸਸਤੀਆਂ ਮਿਲਣਗੀਆਂ। ਪੁਲਿਸ ਵੱਲ ਦੇਖ ਕੇ ਨਸ਼ਿਆਂ ਦੇ ਕਾਰੋਬਾਰੀਆਂ ਨੇ ਨਸ਼ੇ ਵੇਚਣੇ ਬੰਦ ਕਰ ਦਿੱਤੇ ਤੇ ਨੌਜਵਾਨਾਂ ਨੇ ਵੀ ਨਸ਼ੇ ਖਾਣ ਤੋਂ ਤੌਬਾ ਕਰ ਲਈ। ਡਾਕਟਰਾਂ ਨੇ ਵੀ ਇਲਾਜ, ਇਮਾਨਦਾਰੀ ਤੇ ਜਾਇਜ਼ ਫੀਸਾਂ ਲੈ ਕੇ ਕਰਨ ਦਾ ਵਾਅਦਾ ਕੀਤਾ। ਨਕਲੀ ਦਵਾਈਆਂ ਬਣਾਉਣ ਵਾਲੀਆਂ ਸਭ ਫੈਕਟਰੀਆਂ ਵੀ ਬੰਦ। ਕਚਹਿਰੀਆਂ ਵਿਚ ਵੀ ਕਿਸਾਨਾਂ ਦੀ ਪਟਵਾਰੀਆਂ, ਤਹਿਸੀਲਦਾਰਾਂ ਤੇ ਕਲਰਕਾਂ ਹੱਥੋਂ ਜਿਹੜੀ ਲੁੱਟ ਹੁੰਦੀ ਸੀ, ਬੰਦ ਹੋ ਗਈ। ਕਿਸਾਨਾਂ ਨੇ ਵੀ ਵਿਆਹਾਂ ਸ਼ਾਦੀਆਂ 'ਤੇ ਮਣਾਂ ਮੂੰਹੀ ਪੈਸਾ ਖਰਚ ਕਰਨਾ ਬੰਦ ਕਰ ਦਿੱਤਾ। ਆਪਸ ਵਿਚ ਲੜਾਈ ਝਗੜੇ ਕਤਲ ਬੰਦ ਹੋ ਗਏ ਤੇ ਪਿੰਡਾਂ ਦੀਆਂ ਗਲੀਆਂ ਵਿਚ ਲੋਕਾਂ ਵਿਚਕਾਰ ਆਪਸੀ ਪਿਆਰ ਵਾਪਸ ਆ ਗਿਆ।

ਜਦੋਂ ਮੈਂ ਸੁਪਨੇ ਵਿਚ ਪੰਜਾਬ ਜਾ ਕੇ ਇਹ ਸਭ ਦੇਖ ਰਿਹਾ ਸੀ ਤਾਂ ਚਾਰੇ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਨਜ਼ਰ ਆ ਰਹੀਆਂ ਸਨ, ਪਰ ਉਸ ਵਕਤ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਪਿੰਡ ਵਿਚ ਸਿਰਫ ਇਕ ਹੀ ਧਾਰਮਿਕ ਸਥਾਨ ਹੈ ਅਤੇ ਉਸ ਦੇ ਉਪਰ ਵੀ ਸਪੀਕਰ ਨਹੀਂ ਹੈ। ਪੁੱਛਣ 'ਤੇ ਪਤਾ ਲੱਗਾ ਕਿ ਹੁਣ ਕਿਸੇ ਵੀ ਧਾਰਮਿਕ ਸਥਾਨ 'ਤੇ ਸਪੀਕਰ ਲਾਉਣਾ ਬੰਦ ਕਰ ਦਿੱਤਾ ਗਿਆ ਹੈ। ਧਾਰਮਿਕ ਤੇ ਸਿਆਸੀ ਲੀਡਰਾਂ ਨੇ ਲੋਕਾਂ ਨੂੰ ਭੜਕਾ ਕੇ ਲੜਾਉਣਾ ਬੰਦ ਕਰ ਦਿੱਤਾ ਹੈ। ਸਭ ਜੋਤਸ਼ੀਆਂ ਨੇ ਆਪਣੀਆਂ ਝੂਠ ਵਾਲੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਹਨ। ਪਾਖੰਡੀ ਸਾਧਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ 'ਚ ਪਾਉਣਾ ਤੇ ਜਾਦੂ ਟੂਣਾ ਵਗੈਰਾ ਸਭ ਬੰਦ ਕਰ ਦਿੱਤਾ ਹੈ; ਸਗੋਂ ਲੋਕਾਂ ਨੂੰ ਇਸ ਬਾਰੇ ਜਾਣੂ ਕਰਵਾ ਦਿੱਤਾ ਹੈ ਕਿ ਕੋਈ ਕਾਲਾ ਜਾਦੂ ਨਹੀਂ ਹੁੰਦਾ, ਨਾ ਹੀ ਕੋਈ ਅਜਿਹੀ ਗੈਬੀ ਸ਼ਕਤੀ ਹੈ ਜੋ ਕਿਸੇ ਦੇ ਆਖੇ ਲੱਗ ਕੇ ਕਿਸੇ ਦਾ ਕੁਝ ਚੰਗਾ-ਮਾੜਾ ਕਰੇ।

ਇਉਂ ਪੂਰਾ ਪੰਜਾਬ ਬਦਲਿਆ ਬਦਲਿਆ ਨਜ਼ਰ ਆ ਰਿਹਾ ਸੀ। ਕਿਸੇ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਸੀ। ਇਹ ਸਭ ਦੇਖ ਕੇ ਮੈਂ ਅਜੇ ਸੋਚ ਹੀ ਰਿਹਾ ਸੀ ਕਿ ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਫਿਰ ਮੈਂ ਬਥੇਰੀਆਂ ਅੱਖਾਂ ਮੀਟੀਆਂ ਕਿ ਇਹ ਸੁਪਨਾ ਨਾ ਹੋਵੇ, ਸੱਚ ਹੀ ਹੋਵੇ; ਪਰ ਸੁਪਨੇ ਤਾਂ ਸੁਪਨੇ ਹੀ ਹੁੰਦੇ ਹਨ! ਅੱਜਕੱਲ੍ਹ ਤਾਂ ਲੋਕ ਉਹੀ ਸੁਪਨੇ ਦੇਖਦੇ ਹਨ ਜੋ ਕੁਝ ਚਲਾਕ ਲੋਕ ਉਨ੍ਹਾਂ ਨੂੰ ਦਿਖਾਉਂਦੇ ਹਨ। ਲੀਡਰ ਜੋ ਸੁਪਨੇ ਦਿਖਾਉਂਦੇ ਹਨ, ਉਹ ਵੱਖਰੇ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਲੋਕਾਂ ਨੂੰ ਮੂਰਖ ਬਣਾ ਕੇ ਇਨ੍ਹਾਂ 'ਤੇ ਰਾਜ ਕਰਨਾ ਹੁੰਦਾ ਹੈ। ਹਰ ਬੰਦੇ ਦੇ ਉਸ ਦੇ ਕੰਮ ਦੇ ਹਿਸਾਬ ਨਾਲ ਸੁਪਨੇ ਹਨ। ਪੰਜਾਬ ਦੇ ਨੌਜਵਾਨਾਂ ਦਾ ਅੱਜ ਇਕੋ ਇਕ ਸੁਪਨਾ ਆਇਲੈਟਸ ਕਰ ਕੇ ਵਿਦੇਸ਼ ਪੁੱਜਣ ਦਾ ਹੈ। ਮਾਪਿਆਂ ਦਾ ਸੁਪਨਾ ਵਿਦੇਸ਼ ਵਿਚ ਧੀ ਦਾ ਵਿਆਹ ਕਰ ਕੇ ਸਾਰੇ ਪਰਿਵਾਰ ਨੂੰ ਵਿਦੇਸ਼ ਸੈਟਲ ਕਰਨ ਦਾ ਹੈ। ਧੀ ਭਾਵੇਂ ਕਿਸੇ ਬੁੱਢੇ ਜਾਂ ਅਨਪੜ੍ਹ ਨਾਲ ਹੀ ਕਿਉਂ ਨਾ ਵਿਆਹੀ ਜਾਵੇ!

ਸੋ ਦੋਸਤੋ! ਸੁਪਨੇ ਦੇਖੋ, ਪਰ ਖੁੱਲ੍ਹੀਆਂ ਅੱਖਾਂ ਨਾਲ; ਆਉਣ ਵਾਲੀਆਂ ਪੀੜ੍ਹੀਆਂ ਦੇ ਚੰਗੇ ਭਵਿੱਖ ਲਈ, ਆਪਸੀ ਪਿਆਰ ਅਤੇ ਬੁਰਾਈਆਂ ਤੋਂ ਮਾਨਵਤਾ ਨੂੰ ਬਚਾਉਣ ਲਈ।

# ਫੁਟਬਾਲ ਸਟਾਰ ਬੈਕਹਮ ਬਣੇਗਾ ਫਿਲਮੀ ਹੀਰੋ

ਹਾਲੀਵੁੱਡ ਸੁਪਰ ਸਟਾਰ ਟੌਮ ਕਰੂਜ਼ ਨੇ ਫੁਟਬਾਲ ਦੇ ਸੁਪਰ ਸਟਾਰ ਡੇਵਿਡ ਬੈਕਹਮ ਨਾਲ ਵਾਅਦਾ ਕੀਤਾ ਹੈ ਕਿ ਉਹ ਉਸ ਨੂੰ ਹਾਲੀਵੁੱਡ ਵਿਚ ਫਿਲਮ ਅਦਾਕਾਰ ਬਣਨ ਵਿਚ ਸਹਾਇਤਾ ਕਰੇਗਾ। ਅਸਲ ਵਿਚ ਫੁਟਬਾਲ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿਣ ਤੋਂ ਬਾਅਦ ਬੈਕਹਮ ਹੁਣ ਹਾਲੀਵੁੱਡ ਵਿਚ ਆਪਣੇ ਰੰਗ ਦਿਖਾਉਣੇ ਚਾਹੁੰਦਾ ਹੈ। ਉਸ ਦੇ ਇਕ ਮਿੱਤਰ ਦਾ ਤਾਂ ਕਹਿਣਾ ਹੈ ਕਿ ਡੇਵਿਡ ਬੈਕਹਮ ਸ਼ੁਰੂ ਤੋਂ ਹੀ ਐਕਸ਼ਨ ਹੀਰੋ ਬਣਨ ਦਾ ਚਾਹਵਾਨ ਸੀ ਅਤੇ ਟੌਮ ਕਰੂਜ਼ ਨੇ ਬਹੁਤ ਦੇਰ ਪਹਿਲਾਂ ਉਸ ਦੇ ਇਸ ਸੁਪਨੇ ਨੂੰ ਸੱਚ ਕਰਨ ਦਾ ਦਾਅਵਾ ਕੀਤਾ ਸੀ। ਡੇਵਿਡ ਅਜੇ ਵੀ ਫੁਟਬਾਲ ਨੂੰ ਪਿਆਰ ਕਰਦਾ ਹੈ ਪਰ ਉਹ ਸਮਝਦਾ ਹੈ ਕਿ ਫਿਲਮਾਂ ਲਈ ਉਹ ਅਜੇ ਵੀ ਕਾਫੀ ਜਵਾਨ ਹੈ ਤੇ ਇਹ ਹੀ ਫਿਲਮਾਂ ਵਿਚ ਜਾਣ ਦਾ ਢੁਕਵਾਂ ਮੌਕਾ ਹੈ। ਡੇਵਿਡ ਤੇ ਉਸ ਦੀ ਪਤਨੀ ਵਿਕਟੋਰੀਆ ਦੇ ਕਰੂਜ਼ ਤੇ ਉਸ ਦੀ ਸਾਬਕਾ ਪਤਨੀ ਕਾਤੀਏ ਹੋਲਮਜ਼ ਨਾਲ ਬੜੇ ਨਿੱਘੇ ਸਬੰਧ ਹਨ ਤੇ ਇਹ ਸਬੰਧ ਉਦੋਂ ਹੋਰ ਵੀ ਮਜ਼ਬੂਤ ਹੋ ਗਏ ਜਦੋਂ ਡੇਵਿਡ ਤੇ ਉਸ ਦੀ ਪਤਨੀ ਅਮਰੀਕਾ ਵਿਚ ਰਹੇ ਜਿੱਥੇ ਉਹ ਲਾਸ ਏਂਜਲਸ ਗਲੈਕਸੀ ਵਜੋਂ ਖੇਡਦਾ ਸੀ। ਡੇਵਿਡ ਬੈਕਹਮ ਨੇ ਕਿਹਾ ਹੈ ਕਿ ਉਸ ਦੀਆਂ ਨਜ਼ਰਾਂ ਟੌਮ ਕਰੂਜ਼ ਵੱਲੋਂ ਬਣਾਈ ਜਾਣ ਵਾਲੇ ਫਿਲਮ 'ਮਿਸ਼ਨ: ਇਮਪੌਸੀਬਲ 5' ਵਿਚ ਰੋਲ ਹਾਸਲ ਕਰਨ ਉਤੇ ਟਿਕੀਆਂ ਹਨ। ਦੋ ਮਈ 1975 ਨੂੰ ਜਨਮੇ ਬੈਕਹਮ ਦਾ ਪੂਰਾ ਨਾਂ ਡੇਵਿਡ ਰੌਬਰਟ ਜੋਸਫ ਬੈਕਹਮ ਹੈ ਅਤੇ ਉਹ ਮਾਨਚੈਸਟਰ ਯੂਨਾਈਟਡ, ਪ੍ਰੈਸਟਨ ਨੌਰਥ ਐਂਡ, ਰੀਅਲ ਮੈਡਰਿਡ, ਮਿਲਾਨ, ਲਾਸ ਏਂਜਲਸ ਗਲੈਕਸੀ, ਫਰੈਂਚ ਲੀਗ 1 ਦੀਆਂ ਟੀਮਾਂ ਅਤੇ ਇੰਗਲੈਂਡ ਦੀ ਕੌਮੀ ਟੀਮ ਵਿਚ ਧੁੰਮਾਂ ਪਾ ਚੁੱਕਾ ਹੈ।



# ਸੋਹਣੀ ਸੁਨੱਖੀ ਸੋਨਮ ਕਪੂਰ ਦਾ 'ਰਾਂਝਾ' ਕਾਲਾ ਕਲੂਟਾ!



ਸੋਨਮ ਕਪੂਰ

ਸੋਨਮ ਕਪੂਰ ਦੀ ਨਵੀਂ ਫਿਲਮ 'ਰਾਂਝਨਾ' 21 ਜੂਨ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਇਕ ਹਿੰਦੂ ਲੜਕੇ ਦੀ ਕਹਾਣੀ ਹੈ ਜੋ ਮੁਸਲਮਾਨ ਲੜਕੀ ਨਾਲ ਪਿਆਰ ਕਰਦਾ ਹੈ। ਇਸ ਵਿਚ ਸੋਨਮ ਨੇ ਸਕੂਲ ਪੜ੍ਹਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ। ਇਸ ਕਿਰਦਾਰ ਲਈ ਉਸ ਨੇ ਜਯਾ ਬਚਨ ਦੀ 1971 ਵਿਚ ਬਣੀ ਫਿਲਮ 'ਗੁੱਡੀ' ਕਈ ਵਾਰ ਦੇਖੀ। 'ਗੁੱਡੀ' ਵਿਚ ਜਯਾ ਦੇ ਕਿਰਦਾਰ ਤੋਂ ਉਹ ਵਾਹਵਾ ਪ੍ਰਭਾਵਿਤ ਹੋਈ। ਇਹ ਫਿਲਮ ਮਸ਼ਹੂਰ ਫਿਲਮਸਾਜ਼ ਰਿਸ਼ੀਕੇਸ਼ ਮੁਖਰਜੀ ਨੇ ਬਣਾਈ ਸੀ। ਸੋਨਮ ਦਾ ਕਹਿਣਾ ਹੈ ਕਿ ਜ਼ਿੰਦਗੀ ਵਿਚ ਕੋਈ ਨਾ ਕੋਈ ਅਜਿਹਾ ਕਰੈਕਟਰ ਹੁੰਦਾ ਹੈ ਜਿਹੜਾ ਤੁਹਾਨੂੰ ਪ੍ਰਭਾਵਿਤ ਕਰਦਾ ਹੈ। ਜਯਾ ਬਚਨ ਦਾ ਗੁੱਡੀ ਵਾਲਾ ਕਿਰਦਾਰ ਅਜਿਹਾ ਹੀ ਕਿਰਦਾਰ ਹੈ।

ਸੋਨਮ ਇਸ ਫਿਲਮ ਦੇ ਹੀਰੋ ਧਨੁਸ਼ ਦੀ ਮਾਸੂਮੀਅਤ ਤੋਂ ਬਹੁਤ ਪ੍ਰਭਾਵਿਤ ਹੋਈ ਹੈ। ਧਨੁਸ਼, ਅਦਾਕਾਰ ਰਜਨੀ ਕਾਂਤ ਦਾ ਜੁਆਈ ਹੈ ਅਤੇ ਇਹ ਉਸ ਦੀ ਪਹਿਲੀ ਹਿੰਦੀ ਫਿਲਮ ਹੈ। ਸੋਨਮ ਦਾ ਕਹਿਣਾ ਹੈ ਕਿ ਧਨੁਸ਼ ਵਰਗਾ ਸਾਫ ਦਿਲ ਵਾਲਾ ਇਨਸਾਨ ਪੂਰੇ ਬਾਲੀਵੁੱਡ 'ਚ ਨਹੀਂ ਹੈ। ਆਨੰਦ ਐਲ. ਰਾਏ ਵਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਅਭਿਨੇਤਾ ਅਭੈ ਦਿਓਲ ਨੇ ਵੀ ਕੰਮ ਕੀਤਾ ਹੈ। ਅਭੈ ਅਤੇ ਸੋਨਮ ਇਸ ਤੋਂ ਪਹਿਲਾਂ ਫਿਲਮ 'ਆਇਸ਼ਾ' ਵਿਚ ਇਕੱਠੇ ਕੰਮ ਕਰ ਚੁਕੇ ਹਨ।

ਫਿਲਮ ਅਦਾਕਾਰ ਅਨਿਲ ਕਪੂਰ ਦੀ ਧੀ ਸੋਨਮ ਕਪੂਰ ਨੇ 2007 ਵਿਚ 'ਸਾਂਵਰੀਆ' ਫਿਲਮ ਨਾਲ ਬਾਲੀਵੁੱਡ ਵਿਚ ਪ੍ਰਵੇਸ਼ ਕੀਤਾ ਸੀ ਪਰ ਇਹ ਫਿਲਮ ਬਾਕਸ ਆਫਿਸ ਉਤੇ ਕੋਈ ਬਹੁਤਾ ਕ੍ਰਿਸ਼ਮਾ ਨਾ ਕਰ ਸਕੀ। ਇਸ ਤੋਂ ਬਾਅਦ 'ਥੈਂਕਯੂ', 'ਮੌਸਮ' ਅਤੇ 'ਪਲੇਅਰਜ਼' ਫਿਲਮਾਂ ਵੀ ਬਹੁਤੀਆਂ ਚੱਲੀਆਂ ਨਹੀਂ। ਹੁਣ 'ਰਾਂਝਨਾ' ਤੋਂ ਉਸ ਨੂੰ ਬਹੁਤ ਆਸਾਂ ਹਨ। ਉਸ ਦੀ ਇਕ ਹੋਰ ਫਿਲਮ 'ਭਾਗ ਮਿਲਖਾ ਭਾਗ' ਵੀ ਤਿਆਰ ਹੈ ਅਤੇ 12 ਜੁਲਾਈ ਨੂੰ ਰਿਲੀਜ਼ ਹੋ ਰਹੀ ਹੈ ਜੋ ਪਹਿਲਾਂ ਹੀ ਚਰਚਿਤ ਹੋ ਚੁੱਕੀ ਹੈ।



*ਫਿਲਮ 'ਰਾਂਝਨਾ' ਵਿਚ ਸੋਨਮ ਕਪੂਰ (ਐਨ ਖੱਬੇ) ਅਤੇ ਧਨੁਸ਼। ਫਿਲਮ ਵਿਚ ਧਨੁਸ਼ ਨੇ ਮੁਸਲਮਾਨ ਮੁੰਡੇ ਦਾ ਕਿਰਦਾਰ ਨਿਭਾਇਆ ਹੈ।*

# ਅਮਰਦੀਪ ਗਿੱਲ ਦੀ ਫਿਲਮ 'ਸੁੱਤਾ ਨਾਗ'

ਬਠਿੰਡਾ ਵਾਲੇ ਕਵੀ, ਗੀਤਕਾਰ, ਪ੍ਰੋਮੋਟਰ ਅਮਰਦੀਪ ਗਿੱਲ ਦੇ ਪਿਤਾ ਮਰਹੂਮ ਕਾਮਰੇਡ ਸੁਰਜੀਤ ਗਿੱਲ 25-30 ਸਾਲ ਪਹਿਲਾਂ ਮੇਰੇ ਪਿੰਡ ਦੀ ਨਵੀਂ ਨਵੀਂ ਬਣੀ ਨੌਜਵਾਨ ਸਭਾ ਅਤੇ ਕਿਸਾਨ ਸਭਾ ਦੀ ਸਕੂਲਿੰਗ ਤੇ ਖੱਬੇ ਪੱਖੀ ਰਾਜਨੀਤੀ ਦੀ ਪਾਣ ਲਾਉਂਦੇ ਜੁਝਾਰੂ ਸਾਹਿਤ ਵੰਡਣ ਆਉਂਦੇ ਰਹਿੰਦੇ ਸਨ। ਉਨ੍ਹਾਂ ਆਪਣੀ ਸਾਰੀ ਉਮਰ ਕਮਿਊਨਿਸਟ ਲਹਿਰ ਖਾਤਰ ਲਗਾ ਦਿੱਤੀ। ਉਨ੍ਹਾਂ ਦਾ ਹੋਣਹਾਰ ਪੁੱਤਰ ਅਮਰਦੀਪ ਗਿੱਲ ਆਪਣੇ ਪਿਤਾ ਦੇ ਨਕਸ਼ੇ-ਕਦਮ 'ਤੇ ਚੱਲ ਰਿਹਾ ਹੈ।

ਅਮਰਦੀਪ ਗਿੱਲ ਵੱਲੋਂ ਤਖ਼ਤ ਹਜ਼ਾਰਾ ਬੈਨਰ ਅਧੀਨ ਬਣਾਈ ਪਹਿਲੀ ਲਘੂ ਫਿਲਮ 'ਸੁੱਤਾ ਨਾਗ' ਕੈਨੇਡਾ ਵਿਚ ਹਾਲ ਹੀ ਵਿਚ ਹੋਏ ਫ਼ਿਲਮ ਫੈਸਟੀਵਲ ਵਿਚ ਦਿਖਾਈ ਜਿਸ ਨੂੰ ਪੰਜਾਬੀ ਮੀਡੀਆ ਤੇ ਦਰਸ਼ਕਾਂ ਨੇ ਵਾਹਵਾ ਹੁੰਗਾਰਾ ਭਰਿਆ ਹੈ। ਇਸ ਫ਼ਿਲਮ ਦੀ ਕਹਾਣੀ ਰਾਮ ਸਰੂਪ ਅਣਖੀ ਦੀ ਇਸੇ ਨਾਂ ਵਾਲੀ ਕਹਾਣੀ ਉਤੇ ਆਧਾਰਿਤ ਹੈ। ਫ਼ਿਲਮ ਵਿਚ ਮੁੱਖ ਅਦਾਕਾਰ ਕੁਲ ਸਿੱਧੂ (ਅੰਨੇ ਘੋੜੇ ਦਾ ਦਾਨ ਵਾਲੀ ਨਾਇਕਾ), ਰਾਜ ਜੋਸ਼ੀ, ਜਗਤਾਰ ਔਲਖ, ਗੁਰਨਾਮ ਸਿੱਧੂ, ਦਰਸ਼ਨ ਘਾਰੂ, ਹਰਜਿੰਦਰ ਢਿੱਲਵਾ, ਧਰਮਿੰਦਰ ਕੌਰ, ਸ਼ਗਨ ਸਿੰਘ ਰਾਠੀ, ਸੋਹਜਦੀਪ ਬਰਾੜ, ਬੇਬੀ ਨਾਦੀਆ ਹਨ। ਫਿਲਮ ਵਿਚ ਅੱਜ ਤੋਂ 50 ਸਾਲ ਪੁਰਾਣੇ ਪੰਜਾਬੀ ਮਾਹੌਲ ਨੂੰ ਕੈਮਰਾਬੱਧ ਕਰਨ ਲਈ ਰਾਜਸਥਾਨ, ਪੰਜਾਬ ਅਤੇ ਪਾਕਿਤਸਾਨੀ ਸਰਹੱਦ ਨਾਲ ਲੱਗਦੇ ਪਛੜੇ ਇਲਾਕਿਆਂ ਦੇ ਪਿੰਡਾਂ ਵਿਚ ਸ਼ੂਟਿੰਗ ਕੀਤੀ ਗਈ। ਅਮਰਦੀਪ ਗਿੱਲ ਅਨੁਸਾਰ 'ਸੁੱਤਾ ਨਾਗ' ਬਾਜ਼ਾਰਵਾਦ ਦੇ ਲਾਲਚੀ ਦੌਰ ਵਿਚ ਅਜੋਕੀਆਂ ਪੰਜਾਬੀ ਫ਼ਿਲਮਾਂ ਦੀ ਚੱਲ ਰਹੀ ਭੇਡ ਚਾਲ ਦਾ ਹਿੱਸਾ ਨਹੀਂ ਹੈ, ਸਗੋਂ ਇਹ ਲੀਹ ਪਾੜ ਕੇ ਤੁਰਨ ਵਾਲਾ ਔਖਾ, ਪਰ ਸਮਾਜ ਨੂੰ ਜਵਾਬ ਦੇਣ ਵਾਲਾ ਸਹੀ ਰਾਹ ਹੈ।




ਅਮਰਦੀਪ ਆਪ ਵੀ ਸਦਾ ਇਸ ਰਾਹ ਦਾ ਰਾਹੀ ਰਿਹਾ ਹੈ। ਘਰ ਵਿਚਲੀ ਪਿਤਾ ਦੀ ਲਾਇਬ੍ਰੇਰੀ ਵਿਚੋਂ ਵਧੀਆ ਸਾਹਿਤਕ ਕਿਤਾਬਾਂ ਪੜ੍ਹਨ ਕਾਰਨ ਤੇ ਅਨੇਕਾਂ ਸਾਹਿਤਕਾਰਾਂ ਦੇ ਘਰ ਵਿਚ ਆਉਣ-ਜਾਣ ਕਾਰਨ ਬਚਪਨ ਤੋਂ ਹੀ ਅਮਰਦੀਪ ਨੂੰ ਕਵਿਤਾ ਲਿਖਣ ਦੀ ਚੇਟਕ ਲੱਗ ਗਈ ਤੇ 10-11 ਸਾਲ ਦੀ ਉਮਰ ਵਿਚ ਹੀ ਪਹਿਲੀ ਕਵਿਤਾ ਲਿਖੀ ਜੋ 'ਅਣੂ' ਰਸਾਲੇ ਵਿਚ ਛਪੀ। ਹੁਣ 3-4 ਪਹਿਲਾਂ ਉਹਦੀਆਂ ਰਚਨਾਵਾਂ ਦਾ ਕਾਵਿ ਸੰਗ੍ਰਹਿ 'ਅਰਥਾਂ ਦਾ ਜੰਗਲ' ਛਪਿਆ। ਉਸ ਨੂੰ ਪਾਸ਼, ਸੁਰਜੀਤ ਪਾਤਰ, ਗੁਲਜ਼ਾਰ, ਨਿਦਾ ਫ਼ਾਜ਼ਲੀ, ਬਸ਼ੀਰ ਬਦਰ, ਮੁਨੱਵਰ ਰਾਣਾ, ਅਹਿਮਦ ਫਰਾਜ਼, ਗੁਰਤੇਜ ਕੋਹਾਰਵਾਲਾ, ਵਿਜੈ ਵਿਵੇਕ ਦੀਆਂ ਰਚਨਾਵਾਂ ਬੇਹੱਦ ਪਸੰਦ ਹਨ। ਅਮਰਦੀਪ ਗਿੱਲ ਦੀ ਕਵਿਤਾਵਾਂ ਦੀ ਪਹਿਲੀ ਕਿਤਾਬ 'ਵਰਤਮਾਨ ਦਾ ਜਨਮਾ' ਵੀ ਛਪੀ ਸੀ ਜਿਸ ਵਿਚ ਉਸ ਤੋਂ ਇਲਾਵਾ ਦੋ ਹੋਰ ਕਵੀਆਂ ਦੀਆਂ ਰਚਨਾਵਾਂ ਵੀ ਸਨ। ਉਹਦਾ ਲਿਖਿਆ ਪਹਿਲਾ ਰਿਕਾਰਡ ਹੋਇਆ ਗੀਤ 'ਕੁੜੀਆਂ ਤਾਂ ਕੁੜੀਆਂ ਨੇ' ਹੰਸ ਰਾਜ ਹੰਸ ਦੀ ਟੇਪ 'ਲਾਲ ਗਰਾਰਾ' ਵਿਚਲਾ ਹੈ। ਫ਼ਿਰ 'ਪਰਦੇਸਣ ਧੀਆਂ', 'ਇਹ ਪੰਜਾਬ ਵੀ ਮੇਰਾ ਏ', 'ਇਹ ਜੋ ਸਿੱਲੀ ਸਿੱਲੀ ਆਉਂਦੀ ਏ ਹਵਾ' ਜਿਹੇ ਗੀਤ ਵੀ ਹੰਸ ਨੇ ਗਾਏ। ਉਸ ਦੇ ਗੀਤ 'ਔਹ ਵੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਹੈ' ਦੀ ਬਹੁਤ ਆਲੋਚਨਾ ਹੋਈ ਤੇ ਹੁਣ ਵੀ ਹੋ ਰਹੀ ਹੈ, ਪਰ ਅਸਲ ਵਿਚ ਇਸ ਅੱਗ ਦਾ ਇਸ਼ਾਰਾ ਕ੍ਰਾਂਤੀ ਤੇ ਜੁਝਾਰੂ ਜਵਾਨੀ ਸੀ, ਪਰ...। ਹੁਣ ਅਮਰਦੀਪ ਗਿੱਲ ਆਪਣੀ ਨਵੀਂ ਫ਼ਿਲਮ 'ਕੱਲਰੀ ਧਰਤੀ' ਦੀ ਸ਼ੂਟਿੰਗ ਕਰਨ ਦੀ ਤਿਆਰੀ ਵਿਚ ਹੈ ਜੋ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਕੱਲਰੀ ਧਰਤੀ' ਉਤੇ ਆਧਾਰਿਤ ਹੋਵੇਗੀ। ਇਸ ਦਾ ਰੰਗ ਵੀ 'ਸੁੱਤਾ ਨਾਗ' ਵਰਗਾ ਹੀ ਹੋਵੇਗਾ ਅਤੇ ਇਸ ਉਤੇ ਅਮਰਦੀਪ ਪੂਰੀ ਮਿਹਨਤ ਕਰ ਰਿਹਾ ਹੈ।



ਅਮਰਦੀਪ ਗਿੱਲ

*-ਜਗਰਾਜ ਗਿੱਲ ਸ਼ਾਰਲਟ*

*ਫੋਨ: 704-257-6693*

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

LIQUOR STORE GAS STATION INSURANCE
STORE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin



Gas Stations, Repair Shops, Liquor/Grocery Stores, Restaurants, 99 Cent stores, Hotels & Motels

CALIFORNIA ADMITTED COMPANY WITH A RATING (EXCELLENT, A-) BY AM BEST
Give us a Call for a Free Quote
Toll Free 800.954.5409
LiquorStoreGasStationInsurance.com
Ph: 408.272.2500 Fax: 408.272.2670
3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805